ਬੀ. ਐਡ. - ਭਾਗ ਪਹਿਲਾ ਪਰਚਾ ਪਹਿਲਾ

ਸਮੈਸਟਰ ਪਹਿਲਾ ਫਿਲਾਸਫ਼ੀਕਲ ਪ੍ਰੈਸਪੈਕਟਿਵ ਇਨ ਐਜੂਕੇਸ਼ਨ

ਸ਼ੈਕਸਨ ੳ

ਡਿਸਟੈਂਸ ਐਜੂਕੇਸ਼ਨ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

(ਸਭ ਹੱਕ ਰਾਖਵੇਂ ਹਨ)


| ਪਾਠ ਨੰ. | | ਸੈਕਸ਼ਨ ੳ |
|---|---|---|
| 1.1 | : | ਦਰਸ਼ਨ ਸ਼ਾਸਤਰ: ਪ੍ਰਕ੍ਰਿਤੀ ਅਤੇ ਖੇਤਰ; ਤੱਤ ਮੀਮਾਂਸਾ |
| 1.2 | : | ਗਿਆਨ ਮੀਮਾਂਸਾ ਅਤੇ ਮੁੱਲ ਮੀਮਾਂਸਾ |
| 1.3 | : | ਸਿੱਖਿਆ: ਪ੍ਰਕ੍ਰਿਤੀ ਅਤੇ ਘੇਰਾ |
| 1.4 | : | ਦਰਸ਼ਨ ਅਤੇ ਸਿੱਖਿਆ ਵਿਚ ਸੰਬੰਧ |
| 1.5 | : | ਸਿੱਖਿਅਕ ਦਰਸ਼ਨ ਸ਼ਾਸਤਰ: ਪ੍ਰਕ੍ਰਿਤੀਵਾਦ, ਅਧਿਆਤਮਕਵਾਦ ਅਤੇ ਪ੍ਰਯੋਜਨਾਵਾਦ |
| 1.6 | : | ਯਥਾਰਥਵਾਦ |

| | |
|---|---|
| ਬੀ.ਐਡ. ਭਾਗ ਪਹਿਲਾ | ਪਰਚਾ ਪਹਿਲਾ |
| ਸਮੈਸਟਰ ਪਹਿਲਾ | ਸਿੱਖਿਆ ਦਾ ਦਰਸ਼ਨ : ਸਰੂਪ, ਮੰਤਵ ਤੇ ਤੱਤ ਮੀਮਾਂਸਾ |
| ਪਾਠ ਨੰਬਰ: 1.1 | ਲੇਖਕ : ਡਾ. ਕਿਰਨਦੀਪ ਕੌਰ ਅਤੇ ਡਾ. ਸ਼ੈਲੀ |

# ਸਿੱਖਿਆ ਦਾ ਦਰਸ਼ਨ : ਸਰੂਪ, ਮੰਤਵ ਤੇ ਤੱਤ ਮੀਮਾਂਸਾ

**ਪਾਠ ਦੀ ਬਣਤਰ**


1.1.1 ਉਦੇਸ਼
1.1.2 ਜਾਣਕਾਰੀ
1.1.3 ਸਿੱਖਿਆ ਦਾ ਦਰਸ਼ਨ
1.1.4 ਸਿੱਖਿਆ ਦੇ ਦਰਸ਼ਨ ਦੇ ਮੰਤਵ ਅਤੇ ਸਰੂਪ
1.1.5 ਤੱਤ ਮੀਮਾਂਸਾ
1.1.6 ਤੱਤ ਮੀਮਾਂਸਾ ਦਾ ਅਰਥ
1.1.7 ਤੱਤ ਮੀਮਾਂਸਕ ਸਮੱਸਿਆਵਾਂ
1.1.8 ਸਿੱਟਾ
1.1.9 ਸੁਝਾਏ ਪ੍ਰਸ਼ਨ
1.1.10 ਸੁਝਾਈਆਂ ਪੁਸਤਕਾਂ


## 1.1.1 ਉਦੇਸ਼ :

ਇਸ ਪਾਠ ਨੂੰ ਪੜ੍ਹਨ ਉਪਰੰਤ ਵਿਦਿਆਰਥੀ ਇਸ ਯੋਗ ਹੋ ਜਾਣਗੇ ਕਿ ਉਹ :

(i) ਸਿੱਖਿਆ ਦੇ ਦਰਸ਼ਨ ਬਾਰੇ ਵਿਆਖਿਆ ਕਰ ਸਕਣਗੇ।

(ii) ਸਿੱਖਿਆ ਦੇ ਦਰਸ਼ਨ ਦੇ ਸਰੂਪ ਤੋਂ ਜਾਣੂ ਹੋ ਜਾਣਗੇ।

(iii) ਸਿੱਖਿਆ ਦੇ ਦਰਸ਼ਨ ਦੇ ਮੰਤਵਾਂ ਨੂੰ ਜਾਣ ਲੈਣਗੇ

(iv) ਤੱਤ ਮੀਮਾਂਸਾ ਸਮੱਸਿਆਵਾਂ ਤੋਂ ਜਾਣੂ ਹੋ ਜਾਣਗੇ।

(v) ਮਨੁੱਖ ਦੀ ਪ੍ਰਕ੍ਰਿਤੀ ਦੇ ਸੰਕਲਪ ਨੂੰ ਬਿਆਨ ਕਰ ਸਕਣਗੇ।

## 1.1.2 ਜਾਣਕਾਰੀ :

ਇਹ ਇਕ ਇਤਿਹਾਸਿਕ ਪ੍ਰੰਪਰਾ ਹੈ ਕਿ ਫ਼ਲਸਫ਼ਾ ਸਾਰੇ ਮਜ਼ਬੂਨਾਂ ਦੀ ਮਾਂ ਹੈ। ਮਾਂ ਫਲਸਫ਼ਾ ਇੰਨੀ ਬੁਧੀਮਾਨ ਸੀ ਕਿ ਜਦੋਂ ਇਸ ਨੇ ਆਪਣੀ ਜਾਇਦਾਦ ਆਪਣੇ ਬੱਚਿਆਂ ਵਿਚ ਵੰਡ ਵੀ ਦਿੱਤੀ, ਉਸ ਸਮੇਂ ਵੀ ਉਸ ਨੇ ਆਪਣੀ ਸਰਦਾਰੀ ਕਾਇਮ ਰੱਖੀ ਤਾਂ ਕਿ ਬੱਚਿਆਂ ਵਿਚ ਕਿਤੇ ਗਲਤ ਭਾਂਤ ਦੀ ਭਾਵਨਾ ਉਤਪੰਨ ਨਾ ਹੋ ਜਾਵੇ। ਸਿੱਟਾ ਇਹ ਹੈ ਕਿ ਫਲਸਫ਼ੇ ਦੇ ਬੱਚੇ ਜਿਵੇਂ ਕਿ ਕੁਦਰਤੀ ਵਿਗਿਆਨ, ਸੋਸ਼ਲ ਵਿਗਿਆਨ ਤੇ ਮਾਨਸਿਕ ਵਿਗਿਆਨ ਆਪਣੇ ਆਪ ਕੰਮ ਕਰਦੇ ਹਨ ਤੇ ਇਕ ਦੂਸਰੇ ਨਾਲ ਮਿਲ ਕੇ ਵੀ ਕੰਮ ਕਰਦੇ ਹਨ ਤੇ ਫੇਰ ਵੀ ਉਨਾਂ ਨੂੰ ਉਨ੍ਹਾਂ ਦੀਆਂ ਸਮੱਸਿਆਵਾਂ ਦਾ ਹੱਲ ਨਹੀਂ ਲੱਭਦਾ ਤਾਂ ਫੇਰ ਉਹ ਆਪਣੀ ਮਾਂ ਪਾਸ ਮੱਦਦ ਲਈ ਜਾਂਦੇ ਹਨ ਤਾਂ ਕਿ ਉਨ੍ਹਾਂ ਦੀ ਸਮੱਸਿਆ ਦਾ ਹੱਲ ਲੱਭ ਸਕੇ। ਉਸ ਸਮੇਂ ਮਾਂ ਫਲਸਫ਼ਾ ਉਨ੍ਹਾਂ ਨਾਲ ਖੁਲ੍ਹਦਿਲਾ ਵਰਤਾਉ ਕਰਦੀ ਹੈ ਤੇ ਉਨ੍ਹਾਂ ਦੀ ਮਦਦ ਕਰਕੇ ਉਨ੍ਹਾਂ ਦੀਆਂ ਸਮੱਸਿਆਵਾਂ ਦਾ ਹਲ ਲੱਭ ਲੈਂਦੀ ਹੈ। ਇਸ ਨੂੰ ਸਪੱਸ਼ਟ ਕਰਨ ਲਈ ਅਸੀਂ ਇਕ ਡਾਕਟਰ ਦੀ ਉਦਾਹਰਣ ਲੈ ਸਕਦੇ ਹਾਂ। ਇਕ ਡਾਕਟਰ ਮਰੀਜ਼ ਦੀ ਜਾਂਚ ਕਰਦਾ ਹੈ, ਉਸ ਦੇ ਭਾਂਤ-ਭਾਂਤ ਦੇ ਟੈਸਟ ਕਰਦਾ ਹੈ, ਆਪਣੇ ਔਜ਼ਾਰਾਂ ਨਾਲ ਜਾਂਚ ਪੜਤਾਲ ਕਰਦਾ ਹੈ ਪਰ ਅੰਤ ਵਿਚ ਅਸਲੀਅਤ ਨੂੰ ਵੀ ਜਾਣ ਲੈਂਦਾ ਹੈ ਕਿ ਜੀਵਨ

ਇਕ ਦਿਨ ਤਾਂ ਖ਼ਤਮ ਹੋਣਾ ਹੀ ਹੈ। ਉਹ ਕਹਿੰਦਾ ਹੈ, ''ਮੈਂ ਤਾਂ ਇਲਾਜ਼ ਕਰਾਂਗਾ ਪਰ ਸ਼ਫ਼ਾ ਖ਼ੁਦਾ ਦੇ ਹੱਥ ਵਿਚ ਹੈ।'' ਇਹ ਸਪੱਸ਼ਟ ਕਰਦਾ ਹੈ ਕਿ ਹਰ ਪ੍ਰਕਾਰ ਦੇ ਵਿਗਿਆਨ ਨੂੰ ਲਾਗੂ ਕਰਨ ਤੋਂ ਉਪਰੰਤ ਡਾਕਟਰੀ ਮਾਂ ਫਲਸਫ਼ੇ ਪਾਸ ਜਾਂਦੀ ਹੈ। ਉਹ ਡਾਕਟਰ ਇਕ ਸੂਝਵਾਨ ਡਾਕਟਰ ਹੁੰਦਾ ਹੈ ਜੋ ਇਹ ਯਾਦ ਰਖਦਾ ਹੈ ਕਿ ਅੰਤ ਵਿਚ ਫਲਸਫ਼ਾ ਹੀ ਕੰਮ ਆਉਂਦਾ ਹੈ ਤੇ ਇਸ ਨੂੰ ਯਾਦ ਰੱਖ ਕੇ ਹੀ ਆਪਣੀਆਂ ਕ੍ਰਿਆਵਾਂ ਕਰਦਾ ਹੈ। ਇਸ ਤਰ੍ਹਾਂ ਇਹ ਵੀ ਕਿਹਾ ਜਾ ਸਕਦਾ ਹੈ ਕਿ ਜਦੋਂ ਡਾਕਟਰੀ ਦੀਆਂ ਸਾਰੀਆਂ ਕਾਰਵਾਈਆਂ ਨੂੰ ਫਲਸਫ਼ੇ ਦੇ ਝੰਡੇ ਥੱਲੇ ਇਕੱਠੇ ਕੀਤਾ ਜਾਂਦਾ ਹੈ ਤਾਂ ਡਾਕਟਰੀ ਦਾ ਫਲਸਫ਼ਾ ਹੋਂਦ ਵਿਚ ਆਉਂਦਾ ਹੈ। ਇਸ ਪ੍ਰਕਾਰ ਫਲਸਫ਼ਾ ਆਪਣੀ ਸਰਦਾਰੀ ਕਾਇਮ ਰਖਦਾ ਹੈ ਤੇ ਸਿਰਫ਼ ਉਸ ਸਮੇਂ ਹੀ ਹੋਂਦ ਵਿਚ ਆਉਂਦਾ ਹੈ ਜਦੋਂ ਭਾਵੁਕ ਵਿਧੀ, ਅਸਲੀਅਤ ਦੀ ਵਿਧੀ ਤੇ ਵਿਗਿਆਨਕ ਵਿਧੀ ਆਪਣੀਆਂ ਆਪਣੀਆਂ ਕ੍ਰਿਆਵਾਂ ਕਰ ਲੈਣ ਤੇ ਉਨ੍ਹਾਂ ਨੂੰ ਸਫ਼ਲਤਾ ਨਾ ਮਿਲੇ।

ਇਸੇ ਪ੍ਰਕਾਰ ਹੀ ਜਦੋਂ ਸਿੱਖਿਆ ਦੀਆਂ ਸਮੱਸਿਆਵਾਂ, ਭਾਵੁਕ ਪੱਧਰ, ਅਸਲੀਅਤ ਦੇ ਪੱਧਰ ਤੇ ਵਿਗਿਆਨਕ ਪੱਧਰ ਤੋਂ ਉੱਪਰ ਪੱਧਰ ਤੇ ਸੋਚੀਆਂ ਜਾਂਦੀਆਂ ਹਨ ਤਾਂ ਇਨ੍ਹਾਂ ਨੂੰ ਫਲਸਫ਼ੇ ਦੀ ਪੱਧਰ ਤੇ ਸੋਚਿਆ ਜਾਂਦਾ ਹੈ ਤਾਂ ਸਿੱਖਿਆ ਦਾ ਫਲਸਫ਼ਾ ਹੋਂਦ ਵਿਚ ਆਉਂਦਾ ਹੈ ਤੇ ਸਮੱਸਿਆਵਾਂ ਦਾ ਹੱਲ ਲੱਭ ਲਿਆ ਜਾਂਦਾ ਹੈ। ਇਸ ਤਰ੍ਹਾਂ ਵੀ ਕਿਹਾ ਜਾ ਸਕਦਾ ਹੈ ਕਿ ਜਦੋਂ ਸਿੱਖਿਆ ਦੀਆਂ ਸਮੱਸਿਆਵਾਂ ਨੂੰ ਭਾਵੁਕ ਪੱਧਰ, ਅਸਲੀ ਪੱਧਰ ਤੇ ਵਿਗਿਆਨਿਕ ਪੱਧਰ ਤੇ ਸੋਚਿਆ ਜਾਂਦਾ ਹੈ ਤਾਂ ਫਲਸਫ਼ਾ ਪਿਛੋਕੜ ਵਿੱਚ ਹੀ ਰਹਿੰਦਾ ਹੈ, ਪਰ ਉਸ ਸਮੇਂ ਹੀ ਕਾਰਵਾਈ ਕਰਦਾ ਹੈ ਜਦੋਂ ਕਾਰਵਾਈਆਂ ਫਲਸਫੇ ਦੀ ਪੱਧਰ ਤੇ ਕੀਤੀਆਂ ਜਾਂਦੀਆਂ ਹਨ।

### 1.1.3 ਸਿੱਖਿਆ ਦਾ ਦਰਸ਼ਨ :

ਇਸ ਤੋਂ ਇਹ ਗੱਲ ਸਪਸ਼ਟ ਹੋ ਜਾਂਦੀ ਹੈ ਕਿ ਸਿੱਖਿਆ ਦਾ ਫਲਸਫ਼ਾ ਹਮੇਸ਼ਾ ਹੀ ਸਿੱਖਿਆ ਦੀ ਹਰ ਪੱਧਰ ਵਿੱਚ ਹੋਂਦ ਵਿਚ ਰਹਿੰਦਾ ਹੈ, ਪਰ ਪਿਛੋਕੜ ਵਿਚ ਰਹਿੰਦਾ ਹੈ ਅਤੇ ਸਾਹਮਣੇ ਉਸ ਸਮੇਂ ਆਉਂਦਾ ਹੈ ਜਦੋਂ ਦੂਸਰੀਆਂ ਵਿਧੀਆਂ ਕਾਰਗਰ ਨਾਲ ਹੋਣ। ਇਸ ਪ੍ਰਕਾਰ ਸਿੱਖਿਆ ਦੇ ਖੇਤਰ ਵਿਚ ਕੋਈ ਉਹ ਕਾਰਵਾਈ ਨਹੀਂ ਹੁੰਦੀ ਜੋ ਕਿ ਸਿੱਧੇ ਜਾਂ ਫੇਰ ਅਸਿੱਧੇ ਢੰਗ ਨਾਲ ਚਾਲੂ ਨਹੀਂ ਰਹਿੰਦੀ ਤੇ ਉਸ ਨੂੰ ਪ੍ਰਭਾਵਿਤ ਨਹੀਂ ਕਰਦੀ। ਮੂਲ ਰੂਪ ਵਿਚ ਇਹ ਵੀ ਕਿਹਾ ਜਾ ਸਕਦਾ ਹੈ ਕਿ ਸਿੱਖਿਆ ਦੇ ਸਾਰੇ ਪੱਖ ਫਸਲਫ਼ੇ ਦੇ ਘੇਰੇ ਵਿਚ ਆ ਜਾਂਦੇ ਹਨ ਤੇ ਫਲਸਫ਼ੇ ਦੀ ਓਟ ਤੋਂ ਬਗੈਰ ਸਿੱਖਿਆ ਅੰਨ੍ਹੀ ਹੋ ਜਾਂਦੀ ਹੈ। ਇਹ ਇੱਕ ਖਾਸ ਮਨੁੱਖ ਜਾਂ ਸੰਸਥਾ ਦੇ ਸਿੱਟੇ ਦੀ ਜਗ੍ਹਾ ਕਿਸੇ ਵਿਧੀ ਜਾਂ ਪ੍ਰਕ੍ਰਿਆ ਦਾ ਜ਼ਰੂਰੀ ਸਿੱਖਿਅਕ ਤਜ਼ਰਬਾ ਹੈ। ਉਹ ਖਾਸ ਪ੍ਰਕ੍ਰਿਆ ਦਾਰਸ਼ਨਿਕ ਬਣਦੀ ਹੈ ਜੋ ਉਹ ਆਲੋਚਨਾਤਮਕ, ਵਿਆਪਕ ਤੇ ਸੰਸ਼ਲੇਸ਼ਣਾਤਮਕ ਹੋਵੇ। ਸੰਖੇਪ ਵਿੱਚ ਅਸੀਂ ਕਹਿ ਸਕਦੇ ਹਾਂ ਕਿ ਇਹ ਸਿੱਖਿਅਕ ਸਮੱਸਿਆਵਾਂ ਸੁਲਝਾਉਣ ਦੀ ਦਾਰਸ਼ਨਿਕ ਵਿਧੀ ਹੈ। ਦਾਰਸ਼ਨਿਕ ਪ੍ਰਕ੍ਰਿਆ ਦੁਆਰਾ ਦਾਰਸ਼ਨਿਕ ਵਿਹਾਰ ਨਾਲ, ਦਾਰਸ਼ਨਿਕ ਸਿੱਟਿਆਂ ਅਤੇ ਨਤੀਜਿਆਂ ਤੇ ਪਹੁੰਚਿਆ ਜਾ ਸਕਦਾ ਹੈ। ਇਸ ਤਰ੍ਹਾਂ ਇਸ ਦਾ ਉਦੇਸ਼ ਆਮ ਅਤੇ ਵਿਆਪਕ ਨਤੀਜੇ ਪ੍ਰਾਪਤ ਕਰਨਾ ਹੈ। ਸਿੱਖਿਆ ਦਾ ਦਰਸ਼ਨ ਆਮ ਦਰਸ਼ਨ (Philosophy) ਤੋਂ ਬਹੁਤ ਖਾਸ ਹੈ। ਇਸ ਨੂੰ ਵੱਖ-ਵੱਖ ਕਰਨ ਲਈ ਸਿੱਖਿਆ ਦਰਸ਼ਨ ਦਾ ਖਾਸ ਮੰਤਵ ਬਣਾਇਆ ਗਿਆ ਹੈ। ਇਸ ਤਰ੍ਹਾਂ ਸਿੱਖਿਆ ਦੇ ਖੇਤਰ ਵਿੱਚ ਦਰਸ਼ਨ ਹੈ।

### 1.1.4 ਸਿੱਖਿਆ ਦੇ ਦਰਸ਼ਨ ਦੇ ਮੰਤਵ ਅਤੇ ਸਰੂਪ :

ਕਿਸੇ ਵੀ ਵਿਸ਼ੇ ਦਾ ਮੰਤਵ ਸਿੱਧਾ ਉਸਦੀਆਂ ਪ੍ਰੀਭਾਸ਼ਾਵਾਂ ਤੇ ਨਿਰਭਰ ਹੁੰਦਾ ਹੈ। ਇਸ ਲਈ ਸਿੱਖਿਆ ਦੇ ਦਰਸ਼ਨ ਦਾ ਮੰਤਵ ਸਿੱਖਿਆ ਦੀਆਂ ਸਮੱਸਿਆਵਾਂ ਦੇ ਨਾਲ ਸੰਬੰਧਤ ਹੈ। ਇਹ ਸਮੱਸਿਆਵਾਂ ਆਮ ਸੁਭਾਅ ਦੀਆਂ ਹਨ ਜਿਵੇਂ ਕਿ ਕੁਦਰਤ, ਸੰਸਾਰ ਅਤੇ ਬ੍ਰਹਿਮੰਡ ਦਾ ਅਨੁਵਾਦ ਜਾਂ ਵਿਆਖਿਆ, ਉਦੇਸ਼ਾਂ ਅਤੇ ਆਦਰਸ਼ਾਂ ਦੀ ਵਿਆਖਿਆ, ਸਿੱਖਿਆ ਦੇ ਵੱਖ-ਵੱਖ ਹਿੱਸਿਆਂ ਵਿੱਚ ਸੰਬੰਧ ਆਦਿ। ਸਿੱਖਿਆ ਦੇ ਦਰਸ਼ਨ ਵਿੱਚ ਖਾਸ ਸਮੱਸਿਆਵਾਂ ਵਿੱਚ ਸ਼ਾਮਲ ਹੈ। ਸਿੱਖਿਆ ਦੇ ਉਦੇਸ਼, ਆਦਰਸ਼, ਮਨੁੱਖੀ ਵਿਹਾਰ ਦਾ ਵਿਸ਼ਲੇਸ਼ਣ, ਸਿੱਖਿਆ ਅਤੇ ਰਾਜ ਦਾ ਸੰਬੰਧ, ਸਿੱਖਿਅਕ ਕੀਮਤਾਂ, ਗਿਆਨ ਦੀਆਂ ਵਿਧੀਆਂ ਅਤੇ ਉਹਨਾਂ ਦਾ ਸਿੱਖਿਆ ਨਾਲ ਸੰਬੰਧ, ਆਰਥਿਕ ਪ੍ਰਣਾਲੀ ਅਤੇ ਸਿੱਖਿਆ, ਸਿੱਖਿਅਕ ਪ੍ਰਣਾਲੀ ਵਿੱਚ ਸਕੂਲ ਦਾ ਸਥਾਨ, ਪਾਠਕ੍ਰਮ ਅਤੇ ਸਿੱਖਿਆ ਪ੍ਰਣਾਲੀ ਅਤੇ ਅੰਤਿਮ ਸਿੱਖਿਆ ਅਤੇ ਸਮਾਜਿਕ ਵਿਕਾਸ ਦਾ ਸੰਬੰਧ। ਇਹ ਉਪਰੋਕਤ ਦਿੱਤੀਆਂ ਸਾਰੀਆਂ ਸਮੱਸਿਆਵਾਂ ਸਿੱਖਿਆ ਦੇ ਦਰਸ਼ਨ ਦੇ ਮੰਤਵ ਅਤੇ ਸਰੂਪ ਨੂੰ ਰੂਪ ਦਿੰਦੀਆਂ ਹਨ। ਇਸ ਦੇ ਮੰਤਵ ਵਿੱਚ ਸ਼ਾਮਿਲ ਹੈ : ਉਹ ਸਾਰੇ ਵੱਖ-ਵੱਖ ਉਦੇਸ਼ ਜੋ ਸਮੇਂ-ਸਮੇਂ ਬਣਾਏ ਗਏ ਅਤੇ ਪ੍ਰਸਾਰਤ ਕੀਤੇ

ਗਏ ਜਾਂ ਜਿੰਨ੍ਹਾਂ ਦਾ ਪ੍ਰਸਾਰ ਕੀਤਾ ਗਿਆ। ਉਨ੍ਹਾਂ ਦਾ ਆਲੋਚਨਾਤਮਕ ਮੁਲਾਂਕਣ, ਜਿਵੇਂ ਕਿ ਚਰਿੱਤਰ ਨਿਰਮਾਣ, ਵਿਅਕਤੀਆਂ ਦਾ ਵਿਕਾਸ ਬਾਲਗ ਉਮਰ ਲਈ ਤਿਆਰੀ, ਨਾਗਰਿਕਤਾ ਦਾ ਵਿਕਾਸ, ਵਿਹਲੇ ਸਮੇਂ ਦੀ ਵਰਤੋਂ, ਰਾਸ਼ਟਰੀ ਜ਼ਿੰਦਗੀ ਦੀ ਟ੍ਰੇਨਿੰਗ, ਅੰਤਰਰਾਸ਼ਟਰੀ ਜ਼ਿੰਦਗੀ ਦੀ ਟ੍ਰੇਨਿੰਗ, ਸ਼ਖ਼ਸੀਅਤ ਦਾ ਸੰਪੂਰਨ ਵਿਕਾਸ, ਲੋਕਤੰਤਰਿਕ ਸਮਾਜ ਦਾ ਮੁਲਾਂਕਣ, ਸਮਾਜਿਕ ਬਦਲਾਅ ਨੂੰ ਸਮਝਾਉਣਾ, ਸਭਿਅਕ ਮਨੁੱਖ ਬਾਰੇ ਸਪੱਸ਼ਟ ਕਰਨਾ, ਵਿਅਕਤੀ ਅਤੇ ਸਮਾਜ ਦਾ ਸਮਝੌਤਾ ਅਤੇ ਅੰਤ ਵਿੱਚ ਆਪਣਾ ਆਪ ਸਮਝਣਾ ਅਤੇ ਆਤਮਿਕ ਮੁਕਤੀ ਆਦਿ। ਇਹ ਸਾਰੇ ਅਤੇ ਹੋਰ ਉਦੇਸ਼ ਸਿੱਖਿਅਕ ਵਿਚਾਰਕਾਂ ਦੁਆਰਾ ਵੱਖ-ਵੱਖ ਸਮੇਂ ਤੇ ਪਰਖ ਕੇ ਅਤੇ ਮੁਲਾਂਕਣ ਕਰਕੇ ਪੇਸ਼ ਕੀਤੇ ਹਨ। ਇਥੇ ਇਹ ਯਾਦ ਕਰਨਾ ਜ਼ਰੂਰੀ ਹੈ ਕਿ ਫਿਲਾਸਫੀ ਦਾ ਮੁੱਖ ਕੰਮ ਹਰ ਜਗ੍ਹਾਂ ਆਲੋਚਨਾਤਮਕ ਮੁਲਾਂਕਣ ਕਰਕੇ ਉਸ ਨੂੰ ਨਵਾਂ ਰੂਪ ਦੇਣਾ ਹੈ। ਇਸ ਤਰ੍ਹਾਂ ਸਿਖਿਆ ਦਾ ਦਰਸ਼ਨ ਆਲੋਚਨਾਤਮਕ ਮੁਲਾਂਕਣ ਕਰਕੇ ਸਿੱਖਿਆ ਦੇ ਵੱਖ-ਵੱਖ ਉਦੇਸ਼ਾਂ ਅਤੇ ਆਦਰਸ਼ਾਂ ਨਾਲ ਇੱਕ ਬਹੁਤ ਵਧੀਆ ਅਤੇ ਢੁੱਕਵੇਂ ਸਿੱਖਿਆ ਦੇ ਉਦੇਸ਼ ਤੇ ਪਹੁੰਚਦਾ ਹੈ। ਇਥੇ ਦੁਬਾਰਾ ਆਮ ਅਤੇ ਵਿਆਪਕ ਉਦੇਸ਼ ਦਾ ਸੰਬੰਧ ਹੈ ਨਾ ਕਿ ਕੋਈ ਖਾਸ ਜਾਂ ਆਮ ਉਦੇਸ਼ ਸਿੱਖਿਆ ਦਾ ਹੈ। ਇਹ ਇਸ ਲਈ ਹੈ ਕਿਉਂਕਿ ਫਿਲਾਸਫ਼ੀ ਹਰ ਸਮੇਂ ਅਸਲੀਅਤ ਨਾਲ ਵਾਪਰਦੀ ਹੈ। ਦੁਬਾਰਾ, ਦਾਰਸ਼ਨਿਕ ਪ੍ਰਣਾਲੀ ਵਿਆਪਕ ਅਤੇ ਸੰਪੂਰਨ ਹੈ। ਇਸ ਤਰ੍ਹਾਂ ਸਿੱਖਿਆ ਦੇ ਦਰਸ਼ਨ ਦੇ ਉਦੇਸ਼ ਸਿੱਖਿਆ ਦੇ ਵੱਖ-ਵੱਖ ਉਦੇਸ਼ਾਂ ਅਤੇ ਆਦਰਸ਼ਾਂ ਦਾ ਸੰਸ਼ਲੇਸ਼ਣ ਕਰਕੇ ਪੇਸ਼ ਕਰਦਾ ਹੈ।

ਇੱਕ ਮਨੁੱਖੀ ਵਿਹਾਰ ਦੀ ਦਾਰਸ਼ਨਿਕ ਤਸਵੀਰ ਵੱਖ-ਵੱਖ ਪੱਧਰਾਂ ਦੇ ਮਨੁੱਖੀ ਵਿਗਿਆਨਾਂ ਵਿੱਚ ਕੀਮਤਾਂ ਦੇ ਵਿਚਾਰ ਵਟਾਂਦਰੇ ਨਾਲ ਨਿਕਲੇ ਤੱਥਾਂ ਦੇ ਸੰਸਲੇਸ਼ਣ ਦਾ ਨਤੀਜਾ ਹੈ। ਇਸ ਤਰ੍ਹਾਂ, ਮਨੁੱਖ ਦੁਆਰਾ ਬਣਾਏ ਗਏ ਜੀਵ-ਵਿਗਿਆਨ, ਸਮਾਜਿਕ, ਮਨੋਵਿਗਿਆਨਕ, ਆਰਥਿਕ ਤੇ ਮਨੁੱਖੀ ਰੂਪਾਂ ਅਤੇ ਹੋਰ ਮਨੁੱਖੀ ਵਿਗਿਆਨ ਦੇ ਮੁਕਾਬਲੇ ਫਿਲਾਸਫ਼ੀ ਦੀ ਸਮੁੱਚੀ ਤਸਵੀਰ ਹੈ।

ਸਿੱਖਿਆ ਦੇ ਦਰਸ਼ਨ ਦੇ ਖੇਤਰ ਦਾ ਮੁੱਖ ਮਹੱਤਵਪੂਰਨ ਭਾਗ ਸਿੱਖਿਅਕ ਕੀਮਤਾਂ ਬਣਾਉਂਦੀਆਂ ਹਨ। ਕੀਮਤਾਂ ਆਪਣੀ ਕਿਸਮ ਦਾ ਹੀ ਦਾਰਸ਼ਨਿਕ ਵਿਸ਼ਾ ਹੈ ਕਿਉਂਕਿ ਇਹ ਜ਼ਿਆਦਾ ਪੱਕੇ ਤੋਂ ਭਾਵ ਵਾਚਕ, ਭੌਤਿਕ ਤੋਂ ਮਾਨਸਿਕ, ਇੱਕ ਪਾਸੇ ਤੋਂ ਪੂਰਾ ਅਲੱਗ ਜਾਂ ਖਾਸ ਤੋਂ ਵਿਸ਼ਵਵਿਆਪਕ ਹੈ।

ਕੀਮਤਾਂ ਦਾ ਦਾਰਸ਼ਨਿਕ ਇਲਾਜ ਉਨ੍ਹਾਂ ਨੂੰ ਸਿਰਫ ਪਰਖਦਾ ਹੀ ਨਹੀਂ ਸਗੋਂ ਮਜ਼ਹਬੀ ਹਕੂਮਤ ਤੋਂ ਸਿਲਸਲੇਵਾਰ ਬਣਾਉਂਦਾ ਹੈ। ਸਿੱਖਿਅਕ ਕੀਮਤਾਂ, ਦਾਰਸ਼ਨਿਕ ਕੀਮਤਾਂ ਦੁਆਰਾ ਨਿਰਧਾਰਤ ਕੀਤੀਆਂ ਜਾਂਦੀਆਂ ਹਨ। ਸਿੱਖਿਅਕ ਕੀਮਤਾਂ ਨੂੰ ਵੱਖ-ਵੱਖ ਫਿਲਾਸਫਰਾਂ ਨੇ ਆਪਣੇ ਵਿਸ਼ਵ ਦਰਸ਼ਨ ਤੋਂ ਪ੍ਰਾਪਤ ਕਰਕੇ ਬਣਾਇਆ ਹੈ। ਇਸ ਲਈ ਵਿਸ਼ਵ ਦਰਸ਼ਨ ਫਿਲਾਸਫੀ ਦਾ ਖਾਸ ਕੰਮ ਹੈ ਅਤੇ ਇਹ ਫਿਲਾਸਫੀਕਲ ਕੀਮਤਾਂ ਦਾ ਜ਼ਰੂਰੀ ਇਲਾਜ ਹੈ।

ਸਿੱਖਿਆ ਗਿਆਨ ਨਾਲ ਸੰਬੰਧਤ ਹੈ। ਇਸ ਨੂੰ ਨਿਰਧਾਰਤ ਕਰਨ ਵਾਲੇ ਸੋਮੇ, ਸੀਮਾਵਾਂ, ਮਾਪਦੰਡ ਅਤੇ ਗਿਆਨ ਦੇ ਅਰਥ ਹਨ, ਇਹ ਗਿਆਨਵਾਦ ਦੇ ਅਧਿਕਾਰ ਖੇਤਰ ਵਿੱਚ ਪੈਂਦੀ ਹੈ। ਜੋ ਕਿ ਫਿਲਾਸਫੀ ਦਾ ਇੱਕ ਮਹੱਤਵਪੂਰਣ ਖੇਤਰ ਹੈ, ਇਸ ਤਰ੍ਹਾਂ ਸਿੱਖਿਆ ਦੀ ਫਿਲਾਸਫੀ ਗਿਆਨ ਦੀ ਵਿਧੀ ਨਾਲ ਸੰਬੰਧਤ ਕੰਮ ਕਰਦੀ ਹੈ ਜੋ ਕਿ ਇੱਕ ਮਹੱਤਵਪੂਰਣ ਖੇਤਰ ਹੈ। ਸਿੱਖਿਅਕ ਫਿਲਾਸਫੀ ਦੀ ਮਹੱਤਵਪੂਰਨ ਸੇਵਾ ਕਾਰਨ ਹੀ ਸਿੱਖਿਆ ਹਰ ਪਾਸੇ ਹੈ, ਇਸ ਪ੍ਰਕ੍ਰਿਆ ਦੁਆਰਾ ਹੀ ਇਹ ਮਾਪ ਦੰਡ ਮਿਥੇ ਜਾਂਦੇ ਹਨ, ਕਿ ਸਮਾਜ ਅਤੇ ਸਿੱਖਿਆ ਦੇ ਸੰਬੰਧ, ਆਰਥਿਕ ਪ੍ਰਣਾਲੀ ਅਤੇ ਸਿੱਖਿਆ, ਪਾਠਕ੍ਰਮ, ਪ੍ਰਸ਼ਾਸਨ, ਅਨੁਸ਼ਾਸਨ, ਵਿਕਾਸ ਆਦਿ। ਇਹ ਸਮੱਸਿਆਵਾਂ ਹੀ ਸਿੱਖਿਅਕ ਫਿਲਾਸਫ਼ੀ ਦੇ ਵੱਖ-ਵੱਖ ਮੁਲਾਂਕਣਾਂ ਦੀ ਅਗਵਾਈ ਕਰਦੀਆਂ ਹਨ। ਫਿਲਾਸਫ਼ੀ ਦੁਆਰਾ ਹੀ ਮਾਪਦੰਡ ਦਾ ਅਨੁਮਾਨ ਹਰ ਪਾਸੇ ਨਿਰਧਾਰਤ ਕੀਤਾ ਜਾਂਦਾ ਹੈ। ਇਸ ਲਈ, ਸਿੱਖਿਆ ਦੀ ਫਿਲਾਸਫ਼ੀ ਹੀ ਇਸ ਮਾਪਦੰਡ ਦਾ ਅਨੁਮਾਨ ਇਹਨਾਂ ਖੇਤਰਾਂ ਵਿੱਚ ਨਿਯਤ ਕਰਦੀ ਹੈ।

ਸਿੱਖਿਅਕ ਫਿਲਾਸਫ਼ੀ ਦੇ ਮੰਤਵਾਂ ਦਾ ਉਪਰੋਕਤ ਵਿਚਾਰ ਵਟਾਂਦਰਾ ਹੀ ਇਸਦੇ ਸਰੂਪ ਨੂੰ ਵੀ ਦੱਸਦਾ ਹੈ। ਇਸ ਲਈ ਸਿੱਖਿਅਕ ਫਲਸਫਾ ਵਿਵਹਾਰਕ ਫਲਸਫੇ ਦੀ ਮਹੱਤਵਪੂਰਨ ਸ਼ਾਖਾ ਹੈ। ਫਿਲਾਸਫੀ ਦੇ ਤਿੰਨ ਭਾਗਾਂ ਦੀ ਵੰਡ ਅਧਿਆਤਮਕਵਾਦ (Metaphysics), ਗਿਆਨਵਾਦ (Epistemology) ਅਤੇ ਮੂਲ ਸਿਧਾਂਤ (Axiology) ਵਿੱਚ ਕੀਤੀ ਗਈ ਹੈ। ਪਰ ਸਿੱਖਿਅਕ ਫਲਸਫਾ ਤੀਸਰੇ ਕਿਸਮ ਭਾਵ ਕਿ ਮੂਲ-ਸਿਧਾਂਤ (Axiology) ਦੇ ਨਾਲ ਸੰਬੰਧਤ ਹੈ। ਇਸ ਲਈ ਇਹ ਸਿੱਖਿਅਕ ਕੀਮਤਾਂ ਨਾਲ ਜ਼ਿਆਦਾ ਸੰਬੰਧਤ ਹੈ।

ਫਿਲਾਸਫੀ ਦੀ ਸ਼ਾਖਾ ਦੇ ਲਈ ਫਿਲਾਸਫੀਕਲ ਸਿੱਟਿਆਂ ਤੇ ਪਹੁੰਚਣ ਲਈ ਫਿਲਾਸਫੀਕਲ ਵਿਵਹਾਰ ਨਾਲ ਹੀ ਫਿਲਾਸਫੀਕਲ ਸਮੱਸਿਆਵਾਂ ਦਾ ਸਮਾਧਾਨ ਜਾਂ ਹੱਲ ਕਰਨਾ ਹੀ ਫਿਲਾਸਫੀਕਲ ਵਿਧੀਆਂ ਨੂੰ ਇਸਤੇਮਾਲ ਕਰਦਾ ਹੈ। ਇਸ ਵਿਆਪਕ ਕ੍ਰਿਆ ਵਿੱਚ ਸ਼ਾਮਲ ਹੈ : ਸਿੱਖਿਆ ਨਾਲ ਸੰਬੰਧਤ ਤੱਥ ਅਤੇ ਕੀਮਤਾਂ ਨਾਲ ਉਨ੍ਹਾਂ ਦਾ ਸੰਸ਼ਲੇਸ਼ਣ। ਇਸ ਤਰ੍ਹਾਂ ਸਿੱਖਿਆ ਦਾ ਸਕੋਪ ਗਿਆਨ ਵੰਡਣ ਨੂੰ ਹੀ ਮੁੱਖ ਉਦੇਸ਼ ਮੰਨਦਾ ਹੈ। ਗਿਆਨ ਵਿੱਚ ਵਿਸ਼ਵਵਿਆਪਕ ਵੱਖ-ਵੱਖ ਤਰ੍ਹਾਂ ਦੀ ਜਾਣਕਾਰੀ ਅਤੇ ਤਜ਼ਰਬਿਆਂ ਦਾ ਸੰਸ਼ਲੇਸ਼ਣ ਹੋਣਾ ਜ਼ਰੂਰੀ ਹੈ। ਇਹ ਫਿਲਾਸਫੀਕਲ ਵਿਧੀ ਜੋ ਕਿ ਸਿੱਖਿਆ ਬਿਨ੍ਹਾਂ ਸੰਭਵ ਨਹੀਂ ਹੈ, ਇਸੀ ਤਰ੍ਹਾਂ, ਫਿਲਾਸਫੀਕਲ ਆਧਾਰਾਂ ਦੀ ਸਿੱਖਿਆ ਨੂੰ ਹੱਲਾ ਸ਼ੇਰੀ ਦੇਣਾ ਇਸ ਦੀ ਜ਼ਰੂਰਤ ਹੈ। ਖਾਸ ਤੌਰ ਤੇ ਫਿਲਾਸਫੀ ਦੀ ਸ਼ਾਖਾ ਜੋ ਕਿ ਗਿਆਨ ਦੀ ਥਿਊਰੀ ਹੈ। ਇਸ ਦੇ ਸੰਸ਼ਲੇਸ਼ਣ ਕੰਮਾਂ ਤੋਂ ਇਲਾਵਾ, ਫਿਲਾਸਫ਼ੀ ਦਾ ਇੱਕ ਮਹੱਤਵਪੂਰਨ ਕੰਮ ਵੱਖ-ਵੱਖ ਵਿਗਿਆਨਾਂ ਦੇ ਸਿੱਟਿਆਂ ਅਤੇ ਪੂਰਵ ਅਨੁਮਾਨਾਂ ਦੀ ਆਲੋਚਨਾ ਹੈ। ਜਦੋਂ ਕੋਈ ਵਿਗਿਆਨੀ ਆਪਣੇ ਖਾਸ ਖੇਤਰ ਵਿੱਚ ਡੂੰਘੀ ਛਾਣਬੀਣ ਕਰਦਾ ਹੈ, ਤਾਂ ਉਹ ਸੋਚਣ ਦੀ ਉਸ ਕ੍ਰਿਆ ਤੱਕ ਇਤਨਾਂ ਡੂੰਘਾ ਚਲਾ ਜਾਂਦਾ ਹੈ ਕਿ ਉਸ ਦੀ ਸੋਚ ਵਿਗਿਆਨਕ ਨਹੀਂ ਸਗੋਂ ਫਿਲਾਸਫ਼ੀਕਲ ਹੋ ਜਾਂਦੀ ਹੈ। ਇਸ ਤਰ੍ਹਾਂ ਫਿਲਾਸਫੀ ਦਾ ਸਰੂਪ ਤੇ ਮੰਤਵ ਪੂਰੀ ਤਰ੍ਹਾਂ ਸਾਫ ਹਨ। ਫਿਲਾਸਫ਼ੀ ਸਿੱਧੇ ਤੌਰ ਤੇ ਜ਼ਿੰਦਗੀ ਅਤੇ ਜ਼ਰੂਰਤਾਂ ਤੋਂ ਬਾਹਰ ਵਧਦੀ ਹੈ ਅਤੇ ਜ਼ਿਆਦਾ ਵਿਵਹਾਰਕ ਹੈ ਅਤੇ ਵਿਅਕਤੀ ਦੇ ਬਾਰੇ ਮਹੱਤਵਪੂਰਣ ਚੀਜ਼ ਵਿਸ਼ਵ ਵਿੱਚ ਉਸਦੇ ਆਪਣੇ ਵਿਚਾਰ ਹਨ।

**1.1.5 ਤੱਤ ਮੀਮਾਂਸਾ :** ਤੱਤ ਮੀਮਾਂਸਾ ਨੂੰ ਸਾਰੇ ਦਾਰਸ਼ਨਿਕ ਵਿਸ਼ਿਆਂ ਦਾ ਆਧਾਰ ਮੰਨਿਆ ਜਾਂਦਾ ਹੈ। ਇਹ ਸਮੁੱਚੇ ਸੰਸਾਰ ਜਿਸ ਵਿਚ ਮਨੁੱਖ ਅਤੇ ਉਸ ਦੇ ਕੰਮ ਵੀ ਸ਼ਾਮਿਲ ਹਨ,ਦਾ ਅਧਿਐਨ ਕਰਦਾ ਹੈ। ਸੰਪੂਰਨ ਸੱਚਾਈ ਅਤੇ ਅਸਲੀਅਤ ਇਸ ਦਾ ਮੁੱਖ ਟੀਚਾ ਹੈ। ਤੱਤ ਮੀਮਾਂਸਾ, ਅਸਲ ਕੀ ਹੈ? ਅਤੇ ਗੈ਼ਰ-ਅਸਲ ਕੀ ਹੈ? ਜਿਹੀ ਆਧਾਰਭੂਤ ਸਮੱਸਿਆ ਦਾ ਸਾਹਮਣਾ ਕਰਦਾ ਹੈ। ਇਸ ਲਈ, ਇਹ ਅਸਲੀਅਤ ਦੇ ਸੁਭਾਅ, ਬਣਤਰ ਅਤੇ ਮੁੱਲਾਂ ਦੀ ਖੋਜ ਕਰਦਾ ਹੈ। ਹੁਣ ਪ੍ਰਸ਼ਨ ਉੱਠਦਾ ਹੈ ਕਿ ਅਸਲ ਅਤੇ ਗੈ਼ਰ-ਅਸਲ ਵਿਚ ਵਖਰੇਵਾਂ ਕਿਵੇਂ ਕੀਤਾ ਜਾਵੇ। ਸ਼ੰਕਰਾਚਾਰੀਆ ਅਸਲੀਅਤ ਨੂੰ ਸਥਿਰ ਅਤੇ ਗੈ਼ਰ-ਅਸਲੀਅਤ ਨੂੰ ਅਸਥਿਰ ਕਹਿ ਕੇ ਪਰਿਭਾਸ਼ਿਤ ਕਰਦਾ ਹੈ।

ਜਦ ਸਾਰੀਆਂ ਵਸਤਾਂ ਵਿਚ ਤਬਦੀਲੀ ਆਉਂਦੀ ਹੈ ਤਾਂ ਉਹ ਕੀ ਹੈ ਜੋ ਸਦਾ ਸਥਿਰ ਰਹਿੰਦਾ ਹੈ? ਇਹ ਸਥਿਰ ਕਹੀ ਜਾਣ ਵਾਲੀ ਵਸਤੂ ਕਈ ਵਾਰ ਮੂਲ ਤੱਤ (substance) ਕਹਾਉਂਦੀ ਹੈ। ਪਰੰਤੂ ਫਿਰ ਪ੍ਰਸ਼ਨ ਇਹ ਉੱਠਦਾ ਹੈ ਕਿ ਸੰਸਾਰ ਦੀਆਂ ਸਾਰੀਆਂ ਵਸਤਾਂ ਵਿਚ ਮੂਲ ਤੱਤ ਕੀ ਹੈ?ਉਦਾਹਰਣ ਦੇ ਤੌਰ 'ਤੇ ਸ਼ੰਕਰਾਚਾਰੀਆ ਕਹਿੰਦਾ ਹੈ ਕਿ ਚੇਤਨਾ ਮੂਲ-ਤੱਤ ਹੈ ਜਿਸ ਵਿਚ ਹਰ ਵਸਤੂ ਬਣਦੀ ਹੈ। ਹਰ ਆਦਰਸ਼ਵਾਦੀ ਇਹੀ ਗੱਲ ਦੁਹਰਾਉਂਦਾ ਹੈ। ਪਰ ਆਦਰਸ਼ਵਾਦੀਆਂ ਤੋਂ ਇਲਾਵਾ, ਕੁੱਝ ਹੋਰ ਦ੍ਰਿਸ਼ਟੀਕੋਣ ਵੀ ਹਨ। ਕੁੱਝ ਕੁ ਇਹ ਵਿਚਾਰ ਵੀ ਰੱਖਦੇ ਹਨ ਕਿ ਪਦਾਰਥ (matter) ਵਸਤਾਂ ਦਾ ਮੂਲ ਤੱਤ ਹੈ। ਇੱਥੇ ਇਕ ਗੱਲ ਸਪੱਸ਼ਟ ਹੁੰਦੀ ਹੈ ਕਿ ਤੱਤ-ਮੀਮਾਂਸਾ ਅਸਲੀਅਤ ਅਤੇ ਇਸ ਦੀਆਂ ਵਿਸ਼ੇਸ਼ਤਾਵਾਂ ਦੀ ਭਾਲ ਵਿਚ ਹੈ।

ਤੱਤ-ਮੀਮਾਂਸਾ ਆਰੰਭ ਕਿਵੇਂ ਹੋਇਆ ਅਤੇ ਸਭ ਤੋਂ ਪਹਿਲਾਂ ਕਿੱਥੇ ਸ਼ੁਰੂ ਹੋਇਆ? ਤੱਤ ਮੀਮਾਂਸਾ ਬਹ੍ਰਿਮੰਡ ਬਾਰੇ ਖਾਸ ਅਦਭੁੱਤਤਾ ਅਤੇ ਉਲਝਨ ਤੋਂ ਆਰੰਭ ਹੋਇਆ ਅਤੇ ਇਹ ਤਦ ਹੋਂਦ 'ਚ ਆਇਆ ਜਦ ਮਨੁੱਖ ਪੈਦਾ ਹੋਇਆ ਅਤੇ ਜ਼ਿੰਦਗੀ ਦੇ ਰਹੱਸ ਬਾਰੇ ਜਾਣਨ ਦੀ ਕੋਸ਼ਿਸ਼ ਕਰਨ ਲੱਗਾ। ਅਰਸਤੂ ਦੇ ਅਨੁਸਾਰ, ਅਸਲ 'ਚ ਅਦਭੁੱਤਤਾ ਕਰਕੇ ਮਨੁੱਖ ਨੇ ਬ੍ਰਹਿਮੰਡ ਬਾਰੇ ਅੰਦਾਜ਼ੇ ਲਗਾਉਣੇ ਸ਼ੁਰੂ ਕਰ ਦਿੱਤੇ। ਵਸਤੂ ਬਾਰੇ ਡੂੰਘਾਈ ਵਿਚ ਜਾ ਕੇ ਸੋਚਣਾ, ਵਿਚਾਰਨਾ,ਆਲੋਚਨਾ ਕਰਨਾ ਤੱਤ-ਮੀਮਾਂਸਾ ਦਾ ਕੰਮ ਹੈ। ਤੁਹਾਡੇ ਕੋਲ ਅਜਿਹਾ ਕਰਨ ਲਈ ਮਨ ਹੋਣਾ ਚਾਹੀਦਾ ਹੈ ਅਤੇ ਵਿਅਕਤੀ ਹੀ ਸੋਚਣ ਵਾਲਾ ਅਜਿਹਾ ਮਨ ਰੱਖਦੇ ਹਨ। ਸੋ ਵਿਅਕਤੀ ਹੀ ਤੱਤ-ਮੀਮਾਂਸਾ 'ਤੇ ਵਿਚਾਰ ਕਰਦੇ ਹਨ

ਤੱਤ-ਮੀਮਾਂਸਾ

ਸਾਧਾਰਨ ਅਰਥਾਂ ਵਿਚ ਤੱਤ-ਮੀਮਾਂਸਾ ਸੰਸਾਰ ਦੇ ਮੂਲ-ਤੱਤ ਦਾ ਵਿਧੀਗਤ ਅਧਿਐਨ ਹੈ। ਮੂਲ-ਤੱਤ ਅਜਿਹਾ ਮਾਲ (stuff) ਹੈ ਜਿਸ ਤੋਂ ਸਾਰੀਆਂ ਵਸਤਾਂ ਦਾ ਨਿਰਮਾਣ ਹੁੰਦਾ ਹੈ। ਇਹ ਹਰ ਵਸਤੂ ਦੀ ਹੋਂਦ ਦਾ ਪਦਾਰਥਕ ਕਾਰਨ ਵੀ ਹੈ। ਵਸਤਾਂ ਨੂੰ ਜਨਮ ਲੈਣ ਦਿਓ ਜਾਂ ਨਾਸ਼ ਹੋਣ ਦਿਓ ਪਰ ਇਹ ਮੂਲ ਤੱਤ ਹੀ ਹੈ ਜੋ ਇਹਨਾਂ ਪਰਿਵਰਤਨਾਂ ਵਿਚ ਬਿਰਾਜਮਾਨ ਰਹਿੰਦਾ ਹੈ। ਉਦਾਹਰਨ ਦੇ ਤੌਰ 'ਤੇ, ਜੇ ਅਸੀਂ ਵਿਸ਼ਵਾਸ ਕਰੀਏ ਕਿ ਸ਼ੁੱਧ ਚੇਤਨਾ ਮੌਲਿਕ ਤੱਤ ਹੈ ਤਦ ਸਾਰੀਆਂ ਵਸਤਾਂ ਇਸੇ ਵਿਚੋਂ ਪੈਦਾ ਹੁੰਦੀਆਂ ਹਨ ਅਤੇ ਅੰਤ ਇਸੇ 'ਚ ਹੀ ਸਮਾ ਜਾਂਦੀਆਂ ਹਨ।

ਸ਼ਾਬਦਿਕ ਅਰਥ:

ਤੱਤ-ਮੀਮਾਂਸਾ ਦਾ ਸ਼ਾਬਦਿਕ ਅਰਥ ਵੀ ਇਹੀ ਦ੍ਰਿੜ ਕਰਵਾਉਂਦਾ ਹੈ ਕਿ ਇਹ ਅਸਲੀਅਤ ਦੀ ਭਾਲ ਹੀ ਹੈ। ਤੱਤ-ਮੀਮਾਂਸਾ ਜਾਂ ਪਰਾ-ਭੌਤਿਕ ਵਿਗਿਆਨ (meta-physics) ਸ਼ਬਦ meta ਅਤੇ physics ਦੋ ਸ਼ਬਦਾਂ ਦੇ ਮੇਲ ਤੋਂ ਮਿਲਿਆ ਹੈ। ਇਸ ਵਿਚ meta ਦਾ ਅਰਥ ਪਰ੍ਹੇ ਜਾਂ ਉੱਤੇ ਅਤੇ physics ਦਾ ਅਰਥ ਭੌਤਿਕ ਸੰਸਾਰ ਹੈ।

ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਜੋ ਸਾਨੂੰ ਵਿਖਾਈ ਦਿੰਦਾ ਹੈ, ਉਹ ਅਸਲ ਸੰਸਾਰ ਨਹੀਂ ਹੈ। ਅਸਲੀਅਤ ਇਸ ਤੋਂ ਪਰ੍ਹੇ ਹੈ ਅਤੇ ਦ੍ਰਿਸ਼ਟੀਗੋਚਰ ਨਹੀਂ ਹੈ। ਤੱਤ-ਮੀਮਾਂਸਾ (ਪਰਾ-ਭੌਤਿਕ ਵਿਗਿਆਨ) ਇਹ ਅਸਲੀਅਤ ਜਾਨਣ ਵਿਚ ਰੁਚੀ ਰੱਖਦਾ ਹੈ ਜਿਹੜੀ ਇਸ ਪਦਾਰਥਕ ਸੰਸਾਰ ਤੋਂ ਪਰ੍ਹੇ ਹੈ ਅਤੇ ਜੋ ਸਾਡੀ ਇੰਦ੍ਰੀ ਅਨੁਭਵਾਂ ਦੀ ਪਕੜ 'ਚ ਨਹੀਂ ਆਉਂਦੀ।

**1.1.7** ਪਰਾ-ਭੌਤਿਕ ਸਮੱਸਿਆਵਾਂ :

ਸਮੱਸਿਆ ਇਸ ਸੰਦਰਭ ਵਿਚ ਵਰਤਿਆ ਜਾਣ ਵਾਲਾ ਸ਼ਬਦ ਹੈ ਅਤੇ ਇਸ ਦਾ ਅਰਥ ਮੁਸ਼ਕਿਲ, ਪਹੇਲੀ ਜ਼ਾਂ ਪ੍ਰਸ਼ਨ ਲਿਆ ਜਾ ਸਕਦਾ ਹੈ ਜਿਸ ਦਾ ਉੱਤਰ ਜਾਂ ਹੱਲ ਦਿੱਤਾ ਜਾ ਸਕਦਾ ਹੈ। ਜਦ ਅਸੀਂ ਪਰਾ-ਭੌਤਿਕ ਦਰਸ਼ਨ-ਸ਼ਾਸਤਰ ਦੀਆਂ ਸਮੱਸਿਆਵਾਂ ਬਾਰੇ ਗੱਲ ਕਰਦੇ ਹਾਂ ਤਾਂ ਮਨ ਵਿਚ ਤੱਤ-ਮੀਮਾਂਸਾ ਨਾਲ ਸੰਬੰਧਤ ਉਹ ਚਲੰਤ ਮਸਲੇ ਆਉਂਦੇ ਹਨ ਜੋ ਮਨੁੱਖੀ ਹੋਂਦ ਦਾ ਘੇਰਾ ਬਣਾਉਂਦੇ ਹਨ ਅਤੇ ਸਾਡੀ ਰੋਜ਼ਾਨਾ ਹੋਂਦ ਉੱਪਰ ਪ੍ਰਭਾਵ ਪਾਉਂਦੇ ਹਨ। ਅਸੀਂ ਕਹਿੰਦੇ ਹਾਂ ਕਿ ਸਮੱਸਿਆਵਾਂ ਇਸ ਸੰਬੰਧ ਵਿਚ ਚਲੰਤ ਹਨ ਅਤੇ ਉਨ੍ਹਾਂ ਦੇ ਅੰਤਿਮ ਉੱਤਰ ਦੇਣ ਦੀ ਕੋਈ ਵੀ ਕੋਸ਼ਿਸ਼ ਅਸੰਭਵ ਬਣਾਉਂਦੀਆਂ ਹਨ। ਜੀਵਨ ਆਪਣੇ ਆਪ ਵਿਚ ਬਹੁਤ ਵੱਡੀ ਸਮੱਸਿਆ ਹੈ ਜੋ ਸਾਡੇ ਵਿਚਾਰਨ ਅਤੇ ਅਚਰਜ ਹੋਣ ਲਈ ਪਹੇਲੀਆਂ, ਬੁਝਾਰਤਾਂ ਅਤੇ ਰਹੱਸ ਸਾਡੇ ਸਾਹਮਣੇ ਖੜ੍ਹੇ ਕਰੀ ਰੱਖਦਾ ਹੈ।

ਤੱਤ-ਮੀਮਾਂਸਾ ਇਕ ਅਜਿਹਾ ਢੰਗ ਹੈ ਜੋ ਦਰਸ਼ਨ-ਸਾਸ਼ਤਰ ਜ਼ਿੰਦਗੀ ਦੀਆਂ ਸਮੱਸਿਆਵਾਂ ਦਾ ਰਹੱਸ ਲੱਭਣ ਦੇ ਵਿਚਾਰ ਨਾਲ ਹੋਂਦ ਦੀਆਂ ਸਮੱਸਿਆਵਾਂ ਨੂੰ ਵੇਖਣ ਲਈ ਵਰਤਦਾ ਹੈ। ਅਜਿਹਾ ਕਰਦੇ ਹੋਏ, ਮੌਜੂਦਾ ਸਮੱਸਿਆਵਾਂ ਦਾ ਹੱਲ ਲੱਭਣ ਲਈ ਉਪਯੁਕਤ ਸਮਝੀ ਜਾਂਦੀ ਵਿਆਪਕ ਵਿਚਾਰ ਪ੍ਰਣਾਲੀ ਪ੍ਰਦਾਨ ਕਰਨ ਦੀ ਖੇਚਲ ਵੀ ਕਰਦਾ ਹੈ।

ਪਰਾ-ਭੌਤਿਕ ਦਰਸ਼ਨ-ਸਾਸ਼ਤਰ ਦੀਆਂ ਸਮੱਸਿਆਵਾਂ ਬਾਰੇ ਚਰਚਾ ਦੋ ਉਪ-ਸਿਰਲੇਖਾਂ "ਤੱਤ-ਮੀਮਾਂਸਾ ਵਿਚ ਸੱਤਾ ਸੰਬੰਧੀ ਸਮੱਸਿਆਵਾਂ" ਅਤੇ "ਤੱਤ-ਮੀਮਾਂਸਾ ਵਿਚ ਵਿਗਿਆਨਿਕ ਸਮੱਸਿਆਵਾਂ" ਦੇ ਅਧੀਨ ਕੀਤੀ ਜਾਂਦੀ ਹੈ। ਇਹ ਤੱਤ-ਮੀਮਾਂਸਾ ਦੀ ਸਾਡੇ ਦੁਆਰਾ ਕੀਤੀ ਵੰਡ ਸਾਧਾਰਨ ਤੱਤ-ਮੀਮਾਂਸਾ (meta generalis) ਅਤੇ ਵਿਸ਼ੇਸ਼ ਤੱਤ-ਮੀਮਾਂਸਾ (metaphysia specialis) ਨਾਲ ਸੁਮੇਲਤਾ ਹੈ।

## (ੳ) ਤੱਤ-ਮੀਮਾਂਸਾ ਵਿਚ ਸੱਤਾ ਸੰਬੰਧੀ ਸਮੱਸਿਆਵਾਂ

ਸੱਤਾ (being), ਗ਼ੈਰ-ਸੱਤਾ (non-being),ਮਾਨਵੀ-ਸੱਤਾ (human-being), ਹੋਂਦ ਅਤੇ ਮੂਲ-ਤੱਤ (essence) ਅਤੇ ਪਾਰਦਰਸ਼ੀ ਅਤੇ ਸਰਬ ਵਿਆਪਕਤਾ ਜਿਹੀਆਂ ਸਮੱਸਿਆਵਾਂ ਬਾਰੇ ਇਥੇ ਚਰਚਾ ਕੀਤੀ ਜਾਂਦੀ ਹੈ।

ਹੈਡੇਗਰ (Heideggar) ਅਨੁਸਾਰ ਸੱਤਾ ਇਕ ਅਜਿਹੀ ਰੌਸ਼ਨੀ ਜੋ ਤੱਤ-ਮੀਮਾਂਸਾ ਨੂੰ ਚਾਨਣ ਦਿੰਦੀ ਹੈ ਜਾਂ ਜਿਸ ਤੋਂ ਤੱਤ-ਮੀਮਾਂਸਾ ਵੇਖਣ ਲਈ ਦ੍ਰਿਸ਼ਟੀ ਲੈਂਦਾ ਹੈ। ਉਸ ਦਾ ਕਥਨ ਹੈ ਕਿ ਇਸ ਤਰ੍ਹਾਂ ਸੱਤਾ ਦੀ ਸੱਚਾਈ ਨੂੰ ਅਜਿਹਾ ਆਧਾਰ ਕਿਹਾ ਜਾ ਸਕਦਾ ਹੈ ਜਿਸ ਵਿਚ ਤੱਤ-ਮੀਮਾਂਸਾ ਦਰਸ਼ਨ-ਸਾਸ਼ਤਰ ਦੇ ਦਰਖ਼ਤ ਦੀ ਜੜ੍ਹ ਰੱਖੀ ਜਾਂਦੀ ਹੈ ਅਤੇ ਇਸ ਦਾ ਪਾਲਣ-ਪੋਸ਼ਣ ਹੁੰਦਾ ਹੈ।

ਹੈਡੇਗਰ ਜਿਸ ਸੱਤਾ ਦੀ ਗੱਲ ਕਰਦਾ ਹੈ ਕੋਈ ਖਾਸ ਸੱਤਾ ਨਹੀਂ ਭਾਵ ਕੋਈ ਇਹ ਜਾਂ ਉਹ ਸੱਤਾ ਨਹੀਂ। ਅਰਸਤੂ (Aristotle), ਅਗਸਤਾਈਨ (Augustine)ਅਤੇ ਐਕੀਨਾ (Aquinas) ਨੂੰ ਛੱਡ ਕੇ ਹੈਡੇਗਰ ਦੁਆਰਾ ਦਿੱਤਾ ਸੱਤਾ ਦਾ ਅਰਥ ਪਰਮਾਤਮਾ ਵੱਲ ਸੰਕੇਤ ਨਹੀਂ ਕਰਦਾ ਜਿਸ ਨੂੰ ਸੱਤਾ ਦੀ ਸੱਤਾ ਕਿਹਾ ਜਾਂਦਾ ਹੈ। ਬਲਕਿ ਹੈਡੇਗਰ ਤਾਂ ਬਹੁਤ ਬੁਨਿਆਦੀ (primordial)ਆਧਾਰ ਬਾਰੇ ਗੱਲ ਕਰਦਾ ਹੈ ਜੋ ਹਰ ਜਗ੍ਹਾ, ਜਿਸ ਵਿਚ ਪਰਮਾਤਮਾ ਵੀ ਸ਼ਾਮਿਲ ਹੈ, ਵਿਚ ਸਥਿਰ ਰਹਿੰਦਾ ਹੈ। ਯਾਦ ਕਰੋ ਕਿ ਹੈਡੇਗਰ ਤੱਤ-ਮੀਮਾਂਸਾ ਨੂੰ ਦਰਖਤ ਦੀਆਂ ਜੜ੍ਹਾਂ ਕਹਿੰਦਾ ਹੋਇਆ ਡੇਸਕਾਰਟਸ( Descartes) ਦੀ ਆਲੋਚਨਾ ਕਰਦਾ ਹੈ। ਆਲੋਚਨਾ ਕਰਨ ਤੋਂ ਭਾਵ ਤੱਤ-ਮੀਮਾਂਸਾ ਦੀਆਂ ਜੜ੍ਹਾਂ (ਆਧਾਰ)ਖੋਜਣਾ ਹੈ ਅਤੇ ਇਹ ਵੀ ਕਿ ਇਹ ਆਪਣਾ ਪੋਸ਼ਣ ਕਿਥੋਂ ਲੈਂਦਾ ਹੈ। ਇਸ ਆਧਾਰ ਦੀ ਸਥਿਤੀ ਤੱਤ-ਮੀਮਾਂਸਾ ਅਤੇ ਹਰ ਵਸਤੂ ਸ੍ਰੋਤ ਅਤੇ ਪੋਸ਼ਣ ਕੋਲ ਹੁੰਦੀ ਹੈ, ਨੂੰ ਹੈਡੇਗਰ 'ਤੱਤ-ਮੀਮਾਂਸਾ ਦਾ ਕਾਬੂ ਪਾਉਣਾ' ਜਾਂ ਤਕਨੀਕੀ ਸੂਝ ਅਨੁਸਾਰ ਆਧਾਰਭੂਤ ਸੱਤਾਵਾਦ ਕਹਿੰਦਾ ਹੈ।

### ਸੱਤਾ ਅਤੇ ਗ਼ੈਰ-ਸੱਤਾ ਦੀ ਸਮੱਸਿਆ :

ਹੈਡੇਗਰ ਨੇ ਸੱਤਾ ਨੂੰ ਸਾਰੀਆਂ ਵਸਤਾਂ ਦਾ ਆਧਾਰ ਮੰਨਿਆ ਹੈ। ਸਾਧਾਰਨ ਅਰਥਾਂ ਵਿਚ ਗ਼ੈਰ-ਸੱਤਾ ਦਾ ਅਰਥ ਕੁੱਝ ਵੀ ਨ ਹੋਣ ਤੋਂ ਲਿਆ ਜਾਂਦਾ ਹੈ। ਇਸ ਲਈ ਜਦੋਂ ਅਸੀਂ ਸੱਤਾ ਅਤੇ ਗ਼ੈਰ-ਸੱਤਾ ਜਿਹੀਆਂ ਸਮੱਸਿਆਵਾਂ ਦੀ ਗੱਲ ਕਰਦੇ ਹਾਂ ਤਾਂ ਸਾਡੇ ਮਨ ਵਿਚ ਸਵਾਲ ਹੁੰਦਾ ਹੈ-ਕੀ ਕਿਸੇ ਵਸਤੂ ਦੇ ਹੋਣ ਜਾਂ ਨ ਹੋਣ ਵਿਚ ਕੋਈ ਸੰਬੰਧ ਹੈ। ਮਿਸਾਲ ਵਜੋਂ ਆਧੁਨਿਕ ਕਾਲ ਦਾ ਜਰਮਨ ਦਾਰਸ਼ਨਿਕ Leibniz ਇਕ ਪ੍ਰਸ਼ਨ ਪੁੱਛਦਾ ਹੈ:"ਇਥੇ ਕੁੱਝ ਵੀ ਨ ਹੋਣ ਦੀ ਜਗ੍ਹਾਂ ਕੁੱਝ ਕਿਉਂ ਹੈ?" ਯਕੀਨਨ ਹੀ Leibniz ਦੁਆਰਾ ਪੁੱਛੇ ਜਾਣ ਵਾਲੇ ਪ੍ਰਸ਼ਨ ਦਾ ਉੱਤਰ ਦਿੰਦੇ ਹੋਏ ਕਿਹਾ ਜਾ ਸਕਦਾ ਹੈ ਕਿ ਜੇ ਕਿਸੇ ਵਸਤੂ ਤੋਂ ਕੋਈ ਦੂਸਰੀ ਵਸਤੂ ਉੱਤਮ ਨਹੀਂ ਤਾਂ ਮੁੱਢਲੀ ਜ਼ਰੂਰ ਹੈ। ਕਹਿਣ ਦੀ ਜ਼ਰੂਰਤ ਨਹੀਂ ਕਿ Leibnizan ਦੀ ਉਲਝਾਉਣ ਵਾਲੀ ਸਮੱਸਿਆ ਅਰਸਤੂ ਦੀ ਪੁਰਾਣੀ ਬੁਝਾਰਤ ਨੂੰ ਹੀ ਤਾਂ ਸਾਹਮਣੇ ਲਿਆਉਂਦੀ ਹੈ। 'ਚੂਚੇ ਅਤੇ ਅੰਡਿਆਂ ਵਿਚੋਂ ਪਹਿਲਾਂ ਕੀ ਆਇਆ? Leibniz ਅਤੇ ਅਰਸਤੂ ਦੀਆਂ ਇਨ੍ਹਾਂ ਉਲਝਾਉਣ ਵਾਲੀਆਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਵਿਚੋਲੇ ਨੂੰ ਬਾਹਰ ਕੱਢ ਦੇਣ ਵਾਲੇ ਕਾਨੂੰਨ ਦੀ ਵਰਤੋਂ ਕਰਨ ਦਾ ਰੁਝਾਨ ਪੱਛਮੀ ਦਾਰਸ਼ਨਿਕਾਂ ਵਿਚ ਮਿਲਦਾ ਹੈ। ਗ਼ੈਰ-ਸੱਤਾ ਜਾਂ ਨਾਮੌਜੂਦਗੀ ਨੂੰ ਸੱਤਾ ਦਾ ਖੰਡਨ ਜਾਂ ਅਭਾਵ ਕਿਹਾ ਜਾਂਦਾ ਹੈ। ਇਸ ਲਈ ਅਜਿਹੇ ਸੋਚਣ ਢੰਗ ਵਿਚ ਕਿਸੇ ਵਸਤੂ ਨੂੰ ਵੀ ਜ਼ਿੰਦਗੀ, ਹੋਂਦ ਅਤੇ ਸਾਰੇ ਪ੍ਰਤੱਖ ਗੁਣਾਂ ਦੀ ਗ਼ੈਰ-ਮੌਜੂਦਗੀ; ਬਿਨਾਂ ਕਿਸੇ ਵਸਤੂ ਤੋਂ ਖਲਾਅ; ਸੰਪੂਰਨ ਅਯੋਗਤਾ ਜਾਂ ਗ਼ੈਰ-ਮਹੱਤਤਾ, ਕੁੱਝ ਨਹੀਂ ਸਮਝਿਆ ਜਾਂਦਾ "(Encarta Dictionary,2008)। ਇਥੇ ਇਹ ਵਿਚਾਰ ਜੋ Parmenides ਦਾਅਵਾ ਕਰਦਾ ਹੈ ਕਿ ਗ਼ੈਰ-ਸੱਤਾ ਦੇ ਨ ਹੋਣ 'ਤੇ ਸੱਤਾ ਨਾਂ ਦੀ ਕੋਈ ਸ਼ੈਅ ਹੈ, ਨਾਲ ਮੇਲ ਖਾਂਦਾ ਹੈ।

ਇਸ ਤਰ੍ਹਾਂ, ਜੇ ਸੱਤਾ ਉਹ ਹੈ ਜਿਸ ਬਾਰੇ ਸੋਚਿਆ ਜਾ ਸਕਦਾ ਹੈ ਤਾਂ ਨਾਮੌਜੂਦਗੀ ਜਾਂ ਗ਼ੈਰ-ਸੱਤਾ, ਵਿਚਾਰ ਦਾ ਨਾਵਿਚਾਰਨਯੋਗ ਹਿੱਸਾ ਹੈ। ਇਨ੍ਹਾਂ ਸਭ ਵਸਤੂਆਂ ਦਾ ਕੋਈ ਵੀ ਆਧਾਰ ਨਹੀਂ ਹੈ। ਸਮੁੱਚਾ ਬ੍ਰਹਿਮੰਡ ਨਾਮੌਜੂਦਗੀ 'ਤੇ ਤੈਰ ਰਿਹਾ ਹੈ ਅਤੇ ਬਿਆਨ ਕਰਦਾ ਹੈ ਕਿ ਜ਼ਿੰਦਗੀ ਜਾਂ ਗ਼ੈਰ-ਮੌਜੂਦਗੀ ਦਾ ਕੋਈ ਅੰਤ ਨਹੀਂ ਹੈ।

ਸੱਤਾ, ਨਾਮੌਜੂਦਗੀ 'ਚੋਂ ਜਨਮ ਲੈਂਦੀ ਹੈ ਅਤੇ ਨਾਮੌਜੂਦਗੀ ਵਿਚ ਸਮਾ ਜਾਂਦੀ ਹੈ। ਇਸੇ ਤਰ੍ਹਾਂ ਮਨੁੱਖੀ ਵਿਚਾਰ ਨਾਮੌਜੂਦਗੀ 'ਚੋਂ ਜਨਮ ਲੈ ਕੇ ਖੜ੍ਹੇ ਹੁੰਦੇ ਅਤੇ ਵਾਪਸ ਨਾਮੌਜੂਦਗੀ ਵਿਚ ਦੁਆਰਾ ਵਿਲੀਨ ਹੋ ਜਾਂਦੇ ਹਨ। ਇਸੇ ਕਰਕੇ ਸਾਹਤਰ (Sartre) ਕਹਿੰਦਾ ਹੈ ਕਿ ਖਾਲੀਪਣ ਸੱਤਾ ਦੇ ਦਿਲ ਵਿਚ ਕੀੜੇ ਦੀ ਤਰ੍ਹਾਂ ਲਿਪਟਿਆ ਹੁੰਦਾ ਹੈ (1969:21)। ਸਾਹਤਰ ਖਾਲ਼ੀਪਣ ਦਾ ਅਰਥ ਅਣਹੋਂਦ ਲੈਂਦਾ ਹੈ। ਜੇ ਅਣਹੋਂਦ ਦਾ ਕੋਈ ਸਥਾਨ ਨਹੀਂ ਫਿਰ ਬਿਮਾਰੀਆਂ ਅਤੇ ਬਿਮਾਰੀਆਂ ਦੇ ਰੋਗਾਣੂ ਕਿਥੋਂ ਪੈਦਾ ਹੁੰਦੇ ਹਨ ਅਤੇ ਇਲਾਜ ਉਪਰੰਤ ਕਿੱਥੇ ਚਲੇ ਜਾਂਦੇ ਹਨ? ਪਰਮਾਤਮਾ ਅਣਹੋਂਦ ਤੋਂ ਹੋਂਦ 'ਚ ਆਇਆ, Big-Bang ਦੀ ਘਟਨਾ ਅਣਹੋਂਦ ਹਮੇਸ਼ਾ ਹੋਂਦ ਵਿਚ ਹੈ। ਜੀਵਨ ਅਣਹੋਂਦ 'ਚੋ ਫਿਰ ਹੋਂਦ 'ਚ ਆਉਂਦਾ ਹੈ ਅਤੇ ਇਸੇ ਕਰਕੇ ਵਸਤੂਆਂ ਅਣਹੋਂਦ 'ਚੋ ਪੈਦਾ ਹੋ ਕੇ ਉਸੇ 'ਚ ਸਮਾ ਜਾਂਦੀਆਂ ਹਨ। ਜਦ ਤੋਂ ਕੋਈ ਵਸਤੂ ਅਣਹੋਂਦ 'ਚ ਮਿਲ ਨਹੀਂ ਜਾਂਦੀ, ਤਾਂ ਗ਼ੈਰ-ਸੱਤਾ ਅਤੇ ਸੱਤਾ ਸਮਾਨ ਬੁਨਿਆਦ ਹੋਣ ਕਰਕੇ ਜ਼ਿੰਦਗੀ ਦੀ ਅਟੁਟਤਾ ਜਿਹੇ ਵਾਕ ਤੋਂ ਅਗਵਾਈ ਲੈਂਦੇ ਹਨ। ਇਸ ਨੂੰ ਬਿਜਲਈ ਚੁੰਬਕਤਾ ਦੇ ਨਿਯਮ ਖਾਸ ਕਰਕੇ David Bohm ਦੀ Hollow Movement Theory ਵਿਚ ਵਰਤਿਆ ਜਾਂਦਾ ਹੈ। ਕਿਉਂਕਿ ਅਟੁਟਤਾ ਅਨਿਸ਼ਤਤਾ ਦਾ ਪ੍ਰਯੋਗ ਕਰਦੀ ਹੈ। ਇਸ ਕਰਕੇ Heisenberg ਚਿਤਾਵਨੀ ਦਿੰਦਾ ਹੈ ਕਿ ਸਥਿਤੀ ਅਤੇ ਅਣੂਆਂ ਦਾ ਬਲ ਅਨਿਸ਼ਚਿਤ ਹੈ।

### ਮਨੁੱਖੀ ਸੱਤਾ ਦੀ ਸਮੱਸਿਆ :

ਮਨੁੱਖ ਆਪਣੇ-ਆਪ ਵਿਚ ਇਕ ਸਮੱਸਿਆ ਹੈ, ਇਸੇ ਕਰਕੇ ਮਨੁੱਖ ਦਾ ਸੰਕਲਪ ਵੀ ਬਹੁਤ ਗੁੰਝਲਦਾਰ ਹੈ। ਜੇ ਤੁਸੀਂ ਮਨੁੱਖ ਨੂੰ ਬ੍ਰਹਿਮੰਡ ਦੀਆਂ ਹੋਰ ਵਸਤਾਂ ਬਾਰੇ ਪੁੱਛੋ ਤਾਂ ਸੰਭਾਵੀ ਤੌਰ 'ਤੇ ਉਹ ਤੁਹਾਨੂੰ ਸਪੱਸ਼ਟ ਜਵਾਬ ਦੇਵੇਗਾ। ਪਰ ਜੇ ਤੁਸੀਂ ਉਸਨੂੰ ਉਸਦੇ ਆਪਣੇ ਸਾਥੀਆਂ ਬਾਰੇ ਪੁੱਛੋ ਤਾਂ ਉਹ ਡਰ ਸਕਦਾ ਹੈ। ਇਸੇ ਕਰਕੇ, ਜਦੋਂ ਅਸੀਂ ਮਨੁੱਖੀ ਸੱਤਾ ਦੇ ਸੰਬੰਧ ਵਿਚ ਕੋਈ ਪ੍ਰਸ਼ਨ ਪੁੱਛਦੇ ਹਾਂ ਤਾਂ ਸਾਡੀ ਦਿਲਚਸਪੀ ਮਨੁੱਖ ਨੂੰ ਵਧੇਰੇ ਗੁੰਝਲਦਾਰ ਸੱਤਾ ਬਣਾਉਣ ਵਾਲੇ ਮੂਲ-ਤੱਤ ਨੂੰ ਲੁਕਾਉਣ ਵਿਚ ਹੁੰਦੀ ਹੈ।

ਧਰਮ ਮਨੁੱਖ ਨੂੰ ਸੰਪੂਰਨ ਵਸਤੂ ਦੇ ਤੌਰ 'ਤੇ ਪੇਸ਼ ਕਰਦਾ ਹੈ, ਰਚਨਾਕਾਰ ਨੇ ਜਿਸ ਦੇ ਮੂਲ-ਤੱਤ (ਮਨੁੱਖ) ਨੂੰ ਪਹਿਲਾਂ ਹੀ ਨਿਰਧਾਰਿਤ ਕੀਤਾ ਹੋਇਆ ਹੈ। ਪਰ ਮਨੁੱਖ ਬਾਰੇ ਮਾਨਵ-ਵਿਗਿਆਨ ਅਧਿਐਨ ਇਸ ਦੇ ਉਲਟ ਪੇਸ਼ ਕਰ ਰਹੇ ਹਨ। ਅਸਲ ਵਿਚ, ਮਾਨਵ-ਵਿਗਿਆਨ ਅਧਿਐਨ ਦੱਸਦਾ ਹੈ ਕਿ ਮਨੁੱਖ ਕੋਲ ਅਮੁੱਕ ਗੁਣ ਹਨ ਜਿਸ ਕਰਕੇ ਉਹ ਇੰਨੀਆਂ ਕਿਰਿਆਵਾਂ ਕਰਨ ਦੇ ਸਮਰੱਥ ਹੈ। ਇਸ ਨੇ ਮਨੁੱਖ ਦੇ ਸੁਭਾਅ ਬਾਰੇ ਇਕ ਵਾਰ ਫਿਰ ਪੜਚੋਲ ਕਰਨ ਲਈ ਮਜ਼ਬੂਰ ਕਰ ਦਿੱਤਾ। ਪੱਛਮੀ ਦਰਸ਼ਨ ਸਾਸ਼ਤਰ ਵਿਚ ਮਨੁੱਖ ਨੂੰ ਅਮੁੱਕ ਗੁਣ ਪ੍ਰਦਾਨ ਕਰਨ ਵਾਲੀ ਸ਼ਕਤੀ ਦਾ ਵਿਸ਼ਲੇਸ਼ਣ ਕਰਨ ਵਾਲਾ ਪਹਿਲਾ ਦਾਰਸ਼ਨਿਕ Immanuel Kant ਹੈ। ਉਸਦਾ ਆਧਾਰਭੂਤ ਉਦੇਸ਼ 'ਮਨੁੱਖ ਕੀ ਹੈ?'ਪ੍ਰਸ਼ਨ ਦਾ ਤੱਤ-ਮੀਮਾਂਸਾ ਦੀ ਰੌਸ਼ਨੀ 'ਚ ਉੱਤਰ ਖੋਜਣਾ ਹੈ। ਇਸ ਪ੍ਰਸ਼ਨ ਦਾ ਉਪਯੁਕਤ ਢੰਗ ਨਾਲ ਉੱਤਰ ਦੇਣ ਲਈ ਇਸ ਨੂੰ ਅਜਿਹੇ ਢੰਗ ਨਾਲ ਬਣਾਇਆ; ਇਕ ਮਨੁੱਖ ਬਣਨ ਲਈ ਮੈਨੂੰ ਕੀ ਹੋਣਾ ਚਾਹੀਦਾ ਹੈ? ਇਸ ਪ੍ਰਸ਼ਨ ਦਾ ਉੱਤਰ ਬੜਾ ਜ਼ਬਰਦਸਤ ਹੈ: ਮਨੁੱਖ ਪਹਿਲਾਂ ਅਤੇ ਸਭ ਤੋਂ ਪਹਿਲਾਂ ਪਰਾ-ਭੌਤਿਕ ਜੀਵ-ਸੱਤਾ ਹੈ। ਪਰਾ-ਭੌਤਿਕ ਜੀਵ ਹੋਣ ਕਰਕੇ, ਮਨੁੱਖ ਪਾਰਗਾਮੀ ਸੱਤਾ ਹੈ।ਕਾਂਤ (Kant)ਦੁਆਰਾ ਮਨੁੱਖ ਬਾਰੇ ਦਿੱਤੀ ਪਰਿਭਾਸ਼ਾ ਮਨੁੱਖ ਦੇ ਹੋਂਦਵਾਦੀ ਮੁੱਲਾਂਕਣ ਲਈ ਰਸਤਾ ਖੋਲ੍ਹਦੀ ਹੈ। ਹੋਂਦਵਾਦੀ ਦਾਰਸ਼ਨਿਕਾਂ ਮਾਰਟਿਨ ਹੈਡੇਗਰ (Martin

Heideggar) ਅਤੇ ਜੀਨ ਪਾਲ ਸਾਰਤਰ (Jean Paul Sartre) ਨੇ ਮਨੁੱਖੀ ਹੋਂਦ ਦੀ ਖੋਜ ਕੀਤੀ। ਉਦਾਹਰਨ ਦੇ ਤੌਰ 'ਤੇ ਹੈਡੇਗਰ ਅਨੁਸਾਰ ਮਾਨਵੀ-ਸੱਤਾ ਬਾਰੇ ਪ੍ਰਸ਼ਨ ਉਠਾਏ ਬਗੈਰ ਸੱਤਾ ਦੀ ਖੋਜ ਸੰਭਵ ਨਹੀਂ ਹੈ ਕਿਉਂਕਿ ਸੰਸਾਰ ਵਿਚ ਸਿਰਫ਼ ਮਨੁੱਖ ਹੀ ਅਜਿਹੀ ਸੱਤਾ ਹੈ ਜੋ to be ਦਾ ਅਰਥ ਸਮਝਦਾ ਹੈ ਅਤੇ ਸੱਤਾ ਦੇ ਬਾਰੇ ਪ੍ਰਸ਼ਨ ਵੀ ਉਠਾਉਂਦਾ ਹੈ। ਕੇਵਲ ਮਨੁੱਖ ਹੀ ਸੱਤਾ ਅਤੇ ਮਨੁੱਖੀ-ਸੱਤਾ ਦਾ ਸੰਬੰਧ ਜਾਣਦਾ ਹੈ।

ਸਾਤ੍ਰ ਤੱਕ ਖਾਲੀਪਣ ਜਾਂ ਅਣਹੋਂਦ ਮਨੁੱਖ ਦੇ ਮੂਲ ਤੱਤ ਨੂੰ ਬਣਾਉਂਦੇ ਰਹੇ, ਜਿਸ ਤੋਂ ਭਾਵ ਮਨੁੱਖ ਇਕ ਸੱਤਾ ਹੈ ਉਹ ਕੀ ਨਹੀਂ ਜੋ ਉਹ ਨਹੀਂ ਹੈ। ਹੈਡੇਗਰਵਾਦੀਆਂ ਅਤੇ ਸਾਤ੍ਰੇਵਾਦੀਆਂ ਦੁਆਰਾ ਮਨੁੱਖ ਦਾ ਵਿਸ਼ਲੇਸਣ ਪ੍ਰਤੱਖ ਰੂਪ ਵਿਚ ਮਨੁੱਖ ਬਾਰੇ ਪਰੰਪਰਾਵਾਦੀ ਧਾਰਨਾ ਦਾ ਵਿਰੋਧੀ ਹੈ ਜਿਸ ਅਨੁਸਾਰ ਮਨੁੱਖ ਪਰਮਾਤਮਾ ਦੁਆਰਾ ਬਣਾਇਆ ਇਕ ਨਮੂਨਾ ਹੈ ਅਤੇ ਜਿਸ 'ਚ ਦਿਲਚਸਪੀ ਸਿਰਫ ਮਨੁੱਖ ਹੀ ਵਿਖਾ ਸਕਦਾ ਹੈ।

ਹੋਂਦ ਅਤੇ ਮੂਲ-ਸੱਤਾ ਦੀ ਸਮੱਸਿਆ:

ਅਸੀਂ ਇਸ ਸਮੱਸਿਆ ਨੂੰ ਸਾਤਵਿਕ (Ontological) ਸਮਝਾਂਗੇ ਕਿਉਂਕਿ ਇਹ ਮਨੁੱਖੀ ਸੱਤਾ ਦੇ ਨਾਲ ਸੰਬੰਧਿਤ ਪ੍ਰਸ਼ਨ ਹੈ। ਕਈ ਜਗ੍ਹਾ 'ਤੇ ਅਸੀਂ ਮਨੁੱਖ ਦੇ ਸੱਤਾ-ਵਿਗਿਆਨ ਨੂੰ ਸਾਧਾਰਨ ਤੌਰ 'ਤੇ ਮਨੁੱਖ ਦੀ ਤੱਤ-ਮੀਮਾਂਸਾ ਦੇ ਰੂਪ ਵਿਚੱ ਵਰਤਦੇ ਹਾਂ ਜਿਸ ਤੋਂ ਭਾਵ ਉਨ੍ਹਾਂ ਗੁਣਾਂ ਨੂੰ ਦਰਸਾਉਣਾ ਹੈ ਜੋ ਮਨੁੱਖ ਨੂੰ ਤਰਕਪੂਰਣ ਬਣਾਉਣਾ ਹੈ। ਕਾਂਤ ਆਪਣੀ ਪੁਸਤਕ "Anthrolopology from a Pragmatic Point of view"ਵਿਚ ਇਸ ਤਸਵੀਰ ਨੂੰ ਇਵੇਂ ਖਿੱਚਦਾ ਹੈ:

ਮਨੁੱਖ ਆਪਣੇ ਹਉਂ (ego) ਸੰਕਲਪ ਤੋਂ ਪੈਦਾ ਹੋਣ ਕਰਕੇ ਧਰਤੀ ਦੇ ਦੂਸਰੇ ਜੀਵਾਂ ਤੋਂ ਅਸੀਮ ਪੱਧਰ ਤੱਕ ਉੱਚਾ ਉੱਠ ਜਾਂਦਾ ਹੈ।

ਕਿਸੇ ਵਸਤੂ ਦੀ ਸੱਤਾ ਨੂੰ ਕੱਚਾ ਮਾਲ (stuff), ਮੂਲ-ਤੱਤ (substance), ਵਿਸ਼ੇਸ਼ਤਾ, ਗੁਣ, ਯੋਗਤਾ ਜਾਂ (ਧੁਰਾ) kernel ਕਿਹਾ ਜਾਂਦਾ ਹੈ ਜਿਸ ਤੋਂ ਉਹ ਵਸਤੂ ਬਣੀ ਹੁੰਦੀ ਹੈ। ਸੱਤਾ ਦੀ ਮਹਾਨਤਾ ਨੂੰ ਸਮਝਦੇ ਹੋਏ ਪਰੰਪਰਾਗਤ ਪੱਛਮੀ ਦਾਰਸ਼ਨਿਕਾਂ ਨੇ ਤੱਤ ਨਾਲੋਂ ਹੋਂਦ 'ਤੇ ਵਧੇਰੇ ਜ਼ੋਰ ਦਿੱਤਾ ਹੈ।

ਹੋਂਦਵਾਦੀ ਦਾਰਸ਼ਨਿਕ ਇਸ ਪਰੰਪਰਾਗਤ ਢੰਗ ਨਾਲ ਵਸਤੂ ਦੀ ਵਿਸ਼ੇਸ਼ਤਾ ਦੇਣ ਨੂੰ ਅਸਾਧਾਰਨ ਸਮਝਦੇ ਹਨ। ਉਹ ਇਸਦੇ ਉਲਟ ਵਿਚਾਰ ਰੱਖਦੇ ਹਨ ਕਿ ਕੋਈ ਵਸਤੂ ਆਪਣਾ ਤੱਤ ਹਾਸਲ ਕਰਨ ਤੋਂ ਪਹਿਲਾਂ ਆਪਣੀ ਹੋਂਦ ਬਣਾਉਦੀਂ ਹੈ। ਹੌਂਦਵਾਦੀਆਂ ਦਾ ਇਹ ਦਾਅਵਾ ਕਾਂਤ ਅਤੇ ਹੁਸੈਰਲ (Husserl) ਦੀ ਵਿਚਾਰ ਨਾਲ ਮਿਲਦਾ ਜੁਲਦਾ ਹੈ ਪਰ ਹੋਂਦਵਾਦੀ ਇਕ ਕਦਮ ਅਗਾਂਹ ਦੀ ਗੱਲ ਕਰਦੇ ਹਨ ਕਿ 'ਹੋਂਦ' ਸ਼ਬਦ ਨੂੰ ਸਿਰਫ਼ ਮਨੁੱਖ ਲਈ ਵਰਤਿਆ ਜਾ ਸਕਦਾ ਹੈ। ਇਸ ਲਈ ਹੋਂਦਵਾਦੀਆਂ ਅਨੁਸਾਰ ਹੋਂਦ ਸ਼ਬਦ ਦਾ ਅਸਲ ਭਾਵ ਮਨੁੱਖੀ ਹੋਂਦ ਤੋਂ ਹੈ। ਜਦ ਹੋਂਦਵਾਦੀ ਹੋਂਦ ਬਾਰੇ ਗੱਲ ਕਰਦੇ ਹਨ ਤਾਂ ਉਹਨਾਂ ਦੇ ਮਨ 'ਚ ਅਰਥ ਅਤੇ ਅਰਥਹੀਣ ਬਣਾਉਣ ਦੀ ਯੋਗਤਾ ਜ਼ਰੂਰ ਹੁੰਦੀ ਹੈ ਅਤੇ ਕੇਵਲ ਮਨੁੱਖ ਇਹ ਯੋਗਤਾ ਰੱਖਦਾ ਹੈ। ਇਹ ਇਸ ਗੱਲ 'ਤੇ ਵੀ ਜ਼ੋਰ ਦਿੰਦੇ ਹਨ ਕਿ ਇਕੱਲੇ ਮਨੁੱਖ ਦੀ ਹੀ ਹੋਂਦ ਹੁੰਦੀ ਹੈ। ਹੈਡੇਗਰ ਇਸ ਗੱਲ ਉੱਤੇ ਵਧੇਰੇ ਜ਼ੋਰ ਦਿੰਦਾ ਹੈ ਕਿਉਂਕਿ ਉਸ ਦਾ ਕਥਨ ਹੈ:

ਸੱਤਾ ਜਿਸ ਦੀ ਕੋਈ ਹੋਂਦ ਹੈ, ਮਨੁੱਖ ਹੈ। ਸਿਰਫ਼ ਮਨੁੱਖ ਹੀ ਹੋਂਦ ਰੱਖਦਾ ਹੈ। ਚਟਾਨਾਂ, ਦਰਖਤ, ਘੋੜੇ, ਫਰਿਸ਼ਤੇ, ਪਰਮਾਤਮਾ ਸਭ ਹਨ ਪਰ ਉਹਨਾਂ ਦੀ ਕੋਈ ਹੋਂਦ ਨਹੀਂ। ਉਹ ਹੋਰ ਅੱਗੇ ਦੱਸਦਾ ਹੈ "ਸਿਰਫ਼ ਮਨੁੱਖ ਦੀ ਹੋਂਦ ਹੈ" ਕਥਨ ਦਾ ਇਹ ਅਰਥ ਨਹੀਂ ਕਿ ਇਕੱਲਾ ਮਨੁੱਖ ਹੀ ਅਸਲੀ ਸੱਤਾ ਹੇ ਜਦਕਿ ਬਾਕੀ ਜੀਵ ਗ਼ੈਰ-ਅਸਲੀ

ਹਨ ਅਤੇ ਲਗਭਗ ਦਿੱਖ ਜਾਂ ਮਨੁੱਖੀ ਵਿਚਾਰ ਹਨ। "ਮਨੁੱਖ ਦੀ ਹੋਂਦ ਹੈ" ਦਾ ਅਰਥ ਹੈ ਕਿ ਮਨੁੱਖ ਉਹ ਜੀਵ ਹੈ ਜਿਸਦੀ ਸੱਤਾ ਪਛਾਣੀ ਜਾਂਦੀ ਹੈ ਅਤੇ ਜੀਵ ਵਿਚ ਸਾਂਭੀ ਜਾਂਦੀ ਹੈ।

'ਸਿਰਫ਼ ਮਨੁੱਖ ਹੋਂਦ ਰੱਖਦਾ ਹੈ' ਤੋਂ ਸਾਧਾਰਨ ਸ਼ਬਦਾਂ ਵਿਚ ਸਪੱਸ਼ਟ ਹੁੰਦਾ ਹੈ ਕਿ ਕੇਵਲ ਮਨੁੱਖ ਹੀ ਆਪਣੀਆਂ ਕਿਰਿਆਵਾਂ ਅਤੇ ਦੂਸਰਿਆਂ (ਪਰਮਾਤਮਾ ਅਤੇ ਸ਼ੈਤਾਨ) ਦੀਆਂ ਕਿਰਿਆਵਾਂ ਦਾ ਬ੍ਰਹਿਮੰਡ ਵਿਚ ਮਨੁੱਖ ਨਾਲ ਸੰਬੰਧ ਦੱਸ ਸਕਦਾ ਹੈ। ਇਹ ਦਿਲਚਸਪ ਗੱਲ ਨੋਟ ਕਰਨ ਯੋਗ ਹੈ ਕਿ ਹੈਡੇਗਰ, ਕਾਰਲ ਜੈਸਪਰਜ਼ (ਹੋਂਦਵਾਦ ਦੇ ਬਾਨੀਆਂ ਵਿਚੋਂ ਇਕ ਜਰਮਨ ਦਾਰਸ਼ਨਿਕ ਜਿਸ ਦੇ ਕੰਮ ਨੇ ਆਧੁਨਿਕ ਧਰਮ-ਸਾਸ਼ਤਰ ਅਤੇ ਮਨੋ-ਚਿਕਿਤਸਾ ਦੇ ਨਾਲ-ਨਾਲ ਦਰਸ਼ਨ-ਸਾਸ਼ਤਰ ਨੂੰ ਪ੍ਰਭਾਵਿਤ ਕੀਤਾ) ਨੇ Existenz ਅਤੇ Existentia ਵਿਚਕਾਰ ਫ਼ਰਕ ਦੱਸਿਆ।

ਜਰਮਨ ਸ਼ਬਦ Existenz, ਹੋਂਦ(Existence) ਲਈ ਅਤੇ ਜੈਸਪਰਜ਼ ਦੁਆਰਾ ਮਨੁੱਖੀ ਜੀਵਾਂ ਨੂੰ ਅਰਥ ਦੇਣ ਲਈ ਸੀਮਤ ਸਮਰਥਾ ਦੇਣ ਦੀ ਹੋਂਦ ਦੇ ਯੋਗ ਬਣਾਉਣ ਲਈ ਵਰਤਿਆ ਜਾਂਦਾ ਹੈ। ਜੈਸਪਰਜ਼ ਦੁਆਰਾ ਵਰਤਿਆ ਜਾਣ ਵਾਲਾ Existentia ਬ੍ਰਹਿਮੰਡ ਵਿਚਲੀਆਂ ਹੋਰ ਵਸਤੂਆਂ ਵੱਲ ਸੰਕੇਤ ਕਰਦਾ ਹੈ ਜੋ ਭਾਵੇਂ ਹਨ ਪਰ ਜਿਹਨਾਂ ਵਿਚ ਅਰਥ ਦੇਣ ਦੀ ਸਮਰੱਥਾ 'ਚ ਕਮੀ ਹੈ। ਜੀਨ ਪਾਲ ਸਾਰਤਰ ਵੀ ਜੈਸਪਰਜ਼ ਦੇ ਕਦਮਾਂ 'ਤੇ ਚੱਲਦਾ ਹੈ। ਉਹ ਚੇਤਨ ਸੱਤਾ (etre-pour-soi) ਅਤੇ ਅਚੇਤਨ ਸੱਤਾ (etre-on-soi) ਵਿਚਕਾਰ ਅੰਤਰ ਕਰਦਾ ਹੈ । ਚੇਤਨ ਸੱਤਾ ਆਪਣੇ-ਆਪ ਲਈ ਵੱਲ ਸੰਕੇਤ ਕਰਦਾ ਹੈ ਅਤੇ ਮਨੁੱਖ ਨੂੰ ਪਾਰਗਾਮੀ ਸੱਤਾ ਵਾਲਾ ਚਿਤਰਦਾ ਹੈ ਜਿਸ ਕੋਲ ਅਰਥ ਅਤੇ ਅਰਥਹੀਣਤਾ ਦੋਨੋਂ ਨੂੰ ਬਣਾਉਣ ਦੀ ਪਰਾ-ਭੌਤਿਕ ਯੋਗਤਾ ਹੁੰਦੀ ਹੈ। ਇਸ ਤਰ੍ਹਾਂ ਮਨੁੱਖ ਪਾਰਗਾਮੀ ਜੀਵ ਹੈ ਜਿਸ ਦੁਆਰਾ ਖਾਲੀਪਣ ਸੰਸਾਰ ਵਿਚ ਜ਼ਾਹਰ ਹੁੰਦਾ ਹੈ। ਇਸ ਕਰਕੇ, ਪਾਰਗਾਮੀ ਜੀਵ ਬਣਨ ਤੋਂ ਭਾਵ ਕੁਦਰਤ ਦੀਆਂ ਵਸਤੂਆਂ ਨੂੰ ਤਰਤੀਬ ਅਤੇ ਫਿਰ ਤਰਤੀਬ ਵਿਚ ਲਿਆਉਣ ਦੀ ਸ਼ਕਤੀ ਹੋਣਾ ਹੈ ਅਤੇ ਇਹ ਇਨਕਾਰ ਨੂੰ ਲਾਜ਼ਮੀ ਕਰਦੀ ਹੈ।

ਮਨੁੱਖੀ ਅਸ਼ਲੀਲਤਾ ਆਪਣੇ ਵਿਚ ਖਾਲੀਪਣ ਰੱਖਦੀ ਹੈ। ਮਨੁੱਖ ਅਜਿਹੀ ਸੱਤਾ ਹੈ ਜਿਸ ਦੁਆਰਾ ਖਾਲੀਪਣ ਸੰਸਾਰ ਵਿਚ ਆਉਂਦਾ ਹੈ। ਉਹ ਸੱਤਾ, ਜਿਸ ਦੁਆਰਾ ਖਾਲੀਪਣ ਸੰਸਾਰ 'ਚ ਪਹੁੰਚਦਾ ਹੈ ਇਕ ਅਜਿਹੀ ਸੱਤਾ ਹੈ ਜਿਸ ਵਿਚ ਸੱਤਾ ਦਾ ਖਾਲੀਪਣ ਇਕ ਪ੍ਰਸ਼ਨ ਹੈ। ਦੂਸਰੇ ਪਾਸੇ, ਅਚੇਤਨ ਸੱਤਾ ਆਪਣੇ-ਆਪ ਵਿਚ ਅਤੇ ਸ਼ੁੱਧ ਧਨਾਤਮਕਤਾ ਦੀ ਸੱਤਾ ਵੱਲ ਸੰਕੇਤ ਕਰਦਾ ਹੈ। ਵਰਤੋਂ ਵਿਚ ਲਿਆਉਂਦੇ ਹੋਏ ਆਪਣੇ-ਆਪ ਵਿਚ ਪਾਰਗਾਮੀ ਸੱਤਾ ਨਹੀਂ ਹੈ ਅਤੇ ਇਸੇ ਲਈ ਵਸਤੂਆਂ ਨੂੰ ਤਰਤੀਬ ਅਤੇ ਮੁੜ ਤਰਤੀਬ ਦੇਣ ਦੀ ਯੋਗਤਾ ਵਿਚ ਕਮੀ ਹੈ। ਸੋ ਇਹ ਇਸ ਦੀ ਸਾਕਾਰਾਤਮਕਤਾ ਵਿਚ, ਸੰਸ਼ਲੇਸ਼ਣ ਦੀ ਕਮੀ ਹੈ। ਅਚੇਤਨ ਸੱਤਾ ਸਪੱਸ਼ਟ ਹੈ: ਬਹੁਲਤਾ, ਆਪਣੇ-ਆਪ 'ਚ ਪੂਰਨ ਸੰਘਣੀ ਘਣਤਾ, ਆਪਣੀ ਸੱਤਾ ਵਿਚ ਖਾਲ਼ੀਪਣ ਜਾਂ ਇਨਕਾਰ ਸ਼ਾਮਿਲ ਨਹੀਂ ਕਰਦੇ, ਨ ਹੀ ਆਪਣੇ-ਆਪ ਨੂੰ ਸਵੀਕਾਰ ਕਰਦੇ ਹਨ, ਇਹ ਉਹ ਹੀ ਹੈ ਜੋ ਇਹ ਹੈ ਅਤੇ ਆਪਣੇ-ਆਪ ਨਾਲ ਪੂਰੀ ਤਰ੍ਹਾਂ ਨਾਲ ਮਿਲਦਾ ਹੈ, ਇਸ ਕੋਲ ਆਪਣੀ ਸੱਤਾ ਲਈ ਕੋਈ ਕਾਰਨ ਨਹੀਂ ਹੈ, ਇਹ ਇੱਥੇ ਹੈ, ਇਹ ਵਿਚ ਨਹੀਂ ਜੋ 'ਬਿਨਾਂ' ਦੀ ਵਿਰੋਧਤਾ ਕਰਦਾ ਹੈ।

ਹੋਂਦਵਾਦੀਆਂ ਅਨੁਸਾਰ, ਇਹ ਕਿਹਾ ਨਹੀਂ ਜਾ ਸਕਦਾ ਕਿ ਇਸ ਕਰਕੇ ਅਚੇਤਨ ਸੱਤਾ ਜਾਂ ਹੋਂਦਵਾਦੀ ਹੋਂਦ ਰੱਖਦੇ ਹਨ। ਇਸੇ ਕਰਕੇ ਹੈਡੇਗਰ ਕਹਿੰਦਾ ਹੈ, ਉਹ (ਅਚੇਤਨ ਸੱਤਾ ਜਾਂ existentia)ਹਨ ਪਰ ਹੋਂਦ ਨਹੀਂ ਰੱਖਦੇ। ਹੋਂਦ ਰੱਖਣ ਤੋਂ ਭਾਵ ਅਰਥਪੂਰਨਤਾ ਅਤੇ ਅਰਥਰਹਿਤਤਾ ਬਣਾਉਣ ਤੋਂ ਹੈ ਅਤੇ ਜਿਸ ਵਿਚ ਤਤਕਾਲੀ, ਅਰਥਪੂਰਨਤਾ ਅਤੇ ਹੋਂਦ ਸ਼ਾਮਿਲ ਹਨ। ਹੋਂਦ ਰੱਖਣਾ ਉਹਨਾਂ ਕਿਰਿਆਵਾਂ ਨੂੰ ਪੂਰਾ ਕਰਨ ਦੀ ਯੋਗਤਾ ਰੱਖਦਾ ਹੈ

ਜਿਨ੍ਹਾਂ ਨੂੰ ਪ੍ਰਮਾਣਿਕ ਅਤੇ ਗ਼ੈਰ-ਪ੍ਰਮਾਣਿਕ ਕਿਹਾ ਜਾ ਸਕਦਾ ਹੈ। ਹੋਂਦ ਤੋਂ ਭਾਵ ਜ਼ਿੰਦਗੀ ਦੇ ਲੁਕੇ ਡਰ, ਪੀੜਾ ਜਾਂ ਚਿੰਤਾ ਦਾ ਮੁਕਾਬਲਾ ਕਰਨਾ ਹੈ (ਮਨੁੱਖੀ ਸੀਮਤਾ ਦਾ ਡਰ ਅਤੇ ਕੱਲ੍ਹ ਦੀ ਅਨਿਸ਼ਚਿਤਤਾ ਦੀ ਪੀੜਾ ਜਾਂ ਚਿੰਤਾ)। ਹੋਂਦ ਅੰਤਰਮੁਖਤਾ ਨਾਲ ਭਰਪੂਰ ਹੈ (ਵਿਚਾਰਾਂ ਦੀ ਸਵਾਧੀਨਤਾ) ਜਿੱਥੋਂ ਫ਼ੈਸਲਾ ਲੈਣ, ਚੋਣ ਕਰਨ ਅਤੇ ਪ੍ਰਤਿਬੱਧਤਾ ਲਈ ਇੱਛਾ ਸ਼ਕਤੀ ਮਿਲਦੀ ਹੈ। ਹੋਂਦ ਤੋਂ ਭਾਵ ਯੋਜਨਾ ਬਨਾਉਣਾ ਅਤੇ ਇਸ ਯੋਜਨਾ ਨੂੰ ਸਮਾਂ ਸੀਮਾ ਦੇ ਅੰਦਰ-ਅੰਦਰ ਪੂਰਾ ਕਰਨ ਲਈ ਕੰਮ ਕਰਨਾ ਹੈ। ਹੋਂਦ ਰੱਖਣਾ ਆਜ਼ਾਦੀ ਲਈ ਜੂਝਣਾ ਹੈ। ਇਹ ਉਤਾਰ-ਚੜ੍ਹਾਅ ਨੂੰ ਕਾਬੂ ਕਰਨ ਦੀ ਕੋਸ਼ਿਸ਼ ਹੈ ਜੋ ਮਨੁੱਖ ਸਮਾਜ ਦੇ ਰੂਪ ਵਿਚ ਵਰਗ -ਹੋਂਦ ਵਿਚ ਇਕੱਤਰ ਕਰਦਾ ਹੈ। ਇਸੇ ਕਰਕੇ ਹੋਂਦਵਾਦੀ ਕਹਿੰਦੇ ਹਨ ਕਿ ਹੋਂਦ ਤੱਤ ਤੋਂ ਪਹਿਲਾਂ ਹੁੰਦੀ ਹੈ ਭਾਵ ਮਨੁੱਖ ਪਹਿਲਾਂ ਪੈਦਾ ਹੁੰਦਾ ਹੈ, ਹੋਂਦ ਦੀ ਤੱਥਪੂਰਨਤਾ ਨੂੰ ਅਨੁਭਵ ਕਰਦਾ ਹੈ।

## ਪਾਰਗਾਮੀ ਅਤੇ ਅੰਤਰਵਿਆਪੀ ਦੀ ਸਮੱਸਿਆ:

ਪਰੰਪਰਾਗਤ ਤੌਰ 'ਤੇ ਮਨੁੱਖ ਨੂੰ ਸੀਮਤ ਸਮਝਿਆ ਜਾਦਾ ਹੈ ਅਤੇ ਇਸੇ ਕਰਕੇ ਉਹ ਅੰਤਰ-ਵਿਆਪਕ ਹੈ, ਜਦਕਿ ਪਰਮਾਤਮਾ ਨੂੰ ਅਸੀਮਤ ਸਮਝਿਆ ਜਾਂਦਾ ਹੈ ਅਤੇ ਇਸ ਸਦਕਾ ਉਹ ਪਾਰਗਾਮੀ ਹੈ। ਪ੍ਰੰਤੂ ਪਰੰਪਰਾਗਤ ਦਾਰਸ਼ਨਿਕ ਇਸ ਗੱਲ ਨਾਲ ਸਹਿਮਤ ਹਨ ਕਿ ਮਨੁੱਖੀ ਜੀਵ ਸੀਮਤ ਅਤੇ ਅਸੀਮਤ ਦਾ ਮਿਸ਼ਰਣ ਹੈ। ਇਸ ਪ੍ਰਕਾਰ ਸੀਮਤ ਸ਼ਬਦ ਮਨੁੱਖੀ ਸਰੀਰ ਵੱਲ ਸੰਕੇਤ ਕਰਦਾ ਹੈ ਜੋ ਸੀਮਤਾ ਅਤੇ ਅੰਤਰ-ਵਿਆਪਕਤਾ ਨੂੰ ਚਿਤਰਦਾ ਹੈ। ਯਕੀਨਨ ਹੀ ਮਨੁੱਖ ਦਾ ਅਸੀਮਤ ਹਿੱਸਾ ਮਨੁੱਖੀ ਆਤਮਾ ਸਥਾਈ ਭਾਵ ਅਸੀਮਤ ਅਤੇ ਪਾਰਗਾਮੀ ਹੈ। ਅਜਿਹਾ ਝੁਕਾਅ ਕਾਂਤ ਦੇ ਸਮੇਂ ਤੱਕ ਰਿਹਾ। ਇਇਸ ਤਰ੍ਹਾਂ ਕਾਂਤ ਤੋਂ ਬਾਅਦ ਪਾਰਗਾਮੀ ਦਾ ਅਰਥ ਇਹ ਲਿਆ ਜਾਣ ਲੱਗ ਪਿਆ।

ਉਸਾਰੂ ਕਲਪਨਾ ਦੁਆਰਾ ਪਰ੍ਹੇ ਨੂੰ ਸੰਭਵ ਬਣਾ ਦਿੱਤਾ ਗਿਆ। ਸਥਿਰ ਨਿਰੰਤਰਤਾ ਜਾਂ ਅਰਥਪੂਰਨ ਇਕਾਈਆਂ ਜੋੜਨ ਲਈ ਇਹ ਇਕ ਜੀਵ ਸੱਤਾ ਤੋਂ ਦੂਸਰੀ ਜੀਵ ਸੱਤਾ ਤੋਂ ਪਰ੍ਹੇ ਦੀ ਵਿਉਂਤ ਹੈ। ਜੀਵਾਂ ਵਿਚਕਾਰ, ਉਹਨਾਂ ਨੂੰ ਸੌਖਾ ਬਨਾਉਣ ਲਈ ਸੰਬੰਧ ਰੱਖਣ ਦੀ ਕਿਰਿਆ ਪਾਰਗਾਮੀ ਹੈ। ਇਹ ਮਨੁੱਖ ਵਿਚਲੀ ਸੀਮਤਾ ਜਾਂ ਨਿੱਜੀ ਭੁੱਖ ਹੈ ਜੋ ਕੰਮ ਕਰਨ ਦੀ ਇੱਕ ਅਵਸਥਾ ਤੋਂ ਦੂਜੀ ਅਵਸਥਾ, ਇਕ ਹੁਣੇ ਤੋਂ ਦੂਜੇ ਹੁਣੇ ਤੱਕ ਕੀ ਹੈ, ਤੋਂ ਕੀ ਨਹੀਂ ਬਨਾਉਣ ਨੂੰ ਪ੍ਰੇਰਿਤ ਕਰਦੀ ਹੈ।

ਕਾਂਤ ਦਾ ਪਾਰਗਾਮੀ ਦੇ ਪ੍ਰਸ਼ਨ ਵੱਲ ਨੂੰ ਜਾਣਾ, ਪਰਾ-ਸਰੀਰਕ ਦੇ ਪੁਨਰ-ਉਥਾਨ ਦੀ ਕੋਸ਼ਿਸ਼ 'ਚੋ ਉਪਜਦਾ ਹੈ ਜਿਸ ਨੂੰ ਨਵੀਂ ਰੌਸ਼ਨੀ ਵਿਚ ਦਿੱਖ ਅਤੇ ਅਸਲੀਅਤ ਦੀਆਂ ਸਮੱਸਿਆਵਾਂ ਦਾ ਮੁਲਾਂਕਣ ਕਰਨ ਲਈ ਵਰਤਿਆ ਜਾਂਦਾ ਹੈ। ਉਸ ਅਨੁਸਾਰ, ਪਰੰਪਰਾਗਤ ਪਰਾ-ਸਰੀਰਕ ਭੌਤਿਕ ਤਰਕ-ਆਭਾਸ ਦਾ ਪਾਰਗਾਮੀ ਭੁਲੇਖਾ ਪੈਦਾ ਕਰਦਾ ਹੈ ਅਤੇ ਅਜਿਹੀ ਭਾਰੀ ਸਮੱਸਿਆ ਨੂੰ ਭੰਗ ਕਰਨ ਦੇ ਢੰਗ ਅਤੇ ਪ੍ਰਕਿਰਿਆਵਾਂ ਵਿਖਾਉਣਾ ਜਿਸ ਦੁਆਰਾ ਤੱਤ-ਮੀਮਾਂਸਾ ਸੀਮਤ ਤਰਕ ਦੇ ਅਨੁਭਵ ਤੋਂ ਪਰ੍ਹੇ ਖਲਾਅ ਵਿਚ ਜਾਣ ਦੀ ਯੋਗਤਾ ਰੱਖਦਾ ਹੈ। ਅੰਤਰ-ਵਿਆਪੀ ਅਤੇ ਪਾਰਗਾਮੀ ਵਿਚਕਾਰ ਫ਼ਰਕ ਪੈਦਾ ਕਰਨ ਲਈ ਕਾਂਤ ਇਸ ਤਰ੍ਹਾਂ ਕਹਿੰਦਾ ਹੈ:

ਅਸੀਂ ਉਹਨਾਂ ਨਿਯਮਾਂ ਨੂੰ ਵਰਤਾਂਗੇ ਜਿਹਨਾਂ ਦੀ ਵਰਤੋਂ ਪੂਰੀ ਤਰ੍ਹਾਂ ਸੰਭਵ ਅਨੁਭਵਾਂ ਦੀ ਸੀਮਾ ਦੇ ਅੰਦਰ ਹੈ; ਦੂਸਰੇ ਪਾਸੇ ਅੰਤਰ-ਵਿਆਪੀ ਜੋ ਇਨ੍ਹਾਂ ਸੀਮਾਵਾਂ ਦੀ ਉਲੰਘਣਾ ਕਰਦਾ ਹੈ, ਉਸ ਨੂੰ ਅਸੀਂ ਪਾਰਗਾਮੀ ਕਹਿੰਦੇ ਹਾਂ। ਇਸ ਤਰ੍ਹਾਂ ਕਾਂਤ ਲਈ ਜੋ ਅੰਤਰ-ਵਿਆਪੀ ਹੈ ਉਹ ਅਨੁਭਵ ਦੇ ਯੋਗ ਹੈ ਜੋ ਪਾਰਗਾਮੀ ਹੈ ਅਨੁਭਵਾਂ ਦੀਆਂ ਹੱਦਾਂ ਦੀ ਉਲੰਘਣਾ ਕਰਦਾ ਹੈ। ਇਸ ਤਰ੍ਹਾਂ ਪਾਰਗਾਮੀ ਅਨੁਭਵ (ਹੁਣ ਜਾਂ ਸਰੀਰਕ) ਤੋਂ ਪਰ੍ਹੇ ਹੋ ਜਾਂਦਾ ਹੈ ਅਤੇ ਇਸੇ ਕਰਕੇ ਦੂਰੀ ਦੀ ਕਿਰਿਆ ਕਰਕੇ ਸੰਸਾਰ ਹਮੇਸ਼ਾ ਇਕ ਨਵੀਂ ਰੌਸ਼ਨੀ ਵਿਚ ਪੇਸ਼ ਕੀਤਾ ਜਾਦਾ ਹੈ। ਇਸ ਤੋਂ ਭਾਵ

ਕਿ ਕਾਂਤ ਦੁਆਰਾ ਮਨੁੱਖੀ ਸੀਮਤਾ ਅੰਤਰ-ਵਿਆਪੀ ਅਤੇ ਅਸੀਮਤਾ (ਪਾਰਗਾਮੀ ਦੀ ਭਾਲ) ਪਰਾ-ਸਰੀਰਕ ਨਿਰਮਾਣ (ਸਮੁੱਚੀ ਪਰਾ-ਸਰੀਰਕ ਪ੍ਰਣਾਲੀ ਦਾ ਨਿਰਮਾਣ) 'ਤੇ ਜਾ ਕੇ ਖਤਮ ਹੁੰਦੀ ਹੈ। ਇਸ ਦਾ ਮਤਲਬ ਇਹ ਵੀ ਹੈ ਕਿ ਕਾਂਤ ਦੁਆਰਾ ਮਨੁੱਖੀ ਅਤੀਤ ਨੂੰ ਖੋਜਣ ਦੀ ਰੁਚੀ ਅਜਿਹੀ ਸਾਧਨਾ ਦੇ ਅੰਤਿਮ ਟੀਚੇ ਅਤੇ ਨਤੀਜੇ ਸ਼ਾਮਿਲ ਨਹੀਂ ਕਰਦੀ।

ਇਸ ਉਪ-ਵੰਡ ਵਿਚ ਅਸੀਂ ਕਾਂਤ ਅਤੇ ਹੈਡੇਗਰ ਦੇ ਪਰਿਪੇਖ ਤੋਂ ਤੱਤ-ਮੀਮਾਂਸਾ ਦੇ ਅਸਲ ਨੂੰ ਵਿਚਾਰਨ ਦੀ ਕੋਸ਼ਿਸ਼ ਕੀਤੀ ਹੈ। Protagoras of Abdera ਜੋ ਦਾਅਵਾ ਕਰਦਾ ਹੈ ਕਿ ਮਨੁੱਖ ਸਾਰੀਆਂ ਵਸਤਾਂ ਦਾ ਅਨੁਮਾਨ ਹੈ, ਦੇ ਨਾਲ-ਨਾਲ ਕਾਂਤ ਮਨੁੱਖ ਨੂੰ ਤੱਤ-ਮੀਮਾਂਸਾ ਦਾ ਸਾਧਨ ਮੰਨਦਾ ਹੈ। ਹੋਂਦਵਾਦੀ ਵੀ ਇਸੇ ਤਰ੍ਹਾਂ ਸੋਚਦੇ ਹਨ ਜਦ ਉਹ ਕਹਿੰਦੇ ਹਨ ਕਿ ਇਕੱਲੇ ਮਨੁੱਖ ਦੀ ਹੋਂਦ ਹੈ। ਹੈਡੇਗਰ ਵੀ ਇਸੇ ਤਰ੍ਹਾਂ ਹੀ ਸੋਚਦਾ ਹੈ ਜਦ ਉਹ ਕਹਿੰਦਾ ਹੈ ਕਿ ਇਕੱਲੇ ਮਨੁੱਖ ਦੀ ਹੀ ਹੋਂਦ ਹੈ। ਉਸ ਅਨੁਸਾਰ ਸੱਤਾ ਤੋਂ ਵਧੇਰੇ ਮਹੱਤਵਪੂਰਨ ਪਰਾ-ਭੌਤਿਕ ਪੱਖ ਤੋਂ ਹੀ ਪਰਾ-ਭੌਤਿਕ ਨੂੰ ਵੇਖਣਾ ਹੈ ਜੋ ਅਸਲ ਸੱਤਾ ਹੈ। ਪਰ ਕੀ ਅਸੀਂ ਪਰਾ-ਭੌਤਿਕ ਦੇ ਅਸਲ ਨੂੰ ਖੋਜ ਸਕਦੇ ਹਾਂ ਜੋ ਮਨੁੱਖੀ ਜੀਵ ਹੈ, ਮੁੱਖ ਨੁਕਤਾ ਇਹੀ ਕਿ ਤੱਤ-ਮੀਮਾਂਸਾ ਸੱਤਾ ਵਿਗਿਆਨ ਦੀ ਤਰ੍ਹਾਂ ਜ਼ਮੀਨ, ਮਿੱਟੀ ਜਾਂ ਆਧਾਰ ਜਿਸ ਵਿਚ ਅਸਲੀਅਤ ਸਮਾਈ ਹੋਈ ਹੈ, ਨਾਲ ਸੰਬੰਧਤ ਹੈ। ਅਸੀਂ ਹੁਣ ਪਰਾ-ਭੌਤਿਕ ਮਾਨਵ ਵਿਗਿਆਨ ਦੀਆਂ ਸਮੱਸਿਆਂਵਾਂ ਦਾ ਹੱਲ ਲੱਭਾਂਗੇ।

### (ਅ) ਮਾਨਵ ਵਿਗਿਆਨਿਕ ਤੱਤ-ਮੀਮਾਂਸਾ ਦੀਆਂ ਸਮੱਸਿਆਵਾਂ

ਸੌਖੇ ਢੰਗ ਨਾਲ ਗੱਲ ਕਰੀਏ ਤਾਂ ਮਾਨਵ ਵਿਗਿਆਨਿਕ ਤੱਤ-ਮੀਮਾਂਸਾ, ਤੱਤ-ਮੀਮਾਂਸਾ ਦੀ ਉਹ ਸ਼ਾਖਾ ਹੈ ਜਿਸ ਦਾ ਮੁੱਖ ਸੰਬੰਧ ਬ੍ਰਹਿਮੰਡ ਦੇ ਅਧਿਐਨ ਕਰਨ ਨਾਲ ਹੈ। ਬ੍ਰਹਿਮੰਡੀ ਅਧਿਐਨ ਵਿਚ ਬ੍ਰਹਿਮੰਡ ਵਿਗਿਆਨ ਅਤੇ ਵਿਸ਼ਵ ਉਤਪਤੀ ਦੋਨੋਂ ਸ਼ਾਮਿਲ ਹਨ। ਇਹ ਤੱਤ-ਮੀਮਾਂਸਾ ਦੀ ਉਹ ਸ਼ਾਖਾ ਹੈ ਜਿਸ ਨੂੰ ਅਸੀਂ ਤੱਤ-ਮੀਮਾਂਸਾ ਵਿਸ਼ੇਸ਼ ਜਾਂ ਸਾਧਾਰਨ ਤੌਰ 'ਤੇ ਵਿਸ਼ੇਸ਼ੀਕ੍ਰਿਤ ਵਿਗਿਆਨ ਜਾਂ ਫਿਰ ਸਥਾਨਕ ਸੱਤਾ ਵਿਗਿਆਨ ਦੇ ਤੌਰ 'ਤੇ ਜਾਣਦੇ ਹੈ। ਇਹ ਕਹਿਣਾ ਹੋਵੇਗਾ ਕਿ ਅਕਾਦਮਿਕ ਖੇਤਰ ਵਿਚ ਹੋਰ ਵਿਸ਼ੇ ਆਪਣੇ ਆਪ ਵਿਚ ਵਿਸ਼ੇਸ਼ੀਕ੍ਰਿਤ ਪਰਾ-ਭੌਤਿਕ (ਦਾਰਸ਼ਨਿਕ) ਪ੍ਰਣਾਲੀਆਂ ਇਸ ਕਰਕੇ ਸਮਝੇ ਜਾਂਦੇ ਹਨ ਕਿ ਉਹ ਦਾਰਸ਼ਨਿਕ (ਬ੍ਰਹਿਮੰਡੀ) ਤੱਤ-ਮੀਮਾਂਸਾ ਜਿਹੀਆਂ ਸਮੱਸਿਆਵਾਂ ਦਾ ਅਧਿਐਨ ਵਿਸ਼ੇਸ਼ੀਕ੍ਰਿਤ ਪਰਿਪੇਖ ਤੋਂ ਕਰਦੇ ਹਨ। ਲਾਜ਼ਮੀ ਤੌਰ 'ਤੇ ਮਾਨਵ ਵਿਗਿਆਨਿਕ ਤੱਤ-ਮੀਮਾਂਸਾ ਦਾ ਮੁੱਖ ਉਦੇਸ਼ ਦੂਜੇ ਵਿਸ਼ਿਆਂ ਦੇ ਪ੍ਰਮੁੱਖ ਨਿਯਮ ਜਾਂ ਮੂਲ ਪ੍ਰਤੱਖ ਪ੍ਰਮਾਣ ਸਵੀਕਾਰ ਕਰਨਾ ਹੈ। ਇਸੇ ਕਰਕੇ ਅਰਸਤੂ ਤੱਤ-ਮੀਮਾਂਸਾ ਨੂੰ ਪਹਿਲਾ ਦਰਸ਼ਨ ਸਾਸ਼ਤਰ ਕਹਿੰਦਾ ਹੈ। ਇਸੇ ਕਰਕੇ ਹੀ ਤੱਤ-ਮੀਮਾਂਸਾ ਨੂੰ Descartes ਦੁਆਰਾ ਮੂਲ ਦਾ ਵਿਗਿਆਨ ਕਹਿ ਕੇ ਸਤਿਕਾਰਿਆ ਜਾਂਦਾ ਹੈ ਜੋ ਸਾਰੇ ਵਿਗਿਆਨਾਂ ਦਾ ਰਾਜਾ ਜਾਂ ਰਾਣੀ ਹੈ। ਇਸੇ ਕਰਕੇ Alfred North Whitehead ਤੱਤ-ਮੀਮਾਂਸਾ ਨੂੰ ਪਰਿਭਾਸ਼ਿਤ ਕਰਦਾ ਹੈਕਿ "ਇਹ ਸਾਧਾਰਨ ਵਿਚਾਰਾਂ ਦੀ ਇਕ ਦਲੀਲਮਈ, ਤਰਕਪੂਰਨ, ਲਾਜ਼ਮੀ ਪ੍ਰਣਾਲੀ ਬਣਾਉਣ ਦੀ ਕੋਸ਼ਿਸ਼ ਹੇ ਜਿਸ ਵਿਚ ਸਾਡੇ ਅਨੁਭਵਾਂ ਦਾ ਹਰ ਤੱਤ ਸਮਝਿਆ ਜਾ ਸਕਦਾ ਹੈ।" ਤੱਤ ਮੀਮਾਂਸਾ ਦੀ ਪਰਿਭਾਸ਼ਾ ਇੰਝ ਵੀ ਦਿੱਤੀ ਜਾ ਸਕਦੀ ਹੈ " ਇਹ ਇੱਕ ਦਾਰਸ਼ਨਿਕ ਅਧਿਐਨ ਹੈ ਜਿਸ ਦਾ ਮੁੱਖ ਉਦੇਸ਼ ਵਸਤੂਆਂ ਦਾ ਅਸਲੀ ਸੁਭਾਅ ਨਿਸ਼ਚਿਤ ਕਰਨਾ, ਅਰਥ, ਬਣਤਰ, ਸਿਧਾਂਤ ਅਤੇ ਜੋ ਕੁੱਝ ਵੀ ਇਸ ਦੇ ਘੇਰੇ ਵਿਚ ਆਉਂਦਾ ਹੈ, ਨੂੰ ਨਿਸ਼ਚਿਤ ਕਰਨਾ ਹੈ।

ਇਸ ਉਪ-ਵੰਡ ਅਧੀਨ ਆਉਂਦੇ ਸਾਰੇ ਵਿਸ਼ੇ ਜਿਵੇਂ ਅਸਲੀਅਤ ਦੀ ਸਮੱਸਿਆ, ਅਸਲੀਅਤ ਦਾ ਸੁਭਾਅ, ਦਿੱਖ ਅਤੇ ਅਸਲੀਅਤ, ਬਦਲਾਅ ਅਤੇ ਸਥਿਰਤਾ, ਮਨ ਅਤੇ ਸਰੀਰ, ਖਲਾਅ ਅਤੇ ਕਾਲ, ਕਾਰਨਤਾ,

ਮੂਲ ਤੱਤ ਅਤੇ ਵਿਸ਼ੇਸ਼, ਆਜ਼ਾਦੀ ਅਤੇ ਦ੍ਰਿੜਤਾ, ਏਕਤਾ ਅਤੇ ਭਿੰਨਤਾ, ਪਛਾਣ ਅਤੇ ਵਖਰੇਵਾਂ, ਇਸ ਵਿਚ ਸ਼ਾਮਿਲ ਹਨ।

## ਅਸਲੀਅਤ ਦੀ ਸਮੱਸਿਆ:

ਅਸਲੀਅਤ ਕੀ ਹੈ?ਪ੍ਰਸ਼ਨ ਪੁੱਛਣ ਦਾ ਇਕ ਸੌਖਾ ਢੰਗ ਹੈ। ਜਿਸ ਦੇ ਜਵਾਬ ਪਰਿਭਾਸ਼ਾਵਾਂ ਦੇ ਰੂਪ ਵਿਚ ਦਿੱਤੇ ਜਾਣੇ ਚਾਹੀਦੇ ਹਨ। ਬਹੁਤ ਸੌਖੇ ਜਿਹੇ ਤਰੀਕੇ ਨਾਲ ਅਸਲੀਅਤ ਅੰਗਰੇਜ਼ੀ ਅੱਖਰ r ਉਸ ਵਸਤੂ ਵੱਲ ਸੰਕੇਤ ਕਰਦਾ ਹੈ ਜਿਸ ਨੂੰ ਬਹੁਵਚਨੀ ਰੂਪ ਵਿਚ ਲਿਖਿਆ ਜਾਂਦਾ ਹੈ ਉਸ ਵਿਚ ਅਸਲੀਅਤ (ਅੰਗਰੇਜ਼ੀ ਅੱਖਰ R) ਉਸ ਸੰਪੂਰਨਤਾ ਵੱਲ ਸੰਕੇਤ ਕਰਦਾ ਹੈ ਜੋ ਹੈ ਜਾਂ ਉਸ ਹਰ ਚੀਜ਼ ਜੋ ਖੋਜ ਦੀ ਇੰਤਜ਼ਾਰ ਵਿਚ ਹੈ, ਰੌਸ਼ਨੀ 'ਚ ਲਿਆਉਂਦੀ ਹੈ, ਨੰਗੀ ਅੱਖ ਦੁਆਰਾ ਵੇਖਣਯੋਗ ਬਣਾਉਂਦੀ ਹੈ। ਉਹ ਜੋ ਤਰਜੀਹੀ ਰੂਪ 'ਚ ਵਾਪਰਦਾ ਹੈ। ਤੱਤ ਮੀਮਾਂਸਾ ਨੂੰ ਇਸ ਤਰ੍ਹਾਂ ਪਰਿਭਾਸ਼ਿਤ ਕਰਨ ਲਈ ਅੰਤਿਮ ਸੱਚ ਦੀ ਭਾਲ, ਵਸਤੂ/ਵਸਤੂਆਂ ਦੀ ਹੋਂਦ ਆਦਿ ਤੱਤ ਮੀਮਾਂਸਕ ਦੇ ਮਨ ਵਿਚ ਜਗ੍ਹਾਂ ਰੱਖਦੇ ਹਨ। Isness ਦਾ ਤਕਨੀਕੀ ਭਾਵ to be beness ਜਾਂ ਸਾਧਾਰਨ beness ਹੈ। ਉਹ ਵਸਤੂ ਜੋ ਹੁਣ ਤੱਕ ਮਨੁੱਖੀ ਹੋਂਦ ਨੂੰ ਕਿਸੇ ਰੂਪ ਵਿਚ ਪਰਵਾਹਿਤ ਕਰਦੀ ਹੈ, ਇਸ ਦੇ ਮੁੱਢਲੇ ਗੁਣ ਅਤੇ ਕਾਰਜ ਹਨ। ਇਸ ਲਈ Isness ਅਤੇ Beness ਦਾ ਸੁਭਾਅ ਹੈ ਕਿ ਅਸਲੀਅਤ ਮਨੁੱਖੀ ਅਨੁਭਵਾਂ ਦੇ ਸਮੁੱਚ ਨੂੰ ਆਪਣੇ ਘੇਰੇ ਵਿਚ ਲੈਂਦੀ ਹੈ। ਇਸੇ ਕਰਕੇ ਅਸਲ ਜਾਂ ਕਲਪਨਾ, ਦ੍ਰਿਸ਼ਟਮਾਨ ਜਾਂ ਅਦ੍ਰਿਸ਼ਟਮਾਨ, ਪਦਾਰਥਕ ਜਾ ਗ਼ੈਰ-ਪਦਾਰਥਕ, ਸਰੀਰਕ ਜਾਂ ਅਸਰੀਰਕ, ਪ੍ਰਤੱਖ ਜਾਂ ਅਪ੍ਰਤੱਖ, ਤੱਥਪੂਰਨ ਜਾਂ ਕਲਪਨਾਮਈ ਜਾਂ ਫਿਰ ਭੁਲੇਖਾ ਆਦਿ ਸਭ ਅਸਲੀਅਤ ਦਾ ਘੇਰਾ ਬਣਾਉਂਦੇ ਹਨ। ਇਸੇ ਕਰਕੇ ਅਜਿਹੀਆਂ ਤੱਤ ਮੀਮਾਂਸਾ ਦੀਆਂ ਸਮੱਸਿਆਂਵਾਂ ਮਨੁੱਖੀ ਅਨੁਭਵਾਂ ਦੇ ਹਰ ਪੱਖ ਨੂੰ ਦੱਸਦੀਆਂ ਹਨ। ਨਾਲ ਹੀ ਇਹ ਦੱਸਦੀਆਂ ਹਨ ਕਿ ਪਰਾ-ਭੌਤਿਕ ਪ੍ਰਣਾਲੀ ਅਸਲੀਅਤ ਲੇਖਾ-ਜੋਖਾ ਕਿਉਂ ਪੇਸ਼ ਕਰਦੀ ਹੈ? ਤਦ ਅਸੀਂ ਕਹਿ ਸਕਦੇ ਹਾਂ ਕਿ ਤੱਤ ਮੀਮਾਂਸਾ ਅਸਲੀਅਤ ਦਾ ਸਮੁੱਚਾ ਜਾਂ ਸੰਪੂਰਨ ਸਵੈ ਕਰਨ ਦੀ ਇਕ ਪ੍ਰਣਾਲੀ ਹੈ।

## ਅਸਲੀਅਤ ਦੇ ਸੁਭਾਅ ਦੀ ਸਮੱਸਿਆ :

ਇਹ ਅਸਲ ਦੇ ਬਾਰੇ ਵਿਚ ਮਨੁੱਖੀ ਵਿਚਾਰਾਂ ਦੁਆਲੇ ਇਕ ਘੇਰਾ ਹੈ। ਇਹ ਅਸਲ ਬਾਰੇ ਮਨੁੱਖੀ ਵਿਚਾਰਾਂ ਜਾਂ ਧਾਰਨਾਵਾਂ ਨਾਲ ਸੰਬੰਧਤ ਹੈ। ਅਸਲ ਦੀ ਪ੍ਰਕਿਰਤੀ, ਗੁਣ ਜਾਂ ਲਾਜ਼ਮੀ ਚਰਿਤਰ ਬਿਆਨ ਕਰਨਾ ਮੁੱਖ ਟੀਚਾ ਹੈ, ਤਕਨੀਕੀ ਰੂਪ ਵਿਚ ਅਜਿਹਾ ਕੰਮ ਜੋ "ਸੰਸਾਰ ਨੂੰ ਨਾਮ ਦੇਣ ਵੱਲ ਸੰਕੇਤ ਕਰਦਾ ਹੈ। ਇੱਥੇ ਮਨੁੱਖ ਵਿਚਾਰ ਅਤੇ ਭਾਸ਼ਾ ਨੂੰ ਮਿਲਾ ਕੇ ਸੰਸਾਰ ਨੂੰ ਬਿਆਨ ਕਰਨ ਜਾਂ ਸੰਸਾਰ ਵਿਚਲੀਆਂ ਵਸਤੂਆਂ ਦਾ ਨਾਮਕਰਨ ਕਰਨ ਲਈ ਆਪਣੀ ਪ੍ਰਤਿਭਾ ਵਿਖਾਉਂਦਾ ਹੈ। ਅਜਿਹਾ ਕਰਦੇ ਹੋਏ ਕੁੱਝ ਆਧਾਰਭੂਤ ਸਮੱਸਿਆਵਾਂ ਖੜ੍ਹੀਆਂ ਹੁੰਦੀਆਂ ਹਨ ਅਤੇ ਇਸ ਦਾ ਸੰਬੰਧ ਇਸ ਸਵਾਲ ਨਾਲ ਹੈ ਕਿ ਅਸਲੀਅਤ ਭੌਤਿਕ ਹੈ ਜਾਂ ਗ਼ੈਰ-ਭੌਤਿਕ। ਅਸਲ ਨੂੰ ਪਦਾਰਥ ਕਹਿਣ ਵਾਲੇ ਦਾਰਸ਼ਨਿਕ ਪਦਾਰਥਵਾਦੀ ਅਤੇ ਗ਼ੈਰ-ਭੌਤਿਕ ਕਹਿਣ ਵਾਲੇ ਆਦਰਸ਼ਵਾਦੀ ਕਹਾਉਂਦੇ ਹਨ। ਇਸ ਤਰ੍ਹਾਂ ਪਦਾਰਥਵਾਦ ਅਤੇ ਗ਼ੈਰ-ਪਦਾਰਥਵਾਦ (ਆਦਰਸ਼ਵਾਦ) ਅਸਲ ਨੂੰ ਬਿਆਨ ਕਰਨ ਦੇ ਢੰਗ ਹਨ। ਪਦਾਰਥਵਾਦੀ ਅਤੇ ਆਦਰਸ਼ਵਾਦੀ ਆਪਸ ਵਿਚ ਵਿਰੋਧੀ ਵਿਚਾਰ ਰੱਖਦੇ ਹਨ। ਭਾਵ ਅਸੀਂ ਕਹਿ ਸਕਦੇ ਹਾਂ ਕਿ ਇਹ ਵਿਚਾਰਾਂ ਵਿਰੋਧੀ ਵਿਸ਼ੇ ਹਨ। ਕਿਉਂਕਿ ਹਰੇਕ ਅਸਲ ਬਾਰੇ ਇਕ ਪਾਸੜ ਜਾਂ ਇਕ ਵਿਚਾਰ ਰੱਖਦੇ ਹਨ। ਇਸੇ ਕਰਕੇ ਅਸੀਂ ਕਹਿ ਸਕਦੇ ਹਾਂ ਕਿ ਪਦਾਰਥਵਾਦ ਅਤੇ ਆਦਰਸ਼ਵਾਦ ਅਦਵੈਤਵਾਦੀ ਪਰ੍ਹਾ-ਭੌਤਿਕ ਪ੍ਰਣਾਲੀਆਂ ਹਨ।

ਅਜਿਹੇ ਦਾਰਸ਼ਨਿਕ ਵੀ ਹਨ ਜੋ ਦਲੀਲ ਦਿੰਦੇ ਹਨ ਕਿ ਦੋਨੋਂ ਸਰੀਰਕ ਅਤੇ ਗ਼ੈਰ-ਸਰੀਰਕ ਅਸਲ ਦਾ ਨਿਰਮਾਣ ਕਰਦੇ ਹਨ। ਦਰਸ਼ਨਿਕਾਂ ਦਾ ਮੱਧ ਵਰਗ ਅਸਲ ਬਾਰੇ ਦਵੈਤ ਵਿਚਾਰ ਰੱਖਦਾ ਹੈ ਇਸੇ ਕਰਕੇ ਦਵੈਤਵਾਦੀ ਕਹਾਉਂਦਾ ਹੈ। ਭਾਵੇਂ ਦਵੈਤਵਾਦ ਅਤੇ ਦਵੈਤਤਾ ਵਿਚ ਇਕ ਪ੍ਰਮੁੱਖ ਫ਼ਰਕ ਨਜ਼ਰ ਆਉਂਦਾ ਹੈ। Microsoft Encarta-2008 ਅਨੁਸਾਰ "ਦਰਸ਼ਨ ਸਾਸ਼ਤਰ ਵਿਚ ਦਵੈਤਵਾਦ ਇਕ ਅਜਿਹਾ ਸਿਧਾਂਤ ਹੈ ਜਿਸ ਅਨੁਸਾਰ ਬ੍ਰਹਿਮੰਡ ਨੂੰ ਸਮੁੱਚੇ ਰੂਪ ਵਿਚ ਬੰਦ ਕੀਤਾ ਜਾ ਸਕਦਾ ਹੈ ਜੋ ਦੋ ਵੱਖ-ਵੱਖ ਅਤੇ ਆਪਸ ਵਿਚ ਨਾਪਰਿਵਰਤਨਸ਼ੀਲ ਤੱਤਾਂ ਦਾ ਬਣਿਆ ਹੋਇਆ ਹੈ।" ਇਹ ਦਵੈਤਤਾ ਨੂੰ ਇਸ ਤਰ੍ਹਾਂ ਵੀ ਪਰਿਭਾਸ਼ਿਤ ਕਰਦਾ ਹੈ "ਇਹ ਇਕ ਸਥਿਤੀ ਜਾਂ ਸੁਭਾਅ ਹੈ ਜਿਸ ਕੋਲ ਦੋ ਸਥਿਤੀਆਂ ਜਾਂ ਭਾਗ ਹਨ ਜੋ ਆਪਸ ਵਿਚ ਪੂਰਕ ਜਾਂ ਵਿਰੋਧੀ ਹਨ।" ਦਵੈਤਵਾਦ ਤੁਲਨਾ, ਵਿਰੋਧ, ਧਰੁਵਤਾ, ਦੁਭਾਜਨ ਅਤੇ ਵਖਰੇਵਾਂ ਦਰਸਾਉਂਦਾ ਹੈ, ਦਵੈਤਤਾ ਪੂਰਕਤਾ, ਪਰਸਪਰਤਾ, ਸਹਿਜੀਵਤਾ ਅਤੇ ਸਹਿ-ਹੋਂਦ ਦਰਸਾਉਂਦਾ ਹੈ। ਦਵੈਤਵਾਦ ਵਸਤੂਆਂ ਦੀ ਵੰਡ ਹਿੱਸਿਆਂ ਵਿਚ ਕਰਨ ਦੀ ਆਗਿਆ ਦਿੰਦਾ ਹੈ ਅਤੇ ਦੂਸਰੇ ਪਾਸੇ ਦਵੈਤਤਾ ਦੁਵੰਡ ਅਤੇ ਹਿੱਸਿਆਂ ਪ੍ਰਤੀ ਨਫ਼ਰਤ ਵਿਖਾਉਂਦੀ ਹੈ। ਸਿੱਟੇ ਵਜੋਂ ਜਦ ਦਵੈਤਵਾਦ ਦੋ ਵਿਭਿੰਨ ਮੌਜੂਦਾ ਵਸਤੂਆਂ ਨੂੰ ਪਛਾਣਦੀ ਹੈ ਕਿਉਂਕਿ ਇਹ ਹਮੇਸ਼ਾਂ ਵਸਤੂਆਂ ਦਾ ਧਰੁਵੀਕਰਨ ਅਤੇ ਦੁਫਾੜ ਕਰਦੀ ਹੈ ਤਾਂ ਵੀ ਦਵੈਤਤਾ ਇੰਨਾ ਸੁੰਗੜ ਜਾਂ ਘੱਟ ਜਾਂਦੀ ਹੈ ਕਿ ਜਲਦੀ ਹੀ ਅਦਵੈਤ ਦਵੈਤਵਾਦ ਬਣ ਜਾਂਦੀ ਹੈ। ਸਾਰ ਰੂਪ ਵਿਚ ਭਾਵੇਂ ਦਵੈਤਵਾਦ ਸਾਨੂੰ ਚੰਗਿਆਈ ਅਤੇ ਬੁਰਾਈ, ਸਵਰਗ ਅਤੇ ਨਰਕ, ਵਿਸ਼ਵਾਸ ਅਤੇ ਤਰਕ ਆਦਿ ਦੇ ਦਵੈਤ ਸੰਸਾਰ ਲਈ ਅਵਸਰ ਪ੍ਰਦਾਨ ਕਰਦਾ ਹੈ ਪਰ ਇਸ ਦੀ ਧਰੁਵੀਕਰਨ ਦੀ ਪ੍ਰਵਿਰਤੀ ਕਾਰਨ ਸੰਜੋਗ ਜਲਦੀ ਹੀ ਵਿਯੋਗ (ਵਿਚੋਲੇ ਨੂੰ ਬਾਹਰ ਕੱਢ ਕੇ) ਬਣ ਜਾਂਦਾ ਹੈ ਤਾਂ ਜੋ ਅੰਤ ਵਿਚ ਅਸੀਂ ਚੰਗਿਆਈ ਜਾਂ ਬੁਰਾਈ, ਸਵਰਗ ਜਾਂ ਨਰਕ, ਵਿਸ਼ਵਾਸ ਜਾਂ ਤਰਕ 'ਚੋਂ ਕੋਈ ਰਸਤਾ ਚੁਣ ਸਕੀਏ। ਵਿਗਿਆਨ ਵਿਚ ਧਰੁਵੀਕਰਨ ਦੀ ਇਹ ਭਾਵਨਾ ਦਿੱਤੇ ਕਥਨ ਨੂੰ ਸੱਚ ਜਾਂ ਝੂਠ ਸਿੱਧ ਕਰਨ ਦੇ ਰੂਪ ਵਿਚ ਆਪਣਾ ਸਿਰ ਚੁੱਕਦੀ ਹੈ ਜਿਸ ਤੋਂ ਭਾਵ ਵਿਸ਼ਿਸ਼ਟਤਾ ਜਾਂ ਲਘੂਕਰਨਵਾਦ ਦੇ ਨਿਯਮ ਤੋਂ ਹੈ।

ਇਸ ਸਾਰੀ ਵਿਚਾਰ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਸਨਾਤਨ ਪੱਛਮੀ ਤੱਤ-ਮੀਮਾਂਸਾ (ਅਤੇ ਸਧਾਰਨ ਰੂਪ ਵਿਚ ਸਨਾਤਨ ਪੱਛਮੀ ਦਰਸ਼ਨ ਸਾਸ਼ਤਰ ਦੇ ਸੰਕੇਤ) ਅਦਵੈਤ, ਲਘੂਕਰਨਵਾਦੀ ਅਤੇ ਵਿਸ਼ਿਸ਼ਟ ਲੱਛਣ ਰੱਖਦੇ ਹਨ। ਸਨਾਤਨ ਪੱਛਮੀ ਗਿਆਨ ਮੀਮਾਂਸਾ ਵਿਚ, ਦਵੈਤਵਾਦ ਅੱਗੇ ਮਨੋਵਿਗਿਆਨਵਾਦ ਦੀਆਂ ਸਮੱਸਿਆਵਾਂ ਪੈਦਾ ਕਰਦਾ ਹੈ ਜੋ ਪ੍ਰਤੱਖਵਾਦ ਵਿਚ ਤਰਕਵਾਦ ਅਤੇ ਪ੍ਰਤੱਖ ਗਿਆਨਵਾਦ ਹੈ। ਮਨੋਵਿਗਿਆਨਵਾਦ, ਤਰਕ ਅੰਦਰੂਨੀ ਸਮਗਰੀ ਜਾਂ ਵਿਚਾਰਾਂ ਨਾਲ ਭਰਪੂਰ ਹੈ, ਤੋਂ ਵੱਖਰਾ ਹੈ ਕਿਉਂਕਿ ਇੱਥੇ ਤਰਕਮਈ ਗਿਆਨ ਅਨੁਭਵ ਤੋਂ ਵਧੇਰੇ ਵਧੀਆ ਹੈ, ਉੱਪਰ ਜ਼ੋਰ ਦਿੱਤਾ ਜਾਂਦਾ ਹੈ ਅਤੇ ਇਹ ਅਨੁਭਵੀ ਗਿਆਨ ਦੇ ਵਿਰੁੱਧ ਜਾਣ-ਬੁੱਝ ਕੇ ਕੀਤਾ ਜਾਣ ਵਾਲਾ ਵਖਰੇਵਾਂ ਹੈ। ਅਨੁਭਵਵਾਦ ਵਿਚ ਪ੍ਰਤੱਖ ਗਿਆਨਵਾਦ, ਤਰਕਵਾਦ ਵਿਚਲੇ ਮਨੋਵਿਗਿਆਨ ਦੇ ਪੂਰੀ ਤਰ੍ਹਾਂ ਵਿਰੁੱਧ ਹੈ।

ਕਾਂਤ ਅਤੇ ਹੁਰੈਸਲ ਨੇ ਨਿਗੁਣੀ ਜਿਹੀ ਸਫ਼ਲਤਾ ਨਾਲ ਇਨ੍ਹਾਂ ਸਮੱਸਿਆਵਾਂ ਨਾਲ ਸੰਘਰਸ਼ ਕੀਤਾ। ਮਨੋਵਿਗਿਆਨ ਅਤੇ ਪੱਛਮੀ ਗਿਆਨ-ਮੀਮਾਂਸਾ ਵਿਚ ਪ੍ਰਤੱਖ ਗਿਆਨਵਾਦ ਦੀਆਂ ਸਮੱਸਿਆਵਾਂ ਨਾਲ ਜੂਝਣ ਲਈ ਅਤੇ ਪੱਛਮੀ ਤੱਤ-ਮੀਮਾਂਸਾ ਵਿਚ ਦਵੈਤਵਾਦ ਦੀ ਸਮੱਸਿਆ ਲਈ ਭਰਵੇਂ ਰੂਪ ਵਿਚ ਹੋਂਦਵਾਦੀ- ਪ੍ਰਤੱਖ ਗਿਆਨਵਾਦੀਆਂ ਅਤੇ ਉੱਤਰ-ਅਧੁਨਿਕਵਾਦੀਆਂ ਨੇ ਇੱਕੋ ਤਰ੍ਹਾਂ ਵਿਉਂਤਬੱਧ ਕੋਸ਼ਿਸ਼ਾਂ ਕੀਤੀਆਂ।

ਅਫ਼ਰੀਕਾ ਦੀ ਵਿਚਾਰ ਪ੍ਰਣਾਲੀ (ਤੱਤ ਮੀਮਾਂਸਾ, ਗਿਆਨ ਮੀਮਾਂਸਾ, ਨੀਤੀ ਵਿਗਿਆਨ, ਤਰਕ ਵਿਗਿਆਨ ਦੇ ਖੇਤਰ ਵਿਚ) ਦਵੈਤਤਾ ਦੇ ਨਿਯਮ ਉੱਪਰ ਕੰਮ ਕਰਦੀ ਹੈ ਨ ਕਿ ਅਦਵੈਤਵਾਦ ਉੱਪਰ। ਅਸੀਂ ਉੱਪਰ ਦੱਸ ਚੁੱਕੇ ਹਾਂ ਕਿ ਅਫਰੀਕਾ ਦੀ ਪ੍ਰਣਾਲੀ ਸੰਗੰਠਿਤ ਹੈ ਜਿਸ ਕਰਕੇ ਦਵੈਤ ਸੁਭਾਅ ਵਿਚਾਰਾਂ ਦੀ ਬਹੁਲਤਾ ਵਾਸਤੇ

ਆਗਿਆ ਦਿੰਦਾ ਹੈ। ਅਸੀਂ ਇਹ ਵੀ ਕਿਹਾ ਹੈ ਕਿ ਸੰਗਠਿਤ ਤੱਤ-ਮੀਮਾਂਸਾ ਲਗਭਗ ਸਮਾਨ ਹੋ ਸਕਦਾ ਹੈ ਜੇ ਹੈਡੇਗਰ ਦੀ ਵਿਆਖਿਆਤਮਕ ਪ੍ਰਤੱਖ ਗਿਆਨਵਾਦ ਜਿਹੀ ਹੋਂਦ ਨਹੀਂ ਰੱਖਦਾ। ਇਸ ਉਬਾਲ ਨੂੰ ਨੀਵਾਂ ਕਰਦੇ ਹੋਏ ਸੰਗਠਿਤ ਤੱਤ-ਮੀਮਾਂਸਾ ਅਤੇ ਵਿਆਖਿਆਤਮਕ ਪ੍ਰਤੱਖ ਗਿਆਨ ਵਿਗਿਆਨ ਅਸਲ ਨੂੰ ਸਮਝਣ ਲਈ ਤੀਜਾ ਵਿਕਲਪ ਪੇਸ਼ ਕਰਦਾ ਹੈ।

ਯਕੀਨਨ ਹੀ ਤੀਜਾ ਵਿਕਲਪ ਬਹੁਵਾਦ ਹੈ ਜੋ ਅਦਵੈਤਵਾਦ/ਲਘੂਕਰਨਵਾਦ ਅਤੇ ਦਵੈਤਵਾਦ ਤੋਂ ਭਿੰਨ ਹੈ।

ਦਿੱਖ ਅਤੇ ਅਸਲ ਦੀ ਸਮੱਸਿਆ :

ਪ੍ਰਾਚੀਨ ਲੋਕਾਂ ਵਿਚ ਇਹ ਇਕ ਆਮ ਧਾਰਨਾ ਸੀ ਕਿ ਤਰਕ ਅਤੇ ਅਸਪੱਸ਼ਟ ਨੂੰ ਇੰਦ੍ਰੀ ਅਤੇ ਸਪੱਸ਼ਟ ਤੋਂ ਸਰਵੋਤਮ ਮੰਨਿਆ ਜਾਂਦਾ ਹੈ। ਇਸੇ ਤਰ੍ਹਾਂ ਪ੍ਰਾਚੀਨ ਲੋਕ ਇਹ ਸਿੱਟਾ ਕੱਢਦੇ ਹਨ ਕਿ ਜਦ ਵਿਚਾਰ ਕਾਰਜ ਨੂੰ ਚਲਾਉਂਦੇ ਹਨ ਤਾਂ ਇਸ ਤੋਂ ਭਾਵ ਗੈਰ-ਪਦਾਰਥ ਦਾ ਪਦਾਰਥ ਉੱਪਰ ਵਧੇਰੇ ਪ੍ਰਭਾਵ ਹੈ । ਇਹ “ਦੋ ਮੰਡਲ ਬ੍ਰਹਿਮੰਡੀ ਵਿਗਿਆਨ” (ਅਦਵੈਤ-ਦਵੈਤਵਾਦ) Parmenidean ਤੱਤ-ਮੀਮਾਂਸਾ ਵਿਚ ਪ੍ਰਤੱਖ ਵਿਖਾਈ ਦਿੰਦਾ ਹੈ। ਕਿਸੇ “ਦੋ ਮੰਡਲ ਬ੍ਰਹਿਮੰਡੀ ਵਿਗਿਆਨ” ਦੀ ਲੋਕਪ੍ਰਿਅਤਾ ਲਈ ਪਾਰਮੇਂਡੀਅਨ ਅਤੇ ਅਫ਼ਲਾਤੂਨ ਇੰਦ੍ਰੀ ਅਨੁਭਵ ਨਾਲੋਂ ਤਰਕ ਨੂੰ ਪਹਿਲ ਦਿੰਦੇ ਹਨ। ਤਰਕ ਵਿਦਵਤਾ, ਅਸਪੱਸ਼ਟਤਾ, ਅਖੰਡਤਾ, ਸਦੀਵਤਾ ਅਤੇ ਮੌਲਿਕਤਾ ਦੇ ਸਮਾਨ ਹੈ। ਦੂਜੇ ਪਾਸੇ ਅਨੁਭਵੀ ਸੰਸਾਰ, ਸਪੱਸ਼ਟ, ਵੰਡਣਯੋਗ, ਪਦਾਰਥਕ, ਵਿਨਾਸ਼ਮਈ ਅਤੇ ਛਲਾਵਾ ਮੰਨਿਆ ਜਾਂਦਾ ਹੈ। ਦੋਨਾਂ ਵਿਰੋਧੀ ਗੁਣਾਂ ਵਿਚਲਾ ਫ਼ਰਕ ਅਸਲ ਅਤੇ ਦਿੱਖ ਦੀ ਨਿਸ਼ਾਨਦੇਹੀ ਕਰਦਾ ਹੈ। ਯੂਨਾਨੀਆਂ ਵਿਚ ਵਿਚਾਰ ਦੀ ਇਹ ਇਕ ਸਾਂਝੀ ਲੜੀ ਹੈ ਪਰ ਸਿਰਫ਼ ਯੂਨਾਨੀ ਹੀ ਅਜਿਹੇ ਵਿਚਾਰ ਨਹੀਂ ਰੱਖਦੇ। ਪਰੰਪਰਾਗਤ ਅਫ਼ਰੀਕੀ ਸ੍ਰਿਸਟੀ ਵਿਗਿਆਨ ਨਾਲ ਸੰਬੰਧਤ “ਆਤਮ-ਤਾਕਤ” ਅਤੇ “ਪਦਾਰਥਕ ਸੱਤਾ” ਜਿਹੇ ਤੱਥਾਂ ਨੂੰ ਮੰਨਦੇ ਹਨ।

ਉੱਪਰਲੀ ਵਿਚਾਰ ਤੋਂ ਪਤਾ ਲੱਗਦਾ ਹੈ ਕਿ ਸਨਾਤਨੀ ਲੋਕ (ਯੂਨਾਨੀ ਜਾਂ ਅਫ਼ਰੀਕੀ) ਸ੍ਰਿਸਟੀ ਵਿਗਿਆਨ ਦੇ ਦੁਹਰੇਪਣ ਤੋਂ ਅਸਲੀਅਤ ਨੂੰ ਬਿਆਨ ਕਰਦੇ ਹਨ। ਯੂਨਾਨੀਆਂ ਦੇ ਉਲਟ ਅਫ਼ਰੀਕੀ ਆਤਮਾ, ਵਿਚਾਰ ਜਾਂ ਤਰਕ ਦੇ ਦੁਹਰਾਉ ਅਤੇ ਪਦਾਰਥ ਨੂੰ ਅਦਵੈਤ ਜਾਂ ਨਿਵੇਕਲਾ ਪ੍ਰਵਾਨ ਨਹੀਂ ਕਰਦੇ। ਅਫ਼ਰੀਕੀਆਂ ਅਨੁਸਾਰ ਆਤਮਾ ਅਤੇ ਪਦਾਰਥ ਸਮਾਵੇਸ਼ੀ, ਸਹਿਜੀਵਨ ਅਤੇ ਅੰਤਰ ਵੇਦਨ ਦੇ ਨਿਯਮ ਨੂੰ ਵਰਤਦੇ ਹਨ।

ਪੱਛਮੀ ਦਰਸ਼ਨ ਸਾਸ਼ਤਰ ਦੀ ਪਦਾਰਥਵਾਦੀ ਪਰੰਪਰਾ ਵਿਚ ਘਟਨਾ ਜਾਂ ਤੱਥ ਨੂੰ ਭੌਤਿਕ ਵਸਤਾਂ ਅਤੇ ਬ੍ਰਹਿਮੰਡ ਨੂੰ ਚਲਾਉਣ ਵਾਲੀਆਂ ਭੌਤਿਕ (ਬ੍ਰਹਿਮੰਡੀ) ਤਾਕਤਾਂ ਜਾਂ ਨਿਯਮ ਪ੍ਰਵਾਨ ਕੀਤਾ ਜਾਂਦਾ ਹੈ। ਭੌਤਿਕ ਬ੍ਰਹਿਮੰਡ ਦੇ ਪਿੱਛੇ ਸੂਖ਼ਮ ਦੁਹਰਾਅ ਨੂੰ ਖੋਜਣ ਦਾ ਕੰਮ ਆਦਰਸ਼ਵਾਦੀਆਂ ਨੂੰ ਪਾਗ਼ਲ ਬਣਾ ਦਿੰਦਾ ਹੈ। ਸਾਰੇ ਆਦਰਸ਼ਵਾਦੀਆਂ ਲਈ ਜਿਸ ਵਿਚ ਪਾਰਗਾਮੀ ਦਰਸ਼ਨ ਸਾਸ਼ਤਰੀ ਸੈਮੂਅਲ ਕਾਂਤ ਵੀ ਸ਼ਾਮਿਲ ਹੈ “ਅਸਲ ਸੱਚਾਈ” ਵਿਗਿਆਨ ਜਾਂ ਤਰਕ ਹੈ। ਤੱਥ ਲਗਭਗ ਦਿੱਖ ਜਾਂ ਛਲਾਵੇ ਨੂੰ ਚਿਤਰਨ ਲਈ ਵਰਤੇ ਜਾਂਦੇ ਹਨ। ਮਿਸਾਲ ਵਜੋਂ ਪਾਰਮੇਂਡੀਅਨ ਬ੍ਰਹਿਮੰਡ ਵਿਗਿਆਨ ਵਿਚ ਅਸਲ ਸੱਤਾ ਹੈ, ਗ਼ੈਰ-ਸੱਤਾ ਦਿੱਖ ਹੈ। ਅਫਲਾਤੂਨਵਾਦ ਵਿਚ ਅਸਲ ਸੱਚਾਈ adios ਹੈ ਅਤੇ ਭੌਤਿਕ ਬ੍ਰਹਿਮੰਡ adios ਦੀ ਅਲਪਮਈ ਨਕਲ ਹੈ। ਇਸ ਤਰਕਮਈ ਤਰਤੀਬ ਵਿਚ ਕਾਂਤ ਜ਼ੋਰ ਦਿੰਦਾ ਹੈ ਕਿ ਅਸੀਂ ਦਿੱਖ ਨੂੰ ਜਾਨਣ ਦੇ ਸਮੱਰਥ ਹਾਂ ਪਰ ਤੱਥ ਨੂੰ ਸਮਝ ਨਹੀਂ ਸਕਦੇ। ਹੀਗਲ ਕਾਂਤ ਦੇ ਵਿਚਾਰਾਂ ਦੀ ਤਰਤੀਬ ਤੋਂ ਉਲਟ ਹੈ। ਉਸ ਲਈ ਸੰਪੂਰਨ ਆਤਮਾ ਅਸਲ ਸੱਚ ਹੈ, ਦਿੱਸਦਾ ਸੰਸਾਰ ਜਾਂ ਭੌਤਿਕ ਬ੍ਰਹਿਮੰਡ ਸੰਪੂਰਨਤਾ ਦੀ ਪੇਸ਼ਕਾਰੀ ਹੈ। ਮਾਰਕਸ ਅਤੇ ਮਾਰਕਸਵਾਦੀ ਆਦਰਸ਼ਵਾਦੀਆਂ ਦੇ ਵਿਚਾਰ ਇਸ ਨੂੰ

ਇਨਕਾਰਦੇ ਹਨ ਅਤੇ ਇਸ ਗੱਲ 'ਤੇ ਜ਼ੋਰ ਦੇਣ ਲਈ ਅੱਗੇ ਵੱਧਦੇ ਹਨ ਕਿ ਅਸਲ ਸੱਚ ਭੌਤਿਕ ਬ੍ਰਹਿਮੰਡ ਹੈ। ਵੀ ਆਈ ਲੈਨਿਨ ਅਨੁਸਾਰ ਤੱਥ ਆਪਣੇ-ਆਪ ਵਿਚ ਵਸਤੂਆਂ ਹਨ। ਇੱਥੇ ਅਣਜਾਣ ਜਾਂ ਨ ਜਾਣਨਯੋਗ ਲਈ ਕੋਈ ਖੇਤਰ ਨਹੀਂ। ਸਧਾਰਨ ਤੌਰ 'ਤੇ ਤੱਥ ਗਿਆਤ ਅਤੇ ਗਿਆਤ ਹੋਣ ਵਾਲੇ ਦੋਨੋਂ ਦਾ ਮੇਲ ਹੈ। ਇੱਥੇ ਪੱਛਮੀ ਦਾਰਸ਼ਨਿਕਾਂ ਵਿਚਕਾਰ ਅਸਲੀਅਤ ਅਤੇ ਦਿੱਖ ਬਾਰੇ ਵਿਚਾਰਾਂ ਦੀ ਭਿੰਨਤਾ ਨੂੰ ਲੱਭਣ ਲਈ ਹੈਡੇਗਰ ਦੀ ਦਖਲਅੰਦਾਜ਼ੀ ਦੀ ਲੋੜ ਹੈ। ਦੂਸਰੇ ਸ਼ਬਦਾਂ ਵਿਚ, ਸਨਾਤਨ ਪੱਛਮੀ ਦਾਰਸ਼ਨਿਕਾਂ ਦੀ ਸਮੱਸਿਆ ਹੈ ਕਿ ਉਨ੍ਹਾਂ ਅਸਲੀਅਤ ਦੀ ਸਮਝ ਦਾ ਧਰੁਵੀਕਰਨ ਕੀਤਾ ਅਤੇ ਅਸਲੀਅਤ ਦੇ ਧਰੁਵੀਕਰਨ ਤੋਂ ਬਾਅਦ ਹੀ ਅਸਲੀਅਤ ਦੇ ਪੱਖ ਨੂੰ ਅਸਲ ਸਮਝਣ ਦਾ ਰੁਝਾਨ ਵਧਿਆ ਜਦਕਿ ਦੂਸਰਾ ਪੱਖ ਭੁਲੇਖਾ ਜਾਂ ਲਗਭਗ ਦਿੱਖ ਹੈ। ਸੰਗਠਿਤ ਤੱਤ ਮੀਮਾਸਾਂ ਜਾਂ ਵਿਆਖਿਆਤਮਕ ਪ੍ਰਤੱਖ-ਗਿਆਨਵਾਦ ਦੇ ਪਰਿਪੇਖ ਤੋਂ ਵੇਖੀਏ ਅਸੀਂ ਇਸ ਨਤੀਜੇ 'ਤੇ ਪਹੁੰਚਦੇ ਹਾਂ ਕਿ ਅਨੇਕਤਾ ਵਿਚ ਏਕਤਾ ਹੈ(ਬਹੁਤਿਆਂ ਵਿਚ ਇਕ)। ਇਸ ਤਰ੍ਹਾਂ ਅਨੇਕਤਾ ਵਿਚ ਏਕਤਾ ਜਾਂ ਇਕ ਅਸਲੀਅਤ ਸਾਹਮਣੇ ਆਉਦੀਂ ਹੈ ਅਤੇ ਬਹੁਤੀ ਅਤੇ ਭਿੰਨ ਅਸਲੀਅਤ ਕਈ ਤਰ੍ਹਾਂ ਦੀ, ਬਹੁ-ਪੱਖੀ ਅਤੇ ਬਹੁ-ਪਾਸਾਰੀ ਹੂੰਦੀ ਹੈ। ਪਰ ਅਸੀਂ ਸਿਰਫ਼ ਅਸੀਂ ਇਕ ਸਮੇਂ ਅਸਲੀਅਤ ਦਾ ਇਕ ਪੱਖ ਹੀ ਸਮਝ ਸਕਦੇ ਹਾਂ।

### ਬਦਲਾਅ ਅਤੇ ਸਥਿਰਤਾ ਦੀ ਸਮੱਸਿਆ:

ਬਦਲਾਅ ਅਤੇ ਸਥਿਰਤਾ ਦੀ ਸਮੱਸਿਆ ਸੱਤਾ ਅਤੇ ਗ਼ੈਰ-ਸੱਤਾ ਦੀ ਸਮੱਸਿਆ ਨਾਲ ਜੁੜੀ ਹੋਈ ਹੈ। ਅਸਲ ਵਿਚ ਇਹ ਸੱਤਾ ਅਤੇ ਗ਼ੈਰ-ਸੱਤਾ ਦੇ ਆਪਸ ਵਿਚ ਘੁਲ-ਮਿਲ ਜਾਣ ਕਾਰਨ ਹੈ ਕਿ ਵਾਪਰਨ ਵਾਲਾ(ਬਦਲਾਅ) ਪੇਸ਼ ਹੁੰਦਾ ਹੈ। ਆਮ ਸਹਿਮਤੀ 'ਚ ਸੱਤਾ ਸਥਿਰ, ਆਖੰਡ, ਅਵਿਨਾਸ਼ੀ, ਅਨਾਸ਼ਵਾਨ, ਇਕ ਸਥਾਈ ਅਤੇ ਅਪਰਿਵਰਤਨਸ਼ੀਲ ਹੈ। ਬਦਲਾਅ ਸੱਤਾ ਦੇ ਬਿਲਕੁਲ ਉਲਟ ਹੈ।

ਡੇਵਿਡ ਲਿੰਡਬਰਗ (**David Lindberg**) ਅਨੁਸਾਰ ਬਦਲਾਅ ਦੀ ਵਿਆਖਿਆ ਪੰਜਵੀਂ ਸਦੀ ਬੀ ਸੀ ਦੇ ਯੂਨਾਨੀ ਦਾਰਸ਼ਨਿਕਾਂ ਵਿਚਕਾਰ ਪ੍ਰਮੁੱਖ ਵਿਸ਼ਾ ਸੀ। ਦੁਹਰਾਈ ਕਰਦੇ ਹੋਏ ਜੇਮਜ (James) ਆਖਦਾ ਹੈ ਕਿ ਯੂਨਾਨੀ ਦਾਰਸ਼ਨਿਕਾਂ ਵਿਚਕਾਰ ਬਦਲਾਅ ਦੀ ਵਿਆਖਿਆ ਅਸਲ ਵਿਚ ਪਾਇਥਾਗੋਰਸ(Pythagoras) ਨਾਲ ਆਰੰਭ ਹੁੰਦੀ ਹੈ ਨਾ ਕਿ ਪਾਰਮੇਂਡਸ(Parmenides) ਨਾਲ।

ਉਹ ਦੱਸਦਾ ਹੈ ਕਿ ਪਾਇਥਾਗੋਰਸ ਰੂਪ ਦੇ ਬੁਨਿਆਦੀ ਨਿਯਮਾਂ ਦੁਆਰਾ ਵਸਤੂਆਂ ਦੀ ਸ੍ਰੇਣੀ ਦੇ ਮਿਸਰ ਸਿਧਾਂਤ ਤੋਂ ਪੂਰੀ ਤਰ੍ਹਾਂ ਜਾਣੂ ਹੈ ਜੋ ਵਿਰੋਧੀ ਅਤੇ ਮੁਕਾਬਲੇ ਦੇ ਰੂਪ ਵਿਚ ਵਾਪਰਦਾ ਹੈ। ਉਸ ਦਾ ਕਥਨ ਹੈ "ਪਾਇਥਾਗੋਰਸੀਏ ਇਸ (ਵਿਰੋਧ ਦੇ ਮਤ) ਨੂੰ ਅੰਕਾਂ ਦੇ ਤੱਤ-ਬਿਖਮ ਅਤੇ ਸਮ ਰਾਹੀਂ ਦਰਸਾਉਂਦੇ ਹਨ।" ਸੰਭਵ ਤੌਰ 'ਤੇ ਇਹ ਉਸ ਦੇ ਵਿਰੋਧਾਂ ਅਤੇ ਮੁਕਾਬਲਿਆਂ ਦੁਆਰਾ ਵਸਤੂਆਂ ਦੀ ਸ੍ਰੇਣੀ ਦੇ ਗਿਆਨ ਉੱਪਰ ਆਧਾਰਿਤ ਹੈ ਜਿਸ ਨੂੰ ਪਾਇਥਾਗੋਰਸ ਆਪ "ਰਚਨਾ ਵਿਚ ਅੱਗ ਸਮਾਈ ਹੋਈ ਹੈ" ਬਿਆਨ ਕਰਦਾ ਹੈ। ਜੇਮਜ਼ ਅੱਗੇ ਦੱਸਦਾ ਹੈ ਕਿ ਵਿਰੋਧਾਂ ਅਤੇ ਮੁਕਾਬਲਿਆਂ ਦੁਆਰਾ ਵਸਤੂਆਂ ਦੀ ਸ੍ਰੇਣੀ ਦਾ ਨਿਯਮ ਪੰਜਵੀਂ ਸਦੀ ਬੀ ਸੀ ਦੇ ਯੂਨਾਨੀ ਦਾਰਸ਼ਨਿਕ ਬਹੁਤ ਚੰਗੀ ਤਰ੍ਹਾਂ ਜਾਣਦੇ ਸਨ ਜਿਨ੍ਹਾਂ ਦਾ ਪਾਰਮੇਂਡਸ ਨੂੰ ਛੁੱਟ ਪਾਇਥਾਗੋਰਸ ਅਤੇ ਉਸ ਦੇ ਅਨੁਯਾਈਆਂ ਨਾਲ ਸਿੱਧਾ ਸੰਬੰਧ ਸੀ। ਸ੍ਰੇਣੀ ਨਿਯਮ ਤੋਂ ਅਣਜਾਣ "ਸੱਤਾ ਦੀ ਹੋਂਦ ਨੂੰ ਪੱਕਾ ਕਰਨ ਲਈ ਪਾਰਮੇਂਡਸ ਇਕ ਵਿਰੋਧੀ (ਗ਼ੈਰ-ਸੱਤਾ) ਦੀ ਹੋਂਦ ਨੂੰ ਇਨਕਾਰਦੇ ਹਨ (ਪੰਨਾ -74)"। ਅਸੀਂ ਦੇਖਦੇ ਹਾਂ ਕਿ ਪਾਰਮੇਂਡਸ ਦਰਸ਼ਨ-ਸਾਸ਼ਤਰ ਵਿਚ ਵਿਰੋਧਾਂ ਅਤੇ ਮੁਕਾਬਲਿਆਂ ਉੱਤੇ ਵਿਆਖਿਆ ਦੀ ਅਣਹੋਂਦ ਹੈ ਜੋ ਉਸ ਸਮੇਂ ਦੇ ਯੂਨਾਨੀ ਦਾਰਸ਼ਨਿਕਾਂ ਵਿਚ ਕਾਫ਼ੀ ਪ੍ਰਸਿੱਧ ਹੈ ਅਤੇ ਪ੍ਰਤੱਖ ਵੀ।

ਪਾਰਮੇਂਡਸ ਅਨੁਸਾਰ ਸੱਤਾ ਇਕ ਅਤੇ ਸਿਰਫ਼ ਇਕ ਹੈ। ਇਸ ਲਈ "ਸੱਤਾ ਨਾ ਪੈਦਾ ਕੀਤੀ ਜਾਣ ਵਾਲੀ ਅਤੇ ਅਪਰਿਵਰਤਨਸ਼ੀਲ ਹੈ। ਸੱਤਾ ਦੀ ਸੱਤਾ ਨੂੰ ਪੈਦਾ ਕਰਨਾ ਮੁਸ਼ਕਿਲ ਹੈ। ਅਜਿਹੇ ਹਾਲਾਤਾਂ ਵਿਚ ਹੋਂਦ ਤੋਂ ਪਹਿਲਾਂ ਸੱਤਾ ਦੀ ਹੋਂਦ ਜ਼ਰੂਰੀ ਹੈ।"ਏਸ਼ੀਆ ਵਿਚ Ephesus ਦੇ ਜੰਮਪਲ Heraclitus ਦੇ ਵਿਚਾਰ ਪੇਰਾਮੇਂਡਸ ਤੋਂ ਵੱਖਰੇ ਹਨ। ਮੁਕਾਬਲਿਆਂ ਅਤੇ ਵਿਰੋਧਾਂ ਨੂੰ ਦ੍ਰਿੜਤਾ ਨਾਲ ਰੱਦ ਕਰਨ ਵਾਲੇ ਪਾਰਮੇਂਡਸ ਦੇ ਉਲਟ Heraclitus ਅਨੁਸਾਰ ਵਿਰੋਧ ਅਤੇ ਮੁਕਾਬਲੇ ਬ੍ਰਹਿਮੰਡ ਨੂੰ ਜਾਰੀ ਰੱਖਦੇ ਅਤੇ ਅੱਗੇ ਚਲਾਉਂਦੇ ਹਨ ਅਤੇ ਇਸੇ ਕਰਕੇ ਬ੍ਰਹਿਮੰਡ ਬਦਲਾਅ ਦੀ ਸਦੀਵੀ ਅਵਸਥਾ ਹੈ, ਪ੍ਰਵਾਹ ਦੀ ਸਦੀਵੀ ਅਵਸਥਾ ਹੈ। ਇਸੇ ਕਰਕੇ "ਇੱਥੇ ਕੋਈ ਸਥਿਰ ਸੱਤਾ ਨਹੀਂ, ਕੋਈ ਅਪਰਿਵਰਤਨਸ਼ੀਲ ਤੱਤ ਨਹੀਂ।" ਬਦਲਾਅ ਬ੍ਰਹਿਮੰਡ ਦਾ ਸੁਆਮੀ ਹੈ।

ਅੱਗ ਦੁਆਰਾ ਲਿਆਂਦੀ ਗਈ ਤਬਦੀਲੀ ਬੇਤਰਤੀਬੀ ਨਹੀਂ ਹੁੰਦੀ ਸਗੋਂ ਸਮਾਨ, ਤਰਤੀਬ ਵਿਚ ਅਤੇ ਚੱਕਰ ਵਿਚ ਹੁੰਦੀ ਹੈ ਕਿਉਂਕਿ "ਸਵਰਗੀ ਅੱਗਾਂ ਲਗਾਤਾਰ ਵਾਸ਼ਪ, ਪਾਣੀ ਅਤੇ ਧਰਤੀ ਵਿਚ ਰੂਪਾਂਤਰਣ ਹੋ ਜਾਂਦੀਆਂ ਹਨ, ਇਸ ਪ੍ਰਕਿਰਿਆ ਵਿਚ ਦੁਆਰਾ ਜਾਣ ਲਈ ਉਹ ਫਿਰ ਅੱਗ ਵੱਲ ਵਧਦੇ ਹਨ।" ਵਸਤੂਆਂ ਦੀ ਇਹ ਸਮਾਨ, ਤਰਤੀਬੀ ਅਤੇ ਚੱਕਰੀ ਤਬਦੀਲੀ "ਕੁਦਰਤ ਦੀ ਅੰਦਰੂਨੀ ਸੁਮੇਲਤਾ ਜੋ ਹਮੇਸ਼ਾਂ ਵਿਰੋਧਾਂ,'ਚੋਂ ਇਕਸੁਰਤਾ ਪੈਦਾ ਕਰਦੀ ਹੈ, ਦੈਵੀ ਕਾਨੂੰਨ (ਖਾਈ)ਜਾਂ ਬ੍ਰਹਿਮੰਡੀ ਤਰਕ (ਸ਼ਬਦ-ਬ੍ਰਹਮ) ਸਾਰੀਆਂ ਨੂੰ ਚਲਾਉਂਦੇ ਹਨ, ਆਪਣੇ-ਆਪ ਨੂੰ ਸਾਰੀਆਂ ਵਸਤਾਂ ਵਿਚ ਪੈਦਾ ਕਰਦੇ ਹਨ ਅਤੇ ਸਾਰੀਆਂ ਵਸਤਾਂ ਦੁਆਰਾ ਪੱਕੇ ਨਿਯਮਾਂ ਅਨੁਸਾਰ ਸਾਂਭੇ ਜਾਂਦੇ ਹਨ", ਸੰਭਵ ਹੈ।

ਇਸੇ ਕਰਕੇ Heraclitus ਕਹਿੰਦਾ ਹੈ ਕਿ ਕੋਈ ਵੀ ਇੱਕੋ ਪਾਣੀ ਵਿਚ ਵਾਰੀ-ਵਾਰੀ ਡੁੱਬਕੀ ਨਹੀਂ ਲਗਾਉਂਦਾ ਅਤੇ ਤਾਜ਼ਾ ਪਾਣੀ ਹਮੇਸ਼ਾਂ ਵੀਂਹਿਦਾ ਰਹਿੰਦਾ ਹੈ। ਇਹ ਕਹਿਣ ਦੀ ਲੋੜ ਨਹੀਂ ਕਿ Heraclitus ਦੀ ਸੋਚਣੀ ਕਿ ਸ਼ਬਦ-ਬ੍ਰਹਮ ਜੋ ਬਦਲਾਅ ਲਿਆਉਂਦਾ ਹੈ ਗ਼ੈਰ ਭੌਤਿਕ ਹੋਵੇ Anaximander ਦੀ ਪੁਰਾਣੀ ਧਾਰਨਾ ਕਿ "ਬਦਲਾਅ ਪਦਾਰਥ ਨੂੰ ਨਾਸ਼ ਕਰਦੀ ਹੈ ਅਤੇ ਜਦੋਂ ਤਕ ਬੁਨਿਆਦ ਦਾ ਪਰਿਵਰਤਨ ਸੀਮਾ-ਰਹਿਤ ਨਹੀਂ ਹੁੰਦਾ, ਬਦਲਾਅ ਕਿਸੇ ਜਗ੍ਹਾਂ 'ਤੇ ਰੁੱਕ ਜਾਵੇਗਾ "(ਪੰਨਾ-56), ਦੀ ਪ੍ਰੋੜਤਾ ਕਰਦਾ ਹੈ।

ਪੱਛਮੀ ਦਰਸ਼ਨ ਸਾਸ਼ਤਰ ਵਿਚ Parmenides ਅਤੇ Heraclitus ਵਿਚਕਾਰ ਦਵੈਤਵਾਦ ਦੀ ਸਮੱਸਿਆ ਸਾਹਮਣੇ ਆਉਂਦੀ ਹੈ। ਮਿਸਾਲ ਦੇ ਤੌਰ 'ਤੇ ਅਫਲਾਤੂਨ ਵਿਚ ਦਵੈਤਵਾਦ ਸ਼ਬਦਾਂ ਦੇ ਰੂਪ (ਛਾਇਆ) ਵਿਚਕਾਰ ਵੰਡ ਦਾ ਬਣਿਆ ਹੋਇਆ ਹੈ ਜੋ ਪਰਿਵਰਤਨਸ਼ੀਲ ਮੰਨਿਆ ਜਾਂਦਾ ਹੈ ਅਤੇ ਵਸਤਾਂ ਦਾ ਅਲਪਕਾਲੀ ਸੰਸਾਰ ਪਰਿਵਰਤਨਸ਼ੀਲ਼ ਹੈ। ਸਵਾਲ ਇਹ ਉੱਠਦਾ ਹੈ ਕਿ ਤਬਦੀਲੀ ਅਤੇ ਸਥਿਰਤਾ ਵਿਚੋਂ ਬ੍ਰਹਿਮੰਡ ਦੀ ਕਿਹੜੀ ਪ੍ਰਭਾਵੀ ਵਿਸ਼ੇਸ਼ਤਾ ਹੈ।

ਅਫਲਾਤੂਨ ਅਨੁਸਾਰ ਪਦਾਰਥਾਂ ਦੀ ਅਸੰਪੂਰਨਤਾ ਕਾਰਨ ਤਬਦੀਲੀ ਆਉਂਦੀ ਹੈ ਜੋ ਸੰਸਾਰ ਦੀਆਂ ਨਵੀਆਂ ਘੜ੍ਹੀਆਂ ਜਾਣ ਵਾਲੀਆਂ ਵਸਤਾਂ ਵਿਚ ਵਰਤੀ ਜਾਂਦੀ ਹੈ। ਇਸ ਦੀ ਜਗ੍ਹਾਂ ਅਰਸਤੂ ਨੇ ਭੌਤਿਕ ਵਿਗਿਆਨ ਦਾ ਸਿਧਾਂਤ ਦਿੱਤਾ (ਪਦਾਰਥ ਅਤੇ ਰੂਪ) ਜਿਸ ਅਨੁਸਾਰ ਪਦਾਰਥਕ ਵਸਤਾਂ ਕੋਲ ਇਕ ਸਥਿਤੀ ਤੋਂ ਦੂਜੀ ਵਿਚ ਰੂਪਾਂਤਰਨ ਕਰਨ ਦੀ ਸਮਰੱਥਾ ਹੁੰਦੀ ਹੈ। ਪ੍ਰੰਤੂ ਇਹ ਤਬਦੀਲੀ ਰੂਪ (ਮਨ) ਦੁਆਰਾ ਹੀ ਸੰਭਵ ਬਣਦੀ ਹੈ ਜੋ ਪਦਾਰਥ ਉੱਪਰ ਕਿਰਿਆ ਕਰਦੀ ਹੈ-ਇਸ ਤਰ੍ਹਾਂ ਇਹ ਸਮਰੱਥਾ ਤੋਂ ਅਸਲੀਅਤ ਵੱਲ ਚਲਣਾ ਹੈ। ਸਭ ਤੋਂ ਪਹਿਲਾਂ, "ਬ੍ਰਹਿਮੰਡ ਵਿਚ ਸਮੁੱਚੀ ਤਬਦੀਲੀ ਅਤੇ ਗਤੀ ਵਸਤੂਆਂ ਦੇ ਸੁਭਾਅ ਤੋਂ ਲੱਭੀ ਜਾ ਸਕਦੀ ਹੈ"। ਇਸ ਲਈ, ਇਸ ਦੇ ਸੁਭਾਅ ਦੁਆਰਾ, ਪਦਾਰਥ ਕੋਲ "(1) ਗ਼ੈਰ-ਸੱਤਾ (2) ਸਮਰੱਥ-ਸੱਤਾ ਅਤੇ (3) ਅਸਲ-ਸੱਤਾ" ਦੇ ਤਿੰਨ ਪੱਧਰਾਂ 'ਤੇ ਤਬਦੀਲੀ ਲਿਆਉਣ ਦਾ ਬਲ ਹੈ।

ਉਦਾਹਰਨ ਲਈ ਗਰਮ ਅਤੇ ਠੰਡਾ (ਅਭਾਵ ਦੀ ਕਲਪਨਾਤਮਕ ਸਥਿਤੀ ਜਾਂ ਗਰਮ ਜਾਂ ਠੰਡੇਪਣ ਦੀ ਸੱਤਾ) ਠੰਡ ਜਾਂ ਨਮੀ ਵਿਚ ਰੂਪਾਂਤਰਣ ਕੀਤਾ ਜਾ ਸਕਦਾ ਹੈ(ਗ਼ੈਰ-ਸੱਤਾ ਜਿਹੀ ਅਣਹੋਂਦ)। ਦੂਸਰੇ ਪੱਧਰ'ਤੇ, ਸਮਰੱਥ ਸੱਤਾ ਨੂੰ ਅਸਲੀ ਸੱਤਾ ਵਿਚ ਤਬਦੀਲ ਕੀਤਾ ਜਾ ਸਕਦਾ ਹੈ। ਉਦਾਹਰਨ ਦੇ ਤੌਰ 'ਤੇ ਇਹ ਤਦ ਵਾਪਰਦਾ ਹੈ ਜਦ ਇਕ ਬੀਜ ਇਕ ਅਸਲੀ ਦਰਖਤ ਬਣ ਕੇ ਆਪਣੀ ਸਮਰੱਥਾ ਦਿਖਾਉਂਦਾ ਹੈ। ਇਸ ਵਿਚ ਬੀਜ ਰੂਪ (ਡੀ.ਐਨ. ਏ.) ਵਿਚ ਬਦਲ ਜਾਂਦਾ ਹੈ ਜੋ ਅਸਲ ਦਰਖਤ ਦੇ ਵਿਕਾਸ ਨੂੰ ਨਿਰਧਾਰਿਤ ਕਰਦਾ ਹੈ ਅਤੇ Genetic Engineering ਵਿਚ Morphogenesis ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਤੀਜੇ ਪੱਧਰ 'ਤੇ ਅਤੇ ਆਖੀਰ ਵਿਚ ਅਰਸਤੂ ਦਲੀਲ ਦਿੰਦਾ ਹੈ ਕਿ "ਬ੍ਰਹਿਮੰਡ ਵਿਚ ਹਰ ਤਬਦੀਲੀ ਅਤੇ ਗਤੀ ਪ੍ਰਕਿਰਤੀ ਤੋਂ ਲੱਭੀ ਜਾ ਸਕਦੀ ਹੈ"।

ਭਾਵੇਂ Lindberg ਚਿਤਾਵਨੀ ਦਿੰਦਾ ਹੈ ਕਿ ਇਹ ਤਬਦੀਲੀ ਦਾ ਤੀਜਾ ਪੱਧਰ ਸਿਰਫ਼ ਕੁਦਰਤੀ ਵਸਤੂਆਂ ਨੂੰ ਵਰਤੋਂ ਵਿਚ ਲਿਆਏਗਾ, ਬਨਾਵਟੀ ਵਸਤੂਆਂ ਨਹੀਂ। ਪਰ ਤਬਦੀਲੀ ਦੀਆਂ ਸਾਰੀਆਂ ਸ਼ਕਤੀਆਂ ਅਸੰਭਵ ਰਹਿੰਦੀਆਂ ਹਨ ਜੇਕਰ ਸਮੱਗਰੀ ਨੂੰ ਰੂਪਾਂਤਰਨ ਕਰਨ ਲਈ ਕੋਈ ਤਾਕਤ (mind) ਨ ਹੋਵੇ। ਇਸ ਨੁਕਤੇ 'ਤੇ ਆ ਕੇ ਅਸੀਂ ਅਰਸਤੂ ਦੁਆਰਾ ਦਿੱਤੇ ਕਾਰਣਤਾ ਦੀਆਂ ਚਾਰ ਧਾਰਨਾਵਾਂ ਵੱਲ ਚੱਲਦੇ ਹਾਂ। ਇਸ ਵਿਚ (ੳ) ਰਸਮੀ ਕਾਰਨ (ਅ) ਸਮੱਗਰੀ ਕਾਰਨ (ੲ) ਨਿਪੁੰਨ ਕਾਰਨ ਅਤੇ (ਸ) ਆਖਰੀ ਕਾਰਨ ਸ਼ਾਮਿਲ ਹਨ ਜੋ ਤਬਦੀਲ ਹੁੰਦਾ ਹੈ (ੳ) ਵਸਤੂ ਦੁਆਰਾ ਪ੍ਰਾਪਤ ਕੀਤਾ ਰੂਪ (ਅ) ਰੂਪ ਦੀ ਅੰਦਰਲੀ ਸਮੱਗਰੀ ਜੋ ਤਬਦੀਲੀ ਤੋਂ ਬਾਅਦ ਕਾਇਮ ਰਹਿੰਦੀ ਹੈ (ੲ) ਤਬਦੀਲੀ ਲਿਆਉਣ ਵਾਲੀ ਸੰਸਥਾ ਅਤੇ (ਸ) ਬਦਲਾਅ ਦੁਆਰਾ ਵਰਤਿਆ ਜਾਣ ਵਾਲਾ ਉਦੇਸ (ਟੀਚਾ)"।

ਸਾਰੇ ਸਮੇਂ ਪਦਾਰਥ ਉੱਪਰ ਮਨ ਕਿਰਿਆ ਕਰਦਾ ਹੈ। ਇਸ ਰਸਮੀ ਕਾਰਨ ਦੇ ਪੱਧਰ 'ਤੇ, ਮਨ ਪਦਾਰਥ ਉੱਪਰ ਰੂਪ (ਵਿਚਾਰ) ਠੋਸਦਾ ਹੈ, ਸਮੱਗਰੀ ਕਾਰਨ ਦੇ ਪੱਧਰ 'ਤੇ ਪਦਾਰਥ ਨਿਸ਼ਚਿਤ ਰੂਪ, ਆਕਾਰ ਅਤੇ ਭਾਰ ਪ੍ਰਾਪਤ ਕਰ ਲੈਂਦਾ ਹੈ, ਨਿਪੁੰਨ ਕਾਰਨ ਦੇ ਪੱਧਰ 'ਤੇ ਸੰਸਥਾ ਹਮੇਸ਼ਾਂ ਕਿਰਿਆ ਕਰਦੀ ਹੈ (ਸ਼ਿਲਪਕਾਰ ਜਾਂ ਘੁਮਿਆਰ) ਜੋ ਹੁਣ ਸਮੱਗਰੀ ਨੂੰ ਮਨ 'ਚ ਬਣਾਏ ਰੂਪ ਜਾਂ ਵਿਚਾਰ ਅਨੁਸਾਰ ਆਕਾਰ ਲੈਣ ਲਗਦਾ ਹੈ ਅਤੇ ਆਖਰੀ ਪੱਧਰ 'ਤੇ ਇਕ ਸੰਪੂਰਨ ਪੈਦਾਵਾਰ ਦੇ ਰੂਪ ਵਿਚ ਸਾਡੇ ਉਦੇਸ਼ਾਂ ਦੀ ਪੂਰਤੀ ਕਰਦਾ ਹੈ ਜੋ ਵਪਾਰਕ, ਅਧਿਆਤਮਿਕ, ਆਰਥਿਕ, ਰਾਜਨੀਤਿਕ, ਅਲੰਕਾਰਕ, ਸਭਿਆਚਾਰਿਕ ਅਤੇ ਅਜਿਹੇ ਹੋਰ ਹੋ ਸਕਦੇ ਹਨ। ਅਸੀਂ ਇਸ ਨੂੰ ਅਰਸਤੂ ਦੇ ਬਦਲਾਅ ਅਤੇ ਸਥਿਰਤਾ ਦੇ ਚੱਜਾਂ ਵਿਚ ਵੇਖ ਸਕਦੇ ਹਾਂ। ਮਹੱਤਵਪੂਰਨ ਧਾਰਨਾ ਇਹ ਹੈ ਕਿ "ਗਤੀ ਅਤੇ ਸਥਿਰਤਾ ਕੁਦਰਤ ਦੇ ਗੁਣ ਹਨ"।

ਸਥਿਰਤਾ ਅਤੇ ਬਦਲਾਅ ਦੀ ਵਿਆਖਿਆ ਅੱਗੇ ਜਾ ਕੇ ਜਾਰਜ ਹੀਗਲ, ਕਾਰਲ ਮਾਰਕਸ ਅਤੇ ਮਾਰਟਨ ਹੈਡੇਗਰ ਦੇ ਦਰਸ਼ਨ ਸਾਸ਼ਤਰ ਵਿਚ ਦਵੰਦਵਾਦ ਅਤੇ ਵਿਆਖਿਆਤਮਕ ਪ੍ਰਤੱਖਵਾਦ ਦੇ ਨਿਯਮਾਂ ਨੂੰ ਜਨਮ ਦਿੰਦਾ ਹੈ। ਦਵੰਦ ਇਤਿਹਾਸ ਵਿਚ ਤਰਕ ਜਾਂ ਬਦਲਾਅ ਦਾ ਨਿਯਮ ਹੈ ਜਦਕਿ ਵਿਆਖਿਆਤਮਕ ਪ੍ਰਤੱਖਵਾਦ ਵਿਆਖਿਆ ਦਾ ਤਰਕ ਹੈ ਜੋ ਤੋੜ-ਭੰਨ ਦੁਆਰਾ ਵਿਆਖਿਆ ਕਰਨ ਵੱਲ ਪ੍ਰੇਰਦਾ ਹੈ। ਹੀਗਲ ਇਤਿਹਾਸਕ ਬਦਲਾਅ ਉੱਪਰ ਚਾਨਣਾ ਪਾਉਣ ਲਈ ਦਵੰਦਾਂ ਨੂੰ ਵਰਤਦਾ ਹੈ। ਇਸੇ ਨਿਯਮ ਨੂੰ ਮਾਰਕਸ ਸਮਾਜਿਕ ਚੇਤਨਾ ਵਿਚ ਬਦਲਾਅ ਬਾਰੇ ਚਰਚਾ ਕਰਨ ਲਈ ਵਰਤਦਾ ਹੈ। ਜਿੱਥੇ ਇਤਿਹਾਸ ਵਿਚ ਹੀਗਲ ਦੀ ਬਦਲਾਅ ਬਾਰੇ ਗਲਬਾਤ ਆਤਮਾ ਜਾਂ ਤਰਕ ਦੇ ਨਿਰਦੇਸ਼ਾਂ ਤੋਂ ਅਗਵਾਈ ਪ੍ਰਾਪਤ ਕਰਦੀ ਹੈ ਉੱਥੇ ਮਾਰਕਸ ਦੀ ਸਮਾਜਿਕ ਚੇਤਨਾ ਵਿਚ ਤਬਦੀਲੀ ਬਾਰੇ ਚਰਚਾ ਪਦਾਰਥ ਦੇ ਨਿਰਦੇਸ਼ਾਂ ਤੋਂ ਅਗਵਾਈ ਹਾਸਲ ਕਰਦੀ ਹੈ।

ਇਸੇ ਕਰਕੇ ਹੀਗਲ ਦੀ ਬਦਲਾਅ ਉੱਪਰ ਵਿਆਖਿਆ ਦਵੰਦਾਤਮਕ ਅਤੇ ਇਤਿਹਾਸਕ ਆਦਰਸ਼ਵਾਦ ਦੇ ਤੌਰ 'ਤੇ ਜਾਣੀ ਜਾਂਦੀ ਹੈ ਅਤੇ ਦੂਸਰੇ ਪਾਸੇ ਤਬਦੀਲੀ ਬਾਰੇ ਮਾਰਕਸ ਦਾ ਵਰਣਨ ਦਵੰਦਾਤਮਕ ਅਤੇ ਇਤਿਹਾਸਕ ਪਦਾਰਥਵਾਦ ਕਹਾਉਂਦਾ ਹੈ। ਤਬਦੀਲੀ ਬਾਰੇ ਦਵੰਦਾਤਮਕ ਵਿਚਾਰ ਚਰਚਾ ਦੀ ਸਮੱਸਿਆ ਇਹ ਹੈ ਕਿ ਇਹ ਸੱਤਾ ਅਤੇ ਗ਼ੈਰ-ਸੱਤਾ ਵਿਚਕਾਰ ਵਿਰੋਧਤਾ ਦੇ ਕਾਰਨ ਤਬਦੀਲੀ ਆਉਂਦੀ ਹੈ, ਦਾ ਪ੍ਰਭਾਵ ਛੱਡਦੀ ਹੈ। ਇਹ ਹੀਗਲ ਦੀ ਦਿੱਤੀ ਵਿਆਖਿਆ ਤੋਂ ਬੜੀ ਅੱਛੀ ਤਰ੍ਹਾਂ ਸਪੱਸ਼ਟ ਹੁੰਦਾ ਹੈ ਜਿੱਥੇ ਸੱਤਾ ਨੂੰ ਸਥਿਤੀ ਜਾਂ ਦਾਅਵੇ ਵਜੋਂ, ਗ਼ੈਰ-ਸੱਤਾ ਨੂੰ ਵਿਰੋਧੀ ਵਿਰੋਧਤਾ ਜਾਂ ਅਣਹੋਂਦ ਵਜੋਂ, ਵਾਪਰਨ ਨੂੰ ਸੰਸ਼ਲੇਸ਼ਣ ਜਾਂ ਇਕਸੁਰਤਾ ਵਜੋਂ ਪੇਸ਼ ਕੀਤਾ ਜਾਂਦਾ ਹੈ। ਸੱਤਾ ਅਤੇ ਗ਼ੈਰ-ਸੱਤਾ ਵਿਚਕਾਰ ਵਿਰੋਧੀ ਸੰਬੰਧਾਂ ਕਾਰਨ ਅਪਾਰਤਾ ਤੱਕ ਘਟਨਾਵਾਂ ਵਾਪਰਦੀਆਂ ਰਹਿੰਦੀਆਂ ਹਨ।

ਸਮਾਜਿਕ ਸੰਬੰਧਾਂ ਵਿਚ, ਇਸ ਤਰ੍ਹਾਂ ਦੇ ਸੋਚਣ ਢੰਗ ਦਾ ਖਤਰਾ ਇਹ ਹੈ ਕਿ ਇਸ ਨਾਲ ਯੁੱਧ ਹੀ ਕੇਵਲ ਤਬਦੀਲੀ ਦਾ ਇਕ ਸਾਧਨ ਹੈ, ਦਾ ਪ੍ਰਭਾਵ ਛੱਡਿਆ ਜਾਂਦਾ ਹੈ ਭਾਵ ਸ਼ਾਂਤੀ ਸਮੇਂ ਕੋਈ ਅਸਹਿਮਤੀ ਨਹੀਂ ਹੁੰਦੀ ਜਿਸ ਕਰਕੇ ਸ਼ਾਂਤੀ ਤਬਦੀਲੀ ਨਹੀਂ ਲਿਆਉਂਦੀ। ਹੈਡੇਗਰ ਦਾ ਵਿਆਖਿਆਤਮਕ ਪ੍ਰਤੱਖਵਾਦ ਸਾਨੂੰ ਪਛਾਣ ਪੱਧਰ 'ਤੇ ਲਿਜਾ ਕੇ ਇਸ ਵਿਚਾਰ ਨੂੰ ਇਉਂ ਉਲਟਾਉਂਦਾ ਹੈ ਕਿ ਸੱਤਾ ਅਤੇ ਗ਼ੈਰ-ਸੱਤਾ ਮੁੱਢ ਤੋਂ ਇਕ ਦੂਜੇ ਦੇ ਵਿਰੋਧੀ ਨਹੀਂ ਬਲਕਿ ਆਪਸ ਵਿਚ ਇਕੋ ਝੁਕਾਅ (ਸਮ-ਮੌਲਿਕਤਾ) ਕਰਕੇ ਇਕ ਦੂਜੇ ਦੇ ਪੂਰਕ ਹਨ। ਇਸ ਤੋਂ ਭਾਵ ਪਰਿਵਰਤਨ ਬ੍ਰਹਿਮੰਡ ਅਤੇ ਮਨੁੱਖੀ ਸਮਾਜ ਦੀ ਇਕ ਕੁਦਰਤੀ ਪ੍ਰਕਿਰਿਆ ਹੈ ਅਤੇ ਯੁੱਧ ਅਤੇ ਸ਼ਾਂਤੀ ਕਦੀ ਵੀ ਵਾਪਰ ਸਕਦੀ ਹੈ। ਇਹ ਸਹਿਮਤੀ ਅਤੇ ਸਹਿਮਤੀ ਵਿਚ ਉਲਝਨ ਹੈ। ਇੱਥੇ ਵਿਆਖਿਆਤਮਕ ਕ੍ਰਮ ਅਨੁਸਾਰ ਪਕਿਆਈ ਅਤੇ ਬਦਲਾਅ ਦੋਨੋਂ ਬ੍ਰਹਿਮੰਡ ਦੇ ਲੱਛਣ ਹਨ। ਅਸੀਂ ਸਥਾਈ ਪਕਿਆਈ ਅਤੇ ਸਥਾਈ ਪਰਿਵਰਤਨ ਦੀ ਗਲ ਨਹੀਂ ਕਰ ਸਕਦੇ ਕਿਉਂਕਿ ਇਸ ਦੇ ਨਤੀਜੇ ਵਜੋਂ ਇਕ-ਪਾਸੜ ਬ੍ਰਹਿਮੰਡ ਦੀ ਤਸਵੀਰ ਪੇਸ਼ ਹੁੰਦੀ ਹੈ। ਪਕਿਆਈ ਅਤੇ ਤਬਦੀਲੀ ਦੁਆਰਾ ਚਲਾਇਆ ਜਾਣ ਵਾਲਾ ਬ੍ਰਹਿਮੰਡ ਚੱਕਰ ਵਿਚ ਹੈ ਜਿਸ ਤੋਂ ਭਾਵ ਸਥਿਰਤਾ ਅਤੇ ਬਦਲਾਅ ਆਪਸੀ ਸਹਿਮਤੀ ਵਿਚ ਚਲਦੇ ਹਨ।

ਮਨ/ਸਰੀਰ ਦੀ ਸਮੱਸਿਆ:

ਫ਼ਰਾਸੀਸੀ ਦਾਰਸ਼ਨਿਕ Rene Descartes ਨੇ ਇਸ ਸਮੱਸਿਆ ਨੂੰ ਸਾਹਮਣੇ ਲਿਆਂਦਾ ਹੈ। ਅਸਲ 'ਚ ਆਤਮਾ ਸਰੀਰ ਦੇ ਨਾਲ ਹੀ ਖ਼ਤਮ ਜੋ ਜਾਂਦੀ ਹੈ, ਦਾਅਵੇ ਦਾ ਖੰਡਨ Rene Descartes ਜਦ ਕਰ ਰਿਹਾ ਸੀ ਤਦ ਇਹ ਸਮੱਸਿਆ ਸ਼ੁਰੂ ਹੋਈ। ਇਹ ਵਿਸ਼ੇਸ਼ ਅਭਿਆਸ ਪੋਪ ਦੇ ਸੱਦੇ ਵਜੋਂ ਸ਼ੁਰੂ ਹੋਇਆ ਜਿਸ ਨੇ ਈਸਾਈ ਦਾਰਸ਼ਨਿਕਾਂ ਨੂੰ ਸੰਦੇਹਵਾਦੀਆਂ ਨੂੰ ਜਵਾਬ ਦੇਣ ਲਈ ਚੁਣੌਤੀ ਦਿੱਤੀ ਜੋ ਦਲੀਲ ਦਿੰਦੇ ਹਨ ਕਿ ਆਤਮਾ ਅਨਾਸ਼ਵਾਨ ਨਹੀਂ ਹੈ। ਪੱਛਮੀ ਦਰਸ਼ਨ ਸਾਸ਼ਤਰ ਅਨੁਸਾਰ ਅਨਾਸ਼ਮਾਨਤਾ ਦਾ ਮਤ ਬਹੁਤ ਪਹਿਲਾਂ ਪਾਇਥਾਗੋਰਸ ਅਤੇ ਅਫ਼ਲਾਤੂਨ ਤੋਂ ਆਰੰਭ ਹੋ ਚੁੱਕਾ ਸੀ। ਪਾਇਥਾਗੋਰਸ ਅਤੇ ਅਫ਼ਲਾਤੂਨ ਦੀ ਤਰ੍ਹਾਂ Descartes ਇਹਨਾਂ ਵਿਚਾਰਾਂ ਨਾਲ ਸੰਬੰਧਤ ਹੈ। ਜਿਵੇਂ ਕਿ ਇਹ ਮਨ ਅਤੇ ਸਰੀਰ ਦੀਆਂ ਸਮੱਸਿਆਵਾਂ ਨਾਲ ਸੰਬੰਧਤ ਹੈ ਤਾਂ ਦਵੰਦਵਾਦ ਕਹਿੰਦਾ ਹੈ ਕਿ ਮਨੁੱਖ ਮਨ ਅਤੇ ਸਰੀਰ ਦਾ ਬਣਿਆ ਹੋਇਆ ਹੈ ਜੋ ਮੁੱਢਲੀ ਧਾਰਨਾ ਹੈ। ਪਰ Descartes ਤੋਂ ਪਹਿਲਾਂ ਕੋਈ ਇਸ ਗੱਲ ਵੱਲ ਧਿਆਨ ਨਹੀਂ ਸੀ ਦਿੰਦਾ ਕਿ ਮਨੁੱਖੀ ਵਜੂਦ ਦੇ ਇਹ ਭਿੰਨ-ਭਿੰਨ ਅੰਗ ਇਕ ਦੂਜੇ ਨਾਲ ਅੰਤਰ-ਸੰਬੰਧਤ ਹਨ। Descartes ਨੇ ਇਸ ਨੂੰ ਆਪਣਾ ਫਰਜ਼ ਸਮਝਿਆ ਮਨ ਅਤੇ ਸਰੀਰ ਵਿਚਲੀ ਭਿੰਨਤਾ ਨੂੰ ਸਾਹਮਣੇ ਲਿਆਂਦਾ ਜਾਵੇ। ਉਹ ਸਹਿਮਤੀ ਦਿੰਦਾ ਹੈ ਕਿ ਮਨ ਗ਼ੈਰ-ਪੁਲਾੜੀ (ਖ਼ਲਾਅ ਨਹੀਂ ਰੱਖਦਾ), ਗ਼ੈਰ-ਵਿਸਥਾਰਿਤ, ਬਿਨਾਂ ਭਾਰ, ਰੂਪ, ਆਕਾਰ ਅਤੇ ਬਿਨਾਂ ਘਣਤਾ ਵਾਲਾ ਹੈ। ਪਦਾਰਥ ਦਾ ਬਣਿਆ ਸਰੀਰ ਮਨ ਤੋਂ ਬਿਲਕੁਲ ਉਲਟ ਹੈ। ਤਾਂ ਫਿਰ ਕਿਵੇਂ ਦੋ ਵੱਖ-ਵੱਖ ਗੁਣਾਂ ਵਾਲੀਆਂ ਵਸਤੂਆਂ ਸੰਬੰਧਤ ਹੋ ਸਕਦੀਆਂ ਹਨ? ਇਹ ਕਿਵੇਂ ਹੋ ਸਕਦਾ ਹੈ ਕਿ

ਮਾਨਸਿਕ ਕਿਰਿਆਵਾਂ ਸਰੀਰਕ ਕਿਰਿਆਵਾਂ ਨੂੰ ਪ੍ਰਭਾਵਿਤ ਕਰਨ? Descartes ਦਾ ਜਵਾਬ ਹੈ ਕਿ ਇਹ ਅਸਲ ਵਿਚ ਅੰਤਰ-ਕਿਰਿਆ ਕਰਦੇ ਹਨ ਅਤੇ ਦਿਮਾਗ ਦੀ ਉਸ ਗ੍ਰੰਥੀ ਤੋਂ ਕਰਦੇ ਹਨ ਜੋ ਉਸ ਅਨੁਸਾਰ ਸੁਖਮਨਾ ਨਾੜੀ ਅਤੇ ਦਿਮਾਗ ਵਿਚਕਾਰ ਹੈ।

ਇਹ ਸਿਧਾਂਤ ਅੰਤਰ-ਕਾਰਜਵਾਦ ਕਹਾਉਂਦਾ ਹੈ। ਇਸ ਸਿਧਾਂਤ ਦੀ ਸਮੱਸਿਆ ਹੈ ਕਿ ਇਹ, ਵੱਖਰੇ ਸੁਭਾਅ ਵਾਲੀਆਂ ਦੋ ਵਸਤਾਂ ਕਿਵੇਂ ਅੰਤਰ ਕਿਰਿਆ ਕਰਦੀਆਂ ਹਨ (ਜੇ ਇਹ ਅੰਤਰ ਕਿਰਿਆ ਕਰਦੀਆਂ ਹਨ) ਨੂੰ ਸੰਤੁਸ਼ਟੀਪੂਰਨ ਬਿਆਨ ਨਹੀਂ ਕਰਦਾ। ਇਸ ਤੋਂ ਇਲਾਵਾ ਦਿਮਾਗ ਦੀ ਇਹ ਗ੍ਰੰਥੀ ਦਿਮਾਗ ਦੇ ਅਗਲੇ ਅਤੇ ਪਿਛਲੇ ਹਿੱਸੇ ਦੇ ਵਿਚ ਘੁਸੜੀ ਹੁੰਦੀ ਹੈ ਇਹ ਮਣਕੇਦਾਰ ਹੱਡੀ ਦੇ ਨੇੜੇ ਨਹੀਂ ਹੁੰਦੀ ਜਿਹੜੇ ਸਥਾਨ ‘ਤੇ ਸੁਖਮਨਾ ਨਾੜੀ ਅਤੇ ਦਿਮਾਗ ਆਪਸ ਵਿਚ ਜੁੜਦੇ ਹਨ। Descartes ਨੂੰ ਇਸ ਗਲਤੀ ਕਾਰਨ ਮੁਆਫ ਕੀਤਾ ਜਾ ਸਕਦਾ ਹੈ ਕਿਉਂਕਿ ਉਸ ਸਮੇਂ ਚਿਕਿਤਸਾ ਵਿਗਿਆਨ ਦੀ ਸ਼ਾਖ਼ਾ ਤੰਤੂ ਵਿਗਿਆਨ ਵਜੋਂ ਉੱਭਰ ਕੇ ਸਾਹਮਣੇ ਨਹੀਂ ਸੀ ਆਈ। ਇਸ ਤਰ੍ਹਾਂ Descartes ਦੇ ਸਿਧਾਂਤ ਅੰਤਰਕਾਰਜਵਾਦ ਵਿਚ ਦਿਮਾਗ ਨੂੰ ਮਨ ਜਾਂ ਮਨ ਦਾ ਸਥਾਨ ਸਮਝਿਆ ਜਾਂਦਾ ਹੈ। ਜੇ ਇਸ ਤਰ੍ਹਾਂ ਹੋਵੇ ਤਾਂ ਇਹ Descartes ਦੇ ਪਹਿਲੇ ਦਾਅਵੇ ਦੇ ਉਲਟ ਹੈ ਕਿ ਮਨ ਅਮੂਰਤ ਅਤੇ ਅਪਦਾਰਥ ਵਸਤੂ ਹੈ।

Descartes ਦੇ ਸਮਰਥਕ Geulinex ਅਤੇ Nicholas Malebranche ਉਸ ਦੇ ਵਿਚਾਰ ਨਾਲ ਅਸਹਿਮਤ ਹਨ। ਇਹਨਾਂ ਦੋਨੋਂ ਦਾ ਵਿਚਾਰ ਹੈ ਕਿ ਮਨ ਅਤੇ ਸਰੀਰ ਵਿਚਕਾਰ ਕੋਈ ਸੰਬੰਧ ਹੈ। ਕਈ ਵਾਰ ਮੈਂ ਖੜ੍ਹੇ ਹੋਣ, ਖਾਣ ਜਾਂ ਚੀਜ਼ ਨਾ ਖਰੀਦਣ ਅਤੇ ਹੋਰ ਬਹੁਤ ਸਾਰੇ ਵਿਚਾਰ ਬਣਾਉਂਦਾ ਹਾਂ ਪਰਮਾਤਮਾ ਦਖ਼ਲ ਦਿੰਦਾ ਹੈ ਅਤੇ ਮੇਰੀ ਮਾਨਸਿਕ ਕਿਰਿਆ (ਫੈਸਲਾ) ਨੂੰ ਜਵਾਬ ਦੇਣ ਲਈ ਮੇਰੇ ਸਰੀਰ ਨੂੰ ਚਲਾਉਂਦਾ ਹੈ। Geulinex ਅਤੇ Nicholas Malebranche ਦਾ ਇਹ ਸਿਧਾਂਤ ਮੌਕਾਵਾਦ ਕਹਾਉਂਦਾ ਹੈ। ਇਹ ਇਕ ਹਾਸੋਹੀਣਾ ਜਿਹਾ ਸਿਧਾਂਤ ਹੈ ਜੋ ਮਨ ਦੇ ਗੁੰਝਲਦਾਰ ਮਸਲਿਆਂ ਵਿਚ ਪਰਮਾਤਮਾ ਨੂੰ ਲਿਆਉਂਦਾ ਹੈ ਅਤੇ ਮਨੁੱਖ ਦੀ ਆਪਣੀ ਹੋਂਦ ਨੂੰ ਇਨਕਾਰਦਾ ਹੈ ਜਿਹੜੀ ਵਿਚਾਰਾਂ ਦੀ ਸੁਤੰਤਰਤਾ ਨਾਲ ਸਾਨੂੰ ਵਰਸਾਉਂਦੀ ਹੈ। ਜੇ ਸੱਚਮੁੱਚ ਹੀ, ਉਹ ਮਨੁੱਖ ਦੇ ਹਰ ਚੰਗੇ ਬੁਰੇ ਅੰਦਾਜ਼ੇ ਤੋਂ ਗੁੱਝਾ ਹੈ ਤਦ ਮੇਰੇ ਕੰਮ ਕਰਨ ਦੇ ਫ਼ੈਸਲੇ ਸਮੇਂ, ਜੋ ਘਿਣਾਉਣੇ ਅਤੇ ਅਪਰਾਧਜਨਕ ਹਨ,ਪਰਮਾਤਮਾ ਮੇਰੇ ਸਰੀਰ ‘ਚ ਜਾ ਕੇ ਮੈਨੂੰ ਕਰਨ ਲਈ ਪ੍ਰੇਰਦਾ ਹੈ, ਕੀ ਉਹ ਵੀ ਅਜਿਹੇ ਘਿਣਾਓਣੇ ਕੰਮ ਲਈ ਉੱਨਾ ਹੀ ਦੋਸ਼ੀ ਹੈ? ਪਰਮਾਤਮਾ ਅਜਿਹੇ ਸਰੀਰਕ ਕੰਮ ਜਿਸ ਦੇ ਨਤੀਜੇ ਵਜੋਂ ਸਰੀਰ ਵਿਚੋਂ ਆਤਮਾ ਬਾਹਰ ਨਿਕਲ ਜਾਏ(ਮੌਤ) ਦੀ ਆਗਿਆ ਦਿੰਦਾ ਹੈ ਤਾ ਫਿਰ ਇਸ ਘਟਨਾ ਵਿਚ ਪਰਮਾਤਮਾ ਕਤਲ ਤੋਂ ਆਜ਼ਾਦ ਹੈ? ਆਤਮਾ ਦੇ ਤੌਰ ‘ਤੇ ਉਹ ਫਿਰ ਮੁਕਤ ਰਹਿੰਦਾ ਹੈ। ਪ੍ਰਤੱਖ ਤੌਰ ‘ਤੇ, Geulinex ਅਤੇ Nicholas Malebranche ਇਸ ਸਿਧਾਂਤ ਦੇ ਪ੍ਰਯੋਗ ਤੋਂ ਜਾਣੂ ਨਹੀਂ ਹਨ। ਇਸ ਲਈ ਚੰਗੇ ਕੰਮਾਂ ਲਈ ਜੇ ਅਸੀਂ ਪਰਮਾਤਮਾ ਨੂੰ ਸਲਾਹੁੰਦੇ ਹਾਂ ਤਾਂ ਮਾੜੇ ਅਤੇ ਨੀਚ ਕੰਮਾਂ ਕਰਕੇ ਉਸ ਨੂੰ ਛੱਡਿਆ ਨਹੀਂ ਜਾ ਸਕਦਾ।

ਇਸ ਤੋਂ ਬਾਅਦ Leibniz ਆਪਣੇ ਪੂਰਵ ਸਥਾਪਿਤ ਸੁਮੇਲਤਾ ਦੇ ਸਿਧਾਂਤ ਨਾਲ ਅੱਗੇ ਆਉਂਦਾ ਹੈ। ਇਹ ਸਿਧਾਂਤ ਦੱਸਦਾ ਹੈ ਕਿ ਜਿਵੇਂ ਅਨੇਕਾਂ ਘੜੀਆਂ ਬਨਾਉਣ ਵਾਲਾ ਆਪਣੀਆਂ ਘੜੀਆਂ ਇਸ ਤਰ੍ਹਾਂ ਦੱਖਦਾ ਹੈ ਕਿ ਉਹ ਸਾਰੀਆਂ ਬੜੀ ਸੁਹਿਰਦਤਾ ਨਾਲ ਇਕੋ ਜਿਹਾ ਸਮਾਂ ਦਿਖਾਉਂਦੀਆਂ ਹਨ। ਇਸੇ ਤਰ੍ਹਾਂ ਪਰਮਾਤਮਾ ਨੇ ਵੀ ਮਨ ਅਤੇ ਸਰੀਰ ਵਿਚਕਾਰ ਪਹਿਲਾਂ ਹੀ ਸੰਤੁਲਨ ਬਣਾਇਆ ਹੈ ਕਿ ਮਾਨਸਿਕ ਕਾਰਜ ਸਰੀਰਕ ਕਾਰਜਾਂ ਨੂੰ ਪ੍ਰਭਾਵਿਤ ਕਰਦੇ ਹਨ। ਇਸ ਤੋਂ ਭਾਵ ਮਨ ਅਤੇ ਸਰੀਰ ਅੰਤਰ ਕਿਰਿਆ ਨਹੀਂ ਕਰਦੇ ਸਗੋਂ ਇਨ੍ਹਾਂ ਵਿਚ ਪਹਿਲਾਂ ਹੀ ਆਪਸੀ ਸਮਝੌਤਾ ਹੁੰਦਾ ਹੈ। ਕਾਂਤ, Leibniz ਦੇ ਇਸ ਸਿਧਾਂਤ ਦਾ ਖੰਡਨ ਕਰਦਾ ਹੈ ਕਿ ਇਹ ਕੋਈ

ਸਹੀ ਵਿਆਖਿਆ ਨਹੀਂ ਹੈ। ਮੌਕਾਵਾਦ ਦੇ ਸਿਧਾਂਤ ਦੀ ਤਰ੍ਹਾਂ Leibniz ਦਾ ਇਹ ਮਤ ਮਨੁੱਖੀ ਸੁਤੰਤਰਤਾ ਦੀ ਉਲੰਘਣਾ ਕਰਦਾ ਹੈ।

Spinoza ਮਨ/ਸਰੀਰ ਦੇ ਸੰਬੰਧਾਂ ਨੂੰ ਇਕ ਸਮੱਸਿਆ ਦੇ ਤੌਰ 'ਤੇ ਨਹੀਂ ਵੇਖਦਾ। ਉਸ ਅਨੁਸਾਰ ਮਨ ਅਤੇ ਸਰੀਰ ਇਕ ਮੂਲ ਤੱਤ ਦੇ ਦੋ ਸਮਾਨ ਪੱਖ ਹਨ। Spinoza ਦਾ ਇਹ ਸਿਧਾਂਤ ਸਮਾਨਤਾਵਾਦ ਜਾਂ ਦੋ ਪੱਖੀ ਸਿਧਾਂਤ ਕਹਾਉਂਦਾ ਹੈ। ਅਸਲ ਵਿਚ ਮੂਲ ਤੱਤ ਇਕ ਹੀ ਹੁੰਦਾ ਹੈ ਪਰ ਇਸ ਦੇ ਦੋ ਪੱਖ ਹਨ: ਪਰਮਾਤਮਾ ਜਾਂ ਕੁਦਰਤ, ਮਨ ਜਾਂ ਸਰੀਰ, ਆਤਮਾ ਜਾਂ ਪਦਾਰਥ। ਇਕ ਸਿੱਕੇ ਦੇ ਦੋ ਪਹਿਲੂਆਂ ਦੀ ਤਰ੍ਹਾਂ ਮਨ ਅਤੇ ਸਰੀਰ ਦੋਨੋਂ ਕਦੀ ਨਹੀਂ ਮਿਲਦੇ, ਅੰਤਰ ਕਿਰਿਆ ਨਹੀਂ ਕਰਦੇ ਪਰ ਇਕ ਪਾਸੇ (ਸਿੱਕੇ ਦੇ) ਜੋ ਵਾਪਰਦਾ ਹੈ ਦੂਜੇ ਪਾਸੇ ਨੂੰ ਜ਼ਰੂਰ ਪ੍ਰਭਾਵਿਤ ਕਰਦਾ ਹੈ। ਇਸ ਕਰਕੇ Spinoza ਦੇ ਅਨੁਸਾਰ ਮਨ ਸਰੀਰ ਦੇ ਅੰਤਰ ਸੰਬੰਧਾਂ ਵਿਚ ਕਦੇ ਕੋਈ ਵੀ ਦਖ਼ਲ ਨਹੀਂ ਦਿੰਦਾ, ਨ ਹੀ ਕੋਈ ਪਹਿਲਾਂ ਮਿਥੀ ਸੁਮੇਲਤਾ ਮਾਨਸਿਕ/ਸਰੀਰਕ ਰਿਸ਼ਤੇ ਲਈ ਜ਼ਿੰਮੇਵਾਰ ਹੈ ਬਲਕਿ ਮਨ ਅਤੇ ਸਰੀਰ ਇਕ ਸੱਚ ਦੇ ਸਮਾਨ ਜਾਂ ਦੋ ਪਹਿਲੂ ਹਨ। ਇਸ ਸਿਧਾਂਤ ਦੀ ਇਕ ਮੂਲ ਸਮੱਸਿਆ ਇਹ ਹੈ ਕਿ ਇਹ ਦੋ ਸਮਾਨ ਪੱਖਾਂ ਦੇ ਮੂਲ ਤੱਤ ਬਾਰੇ ਟਾਲ ਮਟੋਲ ਦੇ ਪ੍ਰਸ਼ਨਾਂ ਨਾਲ ਸੰਬੰਧਤ ਹੈ।

ਮਨ ਅਤੇ ਸਰੀਰ ਬਾਰੇ ਦਵੈਤ ਧਾਰਨਾ ਰੱਖਣ ਵਾਲੀ ਸਮੱਸਿਆ ਮਨ ਦਾ ਆਦਰਸ਼ਵਾਦ ਦਾ ਸਿਧਾਂਤ ਹੈ ਜਿਸ ਅਨੁਸਾਰ ਮਨ ਮਾਨਸਿਕ ਅਤੇ ਅਪਦਾਰਥਵਾਦੀ ਹੈ ਅਤੇ ਸ਼ਾਇਦ, ਇਸ ਦੀ ਹੋਂਦ ਪਦਾਰਥ ਤੋਂ ਉੱਤਮ ਹੈ। ਮਨ ਮਾਨਸਿਕ ਅਤੇ ਅਪਦਾਰਥਵਾਦੀ ਹੈ, ਦਾ ਮਤ ਮਨ ਦਾ ਮੂਲ ਤੱਤ ਦਾ ਸਿਧਾਂਤ ਕਰਕੇ ਜਾਣਿਆ ਜਾਂਦਾ ਹੈ।

ਇਸਦੇ ਆਦਰਸ਼ਵਾਦ ਦੇ ਸਿਧਾਂਤ ਦੇ ਉਲਟ ਡੈਵਿਡ ਹਿਊਮ ਦਾ ਮਨ ਦਾ ਪਦਾਰਥਵਾਦ ਦਾ ਸਿਧਾਂਤ ਮਨ ਦੀ ਲੜੀ ਜਾਂ ਗੁੱਛੇ ਦੇ ਸਿਧਾਂਤ ਕਰਕੇ ਜਾਣਿਆ ਜਾਂਦਾ ਹੈ। ਹਿਊਮ ਦੇ ਅਨੁਸਾਰ ਮਨ ਜਿਹੀ ਕੋਈ ਵੀ ਵਸਤੂ ਨਹੀਂ ਹੈ ਸਗੋਂ ਇਹਨਾਂ ਪ੍ਰਭਾਵਾਂ ਦੀ ਲੜੀ ਜਾਂ ਗੁੱਛਾ ਹੈ। ਹਿਊਮ ਦੀ ਇਸ ਸਥਿਤੀ ਨੇ ਮਨ/ਸਰੀਰ ਦੀ ਸਮੱਸਿਆ ਲਈ ਇੱਕ ਹੋਰ ਪਦਾਰਥਵਾਦੀ ਮਤ ਲਈ ਜਗਾਂ ਦੇ ਦਿੱਤੀ ਜਿਸ ਵਿਚ ਪਛਾਣ ਸਿਧਾਂਤ ਲੱਛਣਵਾਦ ਸ਼ਾਮਿਲ ਹੈ। ਆਰਮਸਟਰੌਂਗ ਅਤੇ ਸਮਾਰਟ ਵਰਗੇ ਪਛਾਣ ਸਿਧਾਂਤਕਾਰਾਂ ਅਨੁਸਾਰ ਮਨ ਜਿਹੀ ਕੋਈ ਵਸਤੂ ਨਹੀਂ, ਜੇ ਹੈ ਤਾਂ ਇਹ ਦਿਮਾਗ ਤੋਂ ਵੱਖਰੀ ਨਹੀਂ।

ਮਨ ਜਾਂ ਤਾਂ ਕੋਈ ਸ਼੍ਰੇਣੀ ਗਲਤੀ ਹੈ ਜਾਂ ਮਨ ਦਾ ਕੋਈ ਹੋਰ ਕੰਮ ਹੈ। Gilbert Ryle ਵਰਗੇ ਲੱਛਣਵਾਦੀ ਇਕ ਕਦਮ ਅੱਗੇ ਗੱਲ ਕਰਦੇ ਹਨ ਕਿ ਅਸੀਂ ਜਲ ਰਹੀ ਲੱਕੜੀ ਦੇ ਧੂੰਏ ਜਾਂ ਗੱਠੇ ਦੀ ਤਰ੍ਹਾਂ ਮਨ ਨੂੰ ਦਿਮਾਗ ਦੀ ਗੌਣ ਉਪਜ ਸਮਝਦੇ ਹਾਂ। ਫਿਰ ਉਹ ਕਹਿੰਦਾ ਹੈ ਕਿ ਸਰੀਰ ਵਿਚ ਮਨ ਨੂੰ ਵੇਖਣਾ ਮਸ਼ੀਨ ਵਿਚ ਕਿਸੇ ਭੂਤ ਨੂੰ ਵੇਖਣਾ ਹੈ।

ਆਦਰਸ਼ਵਾਦੀ ਜਾਂ ਪਦਾਰਥਵਾਦੀ ਪਰਿਪੇਖ ਤੋਂ, ਇਹ ਵੇਖਿਆ ਜਾ ਸਕਦਾ ਹੈ ਕਿ ਮਨ ਆਤਮਿਕ ਜਾਂ ਭੌਤਿਕ ਵਸਤੂ ਹੈ। ਜੇ ਅਜਿਹਾ ਹੋਵੇ ਤਾਂ ਸਹਿ ਸੰਬੰਧ ਜਿਹੀ ਕੋਈ ਸਮੱਸਿਆ ਨਹੀਂ ਹੋਵੇਗੀ, ਇਸ਼ਾਰੇ ਮਾਤਰ ਮਨੁੱਖ ਆਤਮਿਕ ਜਾਂ ਭੌਤਿਕ ਹੈ। ਸਮੱਸਿਆ ਤਾਂ ਆਉਂਦੀ ਹੈ ਜਦ ਮਨ ਅਤੇ ਸਰੀਰ ਦੇ ਪ੍ਰਸ਼ਨ ਨੂੰ ਦਵੈਤਵਾਦ ਦੇ ਪਰਿਪੇਖ ਤੋਂ ਵੇਖਿਆ ਜਾਂਦਾ ਹੈ। ਦੋ ਅਸਮਾਨ ਵਸਤਾਂ ਵਿਚਕਾਰ ਸਹਿ-ਸੰਬੰਧ ਕਿਵੇਂ ਹੋ ਸਕਦਾ ਹੈ, ਬਾਰੇ ਉਚਿਤ ਜਵਾਬ ਨਹੀਂ ਦਿੱਤਾ ਜਾ ਸਕਦਾ। ਮਨ ਦੇ ਪਾਰਗਾਮੀ ਮਤ ਦੇਣ ਵਾਲਾ ਕਾਂਤ ਹੀ ਇਸ ਸਮੱਸਿਆ ਵੱਲ ਧਿਆਨ ਦੇਵੇਗਾ।

ਕਾਂਤ ਮਨ ਦੀਆਂ ਤਿੰਨ ਸ਼ਕਤੀਆਂ ਦੱਸਦਾ ਹੈ-ਸੰਵੇਦਨਾ, ਕਲਪਨਾ ਅਤੇ ਆਤਮ-ਬੋਧ ਜਿਸ ਨੂੰ ਸਮਝ ਜਾਂ ਵਿਚਾਰ ਕਰਕੇ ਵੀ ਜਾਣਿਆ ਜਾਂਦਾ ਹੈ।

ਸੰਵੇਦਨਾ ਮਨੁੱਖੀ ਸਰੀਰ ਦਾ ਕੰਮ ਹੈ ਅਤੇ ਪੰਜ ਇੰਦ੍ਰੀਆਂ ਦੁਆਰਾ ਸੰਸਾਰ ਬਾਰੇ ਗਿਆਨ ਇਕੱਠਾ ਕਰਨਾ ਇਸ ਦਾ ਮੁੱਖ ਕੰਮ ਹੈ। ਇੰਦ੍ਰੀਆਂ ਦੁਆਰਾ ਇਕੱਠਾ ਕੀਤੀ ਇਹ ਸੂਚਨਾ ਯਾਦ ਸ਼ਕਤੀ ਸਾਂਭ ਕੇ ਰੱਖਦੀ ਹੈ ਜੋ ਸੂਚਨਾ ਗ੍ਰਹਿਣ ਕਰਨਾ, ਸਾਂਭ ਕੇ ਰੱਖਣਾ, ਸੰਬੰਧ ਜੋੜਨਾ ਅਤੇ ਸਮਰਨ ਕਰਨਾ ਜਿਹੇ ਕੰਮ ਕਰਦੀ ਹੈ।

ਕਲਪਨਾ, ਅਕਸ਼ ਨਿਰਮਾਣ ਦਾ ਕੰਮ ਕਰਦੀ ਹੈ ਅਤੇ ਇਹ ਸੰਸ਼ਲੇਸ਼ਣ ਦਾ ਵਿਭਾਗ ਹੈ। ਇਹ ਕਲਪਨਾ ਨੂੰ ਦ੍ਰਿਸ਼ਟੀ ਦਾ ਵਿਭਾਗ ਵੀ ਬਣਾਉਂਦੀ ਹੈ। ਵਿਚਾਰ, ਸੰਕਲਪ ਨਿਰਮਾਣ ਦਾ ਵਿਭਾਗ ਹੈ ਅਤੇ ਸੰਕਲਪ ਦਾ ਕਾਰਜ ਮਨ ਦੇ ਸਾਰੇ ਕੰਮਾਂ ਦੇ ਨਿਰਦੇਸ਼ਨ ਲਈ ਨਿਯਮ (schema) ਪ੍ਰਦਾਨ ਕਰਨਾ ਹੈ। ਕਾਂਤ ਦੇ ਮਨ/ਸਰੀਰ ਸਮੱਸਿਅਵਾਂ ਬਾਰੇ ਵਿਚਾਰ ਸੁਝਾਅ ਦਿੰਦੇ ਹਨ ਕਿ ਮਨ ਮਨੁੱਖੀ ਹੋਂਦ ਦਾ ਸੰਪੂਰਨ ਕਾਰਜ ਹੈ। ਇਹ ਇਸ ਵਿਚਾਰ ਦੀ ਹਾਮੀ ਭਰਦਾ ਵਿਖਾਈ ਦਿੰਦਾ ਹੈ ਕਿ ਮਨ ਸਰੀਰਕ, ਮਾਨਸਿਕ ਅਤੇ ਅਧਿਆਤਮਿਕ ਹੈ। ਇਹ ਇਸ ਵਿਚਾਰ ਅਨੁਸਾਰ ਏਕਾਤਮਕ ਸੰਕਲਪ ਵੀ ਦੱਸਿਆ ਜਾ ਸਕਦਾ ਹੈ ਕਿ ਇਹ ਮਨ ਦੀ ਏਕਤਾ ਬਣਾਉਣ ਵਾਲੀ ਸ਼ਕਤੀ ਮੰਨਦਾ ਹੈ ਅਤੇ ਏਕਤਾ ਲਈ ਜ਼ਿੰਮੇਵਾਰ ਸ਼ਕਤੀ ਹੈ, ਮਨ ਆਪਣੇ ਆਪ ਇਕ ਇਕਾਈ ਦੀ ਤਰ੍ਹਾਂ ਕੰਮ ਕਰਦਾ ਹੈ।

ਖਲਾਅ/ਸਮਾਂ ਸਮੱਸਿਆ: ਖਲਾਅ ਕੀ ਹੈ? ਸਮਾਂ ਕੀ ਹੈ? ਇਹਨਾਂ ਸਵਾਲਾਂ ਦਾ ਜਵਾਬ ਨਿਰਧਾਰਿਤ ਕਰੇਗਾ ਕੀ ਅਸੀਂ ਆਪਣੀਆਂ ਰੋਜ ਦੀਆਂ ਕਿਰਿਆਵਾ ਨੂੰ ਕਿਸ ਤਰ੍ਹਾਂ ਆਯੋਜਿਤ ਕਰਦੇ ਹਾਂ। ਖਲਾਅ ਅਤੇ ਸਮਾਂ ਬਹੁਤ ਵਿਵਹਾਰਿਕ ਅਤੇ ਪ੍ਰਯੋਗੀ ਵਿਸ਼ੇ ਹਨ। ਦੋਨੋਂ ਕਿਰਿਆ, ਵਿਕਾਸ ਅਤੇ ਪ੍ਰਗਤੀ ਨਾਲ ਜੁੜੇ ਹੋਏ ਹਨ। ਇਕ ਹੋਰ ਵਿਚਾਰ ਅਨੁਸਾਰ ਖਲਾਅ ਨੂੰ ਸਮੇਂ ਤੋਂ ਵੱਖ ਕਰਨਾ ਆਸਾਧਾਰਨ ਹੈ ਕਿਉਂਕਿ ਦੋਨੋਂ ਇਸ ਘਟਨਾ ਦਾ ਇਕ ਕ੍ਰਮ ਹੈ। ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਖਲਾਅ/ਸਮਾਂ ਘੇਰੇ ਬਾਰੇ ਗੱਲ ਕਰਦੇ ਹਨ ਨ ਕਿ ਖਲਾਅ ਅਤੇ ਸਮੇਂ ਬਾਰੇ।

ਭਾਵੇਂ ਸਿੱਖਿਆਤਮਕ ਕਾਰਨਾਂ ਲਈ ਅਸੀਂ ਦੋਨਾਂ ਨੂੰ ਵੱਖ ਪਰ ਜੁੜੀਆਂ ਹੋਈਆਂ ਸਮੱਸਿਆਵਾਂ ਵਾਂਗ ਵੇਖਾਂਗੇ। ਖਲਾਅ/ਸਮਾਂ ਦੀ ਸਮੱਸਿਆ ਨੂੰ ਦੋ ਪਰਿਪੇਖ ਤੋਂ ਵੇਖਾਂਗੇ ਜਿਵੇਂ ਆਤਮਨਿਸ਼ਠ ਅਤੇ ਵਸਤੂਨਿਸ਼ਠ। ਆਤਮਨਿਸ਼ਠ ਪਰਿਪੇਖ ਤੋਂ ਅਸੀਂ ਪੜਤਾਲ ਕਰਦੇ ਹਾਂ ਕਿ ਮਨੁੱਖੀ ਮਨ ਖਲਾਅ ਅਤੇ ਸਮੇਂ ਨੂੰ ਕਿਵੇਂ ਪਛਾਣਦਾ ਹੈ। ਵਸਤੂਸ਼ਿਠ ਪਰਿਪੇਖ ਤੋਂ ਅਸੀਂ ਵੇਖਦੇ ਹਾਂ ਕਿ ਖਲਾਅ ਅਤੇ ਸਮਾਂ ਮਨੁੱਖੀ ਮਨ ਤੋਂ ਬਾਹਰ ਦੀਆਂ ਘਟਨਾਵਾਂ ਹਨ। ਪਰੰਤੂ ਦੋਨੋਂ ਪਰਿਪੇਖ ਸੰਬੰਧਤ ਹਨ ਕਿਉਂਕਿ ਖਲਾਅ ਅਤੇ ਸਮੇਂ ਨੂੰ ਪਛਾਨਣ ਦੀ ਸ਼ਕਤੀ ਤੋਂ ਬਿਨਾਂ ਇਹ ਸਮਝਣਾ ਮੁਸ਼ਕਿਲ ਹੋਵੇਗਾ ਕਿ ਖਲਾਅ ਅਤੇ ਸਮਾਂ ਸਰੀਰਕ ਘਟਨਾ ਹੈ ਜਾਂ ਮਾਨਸਿਕ। ਬਹੁਤਾ ਕਰਕੇ ਅਸੀਂ ਖਲਾਅ ਅਤੇ ਸਮੇਂ ਨੂੰ ਅਜਿਹੇ ਸੰਕਲਪ ਸਮਝਦੇ ਹਾਂ ਜਿਹਨਾਂ ਦੁਆਲੇ ਅਸੀਂ ਕਿਰਿਆਵਾਂ ਬਨਾਉਣ ਦੇ ਯੋਗ ਹੁੰਦੇ ਹਾਂ। ਹੁਣ ਅਸੀਂ ਕਾਂਤ ਅਤੇ ਆਈਨਸਟਾਈਨ ਦੇ ਖਲਾਅ ਅਤੇ ਸਮੇਂ ਬਾਰੇ ਵਿਚਾਰਾਂ ਦੀ ਪੜਤਾਲ ਕਰਾਂਗੇ।

ਕਾਂਤ ਖਲਾਅ ਨੂੰ ਬਾਹਰੀ ਸੂਝ ਕਹਿੰਦਾ ਹੈ ਅਤੇ ਇਸ ਤੋਂ ਉਸ ਦਾ ਮਤਲਬ ਹੈ ਕਿ ਖਲਾਅ ਇਕ ਮਾਨਸਿਕ ਰਚਨਾ ਹੈ ਜਿਹੜੀ ਬਾਹਰੀ ਪਸਾਰੇ ਬਾਰੇ ਜਾਣੂ ਹੋਣ ਦੀ ਯੋਗਤਾ ਪ੍ਰਦਾਨ ਕਰਦੀ ਹੈ। ਬਾਹਰੀ ਸੰਸਾਰ ਵਸਤੂ ਸੰਸਾਰ ਹੈ ਜੋ ਸਾਨੂੰ ਪੜਤਾਲ ਲਈ ਉਕਸਾਉਂਦਾ ਹੈ। ਇਸ ਬਾਹਰੀ ਪਸਾਰੇ ਨੂੰ ਖੋਜਣ ਅਤੇ ਸਮਝਣ ਦੀ ਯੋਗਤਾ ਉਸ ਇਲਾਕੇ ਦਾ ਨਿਰਮਾਣ ਕਰਦੀ ਹੈ ਜਿਸ ਨੂੰ ਅਸੀਂ ਖਲਾਅ ਆਖਦੇ ਹਾਂ। ਉਹ ਸਮੇਂ ਨੂੰ ਅੰਦਰੂਨੀ ਸੂਝ ਤੋਂ ਲੈਂਦਾ ਹੈ ਇਸ ਤੋਂ ਉਸ ਦਾ ਭਾਵ ਉਸ ਮਾਨਸਿਕ ਨਿਰਮਾਣ ਤੋਂ ਹੈ ਜੋ ਸੰਵੇਗ ਜਾਂ ਘਟਨਾਵਾਂ ਦੀ ਨਿਰੰਤਰਤਾ (ਕ੍ਰਮਬੱਧਤਾ) ਅਤੇ

ਚੇਤੰਨ ਹੋਣ ਦੀ ਯੋਗਤਾ ਦਿੰਦੀ ਹੈ ਅਤੇ ਬਾਹਰ ਵਾਪਰੀਆਂ ਸਾਰੀਆਂ ਘਟਨਾਵਾਂ ਨੂੰ ਅਸਲ ਵਿਚ ਤਰਤੀਬਬੱਧ ਕਰਦੀ ਹੈ। ਇਸ ਤਰ੍ਹਾਂ, ਸੰਵੇਦਨਾ ਖਲਾਅ ਅਤੇ ਸਮੇਂ ਵਿਚ ਸੰਸਾਰ ਦੀਆਂ ਵਸਤੂਆਂ ਅਤੇ ਘਟਨਾਵਾਂ ਨੂੰ ਪ੍ਰਤੱਖ ਰੂਪ ਵਿਚ ਜਾਂ ਭੌਤਿਕ ਤੌਰ 'ਤੇ ਪੇਸ਼ ਕਰਨ ਲਈ ਮਨੁੱਖੀ ਮਨ ਦੀ ਸ਼ਕਤੀ ਨੂੰ ਦਰਸਾਉਂਦੀ ਹੈ। ਇਸੇ ਤਰ੍ਹਾਂ ਕਾਂਤ ਅਨੁਸਾਰ ਖਲਾਅ ਅਤੇ ਸਮਾਂ ਸੰਸਾਰ ਦੀਆਂ ਸੰਗਠਿਤ ਘਟਨਾਵਾਂ ਵਿਚ ਵਰਤੇ ਜਾਂਦੇ ਮਨ ਦੇ ਪ੍ਰਤੱਖ ਸੰਕਲਪ ਹਨ।

ਨਿਊਟਨ ਗਤੀ ਅਤੇ ਸਮੇਂ ਦੀ ਸਮੱਸਿਆ ਦਾ ਸਮਾਧਾਨ ਦੇਣ ਦੇ ਅਸਮਰੱਥ ਹੈ। ਉਹ ਸੋਚਦਾ ਹੈ ਕਿ ਸੰਪੂਰਨਤਾ ਦਾ ਆਪਣਾ ਖੇਤਰ ਹੋਣਾ ਲਾਜ਼ਮੀ ਹੈ ਜੋ ਉਹਨਾਂ ਘਟਨਾਵਾਂ ਲਈ ਜ਼ਿੰਮੇਵਾਰ ਹੋਵੇਗਾ ਜੋ ਸਾਪੇਖਕ ਖੇਤਰ ਵਿਚ ਵਾਪਰਦੀਆਂ ਹਨ। ਸੋ, ਸੰਪੂਰਨ ਖਲਾਅ, ਸਥਾਨ ਅਤੇ ਸਮਾਂ ਸਾਪੇਖਕ ਖਲਾਅ, ਸਥਾਨ ਅਤੇ ਸਮੇਂ ਵਿਚ ਘਟਨਾਵਾਂ ਨੂੰ ਨਿਸ਼ਚਿਤ ਕਰਦਾ ਹੈ। ਪਰ ਨਿਊਟਨ ਕਹਿੰਦਾ ਕਿ ਗਤੀਹੀਣ ਖੇਤਰ ਗਤੀਯੋਗ ਖੇਤਰ ਵਿਚਲੀਆਂ ਘਟਨਾਵਾਂ ਲਈ ਜ਼ਿੰਮੇਵਾਰ ਹੈ। ਜੇ ਅਸੀਂ ਨਿਊਟਨ ਦੇ ਇਸ ਸਿਧਾਂਤ 'ਤੇ ਚਲੀਏ ਅਸੀਂ ਵਾਹਨ ਬਨਾਉਣ ਦੇ ਯੋਗ ਨਹੀਂ ਹੋਵਾਂਗੇ ਜੋ ਹਮੇਸ਼ਾਂ ਹਰਕਤ 'ਚ ਰਹਿੰਦੇ ਹਨ। ਇਹ ਸਿਧਾਂਤ ਤਾਂ ਘੋੜਿਆਂ ਜਾਂ ਬਲਦਾਂ ਦੁਆਰਾ ਖਿੱਚੀਆਂ ਜਾਂਦੀਆਂ ਬੈਲ-ਗੱਡੀਆਂ ਜਾਂ ਰੱਥਾਂ ਨੂੰ ਦੇਣ ਦੇ ਯੋਗ ਹੋਵੇਗਾ। Planck ਆਪਣੇ ਪੱਖ 'ਤੋਂ ਪੁੰਜ (M) ਅਤੇ ਵੇਗ (V) ਬਾਰੇ ਗੱਲ ਕਰਦਾ ਹੈ, ਉਹ ਉਰਜਾ ਨੂੰ ਛੱਡ ਜਾਂਦਾ ਹੈ ਜੋ ਪੁੰਜ ਨੂੰ ਗਤੀ ਜਾਂ ਵੇਗ ਵੱਲ ਧੱਕਣ ਵਾਲਾ ਅਸਲੀ ਕਾਰਕ ਹੈ।

ਨਿਊਟਨ ਦੇ ਯੰਤਰ ਵਿਗਿਆਨ (mechanics) ਅਤੇ Planck ਦੇ ਭੌਤਿਕ ਵਿਗਿਆਨ ਵਿਚਲਾ ਖਲਾਅ ਭਰਨ ਲਈ ਆਈਨਸਟਾਈਨ ਨੇ ਸਾਪੇਖਤਾ ਦਾ ਸਿਧਾਂਤ ਅਤੇ ਊਰਜਾ ਦੀ ਖਪਤ ਦਾ ਸਿਧਾਂਤ ਸਾਹਮਣੇ ਲਿਆਂਦਾ। ਪਹਿਲਾ ਸੰਪੂਰਨਤਾ ਦੇ ਸਿਧਾਂਤ ਨੂੰ ਰੱਦ ਕਰਦਾ ਹੈ ਅਤੇ ਪੂਰੀ ਤਰ੍ਹਾਂ ਸਾਪੇਖਤਾ ਨੂੰ ਪ੍ਰਵਾਨ ਕਰਦਾ ਹੈ। ਦੂਸਰਾ Planck ਦੇ mechanics ਵਿਚ ਸੁਧਾਰ ਲਿਆਉਂਦਾ ਹੈ। ਊਰਜਾ ਦੀ ਖਪਤ ਦਾ ਸਿਧਾਂਤ ਦੱਸਦਾ ਹੇ ਕਿ ਖਪਤ ਦੇ ਨਿਯਮ ਅਨੁਸਾਰ ਊਰਜਾ ਹਮੇਸ਼ਾਂ ਸਥਿਰ ਰਹਿੰਦੀ ਹੈ। ਖਪਤ ਨਿਯਮ ਇਕ ਵਸਤੂ ਹੈ (ਅੰਗਿਕ ਜਾਂ ਗੈਰ-ਅੰਗਿਕ) ਜਿਸ ਵਿਚ ਊਰਜਾ ਸਾਪੇਖਕ ਤੌਰ 'ਤੇ ਸਥਿਰ ਹੈ ਅਤੇ ਇਸ ਨੂੰ ਦਬਾਇਆ ਜਾ ਸਕਦਾ ਹੈ। ਊਰਜਾ ਦੀ ਖਪਤ ਪ੍ਰਾਪਤ ਊਰਜਾ ਦੇ ਸਮਾਨ ਹੁੰਦੀ ਹੈ। ਇਸ ਤਰ੍ਹਾਂ ਫੈਲਾਅ ਖਲਾਅ ਕਹਾਉਂਦਾ ਹੈ, ਊਰਜਾ (ਸਰਗਰਮ ਊਰਜਾ) ਵਾਲੀ ਵਸਤੂ ਸਵੈ ਇੱਛਾ ਨਾਲ ਗਤੀ ਕਰੇਗੀ। ਪ੍ਰਾਪਤ ਖਲਾਅ ਵਿਚ ਜਦ ਵਸਤੂ ਗਤੀ ਕਰਦੀ ਹੈ, ਇਹ ਸੰਵੇਗ ਅਤੇ ਸਮਾਂ ਅਵਧੀ ਇਕੱਠੇ ਕਰਦੀ ਹੈ। ਖਲਾਅ ਅਜਿਹਾ ਫੈਲਾਅ ਹੈ ਜਿਸ ਵਿਚ ਗਤੀ ਹੁੰਦੀ ਹੈ, ਸੰਵੇਗ ਅਤੇ ਕਾਲ ਅਵਧੀ ਇਕੋ ਜਿਹਾ ਸਮਾਂ ਲੈਂਦੇ ਹਨ। ਪਰ ਪੁੰਜ (m) ਅੰਦਰ ਸਮਾਂ ਊਰਜਾ (e) ਤੋਂ ਬਿਨਾਂ ਸੰਭਵ ਨਹੀਂ ਜੋ ਅੱਗੇ ਪੁੰਜ ਜਾਂ ਵਸਤੂ ਨੂੰ ਗਤੀ ਜਾਂ ਵੇਗ (c2) ਵੱਲ ਧੱਕਦੀ ਹੈ ਤਾਂ ਨਿਯਮ E=mc2 ਬਣਦਾ ਹੈ।

ਕਾਰਣਤਾ ਦੀ ਸਮੱਸਿਆ: ਜਿਵੇਂ ਰਸਲ ਦੱਸਦਾ ਹੈ ਕਿ ਤਰਕਪੂਰਨ ਸੰਬੰਧਾਂ ਦੀ ਤਰ੍ਹਾਂ ਕਾਰਨ ਅਤੇ ਪ੍ਰਭਾਵ ਦਾ ਸੰਬੰਧ ਲਾਜ਼ਮੀ ਹੈ(1972:664)। ਹਿਊਮ ਨੇ ਕਾਰਣਤਾ ਦੇ ਇਸ ਪੁਰਾਣੇ ਵਿਚਾਰ ਨਾਲੋਂ ਕੁੱਝ ਵੱਖਰਾ ਵਿਚਾਰ ਦਿੱਤਾ ਹੈ। ਉਹ ਕਾਰਣਤਾ ਨਾਲ ਸੰਬੰਧਤ ਇਕ ਨਵਾਂ ਵਿਚਾਰ ਦਿੰਦਾ ਹੈ ਜੋ ਕਾਰਣਤਾ ਦੀ ਨਵੀਂ ਧਾਰਨਾ ਵੱਲ ਸੰਕੇਤ ਦਿੰਦਾ ਹੈ। ਅਸਲ ਵਿਚ ਤਾਂ ਕਾਰਣਤਾ ਦੀ ਧਾਰਨਾ ਬਾਰੇ ਅਜਿਹਾ ਸਿਧਾਂਤ ਪੇਸ਼ ਕਰਨਾ ਜੋ ਵਿਗਿਆਨ ਨਾਲ ਸੰਬੰਧਤ ਹੋਵੇ, ਉਸ ਦੇ ਲਈ ਚੁਣੌਤੀ ਸੀ। ਉਹ ਦਾਅਵਾ ਕਰਦਾ ਹੈ ਕਿ ਅਜਿਹੇ ਚਾਰ ਸੰਬੰਧ ਹਨ ਜਿਹੜੇ ਵਿਗਿਆਨ ਦਾ ਆਧਾਰ ਹਨ ਅਤੇ ਉਹ ਹਨ- ਸੰਭਾਵਨਾ, ਪਛਾਣ, ਸਮਾਂ ਅਤੇ ਸਥਾਨ ਦੀ ਸਥਿਤੀ ਭਾਵ ਨੇੜਤਾ ਅਤੇ ਨਿਰੰਤਰਤਾ ਪਰਸਪਰਤਾ ਅਤੇ ਕਾਰਣਤਾ ਦਾ ਨਿਯਮ ਕਹੇ ਜਾ ਸਕਦੇ ਹਨ। ਉਦਾਹਰਨ ਲਈ: ਸੰਭਾਵਨਾ ਦਾ ਨਿਯਮ ਇਸ ਮਨੌਤ 'ਤੇ ਕੰਮ ਕਰਦਾ ਹੈ ਕਿ ਭਵਿੱਖ ਭੂਤ ਕਾਲ ਨਾਲ ਮਿਲਦਾ ਜੁਲਦਾ ਹੁੰਦਾ ਹੈ, ਪਛਾਣ ਦਾ ਨਿਯਮ ਮੰਨਦਾ ਹੈ ਕਿ ਪ੍ਰਕਿਰਤੀ ਸਮਾਨ ਹੁੰਦੀ ਹੈ, ਨੇੜਤਾ ਜਾਂ ਪਰਸਪਰਤਾ ਮੰਨਦਾ ਹੈ ਕਿ ਦੋ ਘਟਨਾਵਾਂ ਜੋ ਇਕ ਦੂਜੇ ਦੇ ਅੱਗੇ ਪਿੱਛੇ ਚੱਲਦੀਆਂ ਹਨ, ਵਿਚ ਕੋਈ ਜ਼ਰੂਰ ਸੰਬੰਧ ਹੁੰਦਾ ਹੈ, ਭਾਵ (1)ਅਤੇ (2) ਉੱਤੇ ਆਧਾਰਿਤ ਹੈ, ਜਦ ਕਿ ਕਾਰਣਤਾ

ਦੇ ਨਿਯਮ ਅਨੁਸਾਰ ਅਸੀਂ ਅਨੁਮਾਨ ਲਗਾਉਂਦੇ ਹਾਂ ਕਿ ਘਟਨਾਵਾਂ ਦਾ ਵਾਰ-ਵਾਰ ਵਾਪਰਨਾ ਭਵਿੱਖ ਵਿਚ ਉਹਨਾਂ ਦੇ ਨਿਰੰਤਰ ਵਾਪਰਨ ਬਾਰੇ ਤਸਦੀਕ ਕਰਦਾ ਹੈ। ਵਿਗਿਆਨ ਦੀ ਨੀਂਹ ਬਣਾਉਣ ਵਾਲੇ ਇਹ ਚਾਰ ਸੰਬੰਧਾਂ ਵਿਚ ਕਾਰਣਤਾ ਘਟਨਾਵਾਂ ਦੇ ਲਾਜ਼ਮੀ ਸੰਬੰਧਾਂ ਦਾ ਵਿਚਾਰ ਸਾਡੇ ਉੱਪਰ ਪ੍ਰਭਾਵ ਪਾਉਂਦੀ ਹੈ। ਹਿਊਮ ਬਿਆਨ ਕਰਦਾ ਹੈ "ਕਾਰਣਤਾ ਅਜਿਹਾ ਸੰਬੰਧ ਪੈਦਾ ਕਰਦੀ ਹੈ ਤਾਂ ਜੋ ਸਾਨੂੰ ਵਸਤੂ ਦੀ ਮੌਜੂਦਗੀ ਅਤੇ ਕਾਰਜ ਤੋਂ ਯਕੀਨ ਮਿਲ ਜਾਏ, ਇਸ ਦੇ ਅੱਗੇ ਜਾਂ ਪਿੱਛੇ ਕੋਈ ਹੋਰ ਹੋਂਦ ਜਾਂ ਕਾਰਜ ਹੋ ਸਕਦਾ ਹੈ।"

ਪਰੰਪਰਾਗਤ ਤਰਕ ਵਿਚ ਆਮ ਮਨੌਤ ਹੈ ਕਿ ਇਕ ਪੂਰਵ-ਵਰਤੀ (ਆਧਾਰ) ਘਟਨਾ ਅਤੇ ਪਰਿਣਾਮੀ ਘਟਨਾ ਵਿਚ ਅਨਿਯਮਿਤ ਸੰਬੰਧ ਨੂੰ ਤਰਕਪੂਰਨ ਢੰਗ ਨਾਲ ਲੱਭਿਆ ਜਾ ਸਕਦਾ ਹੈ। ਹਿਊੁਮ ਪਰੰਪਰਾਗਤ ਤਰਕ ਵਿਚ ਇਸ ਧਾਰਨਾ ਨਾਲ ਸਹਿਮਤ ਨਹੀਂ। ਉਹ ਪ੍ਰਦਰਸ਼ਨ ਕਰਨ ਲਈ ਅਗਲਾ ਕਦਮ ਉਠਾਉਂਦਾ ਹੈ "ਉਹ ਸ਼ਕਤੀ ਜਿਸ ਦੁਆਰਾ ਕੋਈ ਵਸਤੂ ਹੋਰ ਵਸਤੂ ਨੂੰ ਪੈਦਾ ਕਰਦੀ ਹੈ, ਦੋਨੋਂ ਵਸਤਾਂ ਦੇ ਵਿਚਾਰਾਂ ਤੋਂ ਲੱਭੇ ਨਹੀਂ ਜਾ ਸਕਦੇ; ਇਸ ਲਈ ਅਸੀਂ ਤਰਕ ਅਤੇ ਚਿੰਤਨ ਤੋਂ ਨਹੀਂ ਕੇਵਲ ਅਨੁਭਵ ਦੁਆਰਾ ਕਾਰਨ ਅਤੇ ਪ੍ਰਭਾਵ ਨੂੰ ਜਾਣ ਸਕਦੇ ਹਾਂ। ਇਸ ਤਰ੍ਹਾਂ ਹਿਊਮ ਲਈ, ਸੋਚਣੀ ਜਾਂ ਕਥਨ ਕਿ ਹਰ ਵਸਤੂ ਜੋ ਹੋਂਦ ਬਣਾਉਣ ਲੱਗਦੀ ਹੈ, ਕਾਰਣ ਲਈ ਆਪਣੀ ਹੋਂਦ ਦੀ ਦੇਣਦਾਰ ਹੈ, ਜਿਸ ਦਾ ਸੰਬੰਧ ਨਾ ਹੀ ਅੰਦਰੂਨੀ ਸੂਝ ਹੈ ਅਤੇ ਨਾ ਹੀ ਪੇਸ਼ਕਾਰੀ ਵਿਚ ਨਿਸ਼ਚਿਤ ਹਨ"।

ਜੇ ਅਸੀਂ ਹਿਊਮ ਨਾਲ ਸਹਿਮਤ ਹੁੰਦੇ ਹਾਂ ਕਿ ਨ ਅਸੀਂ ਗਿਆਨ ਅਤੇ ਨ ਹੀ ਕੋਈ ਵਿਗਿਆਨਿਕ ਤਰਕ ਤੋਂ ਅਸੀਂ ਕਾਰਣ ਦੀ ਲੋੜ ਦਾ ਵਿਚਾਰ ਗ੍ਰਹਿਣ ਕਰਦੇ ਹਾਂ ਪਰ ਇਹ ਧਾਰਨਾ ਅਵਲੋਕਨ ਅਤੇ ਅਨੁਭਵ ਤੋਂ ਉੱਠਦੀ ਹੈ, ਨਾਲ ਸੰਬੰਧਤ ਪ੍ਰਸ਼ਨ ਹੈ ਕਿ ਅਜਿਹੇ ਨਿਯਮ ਨੂੰ ਅਨੁਭਵ ਕਿਵੇਂ ਜਨਮ ਦਿੰਦਾ ਹੈ। ਹਿਊਮ ਦਾ ਇਸ ਪ੍ਰਸ਼ਨ ਲਈ ਜਵਾਬ ਇਹ ਮੰਨਣਾ ਹੈ ਕਿ ਅਵਲੋਕਨ ਅਤੇ ਅਨੁਭਵ ਦੁਆਰਾ ਅਸੀਂ ਨਿਰੰਤਰ ਪਰਸਪਰ ਮਿਲਾਪ ਵੇਖਦੇ ਹਾਂ ਅਤੇ ਇਸੇ ਲਗਾਤਾਰ ਮਿਲਾਪ ਅਸੀਂ ਘਟਨਾ (ਵਸਤੂ) B ਤੋਂ ਘਟਨਾ (ਵਸਤੂ) A ਦਾ ਅਨੁਮਾਨ ਲਗਾਉਂਦੇ ਹਾਂ। Russell ਦੇ ਅਨੁਸਾਰ ਹਿਊਮ ਦਾ ਅਨੁਮਾਨ ਸ਼ਬਦ ਤਰਕ ਦੀ ਪਰੰਪਰਾਗਤ ਸੂਝ 'ਚ ਨਹੀਂ ਹੈ ਤੇ ਅਸੀਂ ਰਸਮੀ ਜਾਂ ਸਪੱਸ਼ਟ ਅਨੁਮਾਨ ਦੀ ਗੱਲ ਕਰਦੇ ਹਾਂ, ਬਲਕਿ ਹਿਊਮ ਦੇ ਕਹਿਣ ਤੋਂ ਭਾਵ ਹੈ ਕਿ A ਘਟਨਾ B ਲਈ ਸਾਡੀ ਆਸ ਬਣਾਉਂਦੀ ਹੈ। ਪਰ ਅਸਲ ਵਿਚ ਹਿਊੁਮ ਦੇ ਕਹਿਣ ਤੋਂ ਭਾਵ ਹੈ ਕਿ ਘਟਨਾ ਕਾਰਣਤਾ ਦੀ ਸੂਝ ਜਾਂ ਲਾਜ਼ਮੀ ਸੰਬੰਧ ਦਾ ਅਨੁਭਵ ਸਾਡੇ ਵਿਸ਼ਵਾਸ, ਆਦਤ ਜਾਂ ਰਿਵਾਜ ਤੋਂ ਹੈ। ਉਸ ਅਨੁਸਾਰ ਵਿਸ਼ਵਾਸ "ਇਕ ਵਰਤਮਾਨ ਘਟਨਾ ਨਾਲ ਜੁੜਿਆ ਜੀਵਤ ਵਿਚਾਰ" ਹੈ। ਦੂਸਰੇ ਸ਼ਬਦਾਂ ਵਿਚ ਲੋੜ ਅਤੇ ਕਾਰਣਤਾ ਦਾ ਵਿਚਾਰ ਨਿਰਧਾਰਿਤ ਰਿਵਾਜ ਹੈ ਜੋ ਪ੍ਰਭਾਵ ਜਾਂ ਵਿਸ਼ਵਾਸ ਪੈਦਾ ਕਰਦਾ ਹੈ ਕਿ ਘਟਨਾ A ਘਟਨਾ B ਦਾ ਕਾਰਨ ਬਣੀ। ਇਸੇ ਕਰਕੇ ਅਸੀਂ ਕਹਿ ਸਕਦੇ ਹਾਂ ਕਿ ਹਿਊਮ ਅਨੁਸਾਰ ਕਾਰਣਤਾ ਵਿਚ ਵਿਸ਼ਵਾਸ ਦਾ ਇਹ ਢੰਗ ਵਿਚਾਰਾਂ ਵਿਚ ਪ੍ਰਭਾਵ ਨੂੰ ਜੋੜਨ ਵਾਲੀ ਯਾਦ ਸ਼ਕਤੀ ਤੋਂ ਲਿਆ ਗਿਆ ਹੈ। ਤਦ ਅਸੀਂ ਸਿੱਟਾ ਕੱਢ ਸਕਦੇ ਹਾਂ ਕਿ ਹਿਊਮ ਦੀ ਦ੍ਰਿਸ਼ਟੀ ਵਿਚ, ਕਾਰਣਤਾ ਦਾ ਵਿਚਾਰ ਜਾਂ ਲੋੜ ਅਜਿਹੀ ਚੀਜ਼ ਹੈ ਜੋ ਮਨ ਵਿਚ ਮੌਜੂਦ ਹੁੰਦੀ ਹੈ ਨ ਕਿ ਵਸਤੂਆਂ ਵਿਚ"। ਕਿਉਂਕਿ ਹਿਊਮ ਪ੍ਰਤੱਖਵਾਦ (ਤਰਕਵਾਦ ਦੇ ਵਿਰੁੱਧ) ਵਿਚ ਵਿਸ਼ਵਾਸ ਰੱਖਦਾ ਹੈ, ਉਹ ਇਹ ਨਹੀਂ ਵੇਖ ਸਕਦਾ ਕਿ ਸੰਵੇਦਨਾ ਕਾਰਣਤਾ ਨੂੰ ਕਿਵੇਂ ਸਮਝ ਸਕਦੀ ਹੈ ਅਤੇ ਉਹ ਤਰਕਮਈ ਢੰਗ ਨਾਲ ਸਿੱਟਾ ਕੱਢਦਾ ਹੈ ਕਿ ਅਨੁਭਵ ਵਿਚ ਕਾਰਣਤਾ ਜਿਹੀ ਕੋਈ ਵਸਤੂ ਨਹੀਂ। ਇਸ ਇਨਕਾਰ ਦੇ ਆਧਾਰ 'ਤੇ ਕਾਂਤ ਨੂੰ ਇਸ ਉਦੇਸ਼ ਦੀ ਪੂਰਤੀ ਲਈ ਕਿ ਅਸੀਂ ਨ ਹੀ ਆਦਤ ਕਰਕੇ ਅਤੇ ਨ ਹੀ ਆਸ 'ਚੋ ਉਪਜੀ ਕਾਰਣਤਾ ਵਿਚ ਵਿਸ਼ਵਾਸ ਰੱਖਦੇ ਹਾਂ ਬਲਕਿ ਅਸੀਂ ਅਚਨਚੇਤੀ ਸੰਬੰਧਾਂ ਬਾਰੇ ਸੋਚਦੇ ਹਾਂ ਅਤੇ ਅਜਿਹਾ ਕਰਦੇ ਹੋਏ ਕਾਰਣਤਾ ਨੂੰ ਪ੍ਰਕਿਰਤੀ ਵਿਚ ਲਿਆਉਂਦੇ ਹਾਂ, ਦੀ ਸੱਤਾ ਵਿਗਿਆਨਿਕ ਪੜਤਾਲ ਕਰਨ ਲਈ ਚੁਣੌਤੀ ਦਿੱਤੀ।

ਸੁਤੰਤਰਤਾ ਅਤੇ ਨਿਯਤਵਾਦ ਦੀ ਸਮੱਸਿਆ: ਕੀ ਮਨੁੱਖ ਆਜ਼ਾਦ ਸੱਤਾ ਹੈ ਜਾਂ ਨਿਰਧਾਰਿਤ? ਜੇ ਉਹ ਨਿਰਧਾਰਿਤ ਹੈ ਤਾਂ ਕੀ ਇਹ ਕਿਹਾ ਜਾ ਸਕਦਾ ਹੈ ਕਿ ਉਹ ਆਪਣੇ ਕੰਮਾਂ ਲਈ ਜ਼ਿਮੇਵਾਰ ਹੈ? ਅਤੇ ਜੇ ਮਾਨਵ ਆਜ਼ਾਦ ਹੈ ਤਾਂ ਉਹ ਕਿੱਥੋਂ ਤੱਕ ਆਪਣੇ ਕੰਮਾਂ ਲਈ ਜ਼ਿੰਮੇਵਾਰ ਹੈ? ਇਹ ਸੁਤੰਤਰਤਾ ਦਾਅਤੇ ਨਿਯਤਵਾਦ ਦੀ ਸਮੱਸਿਆ ਨਾਲ ਜੁੜੇ ਕੁੱਝ ਕੇਂਦਰੀ ਪ੍ਰਸ਼ਨ ਹਨ। ਉਹ ਦਾਰਸ਼ਨਿਕ ਜਿਹੜੇ ਕਹਿੰਦੇ ਹਨ ਕਿ ਕਿ ਮਨੁੱਖ ਨਿਰਧਾਰਿਤ ਹੈ, ਨੂੰ ਨਿਯਤਵਾਦੀ ਕਹਿੰਦੇ ਹਨ ਅਤੇ ਜਿਹੜੇ ਦਲੀਲ ਦਿੰਦੇ ਹਨ ਕਿ ਆਜ਼ਾਦ ਹੈ, ਨੂੰ ਸੁਤੰਤਰਵਾਦੀ ਕਹਿੰਦੇ ਹਨ।

ਨਿਯਤਵਾਦੀ ਸਿਧਾਂਤ ਦੇ ਕਈ ਆਯਾਮ ਹਨ-ਨੈਤਿਕ, ਧਾਰਮਿਕ, ਸਰੀਰਕ, ਮਨੋਵਿਗਿਆਨਿਕ, ਪਰਾ-ਭੌਤਿਕ, ਇਤਿਹਾਸਿਕ ਅਤੇ ਆਰਥਿਕ। ਨੈਤਿਕ ਨਿਯਤਵਾਦ ਦਲੀਲ ਦਿੰਦਾ ਹੈ ਕਿ ਮਨੁੱਖ ਚੰਗਿਆਈ ਦੇ ਵਿਚਾਰ ਦੁਆਰਾ ਚੰਗਿਆਈ ਉੱਤੇ ਜ਼ੋਰ ਲਾਉਂਦਾ ਹੈ। ਇਸ ਵਿਚਾਰਧਾਰਾ ਦੇ ਪ੍ਰਮੁੱਖ ਵਿਅਕਤੀ ਸੁਕਰਾਤ ਅਤੇ ਅਰਸਤੂ ਦੋਨੋਂ ਬੁਰਾਈ ਦਾ ਕਾਰਨ ਦੱਸਦੇ ਹਨ। ਧਾਰਮਿਕ ਨਿਯਤਵਾਦ ਪਰਮਾਤਮਾ ਦੇ ਸਰਬ-ਸ਼ਕਤੀਮਾਨ, ਸਰਬ-ਗਿਆਤਾ ਅਤੇ ਸਰਬ-ਵਿਆਪਕ ਗੁਣਾਂ ਤੋਂ ਲਿਆ ਗਿਆ ਹੈ। ਇਹਨਾਂ ਗੁਣਾਂ ਵਿਚ ਸਾਰੇ ਕੰਮਾਂ ਬਾਰੇ ਪੂਰਵ ਗਿਆਨ ਹੋਣ ਦਾ ਮਸਲਾ ਸ਼ਾਮਿਲ ਹੈ।

ਜੇ ਅਜਿਹਾ ਹੈ ਤਾਂ ਕੀ ਮਨੁੱਖ ਨੂੰ ਆਪਣੇ ਬੁਰੇ ਕੰਮਾਂ ਲਈ ਦੋਸ਼ ਦੇਣਾ ਸਾਧਾਰਨ ਹੈ ? ਸਰੀਰਕ ਨਿਯਤਵਾਦ ਦਾ ਵਿਚਾਰ ਹੈ ਕਿ ਮਨੁੱਖ ਭੌਤਿਕ ਪ੍ਰਕਿਰਤੀ ਦਾ ਮੈਂਬਰ ਹੋਣ ਕਰਕੇ ਪ੍ਰਕਿਰਤੀ ਦੇ ਨਿਯਮਾਂ ਦੁਆਰਾ ਨਿਰਧਾਰਿਤ ਕੀਤਾ ਜਾਂਦਾ ਹੈ ਅਤੇ ਇਸੇ ਕਰਕੇ, ਉਹ ਆਜ਼ਾਦ ਨਹੀਂ। ਪਰਮਾਣੂਵਾਦੀ Democritus ਅਤੇ Epicurus ਅਤੇ ਪ੍ਰਕਿਰਤੀਵਾਦੀ Thomas Hobbes, La Mettrie ਅਤੇ Baron Paul Von Holbach ਦਾਰਸ਼ਨਿਕ ਇਸ ਵਿਚਾਰ ਦੀ ਪਦਾਰਥਵਾਦੀ ਪੁਸ਼ਟੀ ਕਰਦੇ ਹਨ। ਮਨੋਵਿਗਿਆਨਿਕ ਨਿਯਤਵਾਦੀਆਂ ਦਾ ਵਿਚਾਰ ਹੈ ਕਿ ਮਨੁੱਖੀ ਕੰਮ ਬਿਰਤੀਆਂ ਅਤੇ ਪ੍ਰੇਰਨਾਵਾਂ ਜਿਹੇ ਮਨੋਵਿਗਿਆਨਿਕ ਕਾਰਕਾਂ ਦੁਆਰਾ ਨਿਰਧਾਰਿਤ ਹੁੰਦੇ ਹਨ। ਕਾਰਲ ਮਾਰਕਸ ਵਿਚਾਰਧਾਰਾ ਦੇ ਸਮਾਜਿਕ ਅਤੇ ਆਰਥਿਕ ਨਿਯਤਵਾਦੀਆਂ ਦਾ ਵਿਚਾਰ ਹੈ ਕਿ ਸਮਾਜਿਕ ਚੇਤਨਾ ਵਿਅਕਤੀਗਤ ਚੇਤਨਾ ਨੂੰ ਨਿਯਤ ਜਾਂ ਨਿਰਧਾਰਿਤ ਕਰਦੀ ਹੈ।

ਜਿਹੜੀ ਨਿਯਤਵਾਦੀ ਵਿਚਾਰਧਾਰਾ ਨੈਤਿਕ ਜ਼ਿੰਮੇਵਾਰੀਆਂ ਨੂੰ ਅਸਵੀਕਾਰ ਕਰਦੀ ਹੈ, ਨੂੰ ਨਰਮ ਨਿਯਤਵਾਦ ਕਹਿੰਦੇ ਹਨ ਜਦ ਕਿ ਨੈਤਿਕ ਜ਼ਿੰਮੇਵਾਰੀਆਂ ਨੂੰ ਅਸਵੀਕਾਰ ਕਰਨ ਵਾਲੀ ਵਿਚਾਰਧਾਰਾ ਸਖਤ/ਗਰਮ ਨਿਯਤਵਾਦੀ ਹਨ ਅਤੇ Hobbes, Hume ਅਤੇ J.S.Mill ਨਰਮ ਨਿਯਤਵਾਦੀ ਹਨ ਅਤੇ Baron Paul Von Holbach ਸਖਤ/ਗਰਮ ਨਿਯਤਵਾਦੀ ਹਨ। ਕਈ ਸੋਚਦੇ ਹਨ ਕਿ ਸਖਤ ਨਿਯਤਵਾਦ ਹੀ ਨਿਯਤਵਾਦ ਦੀ ਬਹਿਸ ਨੂੰ ਖਤਮ ਕਰਨ ਦਾ ਤਰਕਮਈ ਢੰਗ ਹੈ ਜਦ ਕਿ ਨਰਮ ਨਿਯਤਵਾਦ ਸੁਤੰਤਰਵਾਦੀਆਂ ਲਈ ਮਨੁੱਖੀ ਆਜ਼ਾਦੀ ਪ੍ਰਤੀ ਸਹਿਮਤੀ ਦੇਣ ਲਈ ਰਸਤਾ ਸਾਫ਼ ਕਰਦਾ ਹੈ। Nietzsche ਅਤੇ Sartre ਵਰਗੇ ਸੁਤੰਤਰ ਖਿਆਲੀ ਜ਼ੋਰ ਨਾਲ ਸਹਿਮਤੀ ਪ੍ਰਗਟ ਕਰਦੇ ਹਨ ਕਿ ਮਨੁੱਖ ਇਕ ਆਜ਼ਾਦ ਸੱਤਾ ਹੈ। ਮਨੁੱਖ ਰੁਕਾਵਟਾਂ ਤੇ ਬਾਹਰੀ ਦਖਲਅੰਦਾਜ਼ੀ ਤੋਂ ਆਜ਼ਾਦ ਹੋਣਾ ਚਾਹੀਦਾ ਹੈ, ਦੇ ਕਾਰਨ ਹੀ Nietzsche ਨੇ 'ਪਰਮਾਤਮਾ ਦੀ ਮੌਤ' ਬਾਰੇ ਦੱਸਿਆ। 'ਪਰਮਾਤਮਾ ਦੀ ਮੌਤ' ਮਨੁੱਖ ਨੂੰ ਮਹਿਸੂਸ ਕਰਾਉਂਦਾ ਹੈ ਕਿ ਉਹ ਚੰਗਿਆਈ ਅਤੇ ਬੁਰਾਈ ਤੋਂ ਦੂਰ ਹੈ, ਕਿ ਉਹ ਧਰਮ ਦੀ ਗੁਲਾਮ ਨੈਤਿਕਤਾ ਤੋਂ ਪਰ੍ਹੇ ਹੈ।

Sartre, Nietzsche ਨਾਲ ਸਹਿਮਤੀ ਵਿਖਾਉਂਦਾ ਹੋਇਆ ਕਹਿੰਦਾ ਹੈ ਕਿ ਮਨੁੱਖ ਆਜ਼ਾਦ ਸੱਤਾ ਹੈ ਭਾਵ Sartre ਅਨੁਸਾਰ ਮਨੁੱਖ ਦੀ ਆਜ਼ਾਦੀ ਲਈ ਪਰਮਾਤਮਾ ਦੀ ਮੌਤ ਜ਼ਰੂਰੀ ਨਹੀਂ, ਉਹ ਸਿਰਫ਼ ਮੌਜੂਦ ਹੀ ਨਹੀਂ ਹੁੰਦਾ। ਮਨੁੱਖ ਨੂੰ ਪੂਰੀ ਤਰ੍ਹਾਂ ਆਜ਼ਾਦ ਹੋਣ ਲਈ ਪਰਮਾਤਮਾ ਹੋਂਦ ਵਿਚ ਆਉਣਾ ਰੁੱਕ ਗਈ ਹੈ ਪਰ

ਪਰਮਾਤਮਾ ਦੀ ਗੈਰ-ਮੌਜੂਦਗੀ ਮਨੁੱਖ ਉੱਪਰ ਭਾਰੀ ਜ਼ਿੰਮੇਵਾਰੀਆਂ ਪਾਉਂਦੀ ਹੈ। ਇਸ ਲਈ ਆਜ਼ਾਦੀ ਦਾ ਇਨਾਮ ਹੈ ਕਿ ਮਨੁੱਖ ਆਪਣੇ ਕੰਮਾਂ ਲਈ ਜ਼ਿੰਮੇਵਾਰ ਹੋਣਾ ਚਾਹੀਦਾ ਹੈ ਅਤੇ ਜੇ ਆਜ਼ਾਦੀ ਜ਼ਿੰਮੇਵਾਰੀ ਨਾਲ ਲਈ ਜਾਂਦੀ ਹੈ ਤਾਂ ਇਸ ਦਾ ਮਤਲਬ ਮਨੁੱਖ ਆਪਣੇ ਕੰਮਾਂ ਦੇ ਨਤੀਜਿਆਂ ਨੂੰ ਸਹਿਣ ਲਈ ਤਿਆਰ ਹੋਵੇ। ਹੋਰ ਹੋਂਦਵਾਦੀਆਂ ਦੀ ਤਰ੍ਹਾਂ Sartre ਅਤੇ Nietzsche ਚੰਗੇ ਜਾਂ ਬੁਰੇ ਕੰਮ ਦੀ ਗੱਲ ਨਹੀਂ ਕਰਦਾ ਸਗੋਂ ਪ੍ਰਮਾਣਿਕ ਜਾਂ ਗੈਰ-ਪ੍ਰਮਾਣਿਕ ਕੰਮਾਂ ਬਾਰੇ ਗੱਲ ਕਰਦਾ ਹੈ। ਪ੍ਰਮਾਣਿਕ ਤੌਰ 'ਤੇ ਅਸੀਂ ਜ਼ਬਰਦਸਤ ਫੈਸਲੇ ਅਤੇ ਚੋਣ ਦੁਆਰਾ ਸੁਤੰਤਰ ਹਾਲਤਾਂ ਉੱਤੇ ਕਾਬੂ ਪਾਉਂਦੇ ਹਨ। ਗੈਰ-ਪ੍ਰਮਾਣਿਕ ਤੌਰ 'ਤੇ ਫੈਸਲੇ ਅਤੇ ਚੋਣ ਕਰਨ ਲਈ ਅਸੀਂ ਆਪਣੀ ਸੁਤੰਤਰਤਾ ਗੁਆ ਲੈਂਦੇ ਹਾਂ। ਪਰ ਨਿਰਣਾ ਨ ਲੈਣ ਦਾ ਫੈਸਲਾ ਅਸਲ ਫੈਸਲਾ ਹੈ ਅਤੇ ਚੋਣ ਨ ਕਰਨ ਦੀ ਚੋਣ, ਅਸਲ ਚੋਣ ਹੈ। ਜਦ ਅਸੀਂ ਫੈਸਲਾ ਕਰਨ ਜਾਂ ਚੋਣ ਕਰਨ ਤੋਂ ਇਨਕਾਰ ਕਰਦੇ ਹਾਂ ਤਾਂ ਅਸੀਂ ਢੁੱਕਵੇਂ ਢੰਗ ਨਾਲ ਫੈਸਲੇ ਲੈਂਦੇ ਹਾਂ ਜਾਂ ਅਣਜਾਣੇ ਚੋਣ ਕਰਦੇ ਹਾਂ। ਸੁਤੰਤਰਤਾ ਅਤੇ ਨਿਯਤਵਾਦ ਉੱਪਰ ਵਿਵਾਦ ਕਦੀ ਨ ਖਤਮ ਹੋਣ ਵਾਲਾ ਹੈ। ਕਾਂਤ ਕਹਿੰਦਾ ਹੈ ਕਿ ਇਹ ਸਿਰਫ਼ ਇਕ ਸਮੱਸਿਆ ਨਹੀਂ ਜੋ ਪਰਾ ਭੌਤਿਕ ਢੰਗ ਨਾਲ ਹੱਲ ਹੋ ਸਕੇ। ਇਹ ਇਕ ਨੈਤਿਕਤਾ ਨਾਲ ਜੁੜਿਆ ਮਸਲਾ ਹੈ ਜੋ ਸਾਡੀ ਆਤਮਾ ਨੂੰ ਆਕਰਸ਼ਿਤ ਕਰਦਾ ਹੈ।

ਪਰਾ-ਭੌਤਿਕ ਵਿਗਿਆਨ ਵਿਚ ਆਵਰਤਕ ਸਮੱਸਿਆਵਾਂ: ਇਸ ਵਿਚ ਮੂਲ ਤੱਤ ਅਤੇ ਦੁਰਘਟਨਾ, ਸਾਧਾਰਨ ਅਤੇ ਵਿਸ਼ੇਸ਼, ਏਕਤਾ ਅਤੇ ਅਨੇਕਤਾ ਅਤੇ ਪਛਾਣ ਅਤੇ ਵਖਰੇਵਾਂ ਆਦਿ ਸ਼ਾਮਿਲ ਹਨ। ਮੂਲ ਤੱਤ (Substance) ਅਤੇ ਘਟਨਾ ਦਿੱਖ ਅਤੇ ਅਸਲੀਅਤ ਨਾਲ ਜੁੜੇ ਹੋਏ ਹਨ। " Substance ਸ਼ਬਦ ਲਾਤੀਨੀ ਭਾਸ਼ਾ ਦੇ ਸ਼ਬਦ sub ਜਿਸ ਦਾ ਅਰਥ under ਅਤੇ stance ਅਤੇ ਜਿਸ ਦਾ ਅਰਥ standing Nietzsche ਤੋਂ ਲਿਆ ਗਿਆ ਹੈ। ਜਿਸ ਦਾ ਭਾਵ ਹੈ standing under ਜਾਂ that which stands under" (Omoregbe,1999:5)। ਬਹੁਤੀ ਵਾਰ ਮੂਲ ਤੱਤ (Substance ) ਦਾ ਅਰਥ ਮਾਲ (stuff), ਆਧਾਰਭੂਤ ਮਾਲ, ਤੱਤ, ਧੁਰਾ, ਮਜ਼ਬੂਤੀ ਜਾਂ ਦੁਕਾਰਤੇ ਪੰਥੀ ਤਕਰੀਰ ਵਿਚ ਇਕ ਸੁਤੰਤਰ ਹੋਂਦ ਵਜੋਂ ਕੀਤਾ ਜਾਂਦਾ ਹੈ। ਇਸ ਤੋਂ ਭਾਵ ਕਿ ਮੂਲ ਤੱਤ ਦਾਰਸ਼ਨਿਕਾਂ ਦੀ ਵਿਚਾਰਧਾਰਾ ਉੱਪਰ ਨਿਰਭਰ ਕਰਨ ਕਰਕੇ ਪਦਾਰਥ ਜਾਂ ਗੈਰ-ਪਦਾਰਥ ਹੋ ਸਕਦਾ ਹੈ। ਮੂਲ ਤੱਤ ਦੇ ਉਲਟ ਘਟਨਾ ਹੈ ਜਿਸ ਦੀ ਆਪਣੀ ਕੋਈ ਹੋਂਦ ਨਹੀਂ ਪਰ ਕਿਸੇ ਹੋਰ ਦੀ ਮਦਦ ਚਾਹੁੰਦੀ ਹੈ। ਘਟਨਾ ਰੰਗ, ਰੂਪ, ਆਕਾਰ ਨੂੰ ਪੇਸ਼ ਕਰਦੀ ਹੈ ਜੋ ਮੂਲ ਤੱਤ ਦੁਆਰਾ ਵਾਪਰਦੀ ਹੇ। ਸਰਬ-ਵਿਆਪਕ ਸਾਧਾਰਨ ਨਾਮ ਹਨ ਜਿਹਨਾਂ ਨੂੰ ਅਰਸਤੂ ਜੀਨ (genus) ਦੇ ਤੌਰ ਵਰਗੀਕ੍ਰਿਤ ਕਰਦਾ ਹੈ ਜਦ ਕਿ ਵਿਅਕਤੀਗਤ ਵਸਤਾਂ ਦੇ ਨਾਂ ਹਨ ਜਿਹਨਾਂ ਨੂੰ ਅਰਸਤੂ ਜਾਤੀ (Species) ਕਹਿੰਦਾ ਹੈ। ਦਲੀਲ ਇਕ ਇਹ ਵੀ ਹੈ ਕਿ ਕੀ ਸਾਧਾਰਨਤਾ, ਵਿਸ਼ੇਸ਼ਤਾ ਤੋਂ ਸੁਤੰਤਰ ਹੋ ਕੇ ਰਹਿ ਸਕਦੀ ਹੈ ਜਾਂ ਵਿਸ਼ੇਸ਼ ਵਸਤੂਆਂ ਤੋਂ ਅਲਹਿਦਾ ਜਾਂ ਸਿਰਫ ਛਾਪ (labels) ਦੇ ਤੌਰ 'ਤੇ ਹਨ। ਅਫਲਾਤੂਨ ਦੱਸਦਾ ਹੈ ਕਿ ਸਾਧਾਰਨਤਾ ਵਿਸ਼ੇਸ਼ ਵਸਤੂਆਂ ਤੋਂ ਅਲੱਗ ਹੋਂਦ ਰੱਖਦੀ ਹੈ ਅਤੇ ਉਸ ਦਾ ਵਿਚਾਰ ਅਤਿਕਥਨੀ ਯਥਾਰਥਵਾਦ ਕਹਾਉਂਦਾ ਹੈ। ਅਰਸਤੂ ਕਹਿੰਦਾ ਹੈ ਕਿ ਸਾਧਾਰਨਤਾ ਵਿਸ਼ੇਸ਼ ਵਸਤੂਆਂ ਤੋਂ ਅਲਹਿਦਾ ਹੈ ਅਤੇ ਉਸ ਦਾ ਵਿਚਾਰ ਹੈ ਨਰਮ ਯਥਾਰਥਵਾਦ ਦੇ ਤੌਰ 'ਤੇ ਜਾਣਿਆ ਜਾਂਦਾ ਹੈ। Ockhan ਜ਼ੋਰ ਦਿੰਦਾ ਹੈ ਕਿ ਨਾਮ ਸਿਰਫ਼ ਛਾਪ ਹੈ ਅਤੇ ਉਸ ਦੇ ਵਿਚਾਰ ਨਾਮਮਾਤਰਵਾਦ ਹਨ।

ਏਕਤਾ ਅਤੇ ਅਨੇਕਤਾ ਦੀ ਸਮੱਸਿਆ ਤੱਤ ਮੀਮਾਂਸਾ ਦੀ ਪ੍ਰਕਿਰਤੀ, ਕੰਮਾਂ ਅਤੇ ਕਾਰਜਾਂ ਨੂੰ ਸਿੱਧੇ ਤੌਰ 'ਤੇ ਛੂੰਹਦੀ ਹੈ। ਏਕਤਾ ਅੱਗੇ ਜਾ ਕੇ ਸੁਮੇਲਤਾ, ਕ੍ਰਮ, ਵਸਤੂਆਂ ਦਾ ਇੱਕਤਵ ਜਾਂ ਸਮਾਨਤਾ ਨਾਲ ਜੁੜੀ ਹੋਈ ਹੈ। ਅਨੇਕਤਾ ਹਮੇਸ਼ਾਂ ਉਥਲ ਪੁਥਲ, ਹਨੇਰਗਰਦੀ, ਅਸਮਾਨਤਾ, ਅਨੇਕਤਾ ਅਤੇ ਬਹੁਲਤਾ ਨਾਲ ਜੁੜੀ ਹੁੰਦੀ ਹੈ। ਇਸ ਲਈ ਅਨੇਕਤਾ ਵਿਚ ਏਕਤਾ ਅਤੇ ਏਕਤਾ ਵਿਚ ਅਨੇਕਤਾ ਹੁੰਦੀ ਹੈ। ਅਸੀਂ ਇਸ ਦਵੈਤਤਾ ਨੂੰ ਸਾਰੀ ਕਾਇਨਾਤ ਵਿਚ ਵੇਖਦੇ ਹਾਂ। ਪਰੰਤੂ ਇਹੀ ਸਭ ਕੁੱਝ ਨਹੀਂ ਹੈ ਕਿ ਇੱਥੇ ਏਕਤਾ ਅਤੇ ਅਨੇਕਤਾ ਹੈ। ਇਸ ਸਮੱਸਿਆ ਦਾ ਅਸਲ

ਨਿਚੋੜ ਤਾਂ ਇਹ ਹੈ ਕਿ ਮਨੁੱਖ ਪਰਾ-ਭੌਤਿਕ ਸੱਤਾ ਹੋਣ ਕਰਕੇ ਆਪਣੇ ਸਰਬ-ਵਿਆਪੀ ਨਿਰਮਾਣ ਅਤੇ ਪੁਨਰ-ਨਿਰਮਾਣ ਪ੍ਰਕਿਰਿਆਵਾਂ ਵਿਚ ਇਸ ਬ੍ਰਹਿਮੰਡੀ ਕ੍ਰਮ ਨੂੰ ਦੁਹਰਾਉਣ ਦੇ ਯੋਗ ਹੈ। ਇਸ ਲਈ ਤੱਤ ਮੀਮਾਂਸਾ ਨਾਲ ਜੁੜੀ ਸਾਰੀ ਗਲਬਾਤ ਇਹ ਹੈ ਕਿ ਮਨੁੱਖ ਸੰਸਾਰ ਵਿਚ ਅਨੇਕਤਾ ਵਿਚ ਏਕਤਾ ਬਣਾਉਣ ਦੇ ਯੋਗ ਹੈ ਪਰ ਜਦ ਉਹ ਅਜਿਹਾ ਕਰਦਾ ਹੈ ਤਾਂ ਹੋਰ ਅਨੇਕਤਾਵਾਂ ਦੀ ਪੁਨਰ ਸਿਰਜਨਾ ਕਰਦਾ ਹੈ। ਇਸ ਕਰਕੇ ਏਕਤਾ ਵਿਚ ਅਨੇਕਤਾ ਅਤੇ ਅਨੇਕਤਾ ਵਿਚ ਏਕਤਾ ਦਾ ਰਹੱਸ ਜਾਰੀ ਰਹਿੰਦਾ ਹੇ। ਪਛਾਣ ਕਿਸੇ ਵਸਤੂ ਦਾ ਗੁਣ ਜਾਂ ਵਿਸ਼ੇਸ਼ਤਾ ਹੈ। ਇਸ ਨੂੰ ਮਨੁੱਖਤਾ ਨਾਲ ਜੋੜਿਆ ਜਾਵੇ ਤਾਂ ਇਹ ਕਿਸੇ ਵਿਅਕਤੀ ਦਾ ਵਿਅਕਤਿਤਵ ਹੈ। ਕਈ ਵਾਰ ਅਸੀਂ ਕਿਸੇ ਵਰਗ ਦੀ ਪਹਿਚਾਣ ਲਈ ਵੀ ਇਹ ਵਰਤ ਲੈਂਦੇ ਹਾਂ (ਜਿਵੇਂ ਸਭਿਆਚਾਰਕ ਪਹਿਚਾਣ)। ਤਰਕ ਵਿਚ ਪਛਾਣ ਦਾ ਨਿਯਮ, ਇਕ ਵਸਤੂ ਜੋ ਹੈ, ਹੋਰ ਕੁੱਝ ਨਹੀਂ ਬਾਰੇ ਦੱਸਦਾ ਹੈ। Parmendean ਭਾਸ਼ਾ ਵਿਚ ਅਸੀਂ ਕਹਿ ਸਕਦੇ ਹਾਂ ਕਿ ਸੱਤਾ ਹੈ ਅਤੇ ਗੈਰ-ਸੱਤਾ ਨਹੀਂ ਹੈ। ਵਖਰੇਵਾਂ ਪਛਾਣ ਦੇ ਉਲਟ ਹੈ। ਹੋਂਦਵਾਦ ਵਿਚ ਵਖਰੇਵਾਂ ਤੋਂ ਭਾਵ ਕੁਰਕੀ ਜਾਂ ਗੈਰ-ਪ੍ਰਮਾਣਿਕਤਾ ਹੈ। Ludwig Feuerbach ਮਨੁੱਖੀ ਗੁਣਾਂ ਨੂੰ ਦੈਵੀ ਗੁਣਾਂ ਤੱਕ ਪਹੁੰਚਾਉਣਾ ਵਖਰੇਵਾਂ ਕਹਿੰਦਾ ਹੈ; ਪਰਮਾਤਮਾ ਜਿੱਥੇ ਇਹ ਮਨੁੱਖੀ ਗੁਣ ਸੋਝੀ ਵਾਲੇ ਬਣ ਜਾਂਦੇ ਹਨ। ਇਹੀ ਸਮੱਸਿਆ ਮਾਨਵੀਕਰਨ ਦੀ ਹੈ। ਕਾਰਲ ਮਾਰਕਸ ਅਨੁਸਾਰ ਵਖਰੇਵਾਂ ਦਾ ਸਾਧਾਰਨ ਮਤਲਬ ਹੈ-ਮਜ਼ਦੂਰ ਦੀ ਲੁੱਟ। ਵਖਰੇਵਾਂ ਅਨੇਕਾਂ ਪੱਧਰ ‘ਤੇ ਕੀਤਾ ਜਾਂਦਾ ਹੈ ਜਿਵੇਂ ਸਭਿਆਚਾਰਕ, ਧਾਰਮਿਕ, ਆਰਥਿਕ ਵਖਰੇਵਾਂ ਅਤੇ ਅਜਿਹੇ ਅਨੇਕਾਂ ਹੋਰ।

**1.1.8** ਸਿੱਟਾ: ਤੱਤ ਮੀਮਾਂਸਾ ਦੀ ਸਮੱਸਿਆ ਉੱਪਰ ਇਸ ਵਿਆਖਿਆ ਦਾ ਨਤੀਜਾ ਇਹ ਹੈ ਕਿ ਤੱਤ ਮੀਮਾਂਸਾ ਉਹਨਾਂ ਸਮੱਸਿਆਵਾਂ ਦਾ ਵਿਸ਼ਲੇਸ਼ਣ ਹੈ ਜੋ ਰੋਜ਼ਾਨਾ ਜ਼ਿੰਦਗੀ ਨੂੰ ਨਹੀਂ ਛੂੰਹਦੀਆਂ ਪਰ ਮਨੁੱਖੀ ਗਿਆਨ ਦੀ ਨੀਂਹ ਜਾਂ ਆਧਾਰ ਦਾ ਕੰਮ ਕਰਦੀਆਂ ਹਨ। ਇਸ ਲਈ ਤੱਤ ਮੀਮਾਂਸਾ ਜੀਵਨ ਦੀਆਂ ਆਧਾਰਭੂਤ ਸਮੱਸਿਆਵਾਂ ਨਾਲ ਜੁੜਿਆ ਹੋਇਆ ਹੇ। ਅਜਿਹਾ ਕੋਈ ਵਿਸ਼ਾ ਨਹੀਂ ਜੋ ਪਰਾ-ਭੌਤਿਕ ਸਮੱਸਿਆ/ ਸਿਧਾਂਤਾਂ ਜਾਂ ਹੋਰ ਕਿਸੇ ‘ਤੇ ਨ ਟਿਕਿਆ ਹੋਵੇ। ਮਾਨਵੀ ਵਿਸ਼ਿਆਂ, ਭੌਤਿਕ ਵਿਗਿਆਨ ਜਾਂ ਸਮਾਜਿਕ ਅਤੇ ਪ੍ਰਬੰਧਕੀ ਵਿਗਿਆਨਾਂ ਵਿਚ ਇਹ ਵਿਸ਼ਾ ਜ਼ਰੂਰ ਹੋਵੇਗਾ। ਕਿਸੇ ਵਿਸ਼ੇ ਵਿਚ ਪੜ੍ਹਿਆ ਲਿਖਿਆ ਹੋਣ ‘ਤੋਂ ਭਾਵ ਉਸ ਵਿਸ਼ੇ ਵਿਚਲੇ ਪਰਾ-ਭੌਤਿਕ ਸਿਧਾਂਤਾਂ ਨਾਲ ਆਪਣੇ-ਆਪ ਨੂੰ ਜਾਣੂ ਨਹੀਂ ਕਰਵਾ ਸਕਿਆ, ਨੇ ਸਿਰਫ਼ ਵਿਸ਼ਾ ਪਾਸ ਕੀਤਾ ਹੈ, ਦੂਸਰੇ ਪਾਸੇ ਵਿਸ਼ਾ ਨ ਵੀ ਪਾਸ ਹੋਵੇ ਪਰ ਪਰਾ-ਭੌਤਿਕ ਸਿਧਾਂਤਾਂ ਦੇ ਗਿਆਨ ਕਰਕੇ ਵਿਅਕਤੀ ਪਾਸ ਹੋਵੇਗਾ। ਇੱਥੇ ਅਸੀਂ ਵੇਖਦੇ ਹਾਂ ਕਿ ਤੱਤ-ਮੀਮਾਂਸਾ (Metaphysics) ਦੀ ਵੰਡ metaphysica generalis ਅਤੇ metaphysica specialis ਵਿਚ ਕੀਤੀ ਜਾਂਦੀ ਹੈ।

ਯਾਦ ਰੱਖੋ ਕਿ ਪਹਿਲੇ ਦੇ ਅਧੀਨ ਅਸੀਂ ਸੱਤਾ ਅਤੇ ਮਾਨਵੀ ਸੱਤਾ ਨਾਲ ਸੰਬੰਧਤ ਸਮੱਸਿਆਵਾਂ ਦਾ ਮੁਲਾਂਕਣ ਕਰਦੇ ਹਾਂ ਜਦਕਿ ਦੂਸਰੇ ਅਧੀਨ ਅਸੀਂ ਸਾਧਾਰਨ ਰੂਪ ਵਿਚ ਸੰਸਾਰ ਨਾਲ ਸੰਬੰਧਿਤ ਸਮੱਸਿਆਵਾਂ (ਅਸਲੀਅਤ ਦੀ ਸਮੱਸਿਆ) ਦਾ ਵਰਣਨ ਕੀਤਾ ਹੈ। ਅਕਾਦਮਿਕ ਵਿਸ਼ਿਆਂ ਦੇ ਸੰਬੰਧ ਵਿਚ ਦਰਸ਼ਨ ਸਾਸ਼ਤਰ ਹਰ ਅਕਾਦਮਿਕ ਅਧਿਐਨ ਲਈ ਸਾਧਾਰਨ ਸਿਧਾਂਤ ਪ੍ਰਦਾਨ ਕਰਦਾ ਹੈ। ਹੋਰ ਮਾਨਵੀ ਵਿਸ਼ੇ ਮਨੁੱਖੀ ਜੀਵਾਂ ਨਾਲ ਸੰਬੰਧਤ (ਇਤਿਹਾਸ, ਭਾਸ਼ਾ ਅਤੇ ਸਭਿਆਚਾਰ) ਨਾਲ ਸੰਬੰਧਤ ਮਸਲਿਆਂ ਦਾ ਵਿਸ਼ਲੇਸ਼ਣ ਕਰਦੇ ਹਨ। ਭੌਤਿਕ ਵਿਗਿਆਨਾਂ ਦਾ ਸੰਬੰਧ ਭੌਤਿਕ ਸੁਭਾਅ ਦੀ ਅੰਗਿਕ ਅਤੇ ਗੈਰ-ਅੰਗਿਕ ਪੱਧਰ ‘ਤੇ ਪੜਤਾਲ ਕਰਨ ਨਾਲ ਹੈ। ਅਜਿਹਾ ਕਰਦੇ ਹੋਏ ਭੌਤਿਕ ਵਿਗਿਆਨ ਗਣਿਤ ਨੂੰ ਇਕ ਸੰਦ ਦੇ ਵਜੋਂ ਵਰਤਦਾ ਹੈ ਜੋ ਆਪਣੇ ਆਪ (ਗਣਿਤ) ਇਕ ਚਿੰਨ੍ਹ ਅਤੇ ਚਿਤਰ ਦੀ ਵਰਤੋਂ ਦੁਆਰਾ ਅਤੇ ਸੁਨਿਸ਼ਚਿਤ ਉਦੇਸ਼ ਲਈ ਅਸਲੀਅਤ ਦਾ ਇਕ ਸ਼ੁੱਧ ਤਰਕਮਈ ਮੁਲਾਂਕਣ ਹੈ। ਸਮਾਜ ਅਤੇ ਪ੍ਰਬੰਧਕੀ ਵਿਗਿਆਨ ਹੋਰ ਮਨੁੱਖੀ ਕਿਰਿਆਵਾਂ ਜਿਵੇਂ ਰਾਜਨੀਤਿਕ ਢਾਂਚਾ, ਨਿੱਜੀ ਅਤੇ ਸ਼੍ਰੇਣੀ ਮਨੋਵਿਗਿਆਨ, ਸਮਾਜਿਕ ਬਣਤਰ, ਅਰਥ ਸਾਸ਼ਤਰ, ਵਣਜ, ਖਰੀਦਦਾਰੀ, ਪੂੰਜੀ, ਸੰਚਾਰ ਅਤੇ ਅਨੇਕਾਂ ਹੋਰ ਮਾਨਵੀ ਵਿਸ਼ਿਆਂ

ਅਤੇ ਭੌਤਕ ਵਿਗਿਆਨਾਂ ਦੀਆਂ ਵਿਧੀਆਂ ਨੂੰ ਇਕੱਠਾ ਕਰਦੇ ਹਨ। ਇਹਨਾਂ ਸਾਰੀਆਂ ਕਿਰਿਆਵਾਂ ਦੇ ਉਚਿਤ ਤਾਲਮੇਲ ਲਈ ਪਰਾ-ਭੌਤਿਕ ਸਿਧਾਂਤਾਂ ਦੀ ਜ਼ਰੂਰਤ ਹੈ ਜੇ ਨਹੀਂ ਤਾਂ ਜੀਵਨ ਦੀ ਉਥਲ-ਪੁਥਲ ਵਿਚ ਏਕਤਾ ਲਿਆਉਣੀ ਅਸੰਭਵ ਹੋਵੇਗੀ।

## 1.1.9 ਸੁਝਾਈਆਂ ਪੁਸਤਕਾਂ


1.Brubccher, J.S.: Modern Philosophies of Education.

2 Kaul,G.N.: Values and Education in Independent India.

3 Sodhi,T.S. and Aruna Suri: Philosophical and Sociological Foundations of Education.

4 Pandey,R.S.: An Introduction to Major Philosophies of Education.

5 Taneja, V.R.: Philosophical and Sociological Foundations of Education.


## 1.1.10 ਪ੍ਰਸ਼ਨਾਵਲੀ

1

2 ਤੱਤ ਮੀਮਾਂਸਾ /ਪਰਾ ਭੌਤਿਕ ਵਿਗਿਆਨ ਕੀ ਹੈ? ਇਸ ਦੀਆਂ ਤਿੰਨ ਸ਼ਾਖਾਵਾਂ ਦਾ ਵਰਣਨ ਕਰੋ।

3 ਤੱਤ ਮੀਮਾਂਸਾ ਦੀ ਮੁੱਖ ਸਮੱਸਿਆ ਕੀ ਹੈ? ਇਸ ਦਾ ਖੇਤਰ ਉਪ-ਸ਼ਾਖਾਵਾਂ ਵਿਚ ਕਿਵੇਂ ਵੰਡਿਆ ਜਾਂਦਾ ਹੈ?

4 ਹੋਂਦ ਮੀਮਾਂਸਾ ਤੋਂ ਤੁਹਾਡਾ ਕੀ ਭਾਵ ਹੈ? ਇਸ ਦੇ ਮੁੱਖ ਸਿਧਾਂਤਾਂ ਦਾ ਵਰਣਨ ਕਰੋ।

ਸ਼ਿੱਖਿਆ ਦੇ ਦਰਸ਼ਨ ਦੇ ਸੁਭਾਅ ਅਤੇ ਮੰਤਵ ਦੀ ਵਿਆਖਿਆ ਕਰੋ।

5 ਸੱਤਾ ਕੀ ਹੈ? ਸੱਤਾ ਅਤੇ ਮੂਲ ਤੱਤ ਦਾ ਆਪਸ ਵਿਚ ਕੀ ਸੰਬੰਧ ਹੈ? ਮੂਲ ਸੱਤਾ, ਗੁਣ ਅਤੇ ਢੰਗ ਦੇ ਅਰਥ ਸਪੱਸ਼ਟ ਕਰੋ।

ਪਾਠ ਨੰ -1.2 ਲੇਖਕ: ਡਾ. ਐਚ. ਕੇ. ਡੌਲੀ **ਅਤੇ ਡਾ. ਹਰਪ੍ਰੀਤ ਕੌਰ**

# ਗਿਆਨ ਮੀਮਾਂਸਾ ਅਤੇ ਸਿੱਖਿਆ

## ਪਾਠ ਦੀ ਬਣਤਰ

1.2.1 ਉਦੇਸ਼
1.2.2 ਜਾਣ-ਪਛਾਣ
1.2.3 ਤਰਕਪੂਰਨ ਪ੍ਰਤੱਖਵਾਦ
1.2.4 ਤਰਕਪੂਰਨ ਵਿਸ਼ਲੇਸ਼ਣ
1.2.5 ਧਨਾਤਮਕ ਸਾਪੇਖਤਾ
1.2.6 ਮੁੱਲ ਦਾ ਅਰਥ
1.2.7 ਮੁੱਲਾਂ ਦਾ ਵਰਗੀਕਰਨ
1.2.8 ਮੁੱਲਾਂ ਦੀ ਦਰਜਾਬੰਦੀ
1.2.9 ਮੁੱਲਾਂ ਨੂੰ ਦ੍ਰਿੜ ਕਰਵਾਉਣ ਲਈ ਸਿੱਖਿਆ ਦੀ ਭੂਮਿਕਾ
1.2.10 ਮੁੱਲਾਂ ਨੂੰ ਦ੍ਰਿੜ ਕਰਵਾਉਣ ਲਈ ਅਧਿਆਪਕ ਦੀ ਭੂਮਿਕਾ
1.2.11 ਸਾਰ
1.2.12 ਸੁਝਾਈਆਂ ਪੁਸਤਕਾਂ
1.2.13 ਪ੍ਰਸ਼ਨਾਵਲੀ

### **1.2.1** ਉਦੇਸ਼:

ਇਸ ਪਾਠ ਨੂੰ ਪੜ੍ਹਨ ਉਪਰੰਤ ਤੁਸੀਂ ਯੋਗ ਹੋ ਜਾਵੋਗੇ-
(i)ਗਿਆਨ ਮੀਮਾਂਸਾ ਨੂੰ ਪਰਿਭਾਸ਼ਿਤ ਕਰਨ ਲਈ
(ii)ਤਰਕਪੂਰਨ ਵਿਸ਼ਲੇਸ਼ਣ ਕਰਨ ਲਈ
(iii)ਧਨਾਤਮਕ ਸਾਪੇਖਤਾ ਦਾ ਅਰਥ ਸਮਝਣ ਲਈ
(iv) ਮੁੱਲਾਂ ਦਾ ਵਰਗੀਕਰਨ ਕਰਨ ਦੇ ਲਈ
(v) ਮੁੱਲਾਂ ਨੂੰ ਦ੍ਰਿੜ ਕਰਵਾਉਣ ਲਈ ਸਿੱਖਿਆ ਦੀ ਭੂਮਿਕਾ ਬਿਆਨ ਕਰਨ ਦੇ ਲਈ

### **1.2.2** ਜਾਣ-ਪਛਾਣ:

'Epistemology' ਸ਼ਬਦ ਦੋ ਸ਼ਬਦਾਂ ਤੋਂ ਮਿਲ ਕੇ ਬਣਿਆ ਹੈ-(i) 'Episteme' ਜਿਸ ਦਾ ਅਰਥ ਹੈ ਗਿਆਨ ਅਤੇ (ii) Logy ਜਿਸ ਦਾ ਅਰਥ ਹੈ ਵਿਗਿਆਨ ਜਾਂ ਤਰਕ। ਇਸ ਲਈ 'Epistemology' ਦਾ ਸ਼ਾਬਦਿਕ ਅਰਥ ਹੈ ਗਿਆਨ ਦਾ ਵਿਗਿਆਨ। ਇਹ ਗਿਆਨ ਦੀ ਪ੍ਰਕਿਰਿਆ ਦਾ ਵਿਸ਼ਲੇਸ਼ਣ ਕਰਦਾ ਹੈ ਅਤੇ ਇਸ ਦੇ ਆਧਾਰ ਸਮੇਤ ਸਾਰੇ ਕਾਰਕਾਂ ਦਾ ਅਧਿਐਨ ਕਰਦਾ ਹੈ। ਗਿਆਨ ਮੀਮਾਂਸਾ ਦਾ ਉਦੇਸ਼ ਸੱਚੇ ਗਿਆਨ ਦੇ ਢੰਗ ਅਤੇ ਕਸੌਟੀ ਪ੍ਰਦਾਨ ਕਰਨਾ ਹੈ।

ਗਿਆਨ ਪ੍ਰਾਪਤ ਕਰਨ ਦੇ ਕਈ ਢੰਗ ਹਨ ਪਰ ਅਸੀਂ ਇਸ ਪਾਠ ਵਿਚ ਗਿਆਨ ਹਾਸਲ ਕਰਨ ਦੇ ਸਿਰਫ਼ ਤਿੰਨ ਢੰਗਾਂ ਬਾਰੇ ਗੱਲ ਕਰਾਂਗੇ:–

ਤਰਕਪੂਰਨ ਪ੍ਰਤੱਖਵਾਦ
ਤਰਕਪੂਰਨ ਵਿਸ਼ਲੇਸ਼ਣ
ਧਨਾਤਮਕ ਸਾਪੇਖਤਾ

### **1.2.3** ਤਰਕਪੂਰਨ ਪ੍ਰਤੱਖਵਾਦ

ਤਰਕਪੂਰਨ ਪ੍ਰਤੱਖਵਾਦ ਨੂੰ ਕਈ ਵਾਰ ਤਰਕਪੂਰਨ ਧਨਾਤਮਕਤਾ ਜਾਂ ਸਾਧਾਰਨ ਧਨਾਤਮਕਤਾ ਕਿਹਾ ਜਾਂਦਾ ਹੈ ਕਿਉਂਕਿ ਇਸ ਅਨੁਸਾਰ ਇੰਦ੍ਰੀ ਅਨੁਭਵ ਗਿਆਨ ਅਤੇ ਸੱਚ ਦਾ ਸਾਧਨ ਹਨ; ਧਨਾਤਮਕ ਉਹ ਜੋ ਅਨੁਭਵ ਦੁਆਰਾ ਮੰਨਿਆ ਜਾਂਦਾ ਹੈ। ਅਸਲ ਵਿਚ ਇਹ ਦਾਰਸ਼ਨਿਕ ਦ੍ਰਿਸ਼ਟੀਕੋਣ ਜੋ ਪ੍ਰਮਾਣਿਕ ਹੋਵੇ ਪ੍ਰਤੱਖਵਾਦ ਕਹਾਉਂਦਾ ਹੈ ਕਿਉਂਕਿ ਇਹ ਗਿਆਤ ਗਿਆਨ ਦੇ ਪ੍ਰਮਾਣਿਕ ਸਾਧਨ ਵਜੋਂ ਇੰਦ੍ਰੀ ਅਨੁਭਵ ਤੋਂ ਬਿਨਾਂ ਕਿਸੇ ਹੋਰ ਅਨੁਭਵ ਨੂੰ ਪ੍ਰਮਾਣਿਕ ਨਹੀਂ ਮੰਨਦਾ। ਅਸਲ ਵਿਚ ਤਰਕਪੂਰਨ ਧਨਾਤਮਕਤਾ ਉਹਨਾਂ ਸਮਕਾਲੀ ਦਾਰਸ਼ਨਿਕਾਂ ਨਾਲ ਜੁੜਿਆ ਹੋਇਆ ਹੈ ਜਿਹੜੇ ਆਪਣੇ ਆਪ ਨੂੰ ਯਥਾਰਥਵਾਦੀ, ਪ੍ਰਤੱਖਵਾਦੀ ਅਤੇ ਵਿਗਿਆਨਿਕ ਵਿਚਾਰਕ ਕਹਾਉਂਦੇ ਹਨ। ਉਹਨਾਂ ਨੇ ਦਰਸ਼ਨ ਸਾਸ਼ਤਰ ਦੇ ਖੇਤਰ ਵਿਚ ਅਜਿਹਾ ਦ੍ਰਿਸ਼ਟੀਕੋਣ ਵਿਕਸਤ ਕੀਤਾ ਹੈ ਜੋ ਸਾਰੇ ਪਰੰਪਰਾਗਤ ਦਰਸ਼ਨ ਸਾਸ਼ਤਰ ਨੂੰ ਅਸਵੀਕਾਰ ਕਰਦਾ ਹੈ ਅਤੇ ਆਪਣਾ ਇਕ ਵੱਖਰਾ ਢੰਗ ਬਣਾਉਂਦਾ ਹੈ। ਇਹ ਨਵਾਂ ਢੰਗ ਭਾਸ਼ਾਈ ਵਿਸ਼ਲੇਸ਼ਣ ਅਤੇ ਸੱਚ ਦੀ ਤਥਾਤਮਕ ਸੁਧਾਈ ਉੱਪਰ ਆਧਾਰਿਤ ਹੈ। ਇਸ ਢੰਗ ਨਾਲ ਉਹਨਾਂ ਨੇ ਸਮੱਚੇ ਪਰੰਪਰਾਗਤ ਦਰਸ਼ਨ ਸਾਸ਼ਤਰ, ਤੱਤ ਮੀਮਾਂਸਾ ਅਤੇ ਉਹਨਾਂ ਨਾਲ ਜੁੜੇ ਹੋਰ ਵਿਸ਼ਿਆਂ ਨੂੰ ਅਸਵੀਕਾਰ ਕਰ ਦਿੱਤਾ ਹੈ।

ਇਸ ਸੰਦਰਭ ਵਿਚ, ਸਾਰੇ ਦਰਸ਼ਨ ਸਾਸ਼ਤਰ ਨੂੰ ਦੋ ਹਿੱਸਿਆਂ ਵਿਚ ਵੰਡਣਾ ਲਾਹੇਵੰਦ ਹੋਵੇਗਾ: ਪਰੰਪਰਾਗਤ ਦਰਸ਼ਨ ਸਾਸ਼ਤਰ ਜੋ ਅੰਦਾਜ਼ਿਆਂ ਉੱਪਰ ਆਧਾਰਿਤ ਹੈ ਅਤੇ ਧਨਾਤਮਕ ਦਰਸ਼ਨ ਸਾਸ਼ਤਰ ਜੋ ਇੰਦ੍ਰੀ ਅਨੁਭਵ ’ਤੇ ਆਧਾਰਿਤ ਹੈ। ਫਰਜ਼ੀ ਦਰਸ਼ਨ ਸਾਸ਼ਤਰ ਨੇ ਮਨੁੱਖ ਨੂੰ ਸੰਸਾਰ ਦੇ ਸੱਚ ਬਾਰੇ ਹਨੇਰੇ ’ਚ ਰੱਖਿਆ ਹੈ; ਇਹ ਦਾਅਵਾ ਕਰਦਾ ਹੈ ਕਿ ਸੰਸਾਰ ਅਤੇ ਉਸ ਵਿਚਲੀਆਂ ਸਾਰੀਆਂ ਵਸਤਾਂ ਝੂਠ ਹਨ ਅਤੇ ਅਸਲ ਉਹਨਾਂ ਤੋਂ ਦੂਰ ਪਾਰਗਾਮੀ, ਇੰਦ੍ਰੀ ਅਨੁਭਵ ਤੋਂ ਪੂਰਵ ਹੈ ਜਿਸ ਨੂੰ ਉਹ ਸੰਪੂਰਨ ਸੱਚ ਜਾਂ ਪਰਮਾਤਮਾ ਕਹਿੰਦੇ ਹਨ ਅਤੇ ਦੱਸਦੇ ਹਨ ਕਿ ਮਨੁੱਖ ਨੇ ਉੱਥੇ ਪਹੁੰਚਣਾ ਹੈ ਕਿਉਂਕਿ ਇਸ ਵਿਚ ਸੱਚ, ਸੁੰਦਰਤਾ ਅਤੇ ਚੰਗਿਆਈ ਜਿਹੀਆਂ ਪੂਰਨ ਕਦਰਾਂ–ਕੀਮਤਾਂ ਸ਼ਾਮਿਲ ਹਨ ਜੋ ਮਨੁੱਖੀ ਜ਼ਿੰਦਗੀ ਦਾ ਮੁੱਖ ਟੀਚਾ ਹੈ। ਤਰਕਪੂਰਨ ਪ੍ਰਤੱਖਵਾਦੀ ਨਿਸ਼ਚੇ ਨਾਲ ਕਹਿੰਦੇ ਹਨ ਕਿ ਇਹ ਸੱਚ ਇੰਦ੍ਰੀ ਅਨੁਭਵ ’ਤੇ ਆਧਾਰਿਤ ਨਹੀਂ; ਇਸ ਲਈ, ਇਹਨਾਂ ਦੀ ਕੋਈ ਹੋਂਦ ਨਹੀਂ। ਸੰਵੇਦਨਸ਼ੀਲ ਸੰਸਾਰ ਅਤੇ ਅਸਲ ਵਿਚ ਫ਼ਰਕ ਕਰਨਾ ਗਲਤ ਹੈ। ਤਰਕਪੂਰਨ ਪ੍ਰਤੱਖਵਾਦੀ ਸਾਰੇ ਪਰੰਪਰਾਗਤ ਤੱਤ ਮੀਮਾਂਸਾ, ਗਿਆਨ ਮੀਮਾਂਸਾ ਅਤੇ ਕੀਮਤ ਮੀਮਾਂਸਾ ਨੂੰ ਅਸਵੀਕਾਰ ਕਰਦੇ ਹਨ ਕਿਉਂਕਿ ਉਹ ਉਸ ਅਸਲ ਨਾਲ ਸੰਬੰਧਤ ਨਹੀਂ ਜੋ ਤੱਥਾਂ ਦੇ ਆਧਾਰ ’ਤੇ ਪੜਤਾਲ ਕੀਤਾ ਜਾ ਸਕਦਾ ਹੈ। ਉਹ ਕਹਿੰਦੇ ਹਨ ਕਿ ਨੀਤੀ ਸਾਸ਼ਤਰ ਅਤੇ ਸੁਹਜ ਸਾਸ਼ਤਰ ਇਹਨਾਂ ਵਿਸ਼ਿਆਂ ਵਾਂਗ ਹਨ। ਇਹਨਾਂ ਵਿਚੋਂ ਉਹ ਤਰਕ ਨੂੰ ਪ੍ਰਵਾਨ ਕਰਦੇ ਹਨ ਅਤੇ ਇਸ ਖੇਤਰ ਵਿਚ ਉਹ ਨਿਗਮਨ ਨਾਲੋਂ ਆਗਮਨ ਨੂੰ ਵਧੀਆ ਮੰਨਦੇ ਹਨ।

ਪਰੰਪਰਾਗਤ ਦਰਸ਼ਨ ਸ਼ਾਸਤਰ ਦੀ ਅਸਵੀਕ੍ਰਿਤੀ ਇੰਨੀ ਅੰਨ੍ਹੇਵਾਹ ਅਤੇ ਮੌਲਿਕ ਹੈ ਕਿ ਉਹ ਆਪਣੇ–ਆਪ ਨੂੰ ਸਾਰੇ ਦਰਸ਼ਨ ਸਾਸ਼ਤਰ ਦੇ ਵਿਰੋਧੀ ਸਮਝਦੇ ਹਨ ਅਤੇ ਉਹ ਦਾਅਵਾ ਕਰਦੇ ਹਨ ਕਿ ਗਿਆਨ ਹਾਸਲ ਕਰਨਾ ਦਰਸ਼ਨ ਸਾਸ਼ਤਰ ਦਾ ਅਸਲ ਕੰਮ ਨਹੀਂ ਜਿਵੇਂ ਵਿਗਿਆਨ ਆਪਣਾ ਕੰਮ ਕਰਦਾ ਹੈ। ਤਾਂ ਫਿਰ ਦਰਸ਼ਨ ਸਾਸ਼ਤਰ ਦਾ ਕੰਮ ਭਾਸ਼ਾ ਅਤੇ ਵਿਗਿਆਨਿਕ ਧਾਰਨਾਵਾਂ ਦੇ ਅਰਥਾਂ ਦਾ ਸਪੱਸ਼ਟੀਕਰਨ ਤੋਂ ਬਿਨਾਂ ਹੋਰ ਕੁੱਝ ਨਹੀ ਹੈ। ਤਰਕਪੂਰਨ ਪ੍ਰਤੱਖਵਾਦੀ ਵਿਸ਼ਲੇਸ਼ਣ ਦੇ ਢੰਗਾਂ ਅਤੇ ਦਾਰਸ਼ਨਿਕ ਸਮੱਸਿਆਵਾਂ ਨੂੰ ਹੱਲ ਕਰਨ ਦੇ ਉਦੇਸ਼ ਨਾਲ ਤੱਥਾਂ ਦੀ ਸੁਧਾਈ ਉੱਪਰ ਜ਼ੋਰ ਦਿੰਦਾ ਹੈ; ਸ਼ਬਦਾਂ ਦੇ ਅਰਥਾਂ ਦਾ ਸਪੱਸ਼ਟੀਕਰਨ ਇਕ ਮਹੱਤਵਪੂਰਨ ਕੰਮ ਹੈ ਜਿਸ ਨੂੰ ਦਰਸ਼ਨ ਸਾਸ਼ਤਰ ਨੇ ਕਰਨਾ ਹੁੰਦਾ ਹੈ। ਉਹ ਵਧੇਰੇ ਮਹੱਤਤਾ ਤਰਕ ਸਾਸ਼ਤਰ ਨੂੰ ਦਿੰਦੇ ਹਨ ਇਸ ਲਈ ਇਸ ਨੂੰ ਤਰਕ ਕਹਿੰਦੇ ਹਨ ਅਤੇ ਉਹ ਇੰਦ੍ਰੀ ਅਨੁਭਵ ਨੂੰ ਗਿਆਨ ਅਤੇ ਸੱਚ ਦੇ ਸਾਧਨ ਸਮਝਦੇ ਹਨ। ਉਹ ਭਾਸ਼ਾਈ ਵਿਸ਼ਲੇਸਣ ਉੱਤੇ ਜ਼ੋਰ ਦਿੰਦੇ ਹਨ, ਇਸ ਲਈ ਉਹਨਾਂ ਦਾ ਇਹ ਦ੍ਰਿਸ਼ਟੀਕੋਣ ਵਿਸ਼ਲੇਸ਼ਣਾਤਮਕ ਦਰਸ਼ਨ ਸਾਸ਼ਤਰ

ਕਹਾਉਂਦਾ ਹਨ। ਉਹ ਆਪਣੇ ਢੰਗ ਵਿਚ ਸੰਕੇਤਮਈ ਤਰਕ ਦੀ ਵਰਤੋਂ ਕਰਦੇ ਹਨ। ਸੋ ਪਤਾ ਲੱਗਦਾ ਹੈ ਕਿ ਉਹਨਾਂ ਦਾ ਸਾਰਾ ਜ਼ੋਰ ਨਿੰਦਣ ਜਾਂ ਅਸਵੀਕਾਰ ਕਰਨ 'ਤੇ ਹੈ ਤਾਂ ਜੋ ਉਹਨਾਂ ਦੀ ਨਾਕਾਰਾਤਮਕ ਯੋਗਦਾਨ ਮਹੱਤਵਪੂਰਨ ਹੋਵੇ।

ਉੱਪਰਲੇ ਵਿਚਾਰਾਂ ਦੀ ਰੌਸ਼ਨੀ 'ਚ ਅਸੀਂ ਤਰਕਪੂਰਨ ਪ੍ਰਤੱਖਵਾਦ ਨੂੰ ਪਰਿਭਾਸ਼ਿਤ ਕਰ ਸਕਦੇ ਹਾਂ ਕਿ ਇਹ ਦਾਰਸ਼ਨ ਸਾਸ਼ਤਰ ਦੀ ਇਕ ਵਿਧੀ ਅਤੇ ਪ੍ਰਣਾਲੀ ਹੈ ਜੋ ਪਰੰਪਰਾਗਤ ਪਹੁੰਚ ਅਤੇ ਦਰਸ਼ਨ ਸਾਸ਼ਤਰ ਨੂੰ ਅਸਵੀਕਾਰ ਕਰਦੀ ਹੈ ਅਤੇ ਤਰਕਪੂਰਨ ਅਤੇ ਭਾਸ਼ਾਈ ਵਿਸ਼ਲੇਸ਼ਣ ਅਤੇ ਸੱਚ ਦੀ ਤੱਥਾਤਮਕ ਸੁਧਾਈ ਦੇ ਨਿਯਮ ਦੇ ਆਧਾਰ 'ਤੇ ਵਿਗਿਆਨਿਕ ਗਿਆਨ ਦੀ ਪ੍ਰਣਾਲੀ ਸਥਾਪਿਤ ਕਰਦੀ ਹੈ। ਤਰਕਪੂਰਨ ਧਨਾਤਮਕਵਾਦ ਇਕ ਤੱਤ ਮੀਮਾਂਸਾ ਵਿਰੋਧੀ ਅਤੇ ਕਿਆਸ ਵਿਰੋਧੀ ਸਪੱਸ਼ਟ stance ਪੇਸ਼ ਕਰਦੀ ਹੈ ਅਤੇ ਇਹ ਇਕ ਯਥਾਰਥਕ, ਅਲੋਚਨਾਤਮਕ, ਸੰਦੇਹਵਾਦੀ ਰੁਝਾਨ ਹੈ ਜੋ ਚਿੰਨ੍ਹਾਤਮਕ ਤਰਕ ਨੂੰ ਮਿਥਿਹਾਸਿਕ ਸੰਦ ਵਾਂਗ ਵਰਤਦਾ ਹੈ। ਕੋਈ ਵੀ ਵਿਚਾਰਵਾਨ ਜੋ ਭਾਸ਼ਾਈ ਵਿਸ਼ਲੇਸ਼ਣ ਅਤੇ ਸੱਚ ਲਈ ਤੱਥ-ਸੁਧਾਈ ਦੀਆਂ ਵਿਧੀਆਂ ਗ੍ਰਹਿਣ ਕਰਦਾ ਹੈ ਨੂੰ ਤਰਕਪੂਰਨ ਧਨਾਤਮਕ ਕਿਹਾ ਜਾ ਸਕਦਾ ਹੈ। ਉਹ ਤਰਕਵਾਦੀ ਹੈ ਕਿਉਂਕਿ ਉਹ ਤਰਕਪੂਰਨ ਅਤੇ ਭਾਸ਼ਾਈ ਵਿਸ਼ਲੇਸ਼ਣ ਕਰਦਾ ਹੈ ਅਤੇ ਉਹ ਧਨਾਤਮਕਵਾਦੀ ਹੈ ਕਿਉਂਕਿ ਉਹ ਇੰਦ੍ਰੀ ਅਨੁਭਵਾਂ ਅਨੁਸਾਰ ਤੱਥਾਤਮਕ ਸ਼ੁੱਧੀਕਰਨ ਦੇ ਆਧਾਰ 'ਤੇ ਤਰਕਪੂਰਨ ਕਥਨ ਦੇ ਸੱਚ ਨੂੰ ਪਰਖਦਾ ਹੈ। ਕਿਉਂਕਿ ਉਹ ਕੇਵਲ ਨਿਰੀਖਣਯੋਗ ਤੱਥਾਂ ਵਿਚ ਵਿਸ਼ਵਾਸ ਰੱਖਦਾ ਹੈ ਇਸ ਲਈ ਉਹ ਪ੍ਰਕਿਰਤੀਵਾਦੀ ਅਤੇ ਗ਼ੈਰ ਪਰਾ-ਪ੍ਰਕਿਰਤੀਵਾਦੀ ਹੈ।

ਤਰਕਪੂਰਨ ਪ੍ਰਤੱਖਵਾਦ ਦਾ ਵਿਕਾਸ:

Wittgenstein ਦੇ Tractatus ਦੁਆਰਾ ਪੂਰੀ ਤਰ੍ਹਾਂ ਪ੍ਰਭਾਵਿਤ ਜਰਮਨੀ ਅਤੇ ਆਸਟ੍ਰੇਲੀਆ ਦੇ ਦਾਰਸ਼ਨਿਕਾਂ ਦੀ ਸ਼੍ਰੇਣੀ ਦੁਆਰਾ 1920 'ਚ ਇਕ ਲਹਿਰ ਸ਼ੁਰੂ ਕੀਤੀ ਜਿਸ ਨੂੰ ਵੀਨੀਆ ਚੱਕਰ ਕਿਹਾ ਜਾਂਦਾ ਸੀ ਅਤੇ ਅੱਗੇ ਜਾ ਕੇ ਤਰਕਪੂਰਨ ਧਨਾਤਮਕਤਾ ਜਾਂ ਤਰਕਪੂਰਨ ਪ੍ਰਤੱਖਵਾਦ ਅਤੇ ਨਵ-ਪ੍ਰਤੱਖਵਾਦ ਜਾਣਿਆ ਜਾਣ ਲੱਗਾ। ਵਿਗਿਆਨਿਕ ਪ੍ਰਤੱਖਵਾਦ ਇਸ ਦਾ ਇਕ ਹੋਰ ਨਾਮ ਹੈ ਜਿਹਨਾਂ ਵਿਚ Mach ਅਤੇ Schlich ਪ੍ਰਮੁੱਖ ਵਿਚਾਰਕ ਹਨ। ਇਹਨਾਂ ਦੀ ਲਹਿਰ ਦਾ ਮੁੱਖ ਉਦੇਸ਼ ਵਿਗਿਆਨੀਆਂ ਲਈ ਦਰਸ਼ਨ- ਸ਼ਾਸਤਰ ਦੇ ਪੱਖੋਂ ਸੁਰੱਖਿਅਤ ਪਿਛੋਕੜ ਤਿਆਰ ਕਰਨਾ ਸੀ। ਉਹ ਇਸ ਸਿੱਟੇ 'ਤੇ ਪਹੁੰਚਦੇ ਹਨ ਕਿ ਸਾਰਾ ਕਿਆਸਮਈ ਦਰਸ਼ਨ ਸਾਸ਼ਤਰ ਅਰਥਹੀਣ ਹੈ ਅਤੇ ਇਸ ਦੇ ਸੰਕਲਪ ਬੇਤੁਕੇ ਅਤੇ ਨਿਰਾਰਥਕ ਹਨ। ਕੇਵਲ ਵਿਗਿਆਨਿਕ ਦ੍ਰਿਸ਼ਟੀਕੋਣ ਹੀ ਸਹੀ ਹੈ।

ਉਸੇ ਸਮੇਂ ਇੰਗਲੈਂਡ ਵਿਚ ਜੀ ਈ ਮੂਰੇ ਅਤੇ ਬਰਟਰੈਂਡ ਰਸਲ ਨੇ ਦਾਰਸ਼ਨਿਕ ਸਮੱਸਿਆਵਾਂ ਲਈ ਵਿਸ਼ਲੇਸ਼ਣਾਤਮਕ ਪਹੁੰਚ ਦੇ ਨਾਲ ਆਪਣਾ ਯਥਾਰਥਵਾਦੀ ਵਿਚਾਰ ਸਥਾਪਿਤ ਕੀਤਾ। Ludwing Wittenstein ਦਰਸ਼ਨ-ਸਾਸ਼ਤਰ ਦੇ ਖੇਤਰ ਵਿਚ ਤਰਕਪੂਰਨ ਵਿਸ਼ਲੇਸ਼ਣ ਵਿਧੀ ਨੂੰ ਵਰਤਿਆ ਅਤੇ ਯਥਾਰਥਕ ਆਧਾਰ 'ਤੇ ਤਰਕਵਾਦੀ ਅਤੇ ਆਦਰਸ਼ਵਾਦੀ ਦਰਸ਼ਨ ਸ਼ਾਸਤਰ ਨੂੰ ਵਰਤਿਆ। ਭਾਵੇਂ ਹਿਊਮ ਨੇ ਇਸ ਦੀ ਵਰਤੋਂ ਕੀਤੀ ਪਰ ਤਰਕਪੂਰਨ ਧਨਾਤਮਕਵਾਦੀ ਆਪਣੇ ਸ਼ੁੱਧ ਅਤੇ ਨਿਸ਼ਚਿਤ ਸ਼ਬਦਾਂ ਵਿਚ ਇਸ ਵਿਧੀ ਨੂੰ ਵਿਕਸਿਤ ਕਰਨਾ ਚਾਹੁੰਦੇ ਹਨ ਤਾਂ ਜੋ ਇਸ ਆਧਾਰ 'ਤੇ ਦਰਸ਼ਨ ਸਾਸ਼ਤਰ ਦੀਆਂ ਸਮੱਸਿਆਵਾਂ ਹੱਲ ਕਰ ਸਕਣ। ਇਸ ਢੰਗ ਨਾਲ ਹੌਲੀ-ਹੌਲੀ ਗਿਆਨ-ਮੀਮਾਂਸਾ, ਭਾਸ਼ਾ ਵਿਗਿਆਨ, ਤਰਕ ਵਿਗਿਆਨ, ਵਿਸ਼ਲੇਸਣਾਤਮਕ ਵਿਧੀ ਅਤੇ ਤੱਥ-ਸ਼ੁੱਧੀਕਰਨ ਦੇ ਨਿਯਮ ਸਾਰੇ ਮਿਲ ਕੇ ਤਰਕਪੂਰਨ ਧਨਾਤਮਕਵਾਦ ਨਾਲ ਜੁੜ ਗਏ।

ਤਰਕਪੂਰਨ ਧਨਾਤਮਕਵਾਦ ਦੇ ਆਧਾਰ:

ਇਸ ਵਿਚਾਰ ਦੇ ਹੇਠ ਲਿਖੇ ਆਧਾਰ ਹਨ-

1 ਭਾਸ਼ਾ ਦਾ ਦਰਸ਼ਨ ਸਾਸ਼ਤਰ
2 ਤੱਥ-ਪੁਸ਼ਟੀਕਰਨ ਦੇ ਨਿਯਮ
3 ਵਿਸ਼ਲੇਸ਼ਣ ਦੇ ਢੰਗ
4 ਕਦਰਾਂ ਕੀਮਤਾਂ ਦਾ ਸੰਵੇਗੀ ਸਿਧਾਂਤ

1 ਭਾਸ਼ਾ ਦਾ ਦਰਸ਼ਨ ਸਾਸ਼ਤਰ:-ਆਧੁਨਿਕ ਤਰਕਪੂਰਨ ਧਨਾਤਮਕਵਾਦ ਨੇ ਦਾਰਸ਼ਨਿਕਾਂ ਦਾ ਧਿਆਨ ਭਾਸ਼ਾ ਵੱਲ ਮੋੜਿਆ ਹੈ ਕਿਉਂਕਿ ਉਹਨਾਂ ਅਨੁਸਾਰ ਦਰਸ਼ਨ ਸਾਸ਼ਤਰ ਦੀਆਂ ਬਹੁਤ ਸਾਰੀਆਂ ਸਮੱਸਿਆਵਾਂ ਦਾ ਸੰਬੰਧ ਭਾਸ਼ਾ ਨਾਲ ਹੈ ਅਤੇ ਉਹਨਾਂ ਦਾ

ਹੱਲ ਉਹਨਾਂ ਦੇ ਭਾਸ਼ਾਈ ਵਿਸ਼ਲੇਸ਼ਣ ਦੁਆਰਾ ਇਸ ਖੇਤਰ ਵਿਚ ਵਰਤੇ ਜਾਂਦੇ ਸ਼ਬਦਾਂ ਅਤੇ ਸੰਕਲਪਾਂ ਦੇ ਅਰਥਾਂ ਦੇ ਸ਼ੁਧੀਕਰਨ ਵਿਚ ਸੰਮਿਲਤ ਹੈ। ਇਸ ਤੋਂ ਪਹਿਲਾਂ ਦਰਸ਼ਨ ਸਾਸ਼ਤਰ ਦਾ ਸੰਬੰਧ ਪਾਰਗਾਮੀ ਅਸਲ ਨਾਲ ਹੈ ਪਰ ਅੱਜ ਇਸ ਦੀਆਂ ਸਮੱਸਿਆਵਾਂ ਸ਼ਬਦਾਂ, ਪਰਿਭਾਸਾਵਾਂ, ਕਥਨਾਂ, ਪਰਿਕਲਪਨਾਵਾਂ, ਅਟਲ ਸੱਚਾਈ, ਮਨੌਤਾਂ ਅਤੇ ਸਿਧਾਂਤਾਂ ਦੁਆਲੇ ਘੁੰਮਦੀਆਂ ਹਨ। ਇਹ ਜਰੂਰੀ ਹੈ ਕਿ ਉਹਨਾਂ ਦਾ ਤਰਕਮਈ ਅਤੇ ਭਾਸ਼ਾਈ ਵਿਸ਼ਲੇਸ਼ਲਣ ਉਨ੍ਹਾਂ ਦੇ ਸਹੀ ਭਾਵਾਰਥ ਨੂੰ ਸਪੱਸ਼ਟ ਕਰਨ ਲਈ ਕੀਤਾ ਜਾਵੇ। ਇਸ ਤਰ੍ਹਾਂ ਭਾਸ਼ਾ ਦਾ ਦਰਸ਼ਨ ਸਾਸ਼ਤਰ ਭਾਸ਼ਾ ਦੇ ਅਸਲ ਕਾਰਜ ਨੂੰ ਨਿਸ਼ਚਿਤ ਕਰਦਾ ਹੈ ਅਤੇ ਸ਼ਬਦਾਂ ਦੇ ਅਰਥ ਵਿਸ਼ੇਸ਼ ਕਰਕੇ ਵਿਗਿਆਨਿਕ ਨਾਮਕਰਨ ਨੂੰ ਸਪੱਸ਼ਟ ਕਰਨ ਦਾ ਉਦੇਸ਼ ਰੱਖਦਾ ਹੈ।

ਭਾਸ਼ਾ ਦੇ ਦਰਸ਼ਨ ਸਾਸ਼ਤਰ ਦੀ ਮੁੱਖ ਸਮੱਸਿਆ ਸ਼ਬਦਾਂ ਦੇ ਅਰਥਾਂ ਦੇ ਸਪੱਸ਼ਟੀਕਰਨ ਦੇਣਾ ਹੈ। ਪਰ ਇੱਥੇ ਸਵਾਲ ਇਹ ਹੈ ਕਿ ਅੰਤ ਅਰਥ ਕੀ ਹੈ? ਇਹ ਅਸਲ ਸਮੱਸਿਆ ਹੈ ਜੋ ਤਰਕਪੂਰਨ ਧਨਾਤਮਕਵਾਦੀ ਪਕੜਦੇ ਹਨ। ਉਹ ਕਹਿੰਦੇ ਹਨ ਕਿ ਸ਼ਬਦ ਦਾ ਅਰਥ ਇਸ ਦੁਆਰਾ ਦੱਸੀ ਗਈ ਵਸਤੂ ਹੈ, ਸ਼ਬਦ ਵਸਤੂ ਜਿਸ ਲਈ ਉਹ ਬਣਿਆ ਹੈ, ਦਾ ਨਾਮ ਜਾਂ ਚਿੰਨ੍ਹ ਹੈ। ਸ਼ਬਦ ਕਿਸੇ ਵਸਤੂ ਦਾ ਚਿੰਨ੍ਹ ਜਾਂ ਸੰਕੇਤ ਹੈ ਜੋ ਕੋਈ ਵਸਤੂ, ਯੋਗਤਾ, ਕਾਰਜ ਜਾਂ ਸੰਬੰਧ ਹੋ ਸਕਦਾ ਹੈ। ਮਿਸਾਲ ਵਜੋਂ 'ਘੋੜਾ' ਸ਼ਬਦ ਦਾ ਅਰਥ ਉਹ ਜਾਨਵਰ ਹੈ ਜੋ 'ਘੋੜਾ' ਨਾਮ ਨਾਲ ਪੁਕਾਰਿਆ ਜਾਂਦਾ ਹੈ। 'ਮੇਜ਼' ਦਾ ਅਰਥ ਵਸਤੂ 'ਮੇਜ਼'ਹੈ। ਕਿਸੇ ਵਸਤੂ ਦਾ ਚਿੰਨ੍ਹ ਸਾਡੇ ਸਿੱਖਣ 'ਤੇ ਅਤੇ ਬੋਲੀ ਜਾਂਦੀ ਕਿਸੇ ਖਾਸ ਭਾਸ਼ਾ ਅਤੇ ਸਮਾਜ ਦੇ ਰਿਵਾਜ ਕਾਰਨ ਬਣੀ ਆਦਤ 'ਤੇ ਨਿਰਭਰ ਕਰਦਾ ਹੈ। ਪਰ ਸ਼ਬਦ ਅਤੇ ਵਸਤੂ ਦਾ ਆਪਸ ਵਿਚ ਕੋਈ ਸੁਭਾਵਿਕ ਰਿਸ਼ਤਾ ਨਹੀਂ ਹੁੰਦਾ ਜਿਵੇਂ ਕਿ ਲੋਕ ਆਮ ਸੋਚਦੇ ਹਨ। ਇਹ ਸੋਚਣਾ ਗਲਤ ਹੋਵੇਗਾ ਕਿ ਚਾਕੂ ਦਾ ਅਰਥ ਹੈ ਉਹ ਵਸਤੂ ਜਿਸ ਨਾਲ ਅਸੀਂ ਕੱਟ ਸਕਦੇ ਹਾਂ ਪਰ ਇਹ ਅਰਥ ਅਸੀਂ ਸਿਖਲਾਈ ਦੁਆਰਾ ਸਿੱਖਿਆ ਹੈ। ਇਸ ਸੰਬੰਧ ਵਿਚ ਕੁੱਝ ਲੋਕਾਂ ਦਾ ਵਿਸ਼ਵਾਸ ਹੈ ਕਿ ਜੇ ਅਸੀਂ ਮੇਜ਼ ਨੂੰ ਕੁਰਸੀ ਅਤੇ ਕੁਰਸੀ ਨੂੰ ਮੇਜ਼ ਕਹਿਣਾ ਸ਼ੁਰੂ ਕਰ ਦੇਈਏ ਤਾਂ ਉਹਨਾਂ ਦੇ ਅਰਥਾਂ 'ਚ ਕੋਈ ਫ਼ਰਕ ਨਹੀਂ ਆਵੇਗਾ ਕਿਉਂਕਿ ਉਹਨਾਂ ਦੇ ਅਰਥ ਸਮਾਨ ਰਹਿਣਗੇ ਪਰ ਸਾਰਾ ਫਰਕ ਸਾਡੀ ਬੋਲਣ ਦੀ ਆਦਤ ਅਤੇ ਉਹਨਾਂ ਪ੍ਰਤੀ ਸਾਡੇ ਵਿਵਹਾਰ ਕਾਰਨ ਆਵੇਗਾ ਅਤੇ ਜਦ ਅਸੀਂ ਇਹਨਾਂ ਬਦਲੇ ਅਰਥਾਂ ਦੇ ਆਦੀ ਹੋ ਜਾਵਾਂਗੇ ਤਾਂ ਇਹ ਮੁਸ਼ਕਿਲ ਦੂਰ ਹੋ ਜਾਵੇਗੀ। ਇਸ ਤਰ੍ਹਾਂ ਅਰਥ ਵਿਗਿਆਨ (Semantics) ਦੇ ਅਨੁਸਾਰ ਸਾਡੀ ਸਾਰੀ ਭਾਸ਼ਾ ਚਿੰਨ੍ਹ ਪ੍ਰਣਾਲੀ ਹੀ ਰਿਵਾਜ ਅਤੇ ਆਦਤ ਦੇ ਆਧਾਰ 'ਤੇ ਸਿੱਖੀ ਜਾਂਦੀ ਹੈ।

ਭਾਸ਼ਾ ਦੋ ਕਿਸਮਾਂ ਦੀ ਹੁੰਦੀ ਹੈ:- ਇਸ਼ਾਰਿਆਂ ਦੀ ਭਾਸ਼ਾ ਅਤੇ ਸ਼ਬਦਾਂ ਦੀ ਭਾਸ਼ਾ। ਭਾਵੇਂ ਇਸ਼ਾਰਿਆਂ ਨਾਲ ਕੋਈ ਵਿਅਕਤੀ ਆਪਣੇ ਵਿਚਾਰ ਦੂਸਰਿਆਂ ਨਾਲ ਵੀ ਸੰਚਾਰ ਕਰ ਸਕਦਾ ਹੈ। ਉਦਾਹਰਨ ਵਜੋਂ 'ਨਹੀਂ' ਕਹਿਣ ਲਈ ਉਹ ਸਿਰਫ਼ ਸਿਰ ਹਿਲਾਏਗਾ, ਚੁੱਪ ਰਹਿਣ ਲਈ ਬੁੱਲਾਂ 'ਤੇ ਉਂਗਲ ਰੱਖੇਗਾ। ਇਸ਼ਾਰੇ ਸਰੀਰਕ ਹਰਕਤਾਂ ਜਾਂ ਸਰੀਰਕ ਕਿਰਿਆਵਾਂ ਲਈ ਸੰਕੇਤ ਹਨ ਜੋ ਵਿਸ਼ੇਸ਼ ਅਰਥਾਂ ਲਈ ਨਿਰਧਾਰਿਤ ਹੁੰਦੇ ਹਨ। ਇਸ ਲਈ ਇਸ਼ਾਰਾ ਕਿਸੇ ਨਿਸ਼ਚਿਤ ਅਰਥ ਦਾ ਚਿੰਨ੍ਹ ਹੈ। ਪਰ ਇਸ਼ਰਿਆਂ ਦੀ ਭਾਸ਼ਾ ਦੀਆਂ ਕੁੱਝ ਸੀਮਾਵਾਂ ਹਨ; ਅਸੀਂ ਇਸ ਨੂੰ ਹਨੇਰੇ ਵਿਚ ਨਹੀਂ ਵਰਤ ਸਕਦੇ, ਦੂਜਾ ਇਸ਼ਾਰੇ ਸਾਰੀਆਂ ਭਾਵਨਾਵਾਂ ਅਤੇ ਵਿਚਾਰਾਂ ਨੂੰ ਨਹੀਂ ਦੱਸ ਸਕਦੇ ਅਤੇ ਤੀਜਾ ਵਧੇਰੇ ਗਿਣਤੀ ਅਤੇ ਮਾਤਰਾ ਨੂੰ ਪੇਸ਼ ਕਰਨ ਦੇ ਅਸਮਰੱਥ ਹਨ ਜਿਵੇਂ ਇਕ ਉਂਗਲ ਇਕ ਦਾ ਇਸ਼ਾਰਾ ਕਰਦੀ ਹੈ, ਦੋ ਉਂਗਲਾਂ ਦੋ ਦਾ ਪਰ ਜੇ ਸੌ ਵਸਤੂਆਂ ਬਾਰੇ ਦੱਸਣਾ ਹੋਵੇ ਤਾਂ ਇਸ਼ਾਰਾ ਫੇਲ੍ਹ ਹੋ ਜਾਂਦਾ ਹੈ। ਇਸੇ ਕਰਕੇ ਵਿਅਕਤੀ ਨੂੰ ਸ਼ਬਦਾਂ ਦਾ ਸਹਾਰਾ ਲੈਣਾ ਪੈਂਦਾ ਹੈ ਜੋ ਬੋਲੇ ਜਾ ਸਕਦੇ ਹਨ; ਜਾਂ ਲਿਖੇ ਜਾ ਸਕਦੇ ਹਨ। ਬੋਲਣ ਸਮੇਂ ਉਚਾਰਨ ਧੁਨੀਆਂ ਕਿਸੇ ਖਾਸ ਅਰਥ ਲਈ ਨਿਸ਼ਚਿਤ ਹੁੰਦੀਆਂ ਹਨ ਸ਼ਬਦਾਂ ਦੀ ਵਰਤੋਂ ਚੀਕਾਂ ਜਾਂ ਆਵਾਜਾਂ ਜੋ ਨਿਸ਼ਚਿਤ ਹਾਲਤਾਂ ਵਿਚ ਜਾਨਵਰ ਪੈਦਾ ਕਰਦੇ ਹਨ, ਤੋਂ ਬਣੀਆਂ ਹਨ; ਜਿਵੇਂ ਸੰਕਟ ਸਮੇਂ ਮੁਰਗੀ ਇਕ ਵਿਸ਼ੇਸ਼ ਆਵਾਜ਼ ਪੈਦਾ ਕਰਦੀ ਹੈ ਤਾਂ ਜੋ ਉਸ ਦੇ ਚੂਚੇ ਉਸ ਵੱਲ ਦੌੜਨ ਅਤੇ ਉਸ ਦੇ ਖੰਭਾਂ ਨੀਚੇ ਇਕੱਠੇ ਹੋ ਜਾਣ। ਭਾਸ਼ਾ ਵਿਚ ਵਰਤੇ ਜਾਂਦੇ ਸ਼ਬਦਾਂ ਦਾ ਵਿਕਾਸ ਵਿਸ਼ੇਸ਼ ਉਚਾਰਨ ਅੰਗਾਂ ਦੀ ਸਹਇਤਾ ਨਾਲ ਉਚਰਿਤ ਧੁਨੀਆਂ 'ਤੇ ਨਿਰਭਰ ਕਰਦਾ ਹੈ: ਜਿਵੇਂ ਦੋ ਬੁੱਲਾਂ ਤੋਂ ਦੋ ਹੋਠੀ, ਦੰਦਾਂ ਤੋਂ ਦੰਤੀ ਆਦਿ। ਜਦੋਂ ਅਸੀਂ ਇਕ ਸ਼ਬਦ ਬੋਲਦੇ ਹਾਂ ਅਤੇ ਕੋਈ ਵਿਸ਼ੇਸ਼ ਵਸਤੂ ਵੇਖਦੇ ਹਾਂ ਜੋ ਉਸ ਦਾ ਪ੍ਰਤੀਕ ਹੈ, ਸ਼ਬਦ ਉਸ ਵਸਤੂ ਨਾਲ ਜੁੜਿਆ ਹੋਇਆ ਹੈ ਜੋ ਉਸਦਾ ਅਰਥ ਬਣਾਉਂਦੀ ਹੈ। ਪ੍ਰੰਤੂ ਇਕ ਸ਼ਬਦ ਜਿਸ ਵਸਤੂ ਜਾਂ ਅਰਥ ਲਈ ਹੈ ਇਹ ਮਨੁੱਖੀ ਚੋਣ 'ਤੇ ਨਿਰਭਰ ਕਰਦਾ ਹੈ ਜੋ ਸਮਾਜਿਕ ਸਭਿਆਚਾਰ ਜਾਂ ਪਰਿਵਾਰ ਜਾਂ ਸਮਾਜ ਦੀ ਭਾਸ਼ਾ ਜਿਸ ਵਿਚੋਂ ਬੱਚਾ ਆਪਣੀ ਭਾਸ਼ਾ ਸਿੱਖਦਾ ਹੈ, ਨਾਲ ਸੰਬੰਧਤ ਹੁੰਦੀ ਹੈ। ਜੇ ਕਿਸੇ ਬੱਚੇ ਦਾ ਪਾਲਣ-ਪੋਸ਼ਣ ਪੰਜਾਬੀ ਬੋਲਦੇ ਪਰਿਵਾਰ ਵਿਚ ਹੁੰਦਾ

ਹੈ, ਉਹ ਪੰਜਾਬੀ ਭਾਸ਼ਾ ਬੋਲਣਾ ਸਿੱਖੇਗਾ ਜਦ ਕਿ ਜੇ ਪੰਜਾਬੀ ਬੱਚਾ ਜਰਮਨ ਪਰਿਵਾਰ ਵਿਚ ਰਹਿੰਦਾ ਹੈ, ਉਹ ਜਰਮਨ ਭਾਸ਼ਾ ਸਿੱਖੇਗਾ ਜੋ ਆਸਾਨੀ ਨਾਲ ਬੋਲ ਸਕੇਗਾ।

ਭਾਸ਼ਾ ਦੇ ਕਈ ਕਾਰਜ ਹਨ। ਪਹਿਲਾਂ ਕੰਮ ਸ਼ਬਦਾਂ ਅਤੇ ਵਾਕਾਂ ਦੁਆਰਾ ਮਨੁੱਖੀ ਗਿਆਨ ਜ਼ਾਹਰ ਕਰਨਾ ਹੈ; ਇਹ ਗਿਆਨਾਤਮਕ ਕਾਰਜ ਹੈ ਅਤੇ ਇਸ ਦੀ ਵਰਤੋਂ ਵਿਗਿਆਨ ਅਤੇ ਦਰਸ਼ਨ ਸਾਸ਼ਤਰ ਦੇ ਖੇਤਰਾਂ ਵਿਚ ਹੁੰਦੀ ਹੈ। ਇਸ ਦਾ ਦੂਜਾ ਕੰਮ ਮਨੁੱਖੀ ਭਾਵਨਾਵਾਂ ਅਤੇ ਸੰਵੇਗਾਂ ਨੂੰ ਬਿਆਨ ਕਰਨਾ ਹੈ ਜੋ ਇਸਦਾ ਭਾਵਾਤਮਕ ਕਾਰਜ ਹੈ। ਤੀਜਾ ਕਾਰਜ ਦੂਸਰਿਆਂ ਨੂੰ ਆਦੇਸ਼ ਅਤੇ ਹੁਕਮ ਦਾ ਸੰਚਾਰ ਕਰਨਾ ਹੈ ਜੋ ਇਸ ਦਾ ਆਗਿਆਵਾਚਕ ਕਾਰਜ ਹੈ। ਭਾਸ਼ਾ ਆਪਣਾ ਕਾਰਜ ਉਸ ਖੇਤਰ ਦੀ ਜ਼ਰੂਰਤ ਦੇ ਅਨੁਸਾਰ ਬਦਲ ਸਕਦੀ ਹੈ ਜਿਸ ਵਿਚ ਇਹ ਵਰਤੀ ਜਾਂਦੀ ਹੈ ਤਾਂ ਜੋ ਵਿਸ਼ੇਸ਼ ਖੇਤਰ ਵਿਚ ਵਰਤੀ ਭਾਸ਼ਾ ਉਹ ਖਾਸ ਲੱਛਣ ਗ੍ਰਹਿਣ ਕਰ ਸਕੇ। ਮਿਸਾਲ ਵਜੋਂ ਦਰਸ਼ਨ ਸ਼ਾਸਤਰ ਦੀ ਆਪਣੀ ਭਾਸ਼ਾ ਹੈ ਜੋ ਵਿਗਿਆਨ ਨਾਲ ਨਹੀਂ ਮਿਲਦੀ। ਨੀਤੀ ਸਾਸ਼ਤਰ ਦੀ ਭਾਸ਼ਾ ਧਰਮ ਦੀ ਭਾਸ਼ਾ ਨਾਲ ਮੇਲ ਨਹੀਂ ਖਾਂਦੀ। ਇਸੇ ਤਰ੍ਹਾਂ ਕੁੱਝ ਭਾਸ਼ਾ ਵਿਗਿਆਨੀ ਇਸ ਸਿੱਟੇ 'ਤੇ ਪਹੁੰਚਦੇ ਹਨ ਕਿ ਇਕ ਭਾਸ਼ਾ ਨਹੀਂ ਹੁੰਦੀ ਸਗੋਂ ਅਨੇਕਾਂ ਭਾਸ਼ਾਵਾਂ ਹਨ, ਹਰ ਖੇਤਰ ਦੀ ਆਪਣੀ ਵਿਸ਼ੇਸ਼ ਭਾਸ਼ਾ ਹੁੰਦੀ ਹੈ।

ਹੁਣ ਪ੍ਰਸ਼ਨ ਉੱਠਦਾ ਹੈ: ਦਰਸ਼ਨ ਸ਼ਾਸਤਰ ਦੇ ਖੇਤਰ 'ਚ ਵਰਤੀ ਜਾਂਦੀ ਭਾਸ਼ਾ ਦੀ ਪ੍ਰਕਿਰਤੀ ਕਿਹੋ ਜਿਹੀ ਹੈ? ਸਭ ਤੋਂ ਪਹਿਲੀ ਗੱਲ ਜੋ ਤਰਕਪੂਰਨ ਧਨਾਤਮਵਾਦੀ ਸਾਹਮਣੇ ਲਿਆਉਂਦੇ ਹਨ ਕਿ ਅਸੀਂ ਸ਼ਬਦਾਂ ਨੂੰ ਨਿਖੇੜਨਾ ਹੈ। ਇਹ ਸਾਰੇ ਸ਼ਬਦ ਜੋ ਵਸਤੂਆਂ ਵੱਲ ਸੰਕੇਤ ਕਰਦੇ ਹਨ,ਵਸਤੂ ਸ਼ਬਦ ਹਨ; ਅਤੇ ਉਹ ਸ਼ਬਦ ਜੋ ਕਿਸੇ ਵਸਤੂ ਵੱਲ ਸੰਕੇਤ ਨਹੀਂ ਕਰਦੇ ਵਸਤੂ ਰਹਿਤ ਸ਼ਬਦ ਹਨ। ਉਦਾਹਰਨ ਵਜੋਂ 'ਪਹਾੜ' ਇਕ ਵਸਤੂ ਸ਼ਬਦ ਹੈ ਪਰ ਪਰਮਾਤਮਾ ਵਸਤੂ ਰਹਿਤ ਸ਼ਬਦ ਕਿਉਂਕਿ ਇਹ ਕਿਸੇ ਦ੍ਰਿਸ਼ਟੀਗੋਚਰ ਵਸਤੂ ਵੱਲ ਸੰਕੇਤ ਨਹੀਂ ਕਰਦਾ। ਵਾਕਾਂ ਵਿਚ ਵਰਤੇ ਜਾਂਦੇ ਸ਼ਬਦਾਂ ਵਿਚਕਾਰ ਸਥਾਪਿਤ ਸੰਬੰਧਾਂ ਦੇ ਆਧਾਰ 'ਤੇ ਸ਼ਬਦ ਇਕੱਠੇ ਕੀਤੇ ਜਾਂਦੇ ਹਨ। ਵਾਕ ਵਿਚ ਸ਼ਬਦਾਂ ਦੇ ਸੰਬੰਧ ਗੋਚਰਤਾ ਦੇ ਆਧਾਰ 'ਤੇ ਪਰਖੇ ਜਾਂਦੇ ਹਨ। ਇਹ ਇਕ ਕਥਨ ਹੈ, ਇਸ ਦਾ ਅਰਥ ਕੀ ਹੈ, ਤਰਕਪੂਰਨ ਧਨਾਤਮਵਾਦੀਆਂ ਨੇ ਵਿਸ਼ਲੇਸ਼ਣ ਅਤੇ ਤੱਥ ਪੁਸ਼ਟੀਕਰਨ ਦੀਆਂ ਵਿਧੀਆਂ ਦਿੱਤੀਆਂ ਹਨ। ਜੇ ਇਕ ਕਥਨ ਤੱਥਾਂ ਦੇ ਆਧਾਰ 'ਤੇ ਤਸਦੀਕ ਕੀਤਾ ਜਾਂਦਾ ਹੈ, ਇਹ ਅਰਥਪੂਰਨ ਹੈ ਅਤੇ ਜੇ ਨਹੀਂ ਤਾਂ ਇਹ ਅਰਥਹੀਣ ਹੈ। ਜਦ ਅਸੀਂ ਇਸ ਨੂੰ ਦਾਰਸ਼ਨਿਕ ਕਥਨਾਂ 'ਤੇ ਲਾਗੂ ਕਰੀਏ, ਪਤਾ ਲੱਗਦਾ ਹੈ ਕਿ ਇਹਨਾਂ ਵਿਚੋਂ ਸਾਰੇ ਅਰਥਹੀਣ ਹੋਣਗੇ ਕਿਉਂਕਿ ਉਹ ਤੱਥਾਂ ਦੇ ਆਧਾਰ 'ਤੇ ਤਸਦੀਕ ਨਹੀਂ ਕੀਤੇ ਜਾ ਸਕਦੇ,ਦੂਸਰੇ ਸ਼ਬਦਾਂ 'ਚ ਅਜਿਹੇ ਕੋਈ ਤੱਥ ਨਹੀਂ ਜਿਹਨਾਂ ਉੱਪਰ ਪਰੰਪਰਾਗਤ ਦਰਸ਼ਨ ਸਾਸ਼ਤਰ ਨੂੰ ਤਸਦੀਕ ਕੀਤਾ ਜਾ ਸਕੇ, ਇਸ ਲਈ ਇਹ ਸਾਰਾ ਕੁੱਝ ਅਰਥਹੀਣ ਹੈ। ਇਸ ਲਈ, ਤਰਕਪੂਰਨ ਧਨਾਤਮਵਾਦੀ ਇਸ ਨਤੀਜੇ 'ਤੇ ਪੁੱਜਦੇ ਹਨ ਜਿਸ ਅਨੁਸਾਰ ਕੇਵਲ ਵਿਗਿਆਨ ਦਾ ਅਸਲ ਨਾਲ ਸੰਬੰਧ ਹੈ ਅਤੇ ਦਰਸ਼ਨ ਸਾਸ਼ਤਰ ਦਾ ਨਹੀਂ।

ਹੁਣ ਇਹ ਸਮੱਸਿਆ ਤਰਕਪੂਰਨ ਧਨਾਤਮਵਾਦੀਆਂ ਤੱਕ ਸੀਮਤ ਹੈ ਕਿ ਵਿਗਿਆਨ ਵਿਚ ਸ਼ਬਦ ਕਿਵੇਂ ਵਰਤੇ ਜਾਂਦੇ ਹਨ ਤਾ ਜੋ ਉਹ ਸਹੀ ਅਤੇ ਨਿਸ਼ਚਿਤ ਅਰਥ ਦੇ ਸਕਣ ਅਤੇ ਹਰ ਕਿਸਮ ਦੀ ਅਸਪੱਸ਼ਟਤਾ ਅਤੇ ਦੁਬਿਧਾ ਤੋਂ ਬਚਣ ਲਈ ਇਕ ਸ਼ਬਦ ਦਾ ਸਿਰਫ਼ ਇਕ ਅਰਥ ਹੋਣਾ ਚਾਹੀਦਾ ਹੈ। ਇਸ ਸੰਦਰਭ ਵਿਚ ਜੀ ਈ ਮੂਰੇ ਦਾ ਸੁਝਾਅ ਹੈ ਕਿ ਚਲੰਤ ਭਾਵ ਆਮ ਬੋਲੀ ਜਾਣ ਵਾਲੀ ਭਾਸ਼ਾ ਇਸ ਉਦੇਸ਼ ਲਈ ਬਿਲਕੁਲ ਅਨੁਕੂਲ ਹੋਵੇ ਪਰ Carnap ਕਹਿੰਦਾ ਹੈ ਕਿ ਅੱਜ ਦੀ ਭਾਸ਼ਾ ਵਧੇਰੇ ਕੰਮ ਕਰਨ ਦੇ ਯੋਗ ਨਹੀਂ ਹੈ, ਇਸ ਲਈ ਉਹ ਇਕ ਆਦਰਸ਼ ਭਾਸ਼ਾ ਦਾ ਵਿਕਾਸ ਕਰਨ ਦੇ ਹੱਕ 'ਚ ਹੈ ਜੋ ਵਿਗਿਆਨ ਵਿਚ ਵਰਤੇ ਜਾਂਦੇ ਪਦਾਂ ਲਈ ਉਚਿਤ ਪਰਿਭਾਸ਼ਾ ਦੇ ਸਕੇ। ਪਰ Wittgenstien ਕਹਿੰਦਾ ਹੈ ਕਿ ਸਾਰੀਆਂ ਦਾਰਸ਼ਨਿਕ ਸਮੱਸਿਆਵਾਂ ਸ਼ਾਬਦਿਕ ਅਤੇ ਭਾਸ਼ਾਈ ਹਨ ਅਤੇ ਉਹ ਅਰਥਾਂ ਵਿਚ ਅਸਪੱਸ਼ਟਤਾ ਅਤੇ ਦੁਬਿਧਾ ਕਾਰਨ ਪੈਦਾ ਹੁੰਦੀਆਂ ਹਨ ਜੋ ਜੇ ਹਟਾ ਦਿੱਤੀਆਂ ਜਾਣ ਤਾਂ ਹੱਲ ਹੋ ਸਕਦੀਆਂ ਹਨ। ਦੂਸਰੇ ਧਨਾਤਮਕਵਾਦੀ ਮਨੁੱਖੀ ਗਿਆਨ ਦੇ ਖੇਤਰ ਵਿਚ ਸਾਰੇ ਪਦਾਂ ਦਾ ਵਿਸ਼ਲੇਸਲਣ ਕਰਨਾ ਚਾਹੁੰਦੇ ਹਨ ਅਤੇ ਉਹ ਵਿਸ਼ਲੇਸ਼ਣ ਵਿਧੀ ਦੀ ਵਰਤੋਂ ਕਰਦੇ ਹਨ।

2 ਤੱਥ ਪੁਸ਼ਟੀਕਰਨ ਦੇ ਨਿਯਮ :–ਇਸ ਨੂੰ ਤਰਕਪੂਰਨ ਧਨਾਤਮਕਤਾ ਦਾ ਮੁੱਖ ਆਧਾਰ ਮੰਨਿਆ ਜਾਂਦਾ ਹੈ ਕਿਉਂਕਿ ਇਸ ਦੇ ਆਧਾਰ 'ਤੇ ਗੋਚਰਤਾ ਨੂੰ ਪ੍ਰਮਾਣ ਅਤੇ ਗਿਆਨ ਦਾ ਸਾਧਨ ਮੰਨਿਆ ਜਾਂਦਾ ਹੈ। ਇਸ ਅਨੁਸਾਰ ਸੱਚ ਉਹ ਹੈ ਜੋ ਤੱਥਾਂ ਦੇ ਆਧਾਰ 'ਤੇ ਤਸਦੀਕ ਕੀਤਾ ਜਾਂਦਾ ਹੈ ਅਤੇ ਤੱਥ ਪੁਸ਼ਟੀਕਰਨ ਦੇ ਨਿਯਮ ਦੇ ਆਧਾਰ 'ਤੇ ਪਰਖਿਆ ਜਾਂਦਾ ਹੈ। ਇਸ ਓਦੇਸ਼ ਲਈ ਤਰਕਪੂਰਨ ਧਨਾਤਮਕਵਾਦੀ ਕਥਨ ਦੀਆਂ ਦੋ ਕਿਸਮਾਂ ਦੱਸਦੇ ਹਨ–

(i) ਉਹ ਕਥਨ ਜੋ ਤੱਥਾਂ ਦੇ ਆਧਾਰ 'ਤੇ ਤਸਦੀਕ ਨਹੀ ਕੀਤੇ ਜਾ ਸਕਦੇ, ਅਰਥਹੀਣ ਹਨ ਅਤੇ ਇਸ ਲਈ ਉਹਨਾਂ ਦੀ ਕੋਈ ਵਿਗਿਆਨਿਕ ਕੀਮਤ ਨਹੀਂ। ਉਦਾਹਰਨ ਵਜੋਂ, "ਇਹ ਫੁੱਲ ਸੁੰਦਰ ਹੈ", "ਇਹ ਇੱਕ ਫੁੱਲ ਹੈ" ਨੂੰ ਤੱਥਾਂ ਦੇ ਅਨੁਭਵ ਦੇ ਆਧਾਰ 'ਤੇ ਤਸਦੀਕ ਕੀਤਾ ਜਾ ਸਕਦਾ ਹੈ ਪਰ 'ਇਹ ਸੁੰਦਰ ਹੈ' ਨੂੰ ਤਸਦੀਕ ਨਹੀਂ ਕੀਤਾ ਜਾ ਸਕਦਾ ਕਿਉਂਕਿ ਇੱਥੇ ਅਜਿਹਾ ਕੋਈ ਤੱਥ ਨਹੀਂ ਜੋ 'ਸੁੰਦਰਤਾ'ਦੇ ਗੁਣ ਵੱਲ ਸੰਕੇਤ ਕਰਦੇ ਹੋਣ। ਇਸ ਲਈ 'ਇਹ ਫੁੱਲ ਸੁੰਦਰ ਹੈ' ਨੂੰ ਅਰਥਹੀਣ ਕਥਨ ਕਿਹਾ ਜਾਣਾ ਚਾਹੀਦਾ ਹੈ ਕਿਉਂਕਿ ਇਸ ਦੀ ਸੱਚਾਈ ਤੱਥਾਂ ਦੇ ਆਧਾਰ 'ਤੇ ਪਰਖੀ ਨਹੀਂ ਜਾਂਦੀ।

(ii) ਉਹ ਕਥਨ ਜੋ ਤੱਥਾਂ ਦੇ ਆਧਾਰ 'ਤੇ ਪਰਖਿਆ ਜਾ ਸਕਦਾ ਹੈ, ਅਰਥਹੀਣ ਹੈ। 'ਇਹ ਫੁੱਲ ਨੀਲਾ ਹੈ' ਵਿਚ 'ਫੁੱਲ' ਨੂੰ 'ਨੀਲੇ' ਤੋਂ ਵੱਖ ਕਰਕੇ ਤੱਥ ਦੇ ਅਨੁਭਵ ਦੇ ਆਧਾਰ 'ਤੇ ਪਰਖਿਆ ਜਾ ਸਕਦਾ ਹੈ ਜੋ ਰੰਗ ਦੇ ਗੁਣ ਦੀ ਪੁਸ਼ਟੀਕਰਨ 'ਤੇ ਪਰਖਿਆ ਜਾ ਸਕਦਾ ਹੈ। ਇਹ ਕਥਨ ਤਸਦੀਕ ਕਰਨਯੋਗ ਹੈ ਅਤੇ ਇਸ ਲਈ ਇਹ ਕਥਨ ਅਰਥਪੂਰਨ ਹੈ। ਇਸ ਦੇ ਆਧਾਰ ਉੱਤੇ ਤਰਕਪੂਰਨ ਧਨਾਤਮਕਵਾਦੀ ਇਸ ਸਿੱਟੇ 'ਤੇ ਪਹੁੰਚਦੇ ਹਨ ਕਿ ਸਾਰੇ ਦਾਰਸ਼ਨਿਕ ਕਥਨ ਅਰਥਹੀਣ ਹਨ ਜਦ ਕਿ ਸਾਰੇ ਵਿਗਿਆਨਿਕ ਕਥਨ ਅਰਥਪੂਰਨ ਹਨ। ਤੱਥਾਂ ਦੇ ਆਧਾਰ 'ਤੇ  ਕਥਨਾਂ ਦੀ ਪੁਸ਼ਟੀ ਕਿਵੇਂ ਕੀਤੀ ਜਾਵੇ ਅਤੇ ਸੱਚ ਕਿਵੇਂ ਸਥਾਪਿਤ ਕੀਤਾ ਜਾਵੇ? ਇਸ ਆਧਾਰ 'ਤੇ ਤਰਕਪੂਰਨ ਧਨਾਤਮਕਵਾਦੀ ਅਰਥਪੂਰਨ ਕਥਨਾਂ ਦੀਆਂ ਅੱਗੇ ਦੋ ਕਿਸਮਾਂ ਦੱਸਦੇ ਹਨ-

(i) ਵਿਸ਼ਲੇਸ਼ਣਾਤਮਕ ਕਥਨ

(ii) ਸੰਸ਼ਲੇਸ਼ਣਾਤਮਕ ਕਥਨ

ਵਿਸ਼ਲੇਸ਼ਣਾਤਮਕ ਕਥਨ:- ਵਿਸ਼ਲੇਸ਼ਣਾਤਮਕ ਕਥਨ ਉਹ ਕਥਨ ਹੈ ਜੋ ਆਪਣੇ ਵਿਸ਼ੇ ਦੀ ਵਿਆਖਿਆ ਕਰਦਾ ਹੈ ਜਾਂ ਜਿਸ ਵਿਚ ਵਿਧੇਅ ਆਪਣੇ ਵਿਸ਼ੇ ਦੇ ਉਦੇਸ਼ ਵਿਚ ਪਹਿਲਾਂ ਹੀ ਮੌਜੂਦ ਹੁੰਦਾ ਹੈ। ਦੂਸਰੇ ਸ਼ਬਦਾਂ ਵਿਚ ਵਿਸ਼ੇ ਦਾ ਅਰਥ ਇਕ ਵਿਸ਼ਲੇਸ਼ਣਾਤਮਕ ਕਥਨ ਦੇ ਵਿਧੇਅ ਵਿਚ ਜ਼ਾਹਰ ਕੀਤਾ ਹੁੰਦਾ ਹੈ। ਇਸ ਤਰ੍ਹਾਂ ਅਜਿਹੇ ਕਥਨ ਵਿਚ ਵਿਧੇਅ ਆਪਣੇ ਵਿਸ਼ੇ ਦੀ ਪਰਿਭਾਸ਼ਾ ਹੁੰਦਾ ਹੈ, ਇਹ ਉਸ ਦੇ ਪ੍ਰਕਾਰ ਜਾਂ ਪਰਿਭਾਸ਼ਾ ਜਾਂ ਦੋਨੋਂ ਹਨ, ਪਰ ਇਹ ਕੋਈ ਅਜਿਹੇ ਗੁਣ ਬਾਰੇ ਨਹੀਂ ਦੱਸਦੇ ਜੋ ਉਸ ਪਰਿਭਾਸ਼ਾ ਵਿਚ ਨਹੀਂ ਹੁੰਦੇ । ਉਦਾਹਰਣ ਵਜੋਂ 'ਸਾਰੇ ਪੰਜਾਬੀ ਪੰਜਾਬ ਦੇ ਵਸਨੀਕ ਹਨ।' ਇਸ ਕਥਨ ਵਿਚ 'ਪੰਜਾਬ ਦੇ ਵਸਨੀਕ' ਇਕ 'ਪੰਜਾਬੀ' ਦਾ ਸਹੀ ਅਰਥ ਹੈ ਇਸ ਲਈ ਸਾਨੂੰ ਪੰਜਾਬੀ ਬਾਰੇ ਕੋਈ ਨਵੀਂ ਜਾਣਕਾਰੀ ਨਹੀਂ ਦਿੰਦਾ ਜੋ ਇਸ ਦੇ ਸਾਧਾਰਨ ਅਰਥ ਵਿਚ ਸ਼ਮਿਲ ਨਹੀਂ ਹੁੰਦਾ।

ਸੰਸ਼ਲੇਸ਼ਣਾਤਮਕ ਕਥਨ:-  ਸੰਸ਼ਲੇਸ਼ਣਾਤਮਕ ਕਥਨ ਵਿਚ, ਵਿਧੇਅ ਆਪਣੇ ਵਿਸ਼ੇ ਬਾਰੇ ਨਵੀਂ ਜਾਣਕਾਰੀ ਦਿੰਦਾ ਹੈ ਜੋ ਇਸ ਦਾ ਗੁਣ ਜਾਂ ਘਟਨਾ ਹੈ ਅਤੇ ਇਹ ਪਰਿਭਾਸ਼ਾ ਵਿਚ ਸ਼ਾਮਿਲ ਨਹੀਂ ਹੁੰਦਾ। ਉਦਾਹਰਣ ਵਜੋਂ 'ਪੰਜਾਬੀ ਸਖ਼ਤ ਮਿਹਨਤੀ ਹਨ,' ਕਥਨ ਸਾਨੂੰ ਪੰਜਾਬੀਆਂ ਬਾਰੇ ਨਵੀਂ ਜਾਣਕਾਰੀ ਦਿੰਦਾ ਹੈ, ਇਹ ਉਸ ਦਾ ਦੁਰਘਟਨਾਵਸ ਗੁਣ ਹੈ। ਤਰਕਪੂਰਨ ਧਨਾਤਮਕਵਾਦੀ ਦਾਅਵਾ ਕਰਦੇ ਹਨ ਕਿ ਵਿਸ਼ਲੇਸ਼ਣਾਤਮਕ ਕਥਨਾਂ ਦਾ ਤੱਥ ਪੁਸ਼ਟੀਕਰਨ ਦੀ ਕੋਈ ਲੋੜ ਨਹੀਂ ਕਿਉਂਕਿ ਉਹ ਤੱਥਾਂ ਬਾਰੇ ਕੋਈ ਦਾਅਵਾ ਨਹੀਂ ਕਰਦੇ; ਉਹ ਸਾਧਾਰਨ ਢੰਗ ਨਾਲ ਭਾਸ਼ਾਈ ਅਰਥ ਦਿੰਦੇ ਹਨ। ਉਹਨਾਂ ਦਾ ਸੱਚ ਅਤੇ ਪ੍ਰਮਾਣਿਕਤਾ ਤਰਕਮਈ ਨਿਯਮਾਂ 'ਤੇ ਆਧਾਰਿਤ ਹੈ, ਜਿਵੇਂ ਆਗਮਨ ਖੇਤਰ ਵਿਚ ਮਤਭੇਦਹੀਣਤਾ ਦਾ ਨਿਯਮ ਸੱਚ ਦੀ ਪਰਖ ਕਰਦਾ ਹੈ। ਤਰਕ ਅਤੇ ਗਣਿਤ ਦੇ ਖੇਤਰ ਵਿਚ ਸੱਚ ਦੇ ਹੱਲ ਨੂੰ ਨਿਸ਼ਚਿਤ ਕਰਨ ਲਈ ਨਿਯਮ ਲਾਗੂ ਹੁੰਦੇ ਹਨ ਜਿਵੇਂ ਇਸ ਦੇ ਨਿਯਮਾਂ ਅਨੁਸਾਰ $2+2=4$ ਸਹੀ ਕਥਨ ਹੈ ਅਤੇ ਇਸ ਦੇ ਸੱਚ ਦੀ ਪੁਸ਼ਟੀ ਲਈ ਸਾਨੂੰ ਤੱਥਾਂ ਦਾ ਨਿਰੀਖਣ ਕਰਨ ਦੀ ਲੋੜ ਨਹੀਂ।

ਪਰ ਇਸ ਦੇ ਉਲਟ, ਸੰਸ਼ਲੇਸ਼ਣਾਤਮਕ ਕਥਨ ਸੱਚ ਨੂੰ ਨਿਸ਼ਚਿਤ ਕਰਨ ਲਈ ਤੱਥਾਂ ਦੇ ਆਧਾਰ 'ਤੇ ਪੁਸ਼ਟੀਕਰਨ ਦੀ ਲੋੜ ਮਹਿਸੂਸ ਕਰਦੇ ਹਨ। ਜੇ ਇਹ ਤੱਥਾਂ ਦੇ ਆਧਾਰ 'ਤੇ ਸੱਚ ਸਿੱਧ ਹੁੰਦੇ ਹਨ, ਤਾਂ ਸੱਚ ਹੈ ਅਤੇ ਜੇ ਤੱਥ ਕਥਨ ਦੇ ਉਲਟ ਹੁੰਦੇ ਹਨ ਤਾਂ ਗਲਤ ਹੈ। ਇਸ ਤਰ੍ਹਾਂ, ਸਾਰੇ ਸੰਸ਼ਲੇਸ਼ਣਾਤਮਕ ਕਥਨ ਇਸ ਸੰਸਾਰ ਬਾਰੇ ਤੱਥਾਂ ਦੇ ਕਥਨ ਹਨ ਅਤੇ ਇੰਦ੍ਰੀ ਅਨੁਭਵ ਵਿਚ ਨਿਹਿਤ ਹਨ ਜਾਂ ਘੱਟੋ-ਘੱਟ ਕਿਸੇ ਅਸਲ ਜਾਂ ਸੰਭਾਵੀ ਇੰਦ੍ਰੀ ਤਜਰਬੇ ਨਾਲ ਸੰਬੰਧਤ ਹੋਣ। ਦੂਸਰੇ ਸ਼ਬਦਾਂ ਵਿਚ, ਵਿਸ਼ਲੇਸ਼ਣਾਤਮਕ ਤੱਥ ਆਪਣੇ ਸੱਚ ਦੀ ਪਰਖ ਲਈ ਤੱਥ-ਪੁਸ਼ਟੀਕਰਨ ਦੀ ਲੋੜ ਮਹਿਸੂਸ ਕਰਦੇ ਹਨ।

ਇਸ ਸੰਦਰਭ ਵਿਚ, ਤਰਕਪੂਰਨ ਧਨਾਤਮਕਵਾਦੀ ਕਾਂਤ ਦੇ ਗਿਆਨ ਮੀਮਾਂਸਾ ਵੱਲ ਇਸਾਰਾ ਕਰਦੇ ਹਨ ਜਿਸ ਅਨੁਸਾਰ ਸੰਸ਼ਲੇਸ਼ਿਤ ਨਿਗਮਨਕ ਕਥਨ ਹਨ। ਉਹ ਅੰਤ ਵਿਚ ਸਿੱਧ ਕਰਦੇ ਹਨ ਕਿ ਕੋਈ ਵੀ ਸੰਸ਼ਲੇਸ਼ਿਤ ਕਥਨ ਨਿਗਮਨਕ ਨਹੀਂ ਹੋ ਸਕਦਾ ਕਿਉਕਿਂ ਇਹ ਤੱਥਾਂ ਬਾਰੇ ਕਥਨ ਹੈ ਜੋ ਸਿਰਫ ਇੰਦ੍ਰੀ ਅਨੁਭਵ ਦੇ ਆਧਾਰ 'ਤੇ ਤਸਦੀਕ ਕੀਤਾ ਜਾ ਸਕਦਾ ਹੈ, ਇਸ

ਕਰਕੇ ਇਹ ਇੰਦ੍ਰੀ ਅਨੁਭਵ (ਨਿਗਮਨਕ) ਤੋਂ ਪਰ੍ਹੇ ਹੈ। ਪਰ ਕਾਂਤ ਕਹਿੰਦਾ ਹੈ ਕਿ ਅਜਿਹੇ ਨਿਸ਼ਚਿਤ ਵਿਚਾਰ ਹਨ ਜੋ ਮਨ ਦੁਆਰਾ ਅਨੁਭਵਾਂ 'ਤੇ ਠੋਸੇ ਜਾਂਦੇ ਹਨ ਅਤੇ ਇਹੀ ਵਿਚਾਰ ਸੰਸਾਰ ਉੱਤੇ ਵੀ ਲਾਗੂ ਹੁੰਦੇ ਹਨ; ਉਦਾਹਰਨ ਵਜੋਂ "ਹਰ ਘਟਨਾ ਪਿੱਛੇ ਕੋਈ ਕਾਰਨ ਹੁੰਦਾ ਹੈ", ਇਹ ਤਰਕਮਈ ਕਥਨ ਸੰਸ਼ਲੇਸ਼ਣਾਤਮਕ ਹੈ ਕਿਉਂਕਿ ਇਹ ਸੰਸਾਰ ਦੀਆਂ ਘਟਨਾਵਾਂ ਨਾਲ ਸੰਬੰਧਤ ਹੈ ਪਰ ਇਹ ਉਸੇ ਸਮੇਂ ਨਿਗਮਨਕ ਹੈ ਕਿਉਂਕਿ ਇਹ ਤਜ਼ਰਬੇ ਤੋਂ ਨਹੀਂ ਲਿਆ ਗਿਆ, ਇਹ ਸੰਸਾਰ ਬਾਰੇ ਜਾਨਣ ਦਾ ਮਾਨਸਿਕ ਵਰਗ ਹੈ ਅਤੇ ਇਸ ਢੰਗ ਨਾਲ ਕਾਰਣਤਾ ਦਾ ਨਿਯਮ ਨਿਗਮਨਕ ਵੀ ਹੈ ਅਤੇ ਸੰਸ਼ਲੇਸ਼ਣਾਤਮਕ ਵੀ। ਪ੍ਰੰਤੂ ਤਰਕਮਈ ਧਨਾਤਮਕਵਾਦੀ ਇਸ 'ਤੇ ਬਹਿਸ ਕਰਦੇ ਹਨ ਕਿ ਇਹ ਕਥਨ ਬਿਲਕੁਲ ਸੰਸ਼ਲੇਸ਼ਣਾਤਮਕ ਹੈ ਪਰ ਨਿਗਮਨਕ ਨਹੀਂ ਜਿਵੇਂ ਇਹ ਕਾਂਤ ਦਾਅਵਾ ਕਰਦਾ ਹੈ ਕਿਉਂਕਿ ਕਾਰਣਤਾ ਘਟਨਾਵਾਂ ਵਿਚਕਾਰ ਤੱਥਾਤਮਕ ਸੰਬੰਧ ਹੈ ਜੋ ਉਹਨਾਂ ਦੇ ਨਿਰੀਖਣ ਆਧਾਰਿਤ ਹੈ ਅਤੇ ਅਨੁਭਵ ਦੇ ਆਧਾਰ 'ਤੇ ਪੁਸ਼ਟੀ ਕਰਨਯੋਗ ਹੈ। ਇਸ ਤਰ੍ਹਾਂ ਉਹ ਇਸ ਨਤੀਜੇ 'ਤੇ ਪਹੁੰਚਦੇ ਹਨ ਕਿ ਕੋਈ ਵੀ ਤਰਤੀਬਬੱਧ ਨਿਗਮਨਕ ਕਥਨ ਨਹੀਂ ਹੈ।

ਅਸੀਂ ਤੱਥਾਂ ਦੇ ਆਧਾਰ 'ਤੇ ਕਥਨਾਂ ਦੀ ਪੁਸ਼ਟੀ ਦੀ ਕਿਰਿਆ ਦੇ ਸੁਭਾਅ ਬਾਰੇ ਜਾਨਣਾ ਚਾਹੁੰਦੇ ਹਾਂ। ਤਰਕਮਈ ਧਨਾਤਮਕਵਾਦੀ ਕਹਿੰਦੇ ਹਨ ਕਿ ਇਹ ਦੋਨੋਂ ਵਸਤੂਆਂ ਪੁਸ਼ਟੀਕਰਨ ਲਈ ਮਹੱਤਵਪੂਰਨ ਹਨ-

(i) ਜੇ ਕਥਨ ਗੁੰਝਲਦਾਰ ਹੋਵੇ ਤਾਂ ਇਹ ਦੀ ਸਿੱਧੇ ਢੰਗ ਨਾਲ ਪੁਸ਼ਟੀ ਨਹੀਂ ਕੀਤੀ ਜਾ ਸਕਦੀ ਕਿਉਂਕਿ ਇਸ ਨਾਲ ਸਿਰਫ਼ ਇਕ ਸੰਕਲਪ ਨਹੀਂ ਜੁੜਿਆ ਹੋਇਆ ਜਿਸ ਨੂੰ ਵੇਖਿਆ ਜਾ ਸਕੇ। ਇਸ ਲਈ, ਅਜਿਹੇ ਗੁੰਝਲਦਾਰ ਕਥਨਾਂ ਦਾ ਸਾਧਾਰਨ ਕਥਨਾਂ ਵਿਚ ਵਿਸ਼ਲੇਸ਼ਣ ਕੀਤਾ ਜਾ ਸਕਦਾ ਹੈ ਜੋ ਇਕ-ਇਕ ਕਰਕੇ ਪੁਸ਼ਟੀ ਕੀਤੇ ਜਾ ਸਕਦੇ ਹਨ ਤਾਂ ਜੋ ਗੁੰਝਲਦਾਰ ਨੂੰ ਹਿੱਸਿਆਂ ਵਿਚ ਤੋੜ ਕੇ ਪੁਸ਼ਟੀ ਕੀਤਾ ਜਾ ਸਕਦਾ ਹੈ।

(ii) ਇਸ ਢੰਗ ਨਾਲ, ਜਦ ਅਸੀਂ ਗੁੰਝਲਦਾਰ ਕਥਨਾਂ ਨੂੰ ਸਾਧਾਰਨ ਕਥਨਾਂ 'ਚ ਤੋੜਦੇ ਹਾਂ, ਜੋ ਸਿੱਧੇ ਟੁੱਟ ਸਕਦੇ ਹਨ, ਤੱਥਾਂ ਦਾ ਪ੍ਰੀਖਣ ਕੀਤਾ ਜਾ ਸਕਦਾ ਹੈ, ਤਦ ਇਹ ਸਾਧਾਰਨ ਕਥਨ ਜੋ ਇਕੱਲੇ ਅਤੇ ਸਿੱਧੇ ਢੰਗ ਨਾਲ ਪੁਸ਼ਟੀ ਕਰਨਯੋਗ ਹੋਣ, ਮੂਲ ਕਥਨ ਕਹਾਉਂਦੇ ਹਨ। ਤੱਥ ਪੁਸ਼ਟੀਕਰਨ ਦੀ ਸਾਰੀ ਪ੍ਰਕਿਰਿਆ ਸੱਚ ਦੀ ਸੰਚਾਰ ਪ੍ਰਣਾਲੀ ਉੱਤੇ ਆਧਾਰਿਤ ਹੈ ਭਾਵ ਜੇ ਕੋਈ ਕਥਨ ਤੱਥ ਨਾਲ ਸੰਚਾਰ ਹੁੰਦਾ ਹੈ ਜੋ ਉੱਥੇ ਹੋਣ ਦਾ ਦਾਅਵਾ ਕਰਦਾ ਹੈ, ਤਦ ਇਹ ਸੱਚ ਹੈ, ਨਹੀਂ ਤਾਂ ਜੇ ਇਹ ਤੱਥ ਦੇ ਉਲਟ ਹੋਵੇ ਤਾਂ ਝੂਠ ਹੋਵੇਗਾ। ਕਿਸੇ ਕਥਨ ਦੀ ਸੱਚਾਈ ਨੂੰ ਪਰਖਣ ਦੀ ਪ੍ਰਕਿਰਿਆ ਖੋਜ ਦੇ ਵਿਗਿਆਨਿਕ ਢੰਗ ਨਾਲ ਮੇਲ ਖਾਂਦਾ ਹੈ ਜਿਸ ਵਿਚ ਪਰਿਕਲਪਨਾ ਤੱਥਾਂ ਦੇ ਆਧਾਰ 'ਤੇ ਪਰਖੀ ਜਾਂਦੀ ਹੈ। Ayer ਇਕ ਤਰਕਪੂਰਨ ਧਨਾਤਮਕਵਾਦੀ ਕਹਿੰਦਾ ਹੈ ਕਿ ਕਥਨਾਂ ਦਾ ਦਰਸ਼ਨ ਸਾਸ਼ਤਰ ਕਾਲਪਨਿਕ ਨਹੀਂ ਹੈ ਪਰ ਸੁਭਾਅ ਵਜੋਂ ਭਾਸ਼ਾਈ ਹੈ, ਭਾਵ ਉਹ ਸਰੀਰਕ ਅਤੇ ਮਾਨਸਿਕ ਵਸਤੂ ਦਾ ਵਿਵਹਾਰ ਬਿਆਨ ਨਹੀਂ ਕਰਦਾ ਬਲਕਿ ਕੇਵਲ ਪਰਿਭਾਸ਼ਾ ਦਿੰਦਾ ਹੈ। ਇਸ ਲਈ ਦਾਰਸ਼ਨਿਕ ਆਪਣੇ-ਆਪ ਨੂੰ ਕੇਵਲ ਸ਼ਬਦਾਂ ਦੇ ਅਰਥਾਂ ਦਾ ਸਪੱਸ਼ਟੀਕਰਨ ਅਤੇ ਭਾਸ਼ਾਈ ਵਿਸ਼ਲੇਸ਼ਣ ਦੇ ਕੰਮ ਤੱਕ ਸੀਮਤ ਰੱਖਣ। ਤਰਕਪੂਰਨ ਧਨਾਤਮਕਵਾਦੀ ਇਸ ਸਿੱਟੇ 'ਤੇ ਪੁੱਜਦੇ ਹਨ ਕਿ ਦਰਸ਼ਨ ਸਾਸ਼ਤਰ ਦੀ ਮੁੱਖ ਸਮੱਸਿਆ ਗਿਆਨ ਦੀ ਭਾਲ ਕਰਨਾ ਨਹੀਂ ਸਗੋਂ ਇਹ ਤਾਂ ਭਾਸ਼ਾ ਨਾਲ ਸੰਬੰਧਤ ਹੈ। ਉਹ ਤਰਕ ਅਤੇ ਭਾਸ਼ਾਈ ਵਿਸ਼ਲੇਸ਼ਣ ਦੁਆਰਾ ਅਰਥ ਦੀ ਸਮੱਸਿਆ ਦਾ ਤਰਤੀਬਬੱਧ ਕਾਰਜ ਦਰਸ਼ਨ ਸਾਸ਼ਤਰ ਨੂੰ ਪਰਿਭਾਸ਼ਿਤ ਕਰਦੇ ਹਨ। ਗਿਆਨ ਦਾ ਖੇਤਰ ਤੱਥਾਂ ਦੇ ਘੇਰੇ ਅੰਦਰ ਹੈ ਜੋ ਕੇਵਲ ਵਿਗਿਆਨ ਦੇ ਕਾਰਜ-ਖੇਤਰ ਅੰਦਰ ਆਉਂਦੇ ਹਨ। ਇਸ ਲਈ, ਵਿਗਿਆਨ ਦੀ ਸਮੱਸਿਆ ਗਿਆਨ ਦੀ ਭਾਲ ਹੈ ਅਤੇ ਦਰਸ਼ਨ ਸਾਸ਼ਤਰ ਦੀ ਸਮੱਸਿਆ ਸ਼ਬਦਾਂ ਦੇ ਅਰਥਾਂ ਦਾ ਪੁਸ਼ਟੀਕਰਨ ਕਰਨਾ ਹੈ।

3. ਵਿਸ਼ਲੇਸ਼ਣ ਦੇ ਢੰਗ: ਦਰਸ਼ਨ-ਸਾਸ਼ਤਰ ਦੇ ਖੇਤਰ ਵਿਚ ਦੋ ਢੰਗਾਂ ਦੀ ਵਰਤੋਂ ਕੀਤੀ ਜਾਂਦੀ ਹੈ- ਸੰਸ਼ਲੇਸ਼ਣਾਤਮਕ ਢੰਗ ਅਤੇ ਵਿਸ਼ਲੇਸ਼ਣਾਤਮਕ ਢੰਗ। ਸੰਸ਼ਲੇਸ਼ਣਾਤਮਕ ਢੰਗ ਸਮੁੱਚ 'ਤੇ ਪਹੁੰਚਣ ਲਈ ਹਿੱਸਿਆਂ ਨੂੰ ਇਕ ਕਿਰਿਆ ਵਿਚ ਰੱਖਣ 'ਤੇ ਆਧਾਰਿਤ ਹੈ, ਅਤੇ ਇਸ ਢੰਗ ਨਾਲ ਅਸੀਂ ਇਹ ਜਾਨਣਾ ਚਾਹੁੰਦੇ ਹਾਂ ਕਿ ਗੁਣ ਜਾਂ ਯੋਗਤਾ ਸਮੁੱਚ 'ਚ ਜਾਣੀ ਜਾਂਦੀ ਹੈ ਨਾ ਕਿ ਹਿੱਸਿਆਂ ਵਿਚ। ਪੱਛਮ ਵਿਚ ਅਰਸਤੂ ਪਹਿਲਾਂ ਦਾਰਸ਼ਨਿਕ ਹੈ ਜਿਸ ਨੇ ਦਰਸ਼ਨ ਸਾਸ਼ਤਰ ਵਿਚ ਇਹ ਢੰਗ ਵਰਤਿਆ ਕਿਉਂਕਿ ਉਹ ਸੋਚਦਾ ਹੈ ਕਿ ਦਰਸ਼ਨ ਸਾਸ਼ਤਰ ਦਾ ਮੁੱਖ ਕੰਮ ਪੂਰਨ ਪ੍ਰਣਾਲੀ ਤੱਕ ਪਹੁੰਚਣ ਲਈ ਹਿੱਸਿਆਂ ਵਿਚ ਪਏ ਗਿਆਨ ਦੇ ਵੱਖ-ਵੱਖ ਪੱਖਾਂ ਨੂੰ ਇਕੱਠਾ ਕਰਨਾ ਹੈ ਤਾਂ ਜੋ ਅਸੀਂ ਇਸ ਬਾਰੇ ਅਨੇਕਾਂ ਨਿਰਣੇ ਲੈ ਸਕੀਏ। ਪਰ ਤਰਕਪੂਰਨ ਧਨਾਤਮਕਵਾਦੀਆਂ ਦਾ ਖ਼ਿਆਲ ਹੈ ਕਿ ਦਰਸ਼ਨ ਸਾਸ਼ਤਰ ਨੇ ਗਿਆਨ ਦੀ ਭਾਲ ਲਈ ਕੁੱਝ ਨਹੀਂ ਕਰਨਾ ਹੁੰਦਾ। ਇਸ ਲਈ, ਇਸ ਦੇ ਕਥਨ ਲਗਭਗ

ਪਰਿਭਾਸ਼ਾਵਾਂ ਹਨ, ਜੋ ਵਿਸ਼ਲੇਸ਼ਣਾਤਮਕ ਹਨ ਅਤੇ ਇਹ ਵਿਸ਼ਲੇਸ਼ਣ ਦੁਆਰਾ ਪਰਖੇ ਜਾ ਸਕਦੇ ਹਨ। ਦਰਸ਼ਨ ਸਾਸ਼ਤਰ ਅਨੇਕਾਂ ਸ਼ਬਦਾਂ ਦੀ ਵਰਤੋਂ ਕਰਦਾ ਹੈ ਜਿਨ੍ਹਾਂ ਦੇ ਅਰਥ ਸਪੱਸ਼ਟ ਨਹੀਂ ਹੁੰਦੇ, ਇਸ ਲਈ ਇਸ ਦੀ ਸਮੱਸਿਆ ਇਨ੍ਹਾਂ ਨੂੰ ਸਪੱਸ਼ਟ ਕਰਨ ਵਿਚ ਹੈ। ਅਸੀਂ ਸੋਚਦੇ ਹਾਂ ਕਿ ਇਹ ਦਾਰਸ਼ਨਿਕ ਸੰਕਲਪ ਅਸਲ ਵਸਤੂਆਂ ਵੱਲ ਸੰਕੇਤ ਕਰਦੇ ਹਨ ਪਰ ਅਸਲ ਵਿਚ ਇਹ ਪੂਰੀ ਤਰ੍ਹਾਂ ਅੰਦਾਜ਼ੇ 'ਤੇ ਆਧਾਰਿਤ ਹਨ ਅਤੇ ਤੱਥਾਂ ਵੱਲ ਸੰਕੇਤ ਨਹੀਂ ਕਰਦੇ ਅਤੇ ਕੋਈ ਅਸਲ ਦਾਰਸ਼ਨਿਕ ਕਥਨਾਂ ਦਾ ਸੰਚਾਰ ਨਹੀਂ ਕਰਦਾ। ਜੇ ਸਾਰੇ ਦਾਰਸ਼ਨਿਕ ਕਥਨ ਕਿਸੇ ਭਾਸ਼ਾਈ ਉਲਝਣ ਤੋਂ ਪੈਦਾ ਹੋਏ ਹਨ ਤਾਂ ਉਹਨਾਂ ਦਾ ਹੱਲ ਵੀ ਕੇਵਲ ਭਾਸ਼ਾਈ ਵਿਸ਼ਲੇਸ਼ਣ ਵਿਚ ਨਹਿਤ ਹੈ। ਇਹ ਸਹੀ ਨਤੀਜਾ Wittgenstein ਦੁਆਰਾ ਦਿੱਤਾ ਗਿਆ।

ਪਰ ਇੱਥੇ ਪ੍ਰਸ਼ਨ ਇਹ ਹੈ: ਵਿਸ਼ਲੇਸ਼ਣ ਦਾ ਢੰਗ ਕੀ ਹੈ? ਵਿਸ਼ਲੇਸ਼ਣ ਗੁੰਝਲਦਾਰ ਵਸਤੂਆਂ ਨੂੰ ਸਾਧਾਰਨ ਹਿੱਸਿਆ ਵਿਚ ਵੰਡਣ ਦੀ ਪ੍ਰਕਿਰਿਆ ਹੈ। ਗੁੰਝਲਦਾਰ ਵਸਤੂ ਆਪਣੀਆਂ ਗੁੰਝਲਾਂ ਕਾਰਨ ਆਸਾਨੀ ਨਾਲ ਸਮਝੀ ਨਹੀਂ ਜਾ ਸਕਦੀ ਪਰ ਇਸ ਦੇ ਹਿੱਸੇ ਸਾਧਾਰਨ ਹਨ, ਇਸ ਲਈ ਉਹ ਸੌਖੀ ਤਰ੍ਹਾਂ ਸਮਝੇ ਜਾ ਸਕਦੇ ਹਨ। ਇਸ ਤਰ੍ਹਾਂ, ਵਿਸ਼ਲੇਸ਼ਣ ਸਮੁੱਚ ਤੋਂ ਹਿੱਸਿਆਂ ਵੱਲ ਚੱਲਣ ਦੀ ਪ੍ਰਕਿਰਿਆ ਹੈ। ਵਿਸ਼ਲੇਸ਼ਣ ਦੀ ਵਰਤੋਂ ਵਿਗਿਆਨ 'ਚ ਕੀਤੀ ਜਾਂਦੀ ਹੈ ਅਤੇ ਤਰਕਪੂਰਨ ਧਨਾਤਮਕਵਾਦੀ ਵਿਗਿਆਨਿਕ ਢੰਗ ਵਿਚ ਜ਼ਿਆਦਾ ਵਿਸ਼ਵਾਸ ਰੱਖਦੇ ਹਨ। ਉਹ ਦਰਸ਼ਨ ਸਾਸ਼ਤਰ ਵਿਚ ਵੀ ਇਸ ਢੰਗ ਨੂੰ ਵਰਤਣ ਦੀ ਇੱਛਾ ਰੱਖਦੇ ਹਨ। ਵਿਗਿਆਨ ਦੇ ਖੇਤਰ ਵਿਚ, ਜੇ ਅਸੀਂ ਗੁੰਝਲਦਾਰ ਘਟਨਾ ਦੇ ਕਾਰਨਾਂ ਦੀ ਭਾਲ ਕਰੀਏ ਤਾਂ ਇਹ ਆਪਣੀਆਂ ਸ਼ਰਤਾਂ ਵਿਚ ਵੰਡਿਆ ਜਾਂਦਾ ਹੈ ਜੋ ਆਸਾਨੀ ਨਾਲ ਤਬਦੀਲ ਅਤੇ ਕੱਢੇ ਜਾ ਸਕਦੇ ਹਨ ਅਤੇ ਮਹੱਤਵਹੀਣ ਸ਼ਰਤਾਂ ਕੱਢ ਕੇ ਅਸੀਂ ਸੰਬੰਧਤ ਜਗ੍ਹਾ 'ਤੇ ਪਹੁੰਚ ਸਕਦੇ ਹਾਂ ਜੋ ਅਸਲ ਕਾਰਣ ਹੈ। ਇਹ ਵਿਸ਼ਲੇਸ਼ਣ ਭੌਤਿਕ ਜਾਂ ਰਸਾਇਣਿਕ ਹੋ ਸਕਦਾ ਹੈ, ਉਦਾਹਰਣ ਵਜੋਂ ਪਾਣੀ ਆਪਣੀਆਂ ਅਸਲ ਨਿਰਮਾਣਿਕ ਗੈਸਾਂ ਵਿਚ ਵੰਡਿਆ ਜਾ ਸਕਦਾ ਹੈ, ਇਹ ਪਾਣੀ ਦਾ ਵਿਸਲੇਸ਼ਣ ਹੈ। ਪਦਾਰਥਵਾਦੀ ਵਿਗਿਆਨ ਅਣੂਆਂ ਅਤੇ ਪਰਮਾਣੂਆਂ ਵਿਚ ਵੰਡ ਕੇ ਭੌਤਿਕ ਵਸਤਾਂ ਨੂੰ ਬਿਆਨ ਕਰਨ ਦੇ ਯੋਗ ਹਨ।

ਵਿਗਿਆਨਿਕ ਵਿਸਲੇਸ਼ਣ ਸਿਰਫ਼ ਤਰਕਪੂਰਨ ਧਨਾਤਮਕਵਾਦੀਆਂ ਨੂੰ ਹੀ ਉਤਸ਼ਾਹਿਤ ਨਹੀਂ ਕਰਦੇ ਸਗੋਂ ਇਹ ਮੰਨਿਆ ਜਾਂਦਾ ਹੈ ਕਿ ਉਨਾਂ ਦੇ ਹੱਥਾਂ 'ਚ ਨਵੇਂ ਰੂਪ ਅਤੇ ਤੇਜ਼ੀ ਹੈ ਤਾਂ ਜੋ ਇਸ ਨੂੰ ਦਾਰਸ਼ਨਿਕ ਖੋਜ ਲਈ ਨਿਪੁੰਨ ਅਤੇ ਸਫਲ ਵਿਧੀ ਸਮਝਿਆ ਜਾ ਸਕੇ। ਤਰਕਪੂਰਨ ਧਨਾਤਮਕਵਾਦੀਆਂ ਦੁਆਰਾ ਵਿਸ਼ਲੇਸ਼ਣ ਕਥਨ ਨੂੰ ਵਿਵੇਕ ਅਤੇ ਅਰਥ ਦੇਣ ਲਈ ਅਤੇ ਤੱਥ ਦੀ ਪੁਸ਼ਟੀ ਉਪਰੰਤ ਸੱਚ ਨੂੰ ਨਿਸ਼ਚਿਤ ਕੀਤਾ ਜਾ ਸਕੇ। ਇਸ ਉਦੇਸ਼ ਲਈ, ਕਥਨ ਦੋ ਹਿੱਸਿਆਂ 'ਚ ਵੰਡੇ ਜਾ ਸਕਦੇ ਹਨ: ਗੁੰਝਲਦਾਰ ਅਤੇ ਸਾਧਾਰਨ। ਸਾਧਾਰਨ ਕਥਨ ਉਹ ਹਨ ਜੋ ਇਕਹਿਰਾ ਤੱਥ ਪੇਸ਼ ਕਰਦੇ ਹਨ ਅਤੇ ਜਿਨ੍ਹਾਂ ਦੀ ਤੱਥ ਦੇ ਆਧਾਰ 'ਤੇ ਪੁਸ਼ਟੀ ਕੀਤੀ ਜਾ ਸਕਦੀ ਹੈ। ਇਹ ਪੁਸ਼ਟੀ ਇਕ ਅਵਲੋਕਣ ਨਾਲ ਪੂਰੀ ਕੀਤੀ ਜਾ ਸਕਦੀ ਹੈ। ਉਦਾਹਰਣ ਲਈ : 'ਇਹ ਲਾਲ ਹੈ', 'ਇਹ ਗਰਮ ਹੈ ਆਦਿ। ਇਨ੍ਹਾਂ ਵਿਚੋਂ ਹਰੇਕ ਵਿਚ ਇਕੋ ਭਾਵਨਾ ਚੱਲ ਰਹੀ ਹੈ। ਇਹ ਸੌਖੇ ਕਥਨ ਮੂਲ ਕਥਨ ਕਹਾਉਂਦੇ ਹਨ। ਦੂਸਰੇ ਪਾਸੇ, ਗੁੰਝਲਦਾਰ ਕਥਨ ਇਕੋ ਜਿਹੇ ਨਹੀਂ ਹੁੰਦੇ, ਇਸ ਦੀ ਪੁਸ਼ਟੀ ਲਈ ਇਨ੍ਹਾਂ ਦਾ ਸੌਖੇ ਕਥਨਾਂ ਵਿਚ ਵਿਸ਼ਲੇਸ਼ਣ ਕੀਤਾ ਜਾਂਦਾ ਹੈ ਜਾਂ ਮੂਲ ਕਥਨਾਂ ਤੱਕ ਲੈ ਜਾਇਆ ਜਾਂਦਾ ਹੈ। ਮਿਸਾਲ ਵਜੋਂ, 'ਇਹ ਇੱਕ ਸੇਬ ਹੈ'। ਇਸ ਦੀ ਪੁਸ਼ਟੀ ਲਈ, ਅਸੀਂ ਇਸ ਦਾ ਰੰਗ, ਆਕਾਰ, ਸੁਗੰਧ, ਛੂਹ ਅਤੇ ਸੁਆਦ ਵੱਖ-ਵੱਖ ਪਰਖਾਂਗੇ ਅਤੇ ਸੰਵੇਦਨਾਵਾਂ ਦੇ ਘਨੇੜੇ ਚੜ੍ਹ ਕੇ, ਅਸੀਂ ਆਖਰ 'ਚ ਕਹਿ ਸਕਦੇ ਹਾਂ ਕਿ ਹਾਂ, ਇਹ ਸੇਬ ਹੈ ਜੇ ਸਾਡੀਆਂ ਸੰਵੇਦਨਾਵਾਂ ਦੱਸੇ ਗਏ ਗੁਣਾਂ ਨਾਲ ਮੇਲ ਖਾਂਦੀਆਂ ਹੋਣ। ਇਸ ਤਰ੍ਹਾਂ ਗੁੰਝਲਦਾਰ ਕਥਨ ਦੀ ਪੁਸ਼ਟੀ ਲਈ ਉਸ ਦਾ ਵਿਸ਼ਲੇਸ਼ਲਣ ਲਾਜ਼ਮੀ ਹੈ। ਗੁੰਝਲਦਾਰ ਕਥਨ ਲਈ ਵਿਸ਼ਲੇਸ਼ਣ ਇਸ ਤਰ੍ਹਾਂ ਕੀਤਾ ਜਾਂਦਾ ਹੈ-

p, q ਹੈ ਸੱਚ ਹੈ।

ਜੇ p, q ਹੈ ਸੱਚ ਹੈ, ਤਾਂ A B ਹੈ, C D ਹੈ, E F ਹੈ ਸੱਚ ਹੋਵੇਗਾ। ਪੁਸ਼ਟੀ ਉਪਰੰਤ : A B ਹੈ, C D ਹੈ, E F ਹੈ ਸੱਚ ਪ੍ਰਾਪਤ ਹੋਏ।

ਇਹ ਸਾਬਤ ਹੋਇਆ ਕਿ p, q ਹੈ ਸੱਚ ਹੈ।

ਇੱਥੇ p, q ਹੈ ਕਥਨ ਦਾ ਤਿੰਨ ਮੂਲ ਕਥਨਾਂ 'ਚ ਵਿਸ਼ਲੇਸ਼ਣ ਕੀਤਾ ਗਿਆ- A B ਹੈ, C D ਹੈ, E F ਹੈ, ਜਿਨ੍ਹਾਂ ਦੀ p, q ਹੈ ਵਿਚਲਾ ਸੱਚ ਲੱਭਣ ਲਈ ਵੱਖ-ਵੱਖ ਤਰ੍ਹਾਂ ਤੱਥ ਪੁਸ਼ਟੀਕਰਨ ਕੀਤਾ ਗਿਆ ਜਿਸ ਦੀ ਉਸਦੀ ਗੁੰਝਲਦਾਰ ਪ੍ਰਕਿਰਤੀ ਕਾਰਨ ਪੁਸ਼ਟੀ ਨਹੀਂ ਕੀਤੀ ਜਾ ਸਕਦੀ। ਅਸੀਂ ਜਾਣਦੇ ਹਾਂ ਕਿ ਇਹ ਕਥਨ ਦੋ ਕਿਸਮ ਦੇ ਹੁੰਦੇ ਹਨ- ਸੰਸ਼ਲੇਸ਼ਣਾਤਮਕ ਅਤੇ ਵਿਸ਼ਲੇਸ਼ਣਾਤਮਕ; ਇਸ ਲਈ ਉਹਨਾਂ ਉੱਪਰ ਵਿਸ਼ਲੇਸ਼ਣ ਦਾ ਢੰਗ ਵੱਖਰੀ ਤਰ੍ਹਾਂ ਵਰਤਿਆ ਜਾਦਾ ਹੈ। ਸੰਸ਼ਲੇਸ਼ਣਾਤਮਕ ਕਥਨ

ਤੱਥਾਂ ਦਾ ਸਿੱਧਾ ਬਿਆਨ ਹੈ; ਇਸ ਲਈ ਉਨ੍ਹਾਂ ਦੀ ਸੱਚਾਈ ਤੱਥਾਂ ਦੀ ਪੁਸ਼ਟੀ ਦੁਆਰਾ ਜਾਣੀ ਜਾ ਸਕਦੀ ਹੈ ਅਤੇ ਉਹਨਾਂ ਦਾ ਅਜਿਹੇ ਢੰਗ ਨਾਲ ਮੂਲ ਕਥਨਾਂ ਵਿਚ ਵਿਸ਼ਲੇਸ਼ਣ ਕੀਤਾ ਜਾਵੇਗਾ ਕਿ ਉਹਨਾਂ ਵਿਚੋਂ ਹਰੇਕ ਦੀ ਉੱਪਰਲੀ ਉਦਾਹਰਣ ਵਾਂਗ ਇਕੱਲੇ ਪੁਸ਼ਟੀ ਕੀਤੀ ਜਾ ਸਕੇ। ਪਰ ਇਸ ਦੇ ਉਲਟ, ਵਿਸ਼ਲੇਸ਼ਣਾਤਮਕ ਕਥਨ ਤੱਥਾਂ ਦੇ ਕਥਨ ਨਹੀਂ; ਇਸ ਲਈ ਇਹ ਮੂਲ ਕਥਨਾਂ ਵਿਚ ਵੰਡੇ ਨਹੀਂ ਜਾ ਸਕਦੇ, ਉਦਾਹਰਣ ਵਜੋਂ 'ਇੱਥੇ ਪਰਮਾਤਮਾ ਹੈ,' ਪਰਮਾਤਮਾ ਬਾਰੇ ਕੋਈ ਵੀ ਸੰਵੇਦਨਾ ਲੈਣੀ ਅਸੰਭਵ ਹੈ। ਇੱਥੇ ਪਰਮਾਤਮਾ ਹੈ, ਸੰਕਲਪ ਦੀਆਂ ਪਰਿਭਾਸ਼ਾਵਾਂ ਹਨ, ਇਸ ਲਈ, ਕੇਵਲ ਭਾਸ਼ਾਈ ਵਿਸ਼ਲੇਸ਼ਣ ਸੰਭਵ ਹੈ। ਉਦਾਹਰਣ ਲਈ, 'ਇੱਥੇ ਪਰਮਾਤਮਾ ਹੈ,' ਇਕ ਵਿਸ਼ਲੇਸ਼ਣਾਤਮਕ ਕਥਨ ਹੈ। ਇਸ ਵਿਚ, ਇੱਥੇ ਦੋ ਸੰਕਲਪ ਇਕ ਦੂਜੇ ਨਾਲ ਸੰਬੰਧਤ ਹੈ, ਇਕ ਹੈ 'ਪਰਮਾਤਮਾ' ਅਤੇ ਦੂਜਾ ਹੈ 'ਹੈ'। 'ਹੈ' ਦਾ ਅਰਥ ਹੋਂਦ ਹੈ ਅਤੇ ਦੂਜਾ ਸੰਕਲਪ 'ਪਰਮਾਤਮਾ' ਧਰਮ ਵਿਚ ਗੈਬੀ ਸ਼ਕਤੀਆਂ ਦੇ ਰੂਪ ਵਿਚ ਪਰਿਭਾਸ਼ਿਤ ਕੀਤਾ ਜਾਂਦਾ ਹੈ, ਜੋ ਪਰਮਾਤਮਾ ਦਾ ਕਾਰਨ ਹੈ, ਸਰਵ-ਸ਼ਕਤੀਮਾਨ, ਸਰਬ-ਗਿਆਤਾ, ਦਇਆਵਾਨ ਆਦਿ ਹੈ। ਇਸ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਪਰਮਾਤਮਾ ਦੀ ਪਰਿਭਾਸ਼ਾ ਵਿਚ ਉਸ ਦੀ ਹੋਂਦ ਸ਼ਾਮਿਲ ਹੈ; ਇਸ ਤਰ੍ਹਾਂ ਪਰਮਾਤਮਾ ਦੀ ਪਰਿਭਾਸ਼ਾ ਤੋਂ ਪਤਾ ਲੱਗਦਾ ਹੈ ਕਿ ਉਸ ਦੀ ਮੌਜੂਦਗੀ ਹੋਣੀ ਜ਼ਰੂਰੀ ਹੈ। ਸਾਰੇ ਦਾਰਸ਼ਨਿਕ ਅਤੇ ਪਰਾ-ਭੌਤਿਕ ਕਥਨਾਂ ਦਾ ਪ੍ਰੀਖਣ ਕਰਨ ਤੋਂ ਪਤਾ ਲੱਗਦਾ ਹੈ ਕਿ ਉਹ ਵਿਸ਼ਲੇਸ਼ਣ-ਕਰਤਾ ਹਨ ਅਤੇ ਤੱਥਾਂ ਨਾਲ ਉਹਨਾਂ ਦਾ ਕੋਈ ਸੰਬੰਧ ਨਹੀਂ ਹੈ; ਇਸ ਲਈ ਉਹਨਾਂ ਦਾ ਤੱਥ-ਪੁਸ਼ਟੀਕਰਨ ਅਸੰਭਵ ਹੈ ਅਤੇ ਇਹ ਸਾਰੇ ਅਰਥਹੀਣ, ਤੁਕਹੀਣ ਅਤੇ ਬੇਤੁਕੇ ਹਨ। ਗਣਿਤ ਅਤੇ ਤਰਕ ਦੇ ਕਥਨ ਵਿਸ਼ਲੇਸ਼ਣਾਤਮਕ ਹਨ ਪਰ ਅਰਥਹੀਣ ਅਤੇ ਬੇਤੁਕੇ ਨਹੀਂ ਹਨ ਕਿਉਂਕਿ ਅਸਿੱਧੇ ਢੰਗ ਨਾਲ ਤੱਥਾਂ ਦੇ ਸੰਸਾਰ ਲਈ ਵਰਤਣਯੋਗ ਹਨ ਪਰ ਸਾਰੇ ਪਰਾ-ਭੌਤਿਕ ਕਥਨ ਅਰਥਹੀਣਅਤੇ ਬੇਤੁਕੇ ਹਨ; ਇਹ ਉੱਥੇ ਵਰਤੇ ਸ਼ਬਦਾਂ ਦੇ ਅਰਥ ਨੂੰ ਕੇਵਲ ਵਧਾਉਣਾ ਹੈ, ਇਸ ਲਈ, ਉਹ ਬੇਵਕੂਫੀ ਦਾ ਦਰਸ਼ਨ-ਸਾਸ਼ਤਰ ਬਣਾਉਂਦੇ ਹਨ।

4. ਕਦਰਾਂ ਕੀਮਤਾਂ ਦਾ ਸੰਵੇਗੀ ਸਿਧਾਂਤ: ਕਦਰਾਂ-ਕੀਮਤਾਂ ਮੁੱਲ-ਮੀਮਾਂਸਾ ਦੇ ਘੇਰੇ ਵਿਚ ਆਉਂਦੀਆਂ ਹਨ, ਜੋ ਦਰਸ਼ਨ -ਸਾਸ਼ਤਰ ਦੀ ਇਕ ਮਹੱਤਵਪੂਰਨ ਸ਼ਾਖਾ ਹੈ। ਕਦਰਾਂ-ਕੀਮਤਾਂ ਦੀ ਸਹੀ ਪ੍ਰਕਿਰਤੀ ਬਿਆਨ ਕਰਨ ਲਈ ਤਰਕਪੂਰਨ ਧਨਾਤਮਕਵਾਦੀ ਕਦਰਾਂ-ਕੀਮਤਾਂ ਦਾ ਸੰਵੇਗੀ ਸਿਧਾਂਤ ਦਿੰਦੇ ਹਨ; ਉਹਨਾਂ ਅਨੁਸਾਰ ਮੁੱਲ-ਮੀਮਾਂਸਾ ਸੰਸ਼ਲੇਸ਼ਣਾਤਮਕ ਨਹੀਂ, ਕਿਉਂਕਿ ਤੱਥਾਂ ਬਾਰੇ ਕੋਈ ਵੀ ਦਾਅਵਾ ਨਹੀਂ ਕਰਦਾ ਜਿਸ ਦੀ ਨਿਰੀਖਣ ਨਾਲ ਪੁਸ਼ਟੀ ਕੀਤੀ ਜਾ ਸਕਦੀ ਹੈ-

ਇਹ ਸੁੰਦਰ ਹੈ।

ਇਹ ਚੰਗਾ ਹੈ।

ਇਹ ਪਵਿੱਤਰ ਹੈ।

ਇਹ ਕਥਨ ਤੱਥ-ਪੁਸ਼ਟੀਕਰਨ ਦੀਆਂ ਹੱਦਾਂ ਅੰਦਰ ਨਹੀਂ ਆਉਂਦਾ ਕਿਉਂਕਿ ਅਸੀਂ ਪੁਸ਼ਟੀ ਕਰ ਸਕਦੇ ਹਾਂ ਕਿ ਇਹ ਲਾਲ ਜਾਂ ਗੋਲ ਜਾਂ ਗਰਮ ਆਦਿ ਹੈ ਪਰ 'ਇਹ ਸੁੰਦਰ ਹੈ' ਦੀ ਤੱਥਾਂ ਦੇ ਆਧਾਰ 'ਤੇ ਪੁਸ਼ਟੀ ਨਹੀਂ ਕੀਤੀ ਜਾ ਸਕਦੀ। ਇਕ ਪਾਸੇ ਲ਼ਾਲ, ਗੋਲ ਅਤੇ ਗਰਮ ਅਤੇ ਦੂਜੇ ਪਾਸੇ ਸੁੰਦਰ, ਚੰਗਾ ਅਤੇ ਪਵਿੱਤਰ ਦੋਨੋਂ ਵਿਚ ਢੇਰ ਸਾਰਾ ਅੰਤਰ ਹੈ ਕਿਉਂਕਿ ਪਹਿਲਾ ਸਮੂਹ ਪੁਸ਼ਟੀ ਕਰਨਯੋਗ ਹੈ ਪਰ ਦੂਜਾ ਨਹੀਂ, ਪਹਿਲੇ ਸਮੂਹ ਦਾ ਹਰ ਗੁਣ ਇਕ ਸੰਵੇਦਨਾ 'ਤੇ ਨਿਰਭਰ ਕਰਦਾ ਹੈ ਪਰ ਦੂਜੇ ਸਮੂਹ ਵਿਚ ਇਹ ਨਹੀਂ ਹੁੰਦਾ ਜਿਸ ਲਈ ਕੋਈ ਇਕ ਸੰਵੇਦਨਾ ਵੀ ਨਹੀਂ ਉਪਲੱਬਧ ਹੁੰਦੀ। ਇਸ ਤਰ੍ਹਾਂ ਮੁੱਲ ਕਥਨ ਤੱਥ ਦੇ ਆਧਾਰ 'ਤੇ ਨਹੀਂ ਪਰਖੇ ਜਾਂਦੇ, ਇਸ ਲਈ ਇਹ ਅਸਲੀ ਕਥਨਾਂ ਤੋਂ ਭਿੰਨ ਹਨ।

ਹੁਣ ਸਵਾਲ ਉੱਠਦਾ ਹੈ ਕਿ ਮੁੱਲ ਕਥਨ ਦੁਆਰਾ ਕੀ ਦੱਸਿਆ ਜਾਂਦਾ ਹੈ। ਤਰਕਮਈ ਧਨਾਤਮਕਵਾਦੀ ਕਹਿੰਦੇ ਹਨ ਕਿ ਮੁੱਲ ਕਥਨ ਮਨੁੱਖੀ ਜੀਵਾਂ ਦੇ ਵਸਤੂਆਂ ਬਾਰੇ ਸੰਵੇਗਾਤਮਕ ਜਵਾਬ ਦੱਸਦੇ ਹਨ। ਵਸਤੂ ਦੀ ਹੋਂਦ ਹੈ, ਇਹ ਤੱਥ ਹੈ, ਪਰ "ਇਹ ਸੁੰਦਰ ਹੈ", ਵਿਚ ਇਕ ਵਿਅਕਤੀ ਵਸਤੂ ਬਾਰੇ ਆਪਣੇ ਨਿੱਜੀ ਵਿਚਾਰ ਦੱਸ ਰਿਹਾ ਹੁੰਦਾ ਹੈ। ਇਸੇ ਤਰ੍ਹਾਂ, 'ਇਹ ਸੁੰਦਰ ਹੈ' ਵਸਤੂ ਜਾਂ ਕਿਰਿਆ ਬਾਰੇ ਸੰਵੇਗਾਤਮਕ ਵਿਚਾਰ ਹੈ ਕਿਉਂਕਿ ਚੰਗਿਆਈ ਦੀ ਧਾਰਨਾ ਤੱਥ ਨਹੀਂ ਹੈ। ਧਰਮ ਦੇ ਖੇਤਰ ਵਿਚ ਵੀ ਕਥਨ ਕੇਵਲ ਸਾਡਾ ਧਾਰਮਿਕ ਵਿਸ਼ਵਾਸ ਅਤੇ ਪ੍ਰਫੁਲਿਤਾ ਜ਼ਾਹਿਰ ਕਰਦੇ ਹਨ। ਅਜਿਹੇ ਸਾਰੇ ਕਥਨ ਤੱਥਾਂ ਜਾਂ ਸੰਸਾਰ ਬਾਰੇ ਕੁੱਝ ਵੀ ਹਾਂ ਜਾਂ ਨਾ ਨਹੀਂ ਕਹਿੰਦੇ। ਇਸ ਢੰਗ ਨਾਲ, ਤਰਕਮਈ ਧਨਾਤਮਕਵਾਦੀ ਕਹਿੰਦੇ ਹਨ ਕਿ ਮੁੱਲ ਕਥਨ ਨਹੀਂ; ਇਹ ਵਸਤੂਆਂ ਬਾਰੇ ਸੰਵੇਗਾਤਮਕ, ਸਨੇਹੀ ਜਾਂ ਭਾਵ ਭਰੇ ਜਵਾਬ ਹਨ। ਇਸ ਨੂੰ ਕਦਰਾਂ ਕੀਮਤਾਂ ਦਾ ਸੰਵੇਗੀ ਸਿਧਾਂਤ ਕਹਿੰਦੇ ਹਨ। ਜੇ ਮੁੱਲ ਕਥਨ ਤੱਥ ਦਾ ਕਥਨ ਨਹੀਂ, ਤਾਂ ਉਸ ਦੇ ਸੱਚ ਜਾਂ ਝੂਠ ਤੱਥਾਂ ਵਿਚਕਾਰ ਕੋਈ ਅੰਤਰ ਨਹੀਂ ਕਰੇਗਾ। "ਇਹ ਫੁੱਲ ਹੈ"

ਤੱਥ ਦਾ ਕਥਨ ਹੈ ਪਰ "ਇਹ ਸੁੰਦਰ ਹੈ" ਤੱਥ ਦਾ ਕਥਨ ਨਹੀਂ ਹੈ। ਇਥੋਂ ਤੱਕ ਕਿ ਜੇ "ਇਹ ਸੁੰਦਰ ਹੈ" ਸੱਚ ਹੈ ਜਾਂ ਝੂਠ, ਫੁੱਲ ਦੇ ਅਸਲ ਨੂੰ ਕੋਈ ਨੁਕਸਾਨ ਨਹੀਂ ਦਿੰਦਾ। ਹੁਣ ਸਵਾਲ ਫਿਰ ਉੱਠਦਾ ਹੈ: ਮੁੱਲ ਕਥਨ ਕਿਹੋ ਜਿਹੇ ਹੋਣਗੇ? ਜੇ ਉਹ ਸੰਸ਼ਲੇਸ਼ਣਾਤਮਕ ਨਹੀਂ ਤਾਂ ਉਹਨਾਂ ਨੂੰ ਵਿਸ਼ਲੇਸ਼ਣਾਤਮਕ ਕਹਿਣਾ ਚਾਹੀਦਾ ਹੈ? ਤਰਕਮਈ ਧਨਾਤਮਕਵਾਦੀ ਇਸ ਨੂੰ ਵਿਸ਼ਲੇਸ਼ਣਾਤਮਕ ਕਥਨਾਂ ਦੀ ਸ਼੍ਰੇਣੀ ਵਿਚ ਰੱਖਦੇ ਹਨ, ਪਰ ਉਸੇ ਸਮੇਂ ਉਹ ਕੀਮਤ ਕਥਨ ਅਤ ਦੂਜੇ ਪਰਾ-ਭੌਤਿਕ ਕਥਨਾਂ ਵਿਚਕਾਰ ਅੰਤਰ ਕਰਦੇ ਹਨ, ਭਾਵੇਂ ਦੋਨੋਂ ਇਕ ਦੂਜੇ ਨਾਲ ਮੇਲ ਖਾਂਦੇ ਹਨ ਅਤੇ ਤੱਥਾਂ ਦੇ ਆਧਾਰ 'ਤੇ ਪਰਖੇ ਜਾ ਸਕਦੇ ਹਨ, ਇਸ ਲਈ ਉਹ ਅਰਥਹੀਣ ਕਥਨ ਹਨ। ਉਹ ਅੱਗੇ ਦਾਅਵਾ ਕਰਦੇ ਹਨ ਕਿ ਇਹ ਕੀਮਤ ਕਥਨ ਭਾਸ਼ਾਈ ਵਿਸ਼ਲੇਸ਼ਲਣ ਅਨੁਸਾਰ ਬਿਆਨ ਕਰ ਸਕਦੇ ਹਨ ਕਿਉਂਕਿ ਉਹਨਾਂ ਵਿਚ ਗਿਆਨਾਤਮਕ ਭਾਸ਼ਾ ਦੀ ਕਮੀ ਹੈ ਅਤੇ ਉਹ ਤੱਥਾਂ ਦੀ ਜਗ੍ਹਾ ਗਤੀ ਨੂੰ ਬਿਆਨ ਕਰਦੇ ਹਨ, ਤਦ ਹੀ ਅਸੀਂ ਇਸ ਨਤੀਜੇ 'ਤੇ ਪਹੁੰਚਦੇ ਹਾਂ ਕਿ ਸਮੁੱਚਾ ਕੀਮਤ ਮੀਮਾਂਸਾ ਬੇਤੁਕਾ ਅਤੇ ਅਰਥਹੀਣ ਹੈ ਅਤੇ ਇਸ ਦੇ ਨਾਲ ਹੀ ਨੀਤੀ ਸਾਸ਼ਤਰ, ਰਾਜਨੀਤੀ ਵਿਗਿਆਨ, ਧਰਮ ਵਿਗਿਆਨ, ਸੁਹਜ ਵਿਗਿਆਨ ਆਦਿ ਸਾਰੇ ਫਜ਼ੂਲ ਅਧਿਐਨ ਹਨ।

## ਤਰਕਪੂਰਨ ਧਨਾਤਮਕਵਾਦ ਦੀ ਆਲੋਚਨਾ

ਜੇ ਤਰਕਪੂਰਨ ਧਨਾਤਮਕਵਾਦ ਦੀ ਕੋਈ ਆਲੋਚਨਾ ਕੀਤੀ ਜਾਵੇ ਤਦ ਅਸੀਂ ਇਸ ਦੇ ਮੂਲਭੂਤ ਨਿਯਮ ਰੱਦ ਕਰਾਂਗੇ। ਇਹ ਸਪੱਸ਼ਟ ਹੈ ਕਿ ਤਰਕਪੂਰਨ ਧਨਾਤਮਕਵਾਦੀਆਂ ਨੇ ਨੀਤੀ ਸਾਸ਼ਤਰ, ਰਾਜਨੀਤੀ ਵਿਗਿਆਨ, ਧਰਮ ਵਿਗਿਆਨ, ਸੁਹਜ ਵਿਗਿਆਨ ਆਦਿ ਨੂੰ ਅਰਥਹੀਣ ਅਤੇ ਬੇਤੁਕਾ ਸਿੱਧ ਕੀਤਾ ਹੈ ਪਰ ਅਸਲ ਵਿਚ ਇਹ ਬਹੁਤਾ ਸੱਚ ਨਹੀਂ ਹੈ, ਇਸ ਲਈ ਅਸੀਂ ਵਿਸ਼ਵਾਸ ਕਰਦੇ ਹਾਂ ਕਿ ਮੂਲ ਭੁਲੇਖੇ ਉਹਨਾਂ ਦੇ ਤਰਕ ਅਤੇ ਦ੍ਰਿਸ਼ਟੀਕੋਣ ਵਿਚ ਹੋ ਸਕਦੇ ਹਨ ਜੋ ਉਹਨਾਂ ਨੂੰ ਗਲਤ ਨਤੀਜੇ 'ਤੇ ਪਹੁੰਚਾਉਂਦੇ ਹਨ। ਆਓ ਅਸੀਂ ਉਹਨਾਂ ਸਾਰੇ ਨਿਯਮਾਂ ਨੂੰ ਲਈਏ ਅਤੇ ਉਸਦੀ ਭਰੋਸੇਯੋਗਤਾ ਦੀ ਪ੍ਰਮਾਣਿਕਤਾ ਨੂੰ ਪਰਖੀਏ।

1. ਪੁਸ਼ਟੀਕਰਨਯੋਗਤਾ ਦਾ ਨਿਯਮ: ਤਰਕਪੂਰਨ ਧਨਾਤਮਕਵਾਦੀਆਂ ਦਾ ਇਹ ਮੁੱਖ ਸਿਧਾਂਤ ਹੈ ਪਰ ਉਹ ਇੰਦ੍ਰੀ ਅਨੁਭਵ ਨੂੰ ਕਿਸੇ ਤੱਥ ਦੇ ਪੁਸ਼ਟੀਕਰਨ ਦਾ ਸਾਧਨ ਅਤੇ ਆਧਾਰ ਸਮਝਦੇ ਹਨ। ਇਸ ਤੋਂ ਪਰ੍ਹੇ ਅਨੁਭਵ ਦੀਆਂ ਹੋਰ ਵੀ ਕਿਸਮਾਂ ਹਨ ਅਤੇ ਉਹਨਾਂ ਦੁਆਰਾ ਵੀ ਅਸੀਂ ਕਿਸੇ ਤੱਥ ਦਾ ਅਨੁਭਵ ਕਰਦੇ ਹਾਂ। ਭਲਾ ਤਰਕਪੂਰਨ ਧਨਾਤਮਕਵਾਦੀ ਉਹਨਾਂ ਵੱਲ ਧਿਆਨ ਕਿਉਂ ਨਹੀਂ ਦਿੰਦੇ? ਤੇ ਉਹ ਇਹ ਕਹਿੰਦੇ ਹਨ ਕਿ ਇਹ ਅਨੁਭਵ ਅਨੁਭਵ ਵਸਤੂਪਰਕ ਜਾਂ ਵਿਗਿਆਨਿਕ ਨਹੀਂ ਹਨ ਤਦ ਉਹ ਨਿਸ਼ਚੇ ਹੀ ਵਿਹਾਰਿਕ ਆਧਾਰ 'ਤੇ ਆਪਣਾ ਕੇਸ ਬਣਾ ਰਹੇ ਹਨ, ਨਹੀਂ ਤਾਂ ਤੱਥਾਂ ਦੀ ਪਰਖ ਲਈ ਇਕੱਲੇ ਇੰਦ੍ਰੀ ਅਨੁਭਵ ਦੀ ਇਹ ਚੋਣ ਆਪਣੇ-ਆਪ ਵਿਚ ਤੱਥਾਂ ਦੇ ਪ੍ਰੀਖਣ ਲਈ ਕੰਮ ਨਹੀਂ ਕਰਦਾ, ਜਿਵੇਂ ਪੁਸ਼ਟੀਕਰਨ ਯੋਗਤਾ ਦਾ ਨਿਯਮ ਤੱਥਾਂ ਦੇ ਆਧਾਰ 'ਤੇ ਪਰਖਣਾ ਮੁਸ਼ਕਿਲ ਹੈ। ਜੇ ਅਸੀਂ ਆਪਣਾ ਮੂਲ ਨਿਸ਼ਚਾ ਧਾਰੀਏ ਜਿਵੇਂ 'ਅਨੁਭਵ ਦੇ ਆਧਾਰ 'ਤੇ ਪਰਖ', ਇਸ ਤਰ੍ਹਾਂ ਉਹਨਾਂ ਦਾ ਪੁਸ਼ਟੀਕਰਨਯੋਗਤਾ ਦਾ ਨਿਯਮ ਸੱਚਾ ਨਹੀਂ ਹੋਵੇਗਾ। ਇਸ ਲਈ ਇਹ ਨਿਯਮ ਤੱਥਾਂ ਉੱਪਰ ਆਧਾਰਤ ਨਹੀਂ ਹੈ। ਕੀ ਇਹ ਤਰਕਪੂਨ ਨਿਯਮ ਹੋਇਆ? ਨਹੀਂ। ਤਾਂ ਤਰਕਪੂਰਨ ਧਨਾਤਮਕਵਾਦੀ ਇਸ ਨੂੰ ਕਿਵੇਂ ਪ੍ਰਵਾਨ ਕਰਨਗੇ? ਅਸੀਂ ਇਹ ਕਹਿੰਦੇ ਹੋਏ ਉਹਨਾਂ ਦੇ ਆਪਣੇ ਆਧਾਰ 'ਤੇ ਮਿਲਾਂਗੇ ਕਿ ਜੇ ਉਹਨਾਂ ਦੇ ਪੁਸ਼ਟੀਕਰਨਯੋਗਤਾ ਦਾ ਨਿਯਮ ਤੱਥਾਂ ਉੱਤੇ ਪੁਸ਼ਟੀ ਨਹੀਂ ਕੀਤਾ ਜਾ ਸਕਦਾ, ਇਸ ਲਈ, ਇਹ ਅਰਥਹੀਣ, ਬੇਤੁਕਾ ਹੈ ਪਰ ਨਿਰਾਰਥਕ ਨਹੀਂ। ਇਹ ਸਪੱਸ਼ਟ ਹੈ ਕਿ ਇਹ ਪਦਾਰਥਵਾਦੀਆਂ ਅਤੇ ਪ੍ਰਕਿਰਤੀਵਾਦੀਆਂ ਦੀ ਤਰ੍ਹਾਂ ਆਪਣੀਆਂ ਕੁੱਝ ਪੂਰਵ-ਕਲਪਨਾਵਾਂ ਤੋਂ ਸ਼ੁਰੂ ਹੋਇਆ। ਜੇ ਉਹਨਾਂ ਕੋਲ ਕਲਪਨਾਤਮਕ ਪਰਿਭਾਸ਼ਾਵਾਂ ਦੇ ਸਮੂਹ ਤੋਂ ਸ਼ੁਰੂ ਕਰਨ ਦਾ ਅਧਿਕਾਰ ਹੈ ਤਾਂ ਤਰਕਵਾਦੀਆਂ ਅਤੇ ਆਦਰਸ਼ਵਾਦੀਆਂ ਦੀ ਪ੍ਰਣਾਲੀ ਨੂੰ ਬੇਤੁਕਾ ਕਹਿ ਕੇ ਨਿੰਦਿਆ ਕਿਉਂ ਜਾਂਦਾ ਹੈ? Descartes ਅਤੇ Spinoza ਨੇ ਆਪਣੀ ਪ੍ਰਣਾਲੀ ਨੰਮ ਸਪੱਸ਼ਟ ਅਤੇ ਨਿਸ਼ਚਿਤ ਸੱਚ ਦੇ ਆਧਾਰ 'ਤੇ ਚੁਣਿਆ। Descartes ਕਹਿੰਦਾ ਹੈ ਕਿ ਸਵੈ (ਆਤਮਾ) ਦੀ ਹੋਂਦ ਤੋਂ ਕੋਈ ਮੁਨਕਰ ਨਹੀਂ ਹੋ ਸਕਦਾ, ਇਸ ਸੱਚ ਉੱਤੇ ਆਧਾਰਰਿਤ ਹੋਣ ਕਰਕੇ ਪ੍ਰਣਾਲੀ ਕਿਵੇਂ ਬੇਤੁਕੀ ਹੋ ਸਕਦੀ ਹੈ? ਇਹ ਇਕ ਭਿੰਨ ਮਾਮਲਾ ਹੈ ਕਿ ਉਹ ਪ੍ਰਤੱਖ ਨਾਲੋਂ ਤਰਕ ਪਹੁੰਚ ਨੂੰ ਵਧੇਰੇ ਮਾਨਤਾ ਦਿੰਦਾ ਹੈ। ਇਸ ਤਰ੍ਹਾਂ ਇਹ ਸਪੱਸ਼ਟ ਹੈ ਕਿ ਤਰਕਪੂਰਨ ਧਨਾਤਮਕਵਾਦੀਆਂ ਦਾ ਪੁਸ਼ਟੀਕਰਨਯੋਗਤਾ ਦਾ ਨਿਯਮ ਆਪਣੇ ਆਪ ਵਿਚ ਇਕ ਪਰਾ-ਭੌਤਿਕ ਕਥਨ ਹੈ, ਅਤੇ ਜੇ ਉਹਨਾਂ ਕੋਲ ਪਰਾ-ਭੌਤਿਕ ਅਧਿਕਾਰ ਹੈ ਤਦ ਉਹਨਾਂ ਦਾ ਤੱਤ ਮੀਮਾਂਸਾ ਵੀ ਉਸੇ ਤਰ੍ਹਾਂ ਤੁਕਹੀਣ ਹੈ ਜੋ ਉਹਨਾਂ ਦੇ ਢੰਗ ਵਿਚ ਮਿਲਦੀ ਹੈ।

2. ਵਿਸ਼ਲੇਸ਼ਣ ਦੀ ਵਿਧੀ: ਢੰਗ ਅਤੇ ਉਦੇਸ਼ ਜਿਹਨਾਂ ਲਈ ਤਰਕਪੂਰਨ ਧਨਾਤਮਕਵਾਦੀਆਂ ਵਲੋਂ ਵਿਸ਼ਲੇਸ਼ਣ ਢੰਗ ਦੀ ਵਰਤੋਂ ਕੀਤੀ ਜਾਂਦੀ ਹੈ, ਗਲਤ ਹੈ। ਅਸੀਂ ਜਾਣਦੇ ਹਾਂ ਕਿ ਜੇ ਅਸੀਂ ਸਮੁੱਚ ਨੂੰ ਹਿੱਸਿਆਂ ਵਿਚ ਵੰਡ ਦੇਈਏ ਤਾਂ ਇਸ ਦੇ ਗੁਣ ਅਤੇ ਸੁਭਾਅ ਵੀ ਹਿੱਸਿਆਂ ਵਿਚ ਵੰਡੇ ਜਾਣਗੇ; ਇਸ ਲਈ ਵਿਸ਼ਲੇਸ਼ਣ ਹਿੱਸਿਆਂ ਦੁਆਰਾ ਸਮੁੱਚ ਦੇ ਸੁਭਾਅ ਨੂੰ ਬਿਆਨ ਕਰਨ ਵਿਚ ਅਸਫਲ ਰਹਿੰਦਾ ਹੈ। ਉਦਾਹਰਣ ਲਈ, ਸਵੈ ਦੀ ਹੋਂਦ ਜਿਸ ਨੂੰ ਕੋਈ ਵੀ ਇਨਕਾਰ ਨਹੀਂ ਕਰ ਸਕਦਾ ਜਦ ਤੱਕ ਉਹ ਆਪਣੇ ਆਪ ਨੂੰ ਸਵੈ-ਵਿਰੋਧਾਭਾਸ ਵਿਚ ਸ਼ਾਮਿਲ ਨਹੀਂ ਕਰਦਾ, ਮਾਨਸਿਕ ਸਥਿਤੀਆਂ ਵਿਚ ਵਿਸ਼ਲੇਸ਼ਣ ਕਰਨ ਯੋਗ ਨਹੀਂ ਬਣਦਾ ਤਦ ਨਤੀਜਾ ਉਹੀ ਹੋਵੇਗਾ ਜੋ ਡੇਵਿਡ ਹਿਊਮ ਦਿੰਦਾ ਹੈ ਜਿਵੇਂ ਮਾਨਸਿਕ ਸਥਿਤੀਆਂ ਤੋਂ ਬਿਨਾਂ ਸਵੈ ਦੀ ਕੋਈ ਹੋਂਦ ਨਹੀਂ ਅਤੇ ਜੇ ਸਾਡੇ ਕੋਲ ਸਵੈ ਦਾ ਵਿਚਾਰ ਹੋਵੇ ਤਾਂ ਇਹ ਮਾਨਸਿਕ ਸਥਿਤੀ ਤੋਂ ਬਿਨਾਂ ਕੁੱਝ ਵੀ ਨਹੀਂ। ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਵਿਸਲੇਸ਼ਣ ਨਾਲ ਸਾਡੇ ਮਾਨਸਿਕ ਜੀਵਨ ਦੀ ਸੰਪੂਰਨਤਾ ਮਿੱਟ ਜਾਂਦੀ ਹੈ ਪਰ ਸਾਡੇ ਵਿਚੋਂ ਹਰ ਕੋਈ ਇਸ ਬਾਰੇ ਯਕੀਨੀ ਹੈ। ਇਹ ਉਹ ਆਧਾਰ ਹੈ ਜਿਸ ਕਰਕੇ Bergson ਕਹਿੰਦਾ ਹੈ ਕਿ ਜੀਵਨ, ਗਤੀ ਅਤੇ ਸਵੈ ਨੂੰ ਵਿਸ਼ਲੇਸ਼ਣ ਵਿਧੀ ਨਾਲ ਸਮਝਣਾ ਸੰਭਵ ਨਹੀਂ ਹੈ। ਇਹੀ ਭਾਸ਼ਾਈ ਵਿਸ਼ਲੇਸ਼ਣ 'ਤੇ ਵੀ ਲਾਗੂ ਹੁੰਦਾ ਹੈ ਕਿਉਂਕਿ ਸਾਧਾਰਨ ਤੌਰ 'ਤੇ ਇਹ ਵਿਸ਼ਲੇਸ਼ਣ ਨਾਲੋਂ ਬਹੁਤਾ ਭਿੰਨ ਨਹੀਂ।

3. ਭਾਸ਼ਾ ਦਾ ਦਰਸ਼ਨ ਸਾਸ਼ਤਰ : ਤਰਕਪੂਰਨ ਧਨਾਤਮਕਵਾਦੀਆਂ ਨੇ ਵਧੇਰੇ ਜ਼ੋਰ ਇਸ 'ਤੇ ਦਿੱਤਾ ਅਤੇ ਜ਼ਿਆਦਾ ਮਹੱਤਤਾ ਵੀ ਇਸੇ 'ਤੇ ਦਿੰਦੇ ਹਨ ਅਤੇ ਇੱਥੇ ਉਹ ਗਲਤ ਹਨ। ਉਹਨਾਂ ਦਾ ਦਾਅਵਾ ਹੈ ਕਿ ਦਰਸ਼ਨ ਸਾਸ਼ਤਰ ਗਿਆਨ ਨਾਲੋਂ ਭਾਸ਼ਾ ਨਾਲ ਸਿੱਧਾ ਜੁੜਿਆ ਹੋਇਆ ਹੈ; ਇਹ ਅਣਉਚਿਤ ਅਤੇ ਕੁਰਾਹੇ ਪਾਉਣ ਵਾਲਾ ਵੀ ਹੈ, ਕਿਉਂਕਿ ਦਰਸ਼ਨ ਸਾਸ਼ਤਰ ਦੇ ਖੇਤਰ ਵਿਚ ਅਸੀਂ ਨਿਆਂ, ਵਿਸ਼ਵ ਸ਼ਾਂਤੀ, ਕ੍ਰਾਂਤੀ, ਤਰੱਕੀ ਆਦਿ ਬਾਰੇ ਸੋਚਦੇ ਹਾਂ, ਅਸੀਂ ਕੇਵਲ ਭਾਸ਼ਾਈ ਹੇਰ-ਫੇਰ ਨਾਲ ਸੰਬੰਧਤ ਨਹੀਂ ਹੁੰਦੇ ਅਤੇ ਕੇਵਲ ਪਰਿਭਾਸ਼ਾਵਾਂ ਦਾ ਮਨੁੱਖੀ ਜੀਵਨ ਦੀਆਂ ਅਸਲ ਸਥਿਤੀਆਂ ਨਾਲ ਕੋਈ ਸੰਬੰਧ ਨਹੀਂ ਹੈ। ਇਹ ਕਹਿਣਾ ਬਿਲਕੁਲ ਗਲਤ ਹੈ ਕਿ ਦਰਸ਼ਨ ਸਾਸ਼ਤਰ ਦਾ ਅਸਲੀਅਤ ਨਾਲ ਕੋਈ ਸੰਬੰਧ ਨਹੀਂ ਹੈ, ਅਸਲ ਵਿਚ ਇਹ ਸਿਰਫ਼ ਅਸਲ ਦੀ ਭਾਲ ਹੈ। ਦਾਰਸ਼ਨਿਕ ਆਪਣੇ ਵਿਚਾਰਾਂ ਨਾਲ ਜ਼ਿੰਦਗੀ ਦੀਆਂ ਸਥਿਤੀਆਂ ਵਿਚ ਅਸਲ ਤਬਦੀਲੀ ਲਿਆਉਂਦੇ ਹਨ; ਵਿਚਾਰਾਂ ਕੋਲ ਪਰਿਵਰਤਨ ਦੀ ਅਸੀਮ ਸ਼ਕਤੀ ਹੈ, ਉਹ ਕਾਰਲ ਮਾਰਕਸ ਦੀ ਤਰ੍ਹਾਂ ਕ੍ਰਾਂਤੀ ਦਾ ਭੜਥੂ ਲਿਆ ਦਿੰਦੇ ਹਨ। ਇਸ ਲਈ, ਦਰਸ਼ਨ ਸਾਸ਼ਤਰ ਦਾ ਸੰਬੰਧ ਜੀਵਨ ਦੀਆਂ ਅਸਲ ਸਥਿਤੀਆਂ ਨਾਲ ਹੈ। ਅਸਲ ਵਿਚ, ਭਾਸ਼ਾ ਦੇ ਅਨੇਕਾਂ ਕਾਰਜ ਹਨ ਅਤੇ ਇਕ ਤੱਥ ਇਹ ਹੈ ਜੋ ਤਰਕਪੂਰਨ ਧਨਾਤਮਕਵਾਦੀ ਪ੍ਰਵਾਨ ਕਰਦੇ ਹਨ ਕਿ ਭਾਸ਼ਾ ਗਿਆਨ ਬਿਆਨ ਕਰਦੀ ਹੈ ਜੋ ਇਸ ਦਾ ਗਿਆਨਾਤਮਕ ਕਾਰਜ ਹੈ ਜਿਵੇਂ ਅਸੀਂ ਵਿਗਿਆਨ ਦੇ ਖੇਤਰ ਵਿਚ ਤੱਥ ਪੇਸ਼ ਕਰਦੇ ਹਾਂ। ਫਿਰ ਭਾਸ਼ਾ ਦੇ ਹੋਰ ਬਹੁਤ ਸਾਰੇ ਕਾਰਜ ਹਨ ਜਿਸ ਵਿਚ ਅਸੀਂ ਆਪਣੇ ਸੰਵੇਗ, ਭਾਵਨਾਵਾਂ, ਵਤੀਰਾ, ਆਦਰਸ਼ ਆਦਿ ਜ਼ਾਹਿਰ ਕਰਦੇ ਹਾਂ ਅਤੇ ਇਹ ਭਾਵ ਆਪਣੇ ਖੇਤਰ ਵਿਚ ਮਹੱਤਤਾ ਰੱਖਦੇ ਹਨ । ਆਓ ਆਪਾਂ ਪ੍ਰਵਾਨ ਕਰੀਏ ਕਿ ਭਾਸ਼ਾ ਇਕ ਨਹੀਂ, ਅਨੇਕਾਂ ਹਨ। ਪਰ ਤਰਕਪੂਰਨ ਧਨਾਤਮਕਵਾਦੀ ਸਾਰੀਆਂ ਭਾਸ਼ਵਾਂ ਨੂੰ ਇਕ ਗਿਆਨਾਤਮਕ ਭਾਸ਼ਾ ਵਿਚ ਬਦਲਣਾ ਚਾਹੁੰਦੇ ਹਨ ਅਤੇ ਜੇ ਇਸ ਤਰ੍ਹਾਂ ਨ ਹੋਵੇ ਤਾਂ ਉਹ ਇਸ ਨੂੰ ਤੁਕਹੀਣ ਕਹਿ ਦਿੰਦੇ ਹਨ। ਉਹ ਨਤੀਜਾ ਕੱਢਣਗੇ ਕਿ ਕਵਿਤਾ ਅਰਥਹੀਣ ਅਤੇ ਬੇਤੁਕੀ ਹੈ ਕਿਉਂਕਿ ਉਹ ਸੰਵੇਗੀ ਭਾਸ਼ਾ ਵਿਚ ਹੁੰਦੀ ਹੈ ਅਤੇ ਤੱਥਾਂ ਦੀ ਵਿਗਿਆਨਿਕ ਭਾਸ਼ਾ ਵਿਚ ਬਦਲੀ ਨਹੀਂ ਜਾ ਸਕਦੀ। ਪਰ ਸੰਵੇਗਾਤਮਕ ਭਾਸ਼ਾ ਬੇਤੁਕੀ ਨਹੀਂ ਅਤੇ ਨ ਹੀ ਕਲਾ, ਸਾਹਿਤ, ਨੀਤੀ ਸਾਸ਼ਤਰ ਅਤੇ ਦਰਸ਼ਨ ਸਾਸ਼ਤਰ। ਸਾਰੀਆਂ ਭਾਸ਼ਾਵਾਂ ਨੂੰ ਇਕ ਵਿਚ ਤਬਦੀਲ ਕਰਨਾ ਮੂਰਖਤਾ ਹੈ। ਇਹੀ ਕਾਰਨ ਹੈ ਕਿ ਤਰਕਪੂਰਨ ਧਨਾਤਮਕਵਾਦੀ ਆਪਣੇ ਗੁੰਮਰਾਹਕੁਨ ਭਾਸ਼ਾਈ ਵਿਸ਼ਲੇਸ਼ਣ ਕਾਰਨ ਅੰਨ੍ਹੇ ਹੋ ਗਏ ਹਨ ਅਤੇ ਦਰਸ਼ਨ ਸਾਸ਼ਤਰ ਦੀਆਂ ਮੂਲ਼ ਸਮੱਸਿਆਵਾਂ ਨੂੰ ਭੁੱਲ ਗਏ ਹਨ। ਇੰਝ ਲੱਗਦਾ ਹੈ ਕਿ ਉਹ ਆਪਣੇ ਢੰਗਾਂ ਨੂੰ ਵਿਕਸਿਤ ਕਰਨ ਦੀ ਪ੍ਰਕਿਰਿਆ ਵਿਚ ਉਦੇਸ਼ਾਂ ਦੀ ਦ੍ਰਿਸ਼ਟੀ ਗੁਆ ਬੈਠੇ ਹਨ।

ਤੱਤ-ਮੀਮਾਂਸਾ ਦੀ ਅਸੰਭਾਵਨਾ: ਤਰਕਪੂਰਨ ਧਨਾਤਮਕਵਾਦੀ ਸਿੱਟਾ ਕੱਢਦੇ ਹਨ ਕਿ ਤੱਥਾਂ ਦੇ ਆਧਾਰ 'ਤੇ ਤੱਤ-ਮੀਮਾਂਸਾ ਅਸੰਭਵ ਹੈ। ਪਰ ਜਦ ਕੋਈ ਵਿਅਕਤੀ ਕਹਿੰਦਾ ਹੈ ਕਿ ਤੱਤ-ਮੀਮਾਂਸਾ ਬੇਤੁਕਾ, ਅਰਥਹੀਣ, ਬੇਅਰਥ ਜਾਂ ਅਸੰਭਵ ਹੈ; ਇਹ ਪਰਾ-ਭੌਤਿਕ ਦ੍ਰਿਸ਼ਟੀਕੋਣ ਹੈ ਅਤੇ ਤੱਤ-ਮੀਮਾਂਸਾ ਹੈ। F.H.Bradley ਬਿਲਕੁਲ ਸਹੀ ਵੇਖਦਾ ਹੈ ਕਿ ਜੋ ਤੱਤ-ਮੀਮਾਂਸਾ ਨੂੰ ਨਿੰਦਦਾ ਹੈ ਤੱਤ-ਮੀਮਾਂਸਾ ਦਾ ਚਚੇਰਾ ਭਰਾ ਹੈ। ਇਹ ਮਜ਼ਾਕ ਨਹੀਂ ਬਲਕਿ ਸੱਚ ਹੈ ਕਿਉਂਕਿ ਤਰਕਪੂਰਨ ਧਨਾਤਮਕਵਾਦੀਆਂ

ਦਾ ਤੱਥ-ਪੁਸ਼ਟੀਕਰਨ ਦਾ ਨਿਯਮ ਇਕ ਪਰਾ-ਭੌਤਿਕ ਨਿਯਮ ਹੈ। ਆਓ ਆਪਾਂ ਇਸ ਤਰਕ ਨੂੰ ਸਵੀਕਾਰ ਕਰੀਏ ਅਤੇ ਜੋ ਤੱਥਾਂ ਦੇ ਆਧਾਰ 'ਤੇ ਪਰਖਿਆ ਜਾਵੇ, ਹੀ ਅਰਥਪੂਰਨ ਹੈ; ਕੀ ਅਸੀਂ ਭਾਲ ਸਕਦੇ ਹਾਂ ਕਿ ਇਹ ਪ੍ਰੀਖਣ ਸਾਰੇ ਵਿਗਿਆਨਿਕ ਕਥਨਾਂ, ਪਰਿਭਾਸ਼ਾਵਾਂ ਅਤੇ ਨਿਯਮਾਂ 'ਤੇ ਵਰਤੇ ਜਾ ਸਕਦੇ ਹਨ। ਸਹੀ ਉੱਤਰ ਹੈ-ਨਹੀਂ, ਤਦ ਕੀ ਸਾਰੇ ਤੁਕਹੀਣ ਹਨ? ਇੱਥੇ Ayer ਤਰਕਪੂਰਨ ਧਨਾਤਮਕਵਾਦੀ ਤੱਥ-ਪੁਸ਼ਟੀਕਰਨ ਦੀਆਂ ਦੋ ਭਾਵਨਾਵਾਂ ਵਿਚਕਾਰ ਅੰਤਰ ਕਰਦੇ ਹਾਂ-(1) ਕਮਜ਼ੋਰ ਅਤੇ (2)ਮਜ਼ਬੂਤ। ਤੱਥ-ਪੁਸ਼ਟੀਕਰਨ ਦੀ ਕਮਜ਼ੋਰ ਭਾਵਨਾ ਵਿਚ, ਇਹ ਪੁਸ਼ਟੀ ਕਰਨ ਲਈ ਸਾਰੀਆਂ ਸੰਭਵ ਅਤੇ ਪੂਰਵ ਅਨੁਮਾਨਿਤ ਜਾਂ ਅੰਦਾਜ਼ੇ ਵਾਲੀਆਂ ਸਥਿਤੀਆਂ ਸਵੀਕਾਰ ਕਰਦਾ ਹੈ, ਜੋ ਕਥਨ ਨੂੰ ਪੂਰੀ ਤਰ੍ਹਾਂ ਨਹੀਂ ਪਰ ਸੰਭਾਵੀ ਸੱਚ ਬਣਾਉਂਦੀਆਂ ਹਨ। ਵਿਗਿਆਨ ਵਿਚ ਜੇ ਪੁਸ਼ਟੀ ਕਮਜ਼ੋਰ ਭਾਵਨਾ ਵਿਚ ਕੀਤੀ ਜਾਵੇ ਤਾਂ ਇਹ ਤੱਤ-ਮੀਮਾਂਸਾ ਦੇ ਖੇਤਰ ਵਿਚ ਵਿਧੀਪੂਰਵਕ ਵੀ ਵਰਤਿਆ ਜਾ ਸਕਦਾ ਹੈ ਜੋ ਤਰਕਪੂਰਨ ਧਨਾਤਮਕਵਾਦੀਆਂ ਲਈ ਅਰਥਪੂਰਨ ਪਹਿਰਾਵਾ ਯਕੀਨੀ ਹੈ। ਇਕ ਲੇਖਕ ਸਹੀ ਕਹਿੰਦਾ ਹੈ ਕਿ ਅਸੀਂ ਤੱਤ ਮੀਮਾਂਸਾ ਨੂੰ ਖੂਹ ਸੁੱਟਦੇ ਹਾਂ, ਵਿਗਿਆਨ ਵੀ ਇਸ ਨਾਲ ਹੀ ਜਾਏਗਾ ਅਤੇ ਜੇ ਅਸੀਂ ਵਿਗਿਆਨ ਨੂੰ ਲਾਟਾਂ ਤੋਂ ਬਚਾਉਂਦੇ ਹਾਂ, ਤੱਤ ਮੀਮਾਂਸਾ ਇਸ ਪਿੱਛੇ ਰੀਂਗਦਾ ਆਵੇਗਾ। ਇਸ ਤਰ੍ਹਾਂ, ਤੱਤ ਮੀਮਾਂਸਾ ਵਿਗਿਆਨ ਦੇ ਵੱਖ-ਵੱਖ ਮੰਚਾਂ'ਤੇ ਖੜਾ ਹੋਣ ਲਈ ਨਹੀਂ ਬਣਿਆ ਜਦ ਤੱਕ ਇਲਾਜ ਦੇ ਕੁੱਝ ਦੋਹਰੇ ਮਿਆਰ ਸਹਾਰਾ ਨ ਦੇਣ।

5. ਕਦਰਾਂ-ਕੀਮਤਾਂ ਦਾ ਸੰਵੇਗਾਤਮਕ ਸਿਧਾਂਤ: ਤਰਕਪੂਰਨ ਧਨਾਤਮਕਵਾਦੀ ਸਾਰੀਆਂ ਕਦਰਾਂ-ਕੀਮਤਾਂ ਨੂੰ ਸੰਵੇਗਾਤਮਕ ਸਿੱਧ ਕਰਕੇ ਧੱਕਾ ਮਾਰਦੇ ਹਨ ਕਿਉਂਕਿ ਜੇ ਕਦਰਾਂ-ਕੀਮਤਾਂ ਸਾਡੀਆਂ ਕਲਪਨਾਵਾਂ ਜਾਂ ਸੁਪਨਿਆਂ 'ਤੇ ਆਧਾਰਤ ਕੇਵਲ ਸੰਵੇਗਾਤਮਕ ਜਵਾਬ ਜਾਂ ਲਾਲਸਾਵਾਂ ਹਨ, ਤਾਂ ਮਨੁੱਖ ਆਦਰਸ਼ਾਂ (ਕਦਰਾਂ-ਕੀਮਤਾਂ) ਦੀ ਪ੍ਰਾਪਤੀ ਲਈ ਆਪਣੀ ਜ਼ਿੰਦਗੀ ਨੂੰ ਸਮਰਪਿਤ ਕਰਨ ਯੋਗ ਨਹੀਂ ਹੋਵੇਗਾ ਪ੍ਰੰਤੂ ਅਸੀਂ ਅਸਲੀਅਤ ਲੱਭਦੇ ਹਾਂ ਕਿ ਮਨੁੱਖੀ ਜੀਵ ਇਸ ਲਈ ਆਪਣੀ ਜ਼ਿੰਦਗੀ ਕੁਰਬਾਨ ਕਰਦੇ ਹਨ। ਜੇ ਨੀਤੀ ਸਾਸ਼ਤਰ, ਸੁਹਜ ਸਾਸ਼ਤਰ ਅਤੇ ਧਰਮ ਬੇਤੁਕੇ ਅਤੇ ਅਰਥਹੀਣ ਹਨ, ਇਸ ਤਰ੍ਹਾਂ ਤਾਂ ਸੱਚ ਵੀ ਬੇਤੁਕਾ ਹੋਵੇਗਾ। ਪਰ ਤਰਕਪੂਰਨ ਧਨਾਤਮਕਵਾਦੀ ਸੱਚ ਕੀਮਤ ਨੂੰ ਦੂਸਰੀਆਂ ਕੀਮਤਾਂ ਤੋਂ ਵੱਖਰਾ ਰੱਖਦੇ ਹਨ। ਅਸੀਂ ਦਾਅਵਾ ਕਰ ਸਕਦੇ ਹਾਂ ਕਿ ਸੱਚ ਦੀ ਭਾਲ ਫਜ਼ੂਲ ਹੈ ਕਿਉਂਕਿ ਸੱਚ ਅਰਥਹੀਣ ਹੈ ਅਤੇ ਪੂਰਨ ਸੱਚ ਅਸੰਭਵ ਹੈ ਅਤੇ ਇਕ ਸੁਪਨਾ ਹੈ। ਕੀ ਵਿਗਿਆਨੀ ਦਾ ਕੰਮ ਇਸ ਨਿਸ਼ਾਨੇ ਲਈ ਛੇਤੀ ਹੀ ਰੁੱਕ ਜਾਣਗੇ? ਅਸਲ ਵਿਚ, ਇਹ ਕਦਰਾਂ ਕੀਮਤਾਂ ਦਾ ਸੰਵੇਗਾਤਮਕ ਸਿਧਾਂਤ ਗਲਤ ਹੈ ਅਤੇ ਸੱਚ ਦੀ ਵਿਗਿਆਨਿਕ ਭਾਲ ਵਿਚ ਵੀ ਕੋਈ ਗਲਤ ਨਹੀਂ ਜੋ ਹਮੇਸ਼ਾਂ ਕਲਾ ਅਤੇ ਸੁੰਦਰਤਾ, ਸਦਾਚਾਰ ਅਤੇ ਪਵਿੱਤਰ ਜੀਵਨ ਨਾਲ ਮਿਲਦੇ ਹਨ। ਜੇ ਅਸੀਂ ਮੰਨ ਲਈਏ ਕਿ ਕੀਮਤ ਕਥਨ, ਕਥਨ ਨਹੀਂ ਹਨ, ਅਸੀਂ ਕਹਿ ਸਕਦੇ ਹਾਂ ਕਿ ਇਹ ਤੱਥ- ਕਥਨ ਨਹੀਂ ਹਨ ਜਿਹਨਾਂ ਦਾ ਸਦਾ ਮਹੱਤਵ ਹੈ। ਜੇ ਕੀਮਤ ਕਥਨ ਤੱਥਾਂ ਦੇ ਕਥਨ ਨਹੀਂ ਹਨ ਪਰ ਮਨੁੱਖੀ ਸੰਵੇਗਾਂ ਅਤੇ ਭਾਵਨਾਵਾਂ ਦਾ ਪ੍ਰਗਟਾਵਾ ਹੈ; ਇਹ ਸੰਵੇਗ ਸਾਡੇ ਮਾਨਸਿਕ ਜੀਵਨ ਦੇ ਤੱਥ ਹਨ ਜਿਹਨਾਂ ਦਾ ਮਨੋਵਿਗਿਆਨ ਦੁਆਰਾ ਅਧਿਐਨ ਕੀਤਾ ਜਾ ਸਕਦਾ ਹੈ। ਇਸ ਤਰ੍ਹਾਂ, ਸੰਵੇਗ ਮਨੋਵਿਗਿਆਨ ਦੇ ਵਧੀਆ ਤੱਥ ਹਨ ਜਿਵੇਂ ਪਦਾਰਥਕ ਵਿਗਿਆਨ ਵਿਚ ਤੱਥ ਹਨ, ਅਤੇ ਇਸ ਲਈ ਕੀਮਤ ਕਥਨ ਅਰਥਪੂਰਨ ਬਣ ਜਾਂਦੇ ਹਨ ਇਸੇ ਤਰ੍ਹਾਂ ਤੱਥ ਪੁਸ਼ਟੀਕਰਨ ਦੇ ਨਿਯਮ ਨਾਲ ਗੁੱਸਾ, ਪਿਆਰ ਆਦਿ ਸੰਵੇਗ ਸੱਚ ਵੀ ਪਰਖੇ ਜਾ ਸਕਦੇ ਹਨ, ਇਸ ਲਈ ਮਨੋਵਿਗਿਆਨ ਆਪ ਤੱਥ ਦਾ ਅਧਿਐਨ ਕਰਦਾ ਹੈ ਅਤੇ ਇਸ ਦੇ ਨਿਯਮ ਮਨੁੱਖੀ ਜੀਵਾਂ ਦਾ ਸੰਵੇਗਾਤਮਕ ਵਿਵਹਾਰ ਬਿਆਨ ਕਰਦੇ ਹਨ, ਇਸ ਤਰ੍ਹਾਂ ਉਹ ਤੱਥ ਦੀ ਪਰਿਭਾਸ਼ਾ ਪੂਰੀ ਕਰਦੇ ਹਨ। ਤਾਂ ਫਿਰ ਤਰਕਪੂਰਨ ਧਨਾਤਮਕਵਾਦੀ ਕੀਮਤ ਕਥਨ ਨੂੰ ਤੱਥ ਕਥਨ ਅਤੇ ਅਰਥਪੂਰਨ ਨਹੀਂ ਮੰਨਦੇ? ਜੇ ਸੰਵੇਗਾਂ ਅਤੇ ਭਾਵਨਾਵਾਂ ਕੋਲ ਕੋਈ ਅਸਲੀਅਤ ਹੈ ਤਾਂ ਕਦਰਾਂ-ਕੀਮਤਾਂ ਕੋਲ ਆਪਣੀ ਅਸਲੀਅਤ ਹੈ ਅਤੇ ਜੇ ਇਹ ਵਿਗਿਆਨ ਵਿਚ ਮਹੱਤਵਪੂਰਨ ਸਥਾਨ ਨਹੀਂ ਰੱਖਦੇ, ਤਾਂ ਉਹਨਾਂ ਦਾ ਮਨੁੱਖੀ ਜੀਵਨ ਵਿਚ ਮਹੱਤਵਪੂਰਨ ਰੁਤਬਾ ਅਤੇ ਭੂਮਿਕਾ ਹੋਣਗਾ। ਇਸ ਲਈ ਅਸੀਂ ਇਸ ਸਿੱਟੇ 'ਤੇ ਪੁੱਜਦੇ ਹਾਂ ਕਿ ਨੀਤੀ ਸਾਸ਼ਤਰ, ਸੁਹਜ ਸਾਸ਼ਤਰ ਅਤੇ ਧਰਮ ਭਾਵਨਾਤਮਕ ਨਹੀਂ ਅਤੇ ਭਾਵਨਾਤਮਕ ਛੁਟਕਾਰੇ ਦੀ ਤਰ੍ਹਾਂ ਸਾਡੇ ਮਨ ਵਿਚੋਂ ਕੱਢ ਦਿੱਤੇ ਜਾਣ ਪਰ ਇਹ ਅਰਥਪੂਰਨ ਹਨ ਅਤੇ ਸਾਨੂੰ ਵਿਸ਼ਾਲ ਅਧਿਐਨ ਪ੍ਰਦਾਨ ਕਰਦੇ ਹਨ।

ਸਿੱਟਾ: ਇਸ ਤੱਥ ਬਾਰੇ ਕੋਈ ਸ਼ੱਕ ਨਹੀਂ ਕਿ ਤਰਕਮਈ ਧਨਾਤਮਕਵਾਦੀਆਂ ਨੇ ਦਾਰਸ਼ਨਿਕਾਂ ਨੂੰ ਆਪਣੀਆਂ ਖੋਜ ਵਿਧੀਆਂ ਅਤੇ ਪੂਰਵ ਕਲਪਨਾਵਾਂ ਨੂੰ ਇਕ ਵਾਰ ਫਿਰ ਸੋਚਣ ਲਈ ਮਜ਼ਬੂਰ ਕਰ ਦਿੱਤਾ ਜੋ ਉਹਨਾਂ ਨੇ ਕਾਰਜ ਸਾਰਣੀ ਦੀ ਰੌਸ਼ਨੀ ਵਿਚ ਸਾਹਮਣੇ ਲਿਆਂਦਾ ਅਤੇ ਇਹ ਦਰਸ਼ਨ ਸਾਸ਼ਤਰ ਪ੍ਰਤੀ ਤਰਕਪੁਰਨ ਧਨਾਤਮਕਵਾਦੀਆਂ ਦਾ ਅਸਲ ਯੋਗਦਾਨ ਹੈ, ਦੁਸਰੇ ਪਾਸੇ

ਉਹਨਾਂ ਦੇ ਸਿਧਾਂਤ ਕਮਜ਼ੋਰ ਹੀ ਨਹੀਂ ਬਲਕਿ ਗੁਮਰਾਹਕੁੰਨ ਵੀ ਹਨ ਅਤੇ ਦਰਸ਼ਨ ਸਾਸ਼ਤਰ ਦੇ ਖੇਤਰ ਵਿਚ ਹਮੇਸ਼ਾਂ ਸਵੀਕਾਰਨਯੋਗ ਨਹੀਂ। ਇੱਥੋਂ ਤੱਕ ਕਿ ਜੇ ਤਰਕਪੂਰਨ ਧਨਾਤਮਕਵਾਦੀ ਦਾਅਵਾ ਕਰਦੇ ਹਨ ਕਿ ਪਰੰਪਰਾਗਤ ਦਰਸ਼ਨ ਸਾਸ਼ਤਰ ਉਹਨਾਂ ਨੂੰ ਪ੍ਰਵਾਨ ਨਹੀਂ ਪ੍ਰੰਤੂ ਤੱਥ ਇਹ ਹੈ ਕਿ ਵਿਚਾਰਾਂ ਦੀ ਦਾਰਸ਼ਨਿਕ ਧਾਰਾ ਨਿਰੰਤਰ ਅਤੇ ਕਈ ਸਦੀਆਂ ਤੱਕ ਚੱਲਦੀ ਰਹੀ। ਜੇ ਤਰਕਪੂਰਨ ਧਨਾਤਮਕਵਾਦੀ ਇਸ ਨੂੰ ਬੇਤੁਕਾ ਸਿੱਧ ਕਰਨ ਤਦ ਸਤਹ ਉੱਤੇ ਲਹਿਰ ਦੀ ਤਰ੍ਹਾਂ ਇਕੱਠੇ ਕਰ ਦਿੱਤੇ ਜਾਣ ਜੋ ਆਪਣਾ ਉਚਿਤ ਯੋਗਦਾਨ ਤੋਂ ਬਾਅਦ ਮੁੱਖ ਧਾਰਾ ਵਿਚ ਯਕੀਨਨ ਹੀ ਮਿਲ ਜਾਣਗੇ ਅਤੇ ਦਰਸ਼ਨ ਸਾਸ਼ਤਰ ਪੂਰਨ ਸੱਚ ਦੀ ਭਾਲ ਲਈ ਅੱਗੇ ਵੱਦਣਗੇ।

**1.2.4** ਤਰਕਪੂਰਨ ਵਿਸ਼ਲੇਸ਼ਣ: 20ਵੀਂ ਸਦੀ ਦੇ ਸ਼ੁਰੂ ਵਿਚ ਤਰਕਪੂਰਨ ਵਿਸ਼ਲੇਸ਼ਣ ਇਕ ਮਹੱਤਵਪੂਰਨ ਦਰਸ਼ਨ ਸਾਸ਼ਤਰ ਦੇ ਰੂਪ ਵਿਚ ਪੈਦਾ ਹੋਇਆ ਅਤੇ ਹੁਣ ਵੀ ਅੰਗਰੇਜ਼ੀ ਬੋਲਦੇ ਸੰਸਾਰ ਦੇ ਬਹੁਤੇ ਵਿਸ਼ਵਵਿਦਿਆਲਿਆਂ ਵਿਚ ਦਰਸ਼ਨ ਸਾਸ਼ਤਰ ਦਾ ਪ੍ਰਭਾਵੀ ਸਕੂਲ ਹੈ। ਤਰਕਪੂਰਨ ਵਿਸ਼ਲੇਸ਼ਣ ਦਾਰਸ਼ਨਿਕ ਵਿਵਾਦ ਭਾਸ਼ਾ ਸਪੱਸ਼ਟ ਕਰਕੇ ਵਿਚਾਰਾਂ ਦਾ ਵਿਸ਼ਲੇਸ਼ਣ ਸਾਧਾਰਨ ਵਾਕਾਂ ਵਿਚ ਕਰਦਾ ਹੈ। ਰੋਜ਼ਾਨਾ ਵਰਤੀ ਜਾਂਦੀ ਭਾਸ਼ਾ ਦੀ ਬਜਾਇ ਦਾਰਸ਼ਨਿਕ ਸਮੱਸਿਆ ਨੂੰ ਸੰਖੇਪ ਤਰਕਪੂਰਨ ਸ਼ਬਦਾਵਲੀ ਵਿਚ ਦੱਸਣਾ, ਇਸ ਦਾ ਸੰਭਵ ਹੱਲ ਹੈ। ਇਸ ਤਰ੍ਹਾਂ ਇਹ ਸਮੱਸਿਆ ਦਾ ਹੱਲ ਕਰਨਾ ਹੈ ਜੋ ਭਾਸ਼ਾਈ ਦੋਚਿੱਤੀ ਕਾਰਨ ਪੈਦਾ ਹੁੰਦੀ ਹੈ। ਇਹ ਦਾਰਸ਼ਨਿਕ ਲਹਿਰ ਵਿਕਾਸ ਦੀਆਂ ਦੋ ਧਾਰਾਵਾਂ ਕਾਰਨ ਪੈਦਾ ਹੋਈ। ਪਹਿਲੀ ਧਾਰਾ ਗਣਿਤਿਕ ਤਰਕ ਵਿਚ ਵਾਧਾ, ਖਾਸ ਕਰਕੇ ਅਰਸਤੂ ਦੇ ਤਰਕ ਦੇ ਮੁਕਾਬਲੇ Russell ਅਤੇ Frege ਦੁਆਰਾ ਚਿਨ੍ਹਕ ਤਰਕ ਦਾ ਵਿਕਾਸ ਹੈ। ਦੂਜੀ ਧਾਰਾ ਭਾਸ਼ਾਈ ਦਰਸ਼ਨ ਸਾਸ਼ਤਰ ਪ੍ਰਤੀ ਵਧਦਾ ਸੰਬੰਧ ਹੈ ਜਿਸ ਵਿਚ ਭਾਸ਼ਾ ਦੀ ਦੁਰਵਰਤੋਂ ਦਾਰਸ਼ਨਿਕ ਸਮੱਸਿਆਵਾਂ ਪੈਦਾ ਕਰਦੀ ਹੈ।

ਅੰਗਰੇਜ਼ੀ ਦਾਰਸ਼ਨਿਕ G.E.Moore(1873-1958) ਅਤੇ Bertrand Russell (1872–1970) ਆਮ ਕਰਕੇ ਸਮਕਾਲੀ ਵਿਸ਼ਲੇਸ਼ਣਾਤਮਕ ਦਰਸ਼ਨ ਸਾਸ਼ਤਰ ਦੇ ਮੋਢੀ ਕਹੇ ਜਾਂਦੇ ਹਨ ਜਦ ਕਿ ਆਧੁਨਿਕ ਚਿੰਨ੍ਹਕ ਤਰਕ ਦੇ ਮੋਢੀ ਗਣਿਤ ਸਾਸ਼ਤਰੀ Gottlob Frege (1848–1925) ਅਤੇ Bertrand Russell (1872–1970) ਹਨ। Russell ਨੇ A.N.Whitehead (1861-1947) ਨਾਲ ਮਿਲ ਕੇ ਯਾਦਗਾਰੀ ਕੰਮ "Principia Mathematica" ਲਿਖਿਆ ਜਿਸ ਵਿਚ ਉਸ ਨੇ ਦਰਸਾਇਆ ਕਿ ਸਾਰਾ ਬੀਜ ਗਣਿਤ ਤਰਕਮਈ ਪ੍ਰਮਾਣਾਂ ਦੇ ਨਿਯੰਤ੍ਰਿਤ ਗੁੱਟ ਤੋਂ ਕੱਢਿਆ ਜਾ ਸਕਦਾ ਹੈ। Russell ਦੇ ਕੰਮ ਨੂੰ ਛੇਤੀ ਹੀ ਆਸਟ੍ਰੇਲੀਆ ਦੇ ਦਾਰਸ਼ਨਿਕ Ludwig Wittgenstein (1889-1951) ਦੁਆਰਾ ਗ੍ਰਹਿਣ ਲੱਗ ਗਿਆ ਜਿਹੜਾ ਆਪਣੇ Tractatus Logico-Philosophicus ਨਾਲ ਵਿਸ਼ਲੇਸ਼ਣਾਤਮਕ ਦਰਸ਼ਨ ਸਾਸ਼ਤਰ ਦਾ ਸ਼੍ਰੋਮਣੀ ਵਿਅਕਤੀ ਬਣ ਗਿਆ। ਤਰਕਪੂਰਨ ਵਿਸ਼ਲੇਸ਼ਣ ਨੇ ਤਰਕਪੂਰਨ ਧਨਾਤਮਕਵਾਦ ਜਿਹੀ ਲਹਿਰ ਨੂੰ ਜਨਮ ਦਿੱਤਾ, ਜਿਸ ਦੇ ਪ੍ਰਮੁੱਖ ਵਿਅਕਤੀ ਵਿਸ਼ਵਾਸ ਕਰਦੇ ਹਨ ਕਿ ਦਰਸ਼ਨ ਸਾਸ਼ਤਰ ਦਾ ਕੰਮ ਇਹ ਨਿਸ਼ਚਿਤ ਕਰਨ ਲਈ ਸਮੱਸਿਆਵਾਂ ਦਾ ਵਿਸਲੇਸ਼ਣ ਕਰਨਾ ਹੈ ਕਿ ਕੀ ਉਹ ਤਰਕ ਜਾਂ ਵਿਗਿਆਨ ਦੇ ਖੇਤਰ ਨਾਲ ਸੰਬੰਧਤ ਸਨ ਜਾਂ ਉਹ ਅਰਥਹੀਨ ਸਨ।

ਅਸੀਂ Russell ਦੇ ਵਰਣਨ ਦੇ ਸਿਧਾਂਤ ਨੂੰ ਇਸ ਵਿਸ਼ਲੇਸ਼ਣ ਤਕਨੀਕ ਦੀ ਉਦਾਹਰਨ ਕਹਿ ਸਕਦੇ ਹਾਂ। ਵਰਣਨ ਇਕ ਵਾਕਾਂਸ ਹੈ ਜਿਸ ਵਿਚ ਇਕ ਵਸਤੂ ਜਾਂ ਵਿਅਕਤੀ ਉਸ ਵਿਚਲੀਆਂ ਯੋਗਤਾਵਾਂ ਜਾਂ ਗੁਣਾਂ ਕਾਰਨ ਖਾਸ ਬਣਾਇਆ ਜਾਂਦਾ ਹੈ ਆਪਣੇ ਨਾਂ ਕਰਕੇ ਨਹੀਂ। ਉਦਾਹਰਨ ਲਈ 'George W.Bush' ਇਕ ਨਾਂ ਹੈ ਜਦਕਿ 'ਅਮਰੀਕਾ ਦਾ ਵਰਤਮਾਨ ਰਾਸ਼ਟਰਪਤੀ' ਵਰਣਨ ਹੈ। ਵਰਣਨ ਨੇ ਅਨੇਕਾਂ ਪ੍ਰਕਾਰ ਦੀ ਦੁਚਿੱਤੀ ਦਾਰਸ਼ਨਿਕਾਂ ਵਿਚ ਪੈਦਾ ਕਰ ਦਿੱਤੀ। ਮਿਸਾਲ ਵਜੋ Minong ਦਾ ਵਿਚਾਰ ਸੀ ਕਿ ਜਿਵੇਂ ਅਸੀ ਕਹਿ ਸਕਦੇ ਹਾਂ "ਸੁਨਿਹਰੀ ਪਹਾੜ ਮੌਜੂਦ ਨਹੀਂ ਹੁੰਦਾ"। ਇੱਥੇ 'ਸੁਨਿਹਰੀ ਪਹਾੜ' ਜਿਹੀ ਵਸਤੂ ਜਰੂਰ ਹੋਵੇਗੀ ਭਾਵੇਂ ਇਹ ਗ਼ੈਰ–ਮੌਜੂਦਗੀ ਵਾਲੀ ਵਸਤੂ ਹੋਵੇ। ਇਸੇ ਤਰ੍ਹਾਂ, ਜਦ ਅਸੀਂ ਕਹਿੰਦੇ ਹਾਂ "ਗੋਲ ਵਰਗ ਮੌਜੂਦ ਨਹੀਂ ਹੁੰਦਾ" ਇਹ ਇਸ ਤਰ੍ਹਾਂ ਲੱਗਦਾ ਹੈ ਜੇ ਅਸੀਂ 'ਗੋਲ ਵਰਗ' ਨੂੰ ਕਿਸੇ ਪ੍ਰਕਾਰ ਦੀ ਹੋਂਦ ਦੇਈਏ ਤਾਂ ਅਜਿਹੀ ਵਸਤੂ ਹੈ ਗੋਲ ਵਰਗ ਜੋ ਮੌਜੂਦ ਨਹੀਂ ਹੁੰਦੀ।

ਵਰਣਨ ਦਾ ਸਿਧਾਂਤ ਕਥਨਾਂ ਦੇ ਵਿਸ਼ਲੇਸ਼ਣ ਨਾਲ ਇਹਨਾਂ ਮੁਸ਼ਕਿਲਾਂ ਨੂੰ ਦੂਰ ਕਰਕੇ ਦੱਸਦਾ ਹੈ ਕਿ ਕਥਨ ਦੀ ਵਿਆਕਰਣਿਕ ਬਣਤਰ ਇਸਦੇ ਤਰਕਮਈ ਬਣਤਰ ਤੋਂ ਵੱਖਰੀ ਹੈ। ਉਦਾਹਰਨ ਲਈ, ਜਦ ਇਹ ਕਿਹਾ ਜਾਂਦਾ ਹੈ "Scott, Waverly ਦਾ

ਲੇਖਕ ਹੈ" ਦਾ ਤਰਕਪੂਰਨ ਅਰਥ ਹੈ ਕਿ ਇਕ ਤੇ ਕੇਵਲ ਇਕ ਵਿਅਕਤੀ ਨੇ Waverly ਲਿਖਿਆ ਅਤੇ ਉਹ ਆਦਮੀ Scott ਹੈ। ਜਾਂ ਇਕ ਹੋਰ ਤਰਕਮਈ ਢੰਗ ਨਾਲ, "ਇੱਥੇ ਇਕ ਹੋਂਦ c ਹੈ ਜਿਵੇਂ ਕਿ ਕਥਨ 'x ਨੇ Waverly ਲਿਖਿਆ' ਸੱਚ ਹੈ ਜੇ x, c ਹੈ ਅਤੇ ਨਹੀਂ ਤਾਂ ਝੂਠ; ਇਸ ਤੋਂ ਅੱਗੇ c, Scott ਹੈ।" ਅਤੇ ਚਿਨ੍ਹਕ ਸੰਕੇਤ ਵਿਚ, ($x){Wx.(y)(Wy E y=x)}। ਜਦ ਇਹ ਸਿਧਾਂਤ 'ਸੁਨਹਿਰੀ ਪਹਾੜ ਦੀ ਹੋਂਦ ਨਹੀਂ ਹੁੰਦੀ' ਜਿਹੇ ਕਥਨਾਂ ਲਈ ਵਰਤਿਆ ਜਾਵੇ ਤਾਂ ਵਿਸ਼ਲੇਸ਼ਣ ਕਰਨ ਉਪਰੰਤ ਵੇਖਿਆ ਗਿਆ ਕਿ ਜਦ ਇਹ ਕਥਨ ਕਿਹਾ ਗਿਆ ਉਸ ਵਿਚ 'ਸੁਨਹਿਰੀ ਪਹਾੜ' ਦਾ ਕੋਈ ਜ਼ਿਕਰ ਨਹੀਂ ਮਿਲਿਆ। ਇਸ ਦੀ ਤਰਕਮਈ ਬਣਤਰ ਹੈ: "c ਦੀ ਕੋਈ ਹੋਂਦ ਨਹੀਂ ਜਿਵੇਂ 'x ਸੁਨਹਿਰੀ ਅਤੇ ਪਹਾੜੀ ਹੈ' ਸੱਚ ਹੈ ਜਦ x, c ਹੈ, ਪਰ ਨਹੀਂ ਤਾਂ ਨਹੀਂ।" ਸੌਖੇ ਸ਼ਬਦਾਂ ਵਿਚ, ਇਸ ਦਾ ਮਤਲਬ "ਸੰਸਾਰ ਵਿਚ ਅਜਿਹੀ ਕੋਈ ਵਸਤੂ ਨਹੀਂ ਜੋ ਸੁਨਹਿਰੀ ਅਤੇ ਪਹਾੜੀ ਵਰਗੀ ਹੋਵੇ।

ਇਸ ਢੰਗ ਨਾਲ, ਵਿਸ਼ਲੇਸ਼ਣ ਵਰਣਨ ਨਾਲ ਜੁੜੀਆਂ ਉਲਝਨਾਂ ਨੂੰ ਦੂਰ ਕਰਦਾ ਹੈ। (ਅਸੀਂ ਇਸ ਸਿਧਾਂਤ ਦੀ ਸਾਤਵਿਕ ਦਲੀਲ ਉੱਤੇ ਵਰਤੋਂ ਵੇਖੀ ਹੈ।) ਇਕ ਪ੍ਰਸਿੱਧ Russell ਦੇ ਵਿਰੋਧਾਭਾਸ ਨਾਲ ਜਾਣੀ ਜਾਂਦੀ ਗਣਿਤ ਦੀ ਸਮੱਸਿਆ ਹੈ ਜੋ Russell ਦੁਆਰਾ Principia Mathematica ਨੂੰ ਲਿਖਣ ਸਮੇਂ ਲੱਭੀ ਗਈ। ਇੱਥੇ ਕਈ ਸਮੂਹ ਹੁੰਦੇ ਹਨ ਜੋ ਆਪਣੇ ਆਪ ਵਿਚ ਮੈਂਬਰ ਹਨ ਅਤੇ ਕੁੱਝ ਅਜਿਹੇ ਜੋ ਆਪਣੇ ਆਪ ਵਿਚ ਮੈਂਬਰ ਨਹੀਂ ਹੁੰਦੇ ( ਜੋ ਵਿਅਰਥ ਸਮੂਹ ਹੁੰਦੇ ਹਨ)। Russell ਸਮੂਹਾਂ ਦੇ ਸਮੂਹ ਨੂੰ ਸਮਝਣ ਲਈ ਕਹਿੰਦਾ ਹੈ ਜੋ ਆਪਣੇ ਆਪ ਵਿਚ ਮੈਂਬਰ ਨਹੀਂ ਹਨ। ਪ੍ਰਸ਼ਨ ਉੱਠਦਾ ਹੈ ਕਿ, ਇਹ ਸਮੂਹ ਆਪਣਾ ਮੈਂਬਰ ਹੈ? ਪਹਿਲੀ ਸੰਭਾਵਨਾ ਹੈ ਕਿ ਇਹ ਆਪਣਾ ਮੈਂਬਰ ਹੈ। ਪਰ ਇਹ ਇਸ ਸਮੂਹ ਦਾ ਮੈਂਬਰ ਕਿਵੇਂ ਹੋ ਸਕਦਾ ਹੈ, ਕਿਉਂਕਿ ਸਮੂਹ ਕੇਵਲ ਉਹ ਸਮੂਹ ਰੱਖਦਾ ਹੈ ਜੋ ਆਪਣੇ ਆਪ ਦੇ ਮੈਂਬਰ ਨਹੀਂ ਹਨ।

ਇਸ ਲਈ, ਆਓ ਆਪਾਂ ਦੂਜੀ ਸੰਭਾਵਨਾ ਨੂੰ ਸਮਝੀਏ ਕਿ ਇਹ ਆਪਣੇ ਆਪ ਦਾ ਮੈਂਬਰ ਨਹੀਂ ਪਰ ਜੇ ਇਹ ਆਪਣੇ ਆਪ ਦਾ ਮੈਂਬਰ ਨਹੀਂ, ਇਹ ਅਜਿਹਾ ਸਮੂਹ ਹੈ ਜੋ ਆਪਣੇ ਆਪ ਦਾ ਮੈਂਬਰ ਨਹੀਂ ਅਤੇ ਇਸ ਲਈ ਉਹਨਾਂ ਸਾਰੇ ਸਮੂਹਾਂ ਦੇ ਸਮੂਹ ਵਿਚ ਸ਼ਾਮਿਲ ਕਰਨਾ ਚਾਹੀਦਾ ਹੈ। ਪ੍ਰਤੱਖ ਹੈ, ਇਹ ਇਕ ਬਹੁਤ ਉਲਝਨ ਵਾਲਾ ਵਿਰੋਧਾਭਾਸ ਹੈ। Russell ਸਮੇਤ ਅਨੇਕਾਂ ਦਾਰਸ਼ਨਿਕਾਂ ਨੇ ਇਸ ਵਿਰੋਧਾਭਾਸ ਦਾ ਉੱਤਰ ਦੇਣ ਦੀ ਕੋਸ਼ਿਸ਼ ਕੀਤੀ ਹੈ ਪਰ ਕਿਹੜਾ ਹੱਲ ਸਹੀ ਹੈ ਅਜੇ ਵੀ ਵਿਵਾਦ ਦਾ ਵਿਸ਼ਾ ਹੈ।

### **1.**2.**5** ਧਨਾਤਮਕ ਸਾਪੇਖਤਾ:

'ਧਨਾਤਮਕ ਸਾਪੇਖਤਾ' ਇਕ ਬਿਲਕੁਲ ਨਵਾਂ ਸ਼ਬਦ ਹੈ। ਇਹ ਇਕ ਨਵਾਂ ਪ੍ਰਚਲਿਤ ਹੋ ਰਿਹਾ ਸਿੱਖਿਅਕ ਦਰਸ਼ਨ ਸਸ਼ਾਤਰ ਹੈ ਅਤੇ ਪ੍ਰਯੋਗਵਾਦ ਵਿਚਾਰਧਾਰਾ ਤੋਂ ਲਿਆ ਗਿਆ ਅਤੇ ਸਗੋਂ ਇਹ ਪ੍ਰਯੋਗਵਾਦ ਪੰਰਪਰਾ ਦਾ ਸਮਕਾਲੀ ਰੂਪਾਂਤਰਣ ਵੀ ਹੈ। ਦੂਸਰੇ ਤਰਤੀਬਬੱਧ ਦਰਸ਼ਨ ਸਾਸ਼ਤਰਾਂ ਦੀ ਤਰ੍ਹਾਂ ਧਨਾਤਮਕ ਸਾਪੇਖਤਾ ਵੀ ਮੂਲ ਨਜ਼ਰੀਆ ਹੈ ਜੋ ਆਪਣੇ ਪੈਰੋਕਾਰਾਂ ਦੀ ਸੋਚ, ਵਿਚਾਰਾਂ ਅਤੇ ਕਾਰਜਾਂ ਨੂੰ ਪ੍ਰਭਾਵਿਤ ਕਰਦਾ ਹੈ। ਇਹ 'ਅਚਨਚੇਤੀ ਸੰਸ਼ਲੇਸ਼ਣ' ਦੀ ਤਰ੍ਹਾਂ ਕੰਮ ਕਰਦਾ ਹੈ ਜੋ ਦੂਸਰੀਆਂ ਸਥਿਤੀਆਂ ਵਿਚ ਨਹਿਤ ਬਹੁਤ ਸਾਰੀਆਂ ਮੁਸ਼ਕਿਲਾਂ ਨੂੰ ਦੂਰ ਕਰਨ ਦੇ ਸਮਰੱਥ ਹੈ ਅਤੇ ਨਾਲ ਹੀ ਸਕੂਲ ਤਜਰਬਿਆਂ ਦੇ ਸਮੂਹ ਲਈ ਦਾਰਸ਼ਨਿਕ ਆਧਾਰ ਪ੍ਰਦਾਨ ਕਰਦਾ ਹੈ ਜੋ ਸੰਬੰਧਿਤ ਵਿਗਿਆਨਿਕ ਪ੍ਰਮਾਣਾਂ ਦੇ ਗਿਆਨ ਨੂੰ ਪ੍ਰਦਰਸ਼ਿਤ ਕਰਦਾ ਹੈ ਅਤੇ ਇਹ ਦੋਨੋਂ ਉਪਯੁਕਤ ਅਤੇ ਅੰਦਰੂਨੀ ਤੌਰ 'ਤੇ ਅਨੁਕੂਲ ਹਨ।

ਇਸ ਦਾ ਮੁੱਖ ਪ੍ਰਚਾਰਕ Morris L. Bigge (1971), ਸਵੀਕਾਰ ਕਰਦਾ ਹੈ ਕਿ 'ਧਨਾਤਮਕ ਸਾਪੇਖਤਾਵਾਦ ਜਾਨ ਡੀਵੀ ਦੁਆਰਾ ਵਿਕਸਤ ਕੀਤੇ ਮੂਲ ਵਿਚਾਰਾਂ ਦੀ ਸਿੱਖਿਆ ਵਿਚ ਵਰਤੋਂ ਦਾ ਇਕ ਵਿਸਤ੍ਰਿਤ ਅਤੇ ਸ਼ੁੱਧ ਰੂਪ ਹੈ। ਪਰ ਪਹਿਲੀ ਵਾਰ 1971 ਵਿਚ ਉਸ ਦੁਆਰਾ ਇਹ ਨਾਮ ਦਿੱਤਾ ਗਿਆ। ਅੱਜ ਜਾਨ ਡੀਵੀ ਦੇ ਬਹੁਤ ਸਾਰੇ ਵਿਦਿਆਰਥੀ ਇਸ ਦਰਸ਼ਨ ਸਾਸ਼ਤਰ ਨੂੰ ਕਬੂਲਦੇ ਹਨ।

ਧਨਾਤਮਕ ਸਾਪੇਖਤਾਵਾਦ ਦਾ ਕੀ ਅਰਥ ਹੈ?

ਸ਼ਬਦ 'ਸਾਪੇਖਤਾਵਾਦ' ਤੋਂ ਭਾਵ ਕੋਈ ਵਸਤੂ ਆਪਣੇ ਗੁਣ ਸਿਰਫ਼ ਆਪਣੇ ਅੰਦਰੋਂ ਨਹੀਂ ਲੈਂਦੀ ਸਗੋਂ ਸਮੁੱਚੀ ਸਥਿਤੀ ਤੋਂ ਲੈਂਦੀ ਹੈ ਭਾਵ ਆਪਣੇ ਆਪ ਅਤੇ ਆਪਣੇ ਆਲੇ ਦੁਆਲੇ ਤੋਂ। ਦੂਜੇ ਸ਼ਬਦਾਂ ਵਿਚ, ਕਿਸੇ ਵੀ ਵਸਤੂ ਦਾ ਅਰਥ ਉਸਦੇ ਸੰਦਰਭ ਤੋਂ

ਬਿਨਾਂ ਨਹੀਂ ਹੈ, ਵਸਤੂ, ਘਟਨਾ ਜਾਂ ਵਿਚਾਰ ਆਪਣੇ ਗੁਣ ਜਾਂ ਅਰਥ ਦੂਸਰੀਆਂ ਵਸਤੂਆਂ, ਘਟਨਾਵਾਂ ਜਾਂ ਵਿਚਾਰਾਂ ਨਾਲ ਸੰਬੰਧਤ ਰਿਸ਼ਤਿਆਂ ਤੋਂ ਲੈਂਦੀ ਹੈ। 'ਧਨਾਤਮਕ' ਸ਼ਬਦ 'ਨਿਖੇਧਾਂਤਮਕ' ਤੋਂ ਵੱਖ ਕਰਨ ਲਈ ਵਿਸ਼ੇਸ਼ਣ ਦੇ ਤੌਰ 'ਤੇ ਵਰਤਿਆ ਗਿਆ ਹੈ ਜਿਸ ਦਾ ਅਰਥ ਹੈ ਕਿ ਜੀਵਨ ਅਰਥਹੀਣ ਅਤੇ ਫਜ਼ੂਲ ਹੈ। ਨਿਖੇਧਵਾਦੀ ਨਿਰਾਸ਼ਾਵਾਦੀ ਨਜ਼ਰੀਆ ਰੱਖਦੇ ਹਨ ਜੋ ਸੱਚ ਅਤੇ ਨੈਤਿਕ ਸਿਧਾਂਤਾਂ 'ਤੇ ਆਧਾਰ 'ਤੇ ਦਰਸ਼ਨ ਸਾਸ਼ਤਰ ਨੂੰ ਅਸਵੀਕਾਰਦੇ ਹਨ।

ਦੂਜੇ ਪਾਸੇ 'ਧਨਾਤਮਕ ਸਾਪੇਖਤਾਵਾਦ' ਸੁਧਾਰਵਾਦ ਹੈ ਜਿਸ ਅਨੁਸਾਰ ਇਸ ਮਨੌਤ ਦਾ ਨਿਗੁਣਾ ਆਧਾਰ ਹੈ ਕਿ ਪਦਾਰਥ ਅਟਲ ਰੂਪ ਵਿਚ ਵਧੀਆ ਤੋਂ ਵਧੀਆ ਜਾਂ ਘਟੀਆ ਤੋਂ ਘਟੀਆ ਹੁੰਦੇ ਹਨ। ਧਨਾਤਮਕ ਸਾਪੇਖਤਾਵਾਦ ਦਾ 'ਧਨਾਤਮਕ' ਪੱਖ ਸਾਪੇਖਤਾਵਾਦ ਨੂੰ ਪੇਸ਼ ਕਰਦਾ ਹੈ ਜੋ ਸਮਾਜ ਦੀ ਭਲਾਈ ਲਈ ਧਨਾਤਮਕ ਪ੍ਰਸਤਾਵ ਦੇ ਤੌਰ 'ਤੇ ਸਿਰਜਨਾਤਮਕ ਰੂਪ ਵਿਚ ਵਰਤਣ ਦੇ ਸਮਰੱਥ ਹੈ।

Morris L. Bigge(1971) ਦੁਆਰਾ 'ਧਨਾਤਮਕ ਸਾਪੇਖਤਾਵਾਦ' ਦੇ ਨਾਲ ਜਾਣ-ਪਹਿਚਾਣ ਨੂੰ ਇਸ ਤਰ੍ਹਾਂ ਸੱਤ ਨੁਕਤਿਆਂ ਵਿਚ ਬਿਆਨ ਕੀਤਾ ਗਿਆ ਹੈ:

-ਅਚਨਚੇਤੀ ਸੰਸਲੇਸ਼ਣ ਦਾ ਨਿਰਮਾਣ ਤਰਕਮਈ, ਪ੍ਰਤੱਖਵਾਦੀ ਅਤੇ ਵਿਸ਼ਾਗਤ ਸਿਧਾਂਤਾਂ ਅਤੇ ਆਦਰਸ਼ਵਾਦੀ ਆਤਮਨਿਸ਼ਠ ਪ੍ਰਵਿਰਤੀਆਂ ਤੋਂ ਲਿਆ ਗਿਆ ਹੈ।

- ਕਿਸੇ ਸੰਪੂਰਨ ਧਾਰਨਾਵਾਂ ਵਿਚ ਦਿਲਚਸਪੀ ਦੀ ਅਧੀਨਗੀ ਉਦੇਸ਼ਪੂਰਨ ਮਨੁੱਖੀ ਕੋਸ਼ਿਸ਼ਾਂ ਨਾਲ ਸੰਬੰਧਿਤ ਹੈ।

-ਗਿਆਨ ਦਿੱਤੇ ਜਾਣ ਨਾਲੋਂ ਵੇਖੀ ਵਸਤੂ ਦੀ ਸੂਚਨਾ ਹੈ, ਵਿਚਾਰ ਦਾ ਵਿਰੋਧ ਪ੍ਰਗਟ ਹੋਣ ਵਾਲੀ ਅਸਲੀਅਤ ਨੂੰ ਪੱਕਾ ਕਰਦਾ ਹੈ।

-ਤਜ਼ਰਬੇ ਦੀ ਵਰਤੋਂ, ਗਿਆਨੀ ਅਤੇ ਗਿਆਨ ਹਾਸਲ ਕਰਨ ਵਾਲੇ ਵਿਚ ਅੰਤਰ ਕਿਰਿਆ ਸਹਿਯੋਗ ਦੀ ਪ੍ਰਕਿਰਿਆ ਦੀ ਤਰ੍ਹਾਂ ਹੈ ਜਿਸ ਵਿਚ ਵਰਤੋਂ, ਸੰਕਲਪ ਨਿਰਮਾਣ ਅਤੇ ਨਿਯੰਤ੍ਰਣ ਕੇਵਲ ਵੇਖਣ ਅਤੇ ਨੋਟ ਕਰਨ ਵਿਚ ਫ਼ਰਕ ਹੈ।

-ਇਸ ਵਿਚ ਗਿਆਨ ਦੇ ਸਿਧਾਂਤ ਅਤੇ ਕੀਮਤ ਦੇ ਸਿਧਾਂਤ ਵਿਚਕਾਰ ਸੁਮੇਲ ਹੈ।

-ਗਿਆਨ ਦੀ ਕੋਈ ਸੀਮਾ ਨਹੀਂ- ਮਨੁੱਖ ਦੀ ਸਮਰੱਥਾ 'ਤੇ ਕੋਈ ਛੱਤ ਨਹੀਂ ਪਾਈ ਜਾ ਸਕਦੀ।

-ਸਕੂਲਾਂ ਦੇ ਅੰਦਰ ਅਤੇ ਬਾਹਰ ਲੋਕਤੰਤਰਕ ਨਜ਼ਰੀਏ ਉੱਪਰ ਜ਼ੋਰ ਦਿੱਤਾ ਜਾਵੇ।

ਧਨਾਤਮਕ ਸਾਪੇਖਤਾਵਾਦ ਦੇ ਮੂਲ ਸਿਧਾਂਤ :

ਇਸ ਪਹਿਚਾਣ ਨੂੰ ਧਿਆਨ ਵਿਚ ਰੱਖਦਿਆਂ ਧਨਾਤਮਕ ਸਾਪੇਖਤਾਵਾਦ ਦੇ ਮੂਲ ਸਿਧਾਂਤ ਵਿਸ਼ੇਸ਼ ਤੌਰ 'ਤ ਨੋਟ ਕਰਨ ਯੋਗ ਹਨ:

1. <u>ਮਨੁੱਖ ਅਤੇ ਉਸ ਦੀ ਪ੍ਰੇਰਨਾ ਦਾ ਮਨੋਵਿਗਿਆਨਿਕ ਸੁਭਾਅ:</u> ਧਨਾਤਮਕ ਸਾਪੇਖਤਾਵਾਦ ਦੇ ਲਈ, ਮਨੁੱਖੀ ਲੋੜਾਂ ਸਮਾਜਿਕ ਪ੍ਰਭਾਵ ਨਾਲ ਜੁੜੀਆਂ ਹੋਈਆਂ ਹਨ। ਉਹ ਸਭਿਆਚਾਰ ਜਿਸ ਵਿਚ ਮਨੁੱਖ ਵੱਧਦਾ ਫੁੱਲਦਾ ਹੈ, ਹਰ ਮਨੁੱਖ ਦੀਆਂ ਲੋੜਾਂ ਨੂੰ ਵਿਹਾਰਕ ਰੂਪ ਵਿਚ ਪ੍ਰਭਾਵਿਤ ਕਰਦਾ ਹੈ। ਹਰ ਸ਼ਖ਼ਸੀਅਤ ਦਾ ਸਾਂਚਾ ਅਤੇ ਉਸਦੀਆਂ ਲੋੜਾਂ ਵਰਗ ਜਿਸ ਵਿਚ ਉਹ ਵੱਧਦਾ-ਫੁੱਲਦਾ ਹੈ, ਦੇ ਰਿਵਾਜ, ਵਿਸ਼ਵਾਸ, ਵਤੀਰਾ, ਕੀਮਤਾਂ ਅਤੇ ਆਦਤਾਂ ਤੋਂ ਬਣਦੇ ਹਨ। ਲੋੜਾਂ ਦੀ ਬਣਤਰ ਕਿਸੇ ਸਭਿਆਚਾਰ ਦੇ ਸੰਸਥਾਗਤ ਵਿਵਹਾਰ ਨਾਲ ਵਿਅਕਤੀ ਦੀ ਅੰਤਰ ਕਿਰਿਆ ਉੱਤੇ ਨਿਰਭਰ ਕਰਦੀ ਹੈ। ਪ੍ਰੇਰਣਾ ਆਧਾਰ ਰੂਪ ਵਿਚ ਟੀਚਾ ਨਿਰਦੇਸ਼ਕ ਹੁੰਦੀ ਹੈ ਅਤੇ ਬੀਤੇ ਅਨੁਭਵਾਂ ਅਤੇ ਸਥਿਤੀਆਂ ਦੇ ਕਾਰਨ ਨਹੀਂ ਸਗੋਂ ਚਲੰਤ ਮਨੋਵਿਗਿਆਨਿਕ ਸਥਿਤੀਆਂ ਦਾ ਪੱਖ ਹੈ। ਇਹ ਉਦੋਂ ਪੈਦਾ ਹੁੰਦਾ ਹੈ ਜਦ ਕੋਈ ਵਿਅਕਤੀ ਕਿਸੇ ਦੇ ਨਜ਼ਰੀਏ, ਵਤੀਰੇ ਜਾਂ ਕਾਰਜਾਂ ਵਿਚ ਅਣਉਪਯੁਕਤਤਾ, ਅਸੁਮੇਲਤਾ ਜਾਂ ਅਸਥਿਰਤਾ ਮਹਿਸੂਸ ਕਰਦਾ ਹੈ।

2. <u>ਅਸਲੀਅਤ ਦਾ ਸੁਭਾਅ</u>: ਧਨਾਤਮਕ ਸਾਪੇਖਤਾਵਾਦ ਵਸਤੂਆਂ ਦੀ ਸੁਤੰਤਰ ਹੋਂਦ ਨੂੰ ਇਨਕਾਰਦੇ ਨਹੀਂ, ਪਰ ਉਹ ਵਸਤੂਆਂ ਜਾਂ ਵਿਚਾਰਾਂ ਦੀ ਪਾਰਗਾਮੀ ਅਸਲੀਅਤ ਨੂੰ ਪਰਿਭਾਸ਼ਿਤ ਕਰਨ ਦੀ ਕੋਈ ਕੋਸ਼ਿਸ਼ ਨਹੀਂ ਕਰਦੇ। ਵਸਤੂਆਂ ਦੀ ਸੁਤੰਤਰ ਹੋਂਦ ਇਥੋਂ ਤੱਕ ਕਿ ਵਿਅਕਤੀਆਂ ਦੇ ਵਿਚਾਰਾਂ ਨੂੰ ਅਸਵੀਕਾਰੇ ਬਿਨਾਂ, ਉਹ ਜ਼ੋਰ ਪਾਉਂਦੇ ਹਨ ਕਿ ਹਰ ਵਿਅਕਤੀ ਆਪਣੇ ਸੰਸਾਰ ਬਾਰੇ ਆਪਣੇ ਆਪ ਨੂੰ ਅਰਥਪੂਰਨ ਬਣਾਉਣ ਲਈ ਅੰਦਾਜ਼ਾ ਲਗਾਉਂਦਾ ਹੈ ਅਤੇ ਉਸ ਦੀ ਆਪਣੇ ਸੰਸਾਰ ਬਾਰੇ ਵਿਆਖਿਆ ਹੀ ਅਸਲੀਅਤ ਹੈ ਜਿਸ ਉੱਪਰ ਉਹ ਆਪਣੇ ਕਾਰਜ ਬਣਾਉਂਦਾ ਹੈ।

3. ਸੱਚ ਅਤੇ ਕੀਮਤਾਂ ਵਿਚਕਾਰ ਸੰਬੰਧ: ਧਨਾਤਮਕ ਸਾਪੇਖਤਾਵਾਦੀਆਂ ਦਾ ਸੱਚ ਮੁਕਤ-ਅੰਤ ਵਾਲਾ ਹੈ ਜੋ ਵਿਚਾਰਾਂ ਦੇ ਖੁੱਲ੍ਹੇ ਮਾਹੌਲ ਵਿਚ ਵਿਕਸਿਤ ਹੁੰਦਾ ਹੈ। ਸੱਚ ਅਤੇ ਕੀਮਤਾਂ ਦੋਨੋਂ 'ਸਹਾਇਕ' ਹਨ 'ਅੰਤ' ਨਹੀਂ; ਇਹ ਹਮੇਸ਼ਾਂ ਅਨੁਭਵਾਂ ਦੀ ਪਰਖ ਲਈ ਖੁੱਲ੍ਹੇ ਰਹਿੰਦੇ ਹਨ।

4. ਸਿੱਖਣ ਦਾ ਸੰਕਲਪ : ਧਨਾਤਮਕ ਸਾਪੇਖਤਾਵਾਦੀਆਂ ਲਈ ਹਰ ਪ੍ਰਕਾਰ ਦਾ ਸਿੱਖਣਾ ਆਮ ਜਿਹਾ ਤੱਤ ਹੈ; ਇਹਨਾਂ ਵਿਚ ਵਿਅਕਤੀ ਦੀ ਤਜ਼ਰਬੇਮਈ ਸਥਿਤੀ ਵਿਚ ਤਬਦੀਲੀ ਸ਼ਾਮਿਲ ਹੈ ਜਿਸ ਨਾਲ ਉਸਦੇ ਚਲੰਤ ਅਤੇ ਉਤਰਵਰਤੀ ਮਾਮਲਿਆਂ ਦੇ ਸੰਬੰਧ ਵਿਚ ਵਿਸ਼ਾਲ ਨਿਯੰਤ੍ਰਣ ਦੀ ਆਸ ਬੱਝਦੀ ਹੈ। ਸਿੱਖਣਾ ਇਕ ਪ੍ਰਕਿਰਿਆ ਹੈ ਜਿਸ ਨਾਲ ਇਕ ਮਨੋਵਿਗਿਆਨਿਕ ਵਿਅਕਤੀ ਪੈਦਾ ਹੁੰਦਾ ਅਤੇ ਵੱਧਦਾ ਫੁੱਲਦਾ ਹੈ।

5. ਲੋਕਤੰਤਰਿਕ ਸਮਾਜ ਵਿਚ ਸਕੂਲ ਦੀ ਭੂਮਿਕਾ: ਸਮਾਜ ਨੂੰ ਵੱਧ ਤੋ ਵੱਧ ਸੇਵਾ ਪ੍ਰਦਾਨ ਕਰਨ ਲਈ ਸਕੂਲਾਂ ਦੀ ਬਣਤਰ ਅਤੇ ਉਦੇਸਾਂ ਦੀ ਸਮਾਜ ਦੀ ਬਣਤਰ ਅਤੇ ਉਦੇਸ਼ਾਂ ਨਾਲ ਸੁਮੇਲਤਾ ਹੋਣੀ ਜ਼ਰੂਰੀ ਹੈ। ਇਸੇ ਕਰਕੇ ਧਨਾਤਮਕ ਸਾਪੇਖਤਾਵਾਦੀ ਸੋਚਦੇ ਹਨ ਕਿ ਲੋਕਤੰਤਰਕ ਸਮਾਜ ਦੀ ਸੇਵਾ ਲੋਕਤੰਤਰਕ ਸਕੂਲਾਂ ਦੁਆਰਾ ਕੀਤੀ ਜਾਣੀ ਚਾਹੀਦੀ ਹੈ। ਇਸ ਤਰ੍ਹਾਂ ਵਿਦਿਆਰਥੀ ਲੋਕਤੰਤਰ ਜੀਵਨ ਲਈ ਲੋੜੀਂਦੀਆਂ ਗੱਲਾਂ ਸਿੱਖ ਸਕਣਗੇ।

6. ਅਧਿਆਪਨ ਦੀ ਸਿੱਖਿਆ: ਅਧਿਆਪਨ ਦਾ ਮੁੱਢਲਾ ਟੀਚਾ ਸਿੱਖਣ ਨੂੰ ਵਧਾਉਣਾ ਹੈ। ਅਧਿਆਪਨ ਵਿਚ ਸਬੰਧਤ ਖੇਤਰ ਵਿਚ ਅਧਿਆਪਕ-ਵਿਦਿਆਰਥੀ ਖੋਜ ਸ਼ਾਮਿਲ ਹੈ। ਇਸ ਵਿਚ ਵਿਚਾਰ, ਯਾਦ ਸ਼ਕਤੀ, ਖੁਦ-ਮੁਖਤਿਆਰੀ ਵਿਕਾਸ, ਸਮਝ ਅਤੇ ਚਿੰਤਨ ਆਦਿ ਸ਼ਾਮਿਲ ਹੈ।

## 2.6 ਮੁੱਲ ਦਾ ਅਰਥ:

ਮੁੱਲਾਂ ਦੀ ਧਾਰਨਾ ਵਿਅਕਤੀ ਦੇ ਹਰ ਨਿਰਣੇ ਵਿਚ ਸ਼ਾਮਿਲ ਹੈ ਜਿਸ ਨੂੰ ਅਸੀਂ ਕੀਮਤੀ ਨਿਰਣਾ ਕਹਿ ਸਕਦੇ ਹਾਂ। ਅਸੀਂ ਇਹਨਾਂ ਨੂੰ ਤੱਥਾਂ ਬਾਰੇ ਨਿਰਣੇ ਤੋਂ ਅਲੱਗ ਕਰ ਸਕਦੇ ਹਾਂ, ਉਦਾਹਰਨ ਵਜੋਂ, "ਇਹ ਇਕ ਫੁੱਲ ਹੈ।" " ਇਹ ਇਕ ਮੇਜ਼ ਹੈ"। ਇਹ ਫੈਸਲੇ ਇੰਦ੍ਰੀ ਅਨੁਭਵਾਂ ਦੇ ਆਧਰ 'ਤੇ ਪਰਖੇ ਜਾ ਸਕਦੇ ਹਨ ਕਿ ਇਹ ਸੱਚ ਹਨ ਜਾਂ ਝੂਠ। ਪਰ "ਇਹ ਫੁੱਲ ਸੁੰਦਰ ਹੈ" ਅਤੇ "ਇਹ ਕੰਮ ਚੰਗਾ ਹੈ", ਇਹਨਾਂ ਨੂੰ ਕਿਵੇਂ ਕਿਹਾ ਜਾ ਸਕਦਾ ਹੈ ਕਿ ਇਹ ਸੱਚ ਹੈ ਜਾਂ ਝੂਠ? ਇਸ ਪਰਖ ਦਾ ਆਧਾਰ ਕੀ ਹੋਵੇਗਾ?

ਇਸ ਧਾਰਨਾ ਨੂੰ ਪਰਖਣ ਲਈ ਦਰਸ਼ਨ ਸਾਸ਼ਤਰ ਦੀ ਇਕ ਹੋਰ ਸ਼ਾਖਾ ਹੈ, ਜੋ ਮੁੱਲ ਵਿਗਿਆਨ (Axiology) ਕਰਕੇ ਜਾਣੀ ਜਾਂਦੀ ਹੈ। ਇਹ ਸ਼ਬਦ Axiology ਦੋ ਸ਼ਬਦਾਂ ਤੋਂ ਬਣਿਆ ਹੈ-"Axios" ਇਕ ਯੂਨਾਨੀ ਸ਼ਬਦ ਹੈ ਜਿਸ ਦਾ ਅਰਥ ਹੈ-ਉਪਯੁਕਤ, ਯੋਗਤਾ ਜਾਂ ਵਰਤੋਂ, ਅਤੇ "logy" ਦਾ ਅਰਥ ਹੈ-ਅਧਿਐਨ ਜਾਂ ਵਿਗਿਆਨ। ਇਸ ਲਈ, ਸ਼ਾਬਦਿਕ ਤੌਰ 'ਤੇ Axiology ਦਾ ਅਰਥ ਹੈ ਕੋਈ ਵਸਤੂ ਜਿਸ ਦੀ ਯੋਗਤਾ ਜਾਂ ਮੁੱਲ ਹੈ। ਦੂਜੇ ਸ਼ਬਦਾਂ ਵਿਚ, ਇਹ ਮੁੱਲ ਦੀ ਧਾਰਨਾ ਦੀ ਤਰਤੀਬਬੱਧ ਖੋਜ ਹੈ। ਇਹ ਮੁੱਲ ਜਾਂ ਮੁੱਲਾਂ ਨਾਲ ਸੰਬੰਧਤ ਸਮੱਸਿਆਵਾਂ ਨੂੰ ਹੱਲ ਕਰਨਾ ਚਾਹੁੰਦਾ ਹੈ। ਮੁੱਲ ਕੀ ਹੈ? ਇਸ ਦਾ ਅਰਥ ਕੀ ਹੈ? ਇਸ ਦੀ ਪਰਿਭਾਸ਼ਾ ਕਿਵੇਂ ਦੇਵਾਂਗੇ? ਜ਼ਿੰਦਗੀ ਦੇ ਵੱਖ-ਵੱਖ ਮੁੱਲਾਂ ਕੀ ਹਨ? ਇਹਨਾਂ ਵਿਚੋਂ ਉੱਚੀਆਂ ਅਤੇ ਨੀਵੀਆਂ ਕਿਹੜੀਆਂ ਹਨ? ਮੁੱਲਾਂ ਨੂੰ ਪਹਿਲ ਦੇਣ ਲਈ ਕਿਹੜੀ ਕਸੌਟੀ ਹੈ? ਦੂਜੇ ਸ਼ਬਦਾਂ ਵਿਚ, ਮੁੱਲਾਂ ਦਾ ਕੀ ਮਿਆਰ ਹੈ। ਇਹ ਅਧਿਐਨ ਬਹੁਤ ਦਿਲਚਸਪ ਅਤੇ ਮਹੱਤਵਪੂਰਨ ਹੈ। ਜਦੋਂ ਤੋਂ ਤਰਕ, ਸੁਹਜ ਅਤੇ ਨੀਤੀ ਵਿਗਿਆਨ ਦਾ ਸੰਬੰਧ ਸੱਚ, ਸੁੰਦਰਤਾ ਅਤੇ ਚੰਗਿਆਈ ਜਿਹੀਆਂ ਕਦਰਾਂ -ਕੀਮਤਾਂ ਦੇ ਅੀਧਐਨ ਨਾਲ ਹੈ, ਇਹ ਮੁੱਲਾਂ ਮੀਮਾਸਾਂ ਦੇ ਖੇਤਰ ਅਧੀਨ ਆਉਣਗੇ।

ਮੁੱਲਾਂ ਦਾ ਵਿਚਾਰ ਵਿਅਕਤੀ ਦੀ ਹਰ ਚੋਣ, ਫੈਸਲੇ ਅਤੇ ਕੰਮ ਵਿਚ ਹੁੰਦਾ ਹੈ। ਜਦ ਅਸੀਂ ਦੋ ਉਦੇਸ਼ਾਂ ਜਾਂ ਕਾਰਜਾਂ ਵਿਚੋਂ ਚੋਣ ਕਰਨੀ ਹੁੰਦੀ ਹੈ ਤਾਂ ਅਸੀਂ ਫੈਸਲੇ ਲੈਂਦੇ ਹਾਂ ਕਿ ਇਹਨਾਂ ਵਿਚੋਂ ਕਿਹੜਾ ਵਧੀਆ ਹੈ ਅਤੇ ਸਾਡਾ ਫੈਸਲਾ ਉਸ ਦੇ ਹੱਕ ਵਿਚ ਹੁੰਦਾ ਹੈ ਜੋ ਅਸੀਂ ਉਸ ਸਮੇਂ ਵਧੀਆ ਸਮਝਦੇ ਹਾਂ। ਚੋਣ ਅਤੇ ਫੈਸਲੇ ਦੀ ਇਸ ਪ੍ਰਕਿਰਿਆ ਵਿਚ, ਮੁੱਲਾਂ ਦਾ ਸੰਕਲਪ ਸ਼ਾਮਿਲ ਹੈ। ਜਿਸ ਨੂੰ ਅਸੀਂ ਵਧੀਆ ਕਹਿੰਦੇ ਹਾਂ ਉਸ ਦੀ ਵਧੇਰੇ ਕੀਮਤ ਹੈ। ਕੀ ਜਿਸ ਦੀ ਸਾਡੇ ਲਈ ਕੋਈ ਕੀਮਤ ਨਹੀਂ ਉਸ ਬਾਰੇ ਸਾਡਾ ਕੋਈ ਨਿਰਣਾ ਨਹੀਂ ਹੋਵੇਗਾ? ਹਰ ਵਿਅਕਤੀ ਆਪਣੀ ਜ਼ਿੰਦਗੀ ਦੇ ਹਰ ਪੜਾਅ 'ਤੇ ਹਰ ਸਮੇਂ ਕੋਈ ਨ ਕੋਈ ਫੈਸਲਾ ਲੈਂਦਾ ਰਹਿੰਦਾ ਹੈ। ਇਸ ਤੋਂ ਭਾਵ ਕਿ ਹਰ ਵਿਅਕਤੀ ਦਾ ਆਪਣਾ ਕੀਮਤ ਪ੍ਰਬੰਧ ਹੈ ਜਿਸ ਵਿਚ ਮੁੱਲਾਂ ਦੀ ਪਹਿਲ ਦੇ ਖਾਸ ਨਿਯਮ

ਨਾਲ ਜੁੜਿਆ ਹੁੰਦਾ ਹੈ। ਇਸੇ ਤਰ੍ਹਾਂ, ਹਰ ਸਮਾਜਿਕ ਵਰਗ ਅਤੇ ਰਾਸ਼ਟਰ ਦਾ ਆਪਣਾ ਕੀਮਤ ਸਿਧਾਂਤ ਹੈ। ਸਭਿਆਚਾਰ ਕੁੱਝ ਵੀ ਨਹੀਂ ਪਰ ਇਕ ਖਾਸ ਵਿਹਾਰਕ ਮੁੱਲ ਪ੍ਰਣਾਲੀ ਹੈ। ਇਹ ਆਮ ਕਿਹਾ ਜਾਂਦਾ ਹੈ ਕਿ ਮਨੁੱਖੀ ਜੀਵਨ ਵਿਚ ਅਨੇਕਾਂ ਮੁੱਲ ਹੁੰਦੇ ਹਨ। ਇਹ ਮੁੱਲ ਮਨੁੱਖੀ ਜੀਵਨ ਦੇ ਆਦਰਸ਼, ਉਦੇਸ਼, ਮੰਜ਼ਿਲ, ਟੀਚੇ ਅਤੇ ਅੰਤਿਮ ਲਕਸ਼ ਹਨ ਜੋ ਮਨੁੱਖ ਨੂੰ ਆਪੇ ਦੀ ਪਹਿਚਾਣ ਅਤੇ ਪ੍ਰਾਪਤੀ ਵਿਚ ਲਗਾਈ ਰੱਖਦੇ ਹਨ। ਇਸ ਤਰ੍ਹਾਂ ਮੁੱਲ ਮਨੁੱਖੀ ਜੀਵਨ ਨੂੰ ਅਰਥਪੂਰਨ ਬਣਾਉਂਦੀਆਂ ਹਨ; ਇਹ ਮਨੁੱਖੀ ਮਨ ਵਿਚ ਫ਼ਰਜ ਦੀ ਸੂਝ, ਵਿਸ਼ਵਾਸ, ਵਫਾਦਾਰੀ, ਜ਼ਿੰਮੇਵਾਰੀ, ਸ਼ਰਧਾ ਆਦਿ ਪੈਦਾ ਕਰਦੀਆਂ ਹਨ। ਮੁੱਲਾਂ ਦੇ ਆਧਾਰ 'ਤੇ ਮਨੁੱਖ ਆਪਣੀ ਜ਼ਿੰਦਗੀ ਬਾਰੇ ਦ੍ਰਿਸ਼ਟੀਕੋਣ ਬਣਾਉਂਦਾ ਹੈ। ਜੇ ਪਿਆਰ, ਸੁੰਦਰਤਾ, ਨਿਆਂ, ਸੱਚ, ਮਿੱਤਰਤਾ ਆਦਿ ਮਨੁੱਖੀ ਜ਼ਿੰਦਗੀ ਵਿਚੋਂ ਕੱਢ ਦਿੱਤੇ ਜਾਣ ਤਾਂ ਪਿੱਛੇ ਸਿਰਫ਼ ਕੰਮ ਦੇ ਪਰਛਾਵੇ ਦਾ ਚੱਕਰ ਰਹਿ ਜਾਵੇਗਾ ਅਤੇ ਅਜਿਹੀ ਜ਼ਿੰਦਗੀ ਕੋਈ ਵੀ ਮਨੁੱਖ ਨਹੀਂ ਚਾਹੁੰਦਾ। ਇਹ ਮੁੱਲ ਹੈ ਜੋ ਜੀਵਨ ਨੂੰ ਅਰਥ, ਸ਼ੋਭਾ, ਉਚਾਈ, ਸ੍ਰੇਸ਼ਟਤਾ ਅਤੇ ਉੱਤਮਤਾ ਦਿੰਦੀ ਹੈ।

ਅਸਲ ਵਿਚ, ਦਰਸ਼ਨ ਸਾਸ਼ਤਰ ਵਿਚ ਮੁੱਲ ਦਾ ਵਿਚਾਰ ਅਰਥ-ਸਾਸ਼ਤਰ ਦੇ ਪਿਛਲੇ ਦਰਵਾਜ਼ੇ 'ਤੋਂ ਦਾਖਲ ਹੋਇਆ। ਇਸ ਖੇਤਰ ਵਿਚ, "ਮੁੱਲਾਂ ਨੂੰ ਦੋ ਤਰ੍ਹਾਂ ਵਰਤਿਆ ਜਾਂਦਾ ਹੈ-(1) ਵਟਾਂਦਰਾ ਮੁੱਲ (Exchange Value)ਅਤੇ(2) ਉਪਯੋਗਤਾ ਮੁੱਲ(Utility Value)"।ਕੋਈ ਵਸਤੂ ਦੂਸਰੇ ਦੇ ਮੁਕਾਬਲੇ ਕਿੰਨੀ ਕੀਮਤ ਰੱਖਦੀ ਹੈ, ਇਹ ਅੰਦਾਜ਼ਾ ਮੁਦਰਾ ਦੇ ਹਿਸਾਬ ਨਾਲ ਕੀਤਾ ਜਾਂਦਾ ਹੈ। ਇਸ ਲਈ, ਧਨ ਵਸਤੂਆਂ ਦੀ ਕੀਮਤ ਦੀ ਤੁਲਨਾ ਕਰਨ ਵਿਚ ਮਦਦ ਕਰਦਾ ਹੈ ਅਤੇ ਇਹ ਵਟਾਂਦਰਾ-ਮੁੱਲ ਹੈ। ਦੂਸਰੀ ਕਿਸਮ ਦੀ ਮੁੱਲ ਮਨੁੱਖੀ ਜੀਵਾਂ ਦੀ ਲੋੜ, ਇੱਛਾ, ਲਾਲਸਾ ਨੂੰ ਸੰਤੁਸ਼ਟ ਕਰਨ ਵਾਲੀਆਂ ਵਸਤੂਆ ਦੀ ਸਮਰੱਥਾ ਨਾਲ ਸੰਬੰਧਤ ਹੈ, ਉਦਾਹਰਨ ਵਜੋਂ, ਕਣਕ ਦੇ ਆਟੇ ਦੀ ਕੀਮਤ ਭੁੱਖ ਨੂੰ ਸੰਤੁਸ਼ਟ ਕਰਨ ਵਿਚ ਛੁਪੀ ਹੋਈ ਹੈ; ਇਹ ਉਪਯੋਗੀ-ਮੁੱਲ ਹੈ, ਪਰ ਜੇ ਅਸੀਂ ਕਹੀਏ ਕਿ ਇਕ ਕਿਲੋ ਕਣਕ ਦੇ ਆਟੇ ਦੀ ਕੀਮਤ ਦਸ ਰੁਪਏ ਹੈ ਤਦ ਅਸੀਂ ਇਸ ਦਾ ਵਟਾਂਦਰਾ-ਮੁੱਲ ਬਿਆਨ ਕਰ ਰਹੇ ਹਾ। ਵਟਾਂਦਰਾ-ਕੀਮਤ ਦਾ ਵਿਚਾਰ ਅਰਥ-ਸਾਸ਼ਤਰ ਦੇ ਖੇਤਰ ਤੱਕ ਸੀਮਤ ਹੈ ਪਰ ਉਪਯੋਗਤਾ-ਮੁੱਲ ਦਾ ਵਿਚਾਰ ਇਸ ਨੂੰ ਦਰਸ਼ਨ ਸਾਸ਼ਤਰ ਵਿਚ ਲਿਆਉਂਦਾ ਹੇ।

ਮੁੱਲ ਕੀ ਹੈ? ਮੁੱਲ ਉਹ ਜੋ ਮਨੁੱਖੀ ਇੱਛਾ ਦੀ ਪੂਰਤੀ ਕਰਦੀ ਹੈ। ਪਰ ਜੇ ਅਸੀਂ ਕਹੀਏ ਕਿ ਇੱਛਾ ਦੀ ਪੂਰਤੀ ਕਿਉਂ ਹੋਣੀ ਚਾਹੀਦੀ ਹੈ। ਅਸੀਂ ਉੱਤਰ ਦੇ ਸਕਦੇ ਹਾ ਕਿ ਜ਼ਿੰਦਗੀ ਜਿਉਣ ਲਈ ਅਸੀਂ ਇਹਨਾਂ ਦੀ ਪੂਰਤੀ ਕਰਦੇ ਹਾਂ। ਅਸੀਂ ਅੱਗੇ ਪ੍ਰਸ਼ਨ ਪੁੱਛ ਸਕਦੇ ਹਾਂ ਕਿ ਅਸੀਂ ਜਿਉਣਾ ਕਿਉਂ ਚਾਹੁੰਦੇ ਹਾਂ? ਇਸ ਦਾ ਉੱਤਰ ਦੇਣ ਲਈ, ਅਸੀਂ ਦਾਅਵਾ ਕਰ ਸਕਦੇ ਹਾਂ ਕਿ ਨਿਸ਼ਚਿਤ ਟੀਚਿਆਂ ਜਾਂ ਉਦੇਸ਼ਾਂ ਜੋ ਸਾਨੂੰ ਉਤਸ਼ਾਹਿਤ ਕਰਦੇ ਹਨ, ਨੂੰ ਪ੍ਰਾਪਤ ਕਰਨ ਲਈ ਅਸੀਂ ਜੀਣਾ ਚਾਹੁੰਦੇ ਹਾਂ। ਉਦਾਹਰਨ ਵਜੋਂ, ਇਕ ਵਿਅਕਤੀ ਕਹਿੰਦਾ ਹੈ ਕਿ ਉਹ ਕਲਾ ਨੂੰ ਪ੍ਰਫੁਲਿਤ ਕਰਨ ਲਈ ਜੀਣਾ ਚਾਹੁੰਦਾ ਹੈ, ਦੂਸਰਾ ਕਹਿੰਦਾ ਹੈ, ਉਹ ਜ਼ਿੰਦਗੀ ਵਿਚ ਸੱਚ ਦੀ ਭਾਲ ਕਰਦਾ ਹੈ, ਜਦ ਕਿ ਤੀਜਾ ਪਰਮਾਤਮਾ ਦੀ ਪ੍ਰਾਪਤੀ ਲਈ ਆਪਣੀ ਜ਼ਿੰਦਗੀ ਅਰਪਣ ਕਰਨਾ ਚਾਹੁੰਦਾ ਹੈ। ਪ੍ਰੰਤੂ ਅਸੀਂ ਉਹੀ ਪ੍ਰਸ਼ਨ ਫਿਰ ਪੁੱਛਾਂਗੇ ਕਿ ਅਸੀਂ ਇਹ ਟੀਚੇ ਕਿਉਂ ਰੱਖਦੇ ਹਾਂ, ਕਿਉਂਕਿ ਕਲਾਕਾਰ ਕਹਿਣਗੇ "ਭੱਠ ਪਏ ਸਾਰਾ ਕੁੱਝ, ਮੈਂ ਕਲਾ ਕਲਾ ਲਈ ਦਾ ਸ਼ੌਂਕ ਰੱਖਦਾ ਹਾਂ," ਦੂਜਾ ਕਹੇਗਾ ਕਿ ਸੱਚ ਸੱਚ ਲਈ ਹੈ ਅਤੇ ਤੀਜਾ ਜਵਾਬ ਦੇਵੇਗਾ ਕਿ ਆਪਣੇ ਲਈ ਪਰਮਾਤਮਾ ਨੂੰ ਪਹਿਚਾਨਣਾ। ਇਸੇ ਤਰ੍ਹਾਂ ਕੰਮ ਕੰਮ ਲਈ ਕੀਤਾ ਜਾਂਦਾ ਹੈ ਨਾ ਕਿ ਕਿਸੇ ਹੋਰ ਦੀ ਖਾਤਰ। ਇਸ ਢੰਗ ਨਾਲ, ਅਸੀਂ ਇਸ ਤਰ੍ਹਾਂ ਅਜਿਹੇ ਮੁੱਲਾਂ 'ਤੇ ਪਹੁੰਚਦੇ ਹਾਂ ਜਿਹੜੇ ਉੱਤਮ, ਸੰਪੂਰਨ ਅਤੇ ਅੰਦਰੂਨੀ ਹਨ। ਦਰਸ਼ਨ ਸਾਸ਼ਤਰ ਵਿਚ ਸੰਪੂਰਨ ਅਤੇ ਅੰਤਰੀਵੀ ਮੁੱਲ ਆਧਾਰਭੂਤ ਮੰਨੇ ਜਾਂਦੇ ਹਨ ਕਿਉਂਕਿ ਉਹ ਮਨੁੱਖ ਦੇ ਆਦਰਸ਼ਾਂ ਦਾ ਨਿਰਮਾਣ ਕਰਦੇ ਹਨ ਅਤੇ ਇਹਨਾਂ ਮੁੱਲਾਂ ਨੂੰ ਪ੍ਰਾਪਤ ਕਰਨ ਦੇ ਸਾਧਨ, ਸਾਧਨ ਮੁੱਲ ਹਨ ਜਿਹਨਾਂ ਨੂੰ ਬਾਹਰੀ ਮੁੱਲ ਵੀ ਕਿਹਾ ਜਾਂਦਾ ਹੈ। ਹਰ ਬਾਹਰੀ ਮੁੱਲ ਆਪਣੇ ਅੰਦਰੂਨੀ ਮੁੱਲ ਕਰਕੇ ਜਾਣਿਆ ਜਾਂਦਾ ਹੈ, ਜਿਸ ਤੋਂ ਇਹ ਆਪਣੇ ਮੁੱਲ ਦਾ ਸੁਭਾਅ ਪ੍ਰਾਪਤ ਕਰਦਾ ਹੈ। ਜੇ ਕਿਸੇ ਅੰਤਿਮ ਲਕਸ਼ ਦਾ ਮੁੱਲ ਹੈ ਤਾਂ ਇਸ ਨੂੰ ਮਹਿਸੂਸ ਕਰਨ ਲਈ ਹਰ ਸਾਧਯ ਕੋਲ ਮੁੱਲ ਹੋਣਾ ਜ਼ਰੂਰੀ ਹੈ, ਉਦਾਹਰਨ ਵਜੋਂ, ਐਨਕ ਦਾ ਮੁੱਲ ਹੈ ਕਿਉਂਕਿ ਇਹ ਵਸਤੂਆਂ ਨੂੰ ਉਚਿਤ ਢੰਗ ਨਾਲ ਵੇਖਣ ਵਿਚ ਮਦਦ ਕਰਦੀ ਹੈ। ਬਾਹਰੀ ਮੁੱਲਾਂ ਦੀ ਆਪਣੀ ਕੋਈ ਕੀਮਤ ਨਹੀਂ, ਇਹ ਅੰਦਰੂਨੀ ਮੁੱਲਾਂ 'ਤੇ ਨਿਰਭਰ ਕਰਦੇ ਹਨ।

ਮੁੱਲ ਸ਼ਬਦ ਦਾ ਸਧਾਰਨ ਰੂਪ ਵਿਚ ਨੱਚਣਾ ਜਾਂ ਖੇਡਣਾ ਵਾਂਗ ਕੋਈ ਇਕ ਅਰਥ ਨਹੀਂ, ਜੋ ਕਿਸੇ ਇਕ ਵਿਸ਼ੇਸ਼ ਕਿਰਿਆ ਨੂੰ ਸੰਕੇਤ ਕਰਦਾ ਹੈ। ਸ਼ਾਬਦਿਕ ਅਰਥਾਂ ਵਿਚ ਮੁੱਲ ਵਿਅਕਤੀ ਦੇ ਉਸ ਗੁਣ ਨੂੰ ਦਰਸਾਉਂਦਾ ਹੈ ਜੋ ਉਸ ਵਿਅਕਤੀ ਜਾਂ ਵਸਤੂ ਨੂੰ ਮਹੱਤਵਪੂਰਨ, ਸਨਮਾਨਯੋਗ ਅਤੇ ਲਾਭਦਾਇਕ ਬਣਾਉਂਦਾ ਹੈ। ਇਹ ਗੁਣ ਅੰਦਰੂਨੀ ਜਾਂ ਬਾਹਰੀ ਜਾਂ ਦੋਨੋਂ ਹੋ ਸਕਦੇ ਹਨ।

ਦਾਰਸ਼ਨਿਕ ਨਜ਼ਰੀਏ ਤੋਂ ਮੁੱਲ ਨ ਤਾਂ ਕਿਸੇ ਵਸਤੂ ਵੱਲ ਸੰਕੇਤ ਕਰਦਾ ਹੈ ਅਤੇ ਨ ਹੀ ਕਿਸੇ ਵਿਅਕਤੀ ਵੱਲ ਪਰ ਇਕ ਵਿਚਾਰ ਜਾਂ ਨਜ਼ਰੀਏ ਵੱਲ ਸੰਕੇਤ ਕਰਦਾ ਹੈ। ਇਸ ਤਰ੍ਹਾਂ ਹਰੇਕ ਵਸਤੂ ਜੋ ਕਿਸੇ ਵਸਤੂ ਲਈ ਉਪਯੋਗੀ ਹੈ ਉਸ ਲਈ ਕੀਮਤੀ ਬਣ ਜਾਂਦੀ ਹੈ। ਸਮਾਜਿਕ ਦ੍ਰਿਸ਼ਟੀਕੋਣ ਤੋਂ, ਮੁੱਲ ਸਭਿਆਚਾਰਕ ਮਿਆਰ ਹੈ ਜੋ ਸੰਗਠਿਤ ਸਮਾਜ ਲਈ ਜ਼ਰੂਰੀ ਸਮਝੀਆਂ ਜਾਂਦੀਆਂ ਸਾਧਾਰਨ ਵਸਤੂਆਂ ਵੱਲ ਸੰਕੇਤ ਕਰਦਾ ਹੈ। ਮੁੱਲ ਸਮਾਜਿਕ ਪ੍ਰਬੰਧਾਂ ਅਤੇ ਸਮਾਜਿਕ ਵਿਵਹਾਰ ਵੱਲ ਸੰਕੇਤ ਕਰਦਾ ਹਨ। ਮਨੋਵਿਗਿਆਨੀਆਂ ਅਨੁਸਾਰ, "ਕੋਈ ਵੀ ਵਸਤੂ ਜੋ ਸਾਡੀ ਇੱਛਾ ਦੀ ਪੂਰਤੀ ਕਰਦੀ ਹੈ, ਮੁੱਲ ਕਹਾਉਂਦੀ ਹੈ"–(J.S.Mill)। David Hume ਕਹਿੰਦਾ ਹੈ ਕਿ ਮੁੱਲ ਉਹ ਜੋ ਪ੍ਰਵਾਨ ਜਾਂ ਸਵੀਕਾਰ ਕੀਤਾ ਜਾਂਦਾ ਹੈ।

ਜੈਵਿਕ ਅਰਥ: ਮੁੱਲ ਕਿਸੇ ਵਸਤੂ ਜਾਂ ਕਿਰਿਆ ਦੀ ਵਿਸ਼ੇਸ਼ਤਾ ਹੈ ਜੋ ਸਾਡੀ ਜ਼ਿੰਦਗੀ ਨੂੰ ਸੰਭਾਲਦੇ ਅਤੇ ਅੱਗੇ ਤੋਰਨ ਵਿਚ ਸਹਾਇਤਾ ਕਰਦੇ ਹਨ।

ਨੈਤਿਕ ਅਰਥ: ਉਹ ਵਸਤੂਆਂ ਅਤੇ ਕਿਰਿਆਵਾਂ ਕੀਮਤੀ ਹਨ ਜੋ ਸਾਡੀ ਆਤਮਾ ਨੂੰ ਸੰਪੂਰਨ ਬਣਾਉਣ ਵਿਚ ਮਦਦ ਕਰਦੀਆਂ ਹਨ।

ਮੁੱਲਾਂ ਦੇ ਅਰਥ ਸੰਬੰਧੀ ਕੁੱਝ ਮਾਹਿਰਾਂ ਦੇ ਵਿਚਾਰ: ਮੁੱਲ ਸ਼ਬਦ ਦੇ ਅਨੇਕਾਂ ਭਾਵਾਰਥ ਹਨ। ਦਾਰਸ਼ਨਿਕ, ਸਿੱਖਿਆ–ਸਾਸ਼ਤਰੀ, ਸਮਾਜ–ਸਾਸ਼ਤਰੀ ਅਤੇ ਮਨੋਵਿਗਿਆਨੀ 'ਮੁੱਲ ਪ੍ਰਣਾਲੀ' ਦੀਆਂ ਆਪਣੇ ਦ੍ਰਿਸ਼ਟੀਕੋਣ ਅਤੇ ਤਜਰਬੇ ਅਨੁਸਾਰ ਵੱਖ–ਵੱਖ ਪਰਿਭਾਸ਼ਾਵਾਂ ਦਿੰਦੇ ਹਨ। ਭਾਰਤੀ ਅਤੇ ਪੱਛਮੀ ਵਿਚਾਰਧਾਰਾਵਾਂ ਦੇ ਕੁੱਝ ਪ੍ਰਸਿੱਧ ਵਿਦਵਾਨਾਂ ਨੇ 'ਮੁੱਲ ਪ੍ਰਣਾਲੀ' ਨੂੰ ਹੇਠ ਲਿਖੇ ਢੰਗ ਨਾਲ ਪਰਿਭਾਸ਼ਿਤ ਕੀਤਾ ਹੈ।

<u>ਪੱਛਮੀ ਵਿਚਾਰਧਾਰਾ ਅਨੁਸਾਰ:</u>

1 **Allport** ਅਨੁਸਾਰ: "ਮੁੱਲ ਸ਼ਬਦ ਦਾ ਅਰਥ ਵਿਸ਼ੇ ਦੀ ਰੁਚੀ ਦੀ ਸਾਪੇਖਕ ਪਮੁੱਖਤਾ ਜਾਂ ਵਿਅਕਤਿਤਵ ਵਿਚਲੀ ਪ੍ਰਧਾਨ ਰੁਚੀ ਹੈ।"

2 **R.K.Mukerjee** ਅਨੁਸਾਰ: "ਮੁੱਲ ਸਮਾਜਿਕ ਤੌਰ 'ਤੇ ਪ੍ਰਵਾਨਿਤ ਝੁਕਾਅ ਅਤੇ ਟੀਚੇ ਹਨ ਜੋ ਅਨੁਕੂਲਣ, ਸਿੱਖਣ ਜਾਂ ਸਮਾਜੀਕਰਨ ਦੀ ਪ੍ਰਕਿਰਿਆ ਦੁਆਰਾ ਅੰਤਰੀਵੀ ਬਣਦੇ ਹਨ ਅਤੇ ਨਾਲ ਹੀ ਜੋ ਆਤਮਨਿਸ਼ਠ ਪਹਿਲ, ਮਿਆਰ ਅਤੇ ਲਾਲਸਾ ਬਣਦੇ ਹਨ।"

**3 D.H.Parker** ਅਨਸਾਰ: "ਮੁੱਲ ਮਨ ਦੇ ਅੰਦਰੂਨੀ ਸੰਸਾਰ ਨਾਲ ਪੂਰੀ ਤਰ੍ਹਾਂ ਸੰਬੰਧਤ ਹੁੰਦੇ ਹਨ। ਇੱਛਾ ਦੀ ਪੂਰਤੀ ਅਸਲ ਮੁੱਲ ਹੈ, ਪੂਰਤੀ ਕਰਨ ਵਾਲਾ ਸਿਰਫ ਸਾਧਨ ਹੈ। ਮੁੱਲ ਹਮੇਸ਼ਾ ਤਜਰਬਾ ਹੁੰਦਾ ਹੈ ਨ ਕਿ ਵਸਤੂ।"

4 **R.B.Perry** ਅਨੁਸਾਰ: "ਕੋਈ ਵੀ ਉਦੇਸ਼, ਜੋ ਵੀ ਹੋਵੇ, ਮੁੱਲ ਰੱਖਦਾ ਹੈ ਜਦ ਕੋਈ ਉਸ ਵਿਚ ਰੁਚੀ ਰੱਖਦਾ ਹੋਵੇ, ਜਿਵੇਂ ਕੋਈ ਵਸਤੂ ਜੋ ਵੀ ਹੋਵੇ ਇਕ ਨਿਸ਼ਾਨਾ ਬਣਦੀ ਹੈ ਜਦ ਕੋਈ ਉਸ ਨੂੰ ਆਪਣਾ ਉਦੇਸ਼ ਮਿੱਥਦਾ ਹੈ।"

5 **Clyde Kluckhohn** ਅਨੁਸਾਰ: "ਮੁੱਲ ਸਪੱਸ਼ਟ ਜਾਂ ਲੁਪਤ ਧਾਰਨਾ ਹੈ, ਇੱਛਤ ਵਸਤੂ ਜਾਂ ਵਿਅਕਤੀ ਦਾ ਵੱਖਰਾਪਣ ਜਾਂ ਵਰਗ ਦੀ ਵਿਸ਼ੇਸ਼ਤਾ, ਜੋ ਕਿਸੇ ਕਿਰਿਆ ਦੇ ਉਪਲਬਧ ਸਾਧਯ ਅਤੇ ਸਾਧਨ ਤੋਂ ਹੋਈ ਚੋਣ ਨੂੰ ਪ੍ਰਭਾਵਿਤ ਕਰਦਾ ਹੈ।"

6 **Edgar Brightman** ਅਨੁਸਾਰ: "ਮੁੱਢਲੀ ਸੂਝ ਅਨੁਸਾਰ, ਮੁੱਲ ਦਾ ਅਰਥ ਉਹ ਵਸਤੂ ਜਾਂ ਵਿਚਾਰ ਜਿਸ ਨੂੰ ਅਸਲ ਵਿਚ ਕਿਸੇ ਵਿਅਕਤੀ ਦੁਆਰਾ ਕਿਸੇ ਸਮੇਂ ਵੀ ਪਸੰਦ ਕੀਤਾ ਜਾਂਦਾ ਹੈ, ਇਨਾਮ ਦਿੱਤਾ ਜਾਂਦਾ ਹੈ, ਸਨਮਾਨ ਦਿੱਤਾ ਜਾਂਦਾ ਹੈ, ਇੱਛਾ ਕੀਤੀ ਜਾਂਦੀ ਹੈ, ਪ੍ਰਵਾਨ ਕੀਤਾ ਜਾਂਦਾ ਹੈ ਜਾਂ ਮਾਣਿਆ ਜਾਂਦਾ ਹੈ। ਇਹ ਇੱਛਿਤ ਵਸਤੂ ਜਾਂ ਕਿਰਿਆ ਨੂੰ ਮਾਨਣ ਦਾ ਅਸਲ ਤਜਰਬਾ ਹੈ।"

7 **John Dewey** ਦੇ ਅਨੁਸਾਰ: "ਮੁੱਢਲੇ ਤੌਰ 'ਤੇ ਮੁੱਲ ਦਾ ਅਰਥ ਇਨਾਮ, ਸਨਮਾਨ, ਪ੍ਰਸ਼ੰਸਾ, ਅੰਕਣ ਕਰਨਾ ਹੈ; ਇਸ ਤੋਂ ਭਾਵ ਕਿਸੇ ਵਸਤੂ ਦੀ ਪਾਲਣਾ ਕਰਨੀ, ਪਿਆਰ ਕਰਨਾ ਅਤੇ ਦੂਸਰੇ ਦੇ ਮੁਕਾਬਲੇ ਉਸ ਦੇ ਮੁੱਲਾਂ ਦੇ ਸੁਭਾਅ ਅਤੇ ਮਾਤਰਾ ਉੱਪਰ ਆਪਣਾ ਨਿਰਣਾ ਦੇਣ ਦੀ ਕਿਰਿਆ ਹੈ।"

8 **Dr. Prem Kirpal** ਅਨੁਸਾਰ: " ਮੁੱਲ ਨੂੰ ਪਰਿਭਾਸ਼ਿਤ ਇੰਝ ਕੀਤਾ ਜਾਦਾ ਹੇ:(i) ਜੋ ਅਸੀਂ ਵਿਸ਼ਵਾਸ ਕਰਦੇ ਹਾਂ–ਸਵੀਕ੍ਰਿਤ ਮੁੱਲ,(i i) ਜੋ ਅਸੀਂ ਵਰਤੋਂ 'ਚ ਲਿਆਉਂਦੇ ਹਾਂ–ਕਿਰਿਆਤਮਕ ਮੁੱਲ ਅਤੇ (i i i) ਜੋ ਅਸੀਂ ਬੀਤੇ ਪਰੰਪਰਾਗਤ ਮੁੱਲਾਂ

ਨੂੰ ਅਖਤਿਆਰ ਕਰਕੇ ਅਤੇ ਪਰੰਪਰਾਵਾਂ ਦਾ ਪੁਨਰ ਨਿਰਮਾਣ ਦੇ ਅਨੁਭਵ ਤੋਂ ਸਿੱਖਦੇ ਹਾਂ।" ਉਹ ਅੱਗੇ ਕਹਿੰਦਾ ਹੇ, "ਮੁੱਲ ਕਾਰਜਾਤਮਕ ਹੋਣੇ ਚਾਹੀਦੇ ਹਨ ਅਤੇ ਸਾਪੇਖਕ ਅਤੇ ਗਤੀਸ਼ੀਲ ਵੀ.........ਮੁੱਲ ਕੱਟੜਤਾ ਅਤੇ ਅੱਗੇ ਵਾਧੇ ਅਤੇ ਨਵਾਂਪਣ ਨੂੰ ਰੋਕਣ ਵਾਲੇ ਭਾਵਸਥਿਰ ਨਹੀਂ ਹੋਣੇ ਚਾਹੀਦੇ।"

9 **Henderson** ਅਨੁਸਾਰ: "ਕੋਈ ਵੀ ਵਸਤੂ ਜੋ ਮਨੁੱਖੀ ਇੱਛਾਵਾਂ ਨੂੰ ਸੰਤੁਸ਼ਟ ਕਰਦੀ ਹੈ, ਮੁੱਲ ਅਖਵਾਉਂਦੀ ਹੈ।"

10 **N.T.Ram** ਅਨੁਸਾਰ: "ਜਿਸ ਦੀ ਇੱਛਾ ਕੀਤੀ ਜਾਂਦੀ ਹੈ ਜਾਂ ਜੋ ਸੋਚਿਆ ਜਾਂਦਾ ਹੈ, ਮੁੱਲ ਹੈ। ਕਿਰਿਆਤਮਕ ਰੂਪ ਵਿਚ ਮੁੱਲ ਜ਼ਿੰਦਗੀ ਦੇ ਉਹ ਅਗਵਾਈ ਦੇਣ ਵਾਲੇ ਨਿਯਮ ਹਨ ਜੋ ਵਿਅਕਤੀ ਦੀ ਸਰੀਰਕ ਅਤੇ ਮਾਨਸਿਕ ਸਿਹਤ ਦੇ ਨਾਲ-ਨਾਲ ਸਮਾਜ ਭਲ਼ਾਈ ਅਤੇ ਸਮਾਯੋਜਨ ਲਈ ਸੁਖਾਵੇਂ ਹੋਣ ਅਤੇ ਉਸ ਦੇ ਸਭਿਆਚਾਰ ਨਾਲ ਮੇਲ ਖਾਂਦਾ ਹੋਵੇ।"

11 **Kane** ਅਨੁਸਾਰ: "ਮੁੱਲ ਆਦਰਸ਼, ਵਿਸ਼ਵਾਸ ਜਾਂ ਮਿਆਰ ਹਨ ਜੋ ਇਕ ਪੂਰਾ ਸਮਾਜ ਜਾਂ ਸਮਾਜ ਦੇ ਵਧੇਰੇ ਮੈਂਬਰ ਆਪਣੇ ਕੋਲ ਰੱਖਦੇ ਹਨ।"

12 **Cunningham** ਅਨੁਸਾਰ: "ਸਿੱਖਿਅਕ ਮੁੱਲ ਸਿੱਖਿਆ ਦੇ ਉਦੇਸ਼ ਬਣਦੇ ਹਨ। ਇਹਨਾਂ ਅਨੁਸਾਰ ਵਿਅਕਤੀਆਂ ਵਿਚ ਗੁਣ, ਯੋਗਤਾਵਾਂ ਅਤੇ ਸਮਰੱਥਾਵਾਂ ਦਾ ਵਿਕਾਸ ਕੀਤਾ ਜਾਂਦਾ ਹੈ, ਜੋ ਮਨੁੱਖ ਦੇ ਜਮਾਂਦਰੂ ਮੁੱਲ ਹੁੰਦੇ ਹਨ।"

13 **J.S.Brubacher** ਅਨੁਸਾਰ: " ਸਿੱਖਿਆ ਦੇ ਉਦੇਸ਼, ਸਿੱਖਿਅਕ ਮੁੱਲ ਹੁੰਦੇ ਹਨ।"

ਭਾਰਤੀ ਵਿਚਾਰਧਾਰਾ ਦੇ ਅਨੁਸਾਰ:

ਜੈਨ ਦਰਸ਼ਨ ਸਾਸ਼ਤਰ ਦੇ ਅਨੁਸਾਰ: "ਮੁੱਲ ਬ੍ਰਹਮਚਰਜ, ਤਪੱਸਿਆ ਅਤੇ ਇੰਦ੍ਰੀਆਂ ਦਾ ਨਿਯੰਤਰਣ ਹੈ।"

ਚਰਵਾਕਿਆ ਦਰਸ਼ਨ ਸਾਸ਼ਤਰ ਦੇ ਅਨੁਸਾਰ: "ਮੁੱਲ ਪ੍ਰਸੰਨਤਾ ਹੈ ਅਤੇ ਪ੍ਰਸੰਨਤਾ ਮੁੱਲ ਹੈ।"

ਬੁੱਧ ਦਰਸ਼ਨ ਸਾਸ਼ਤਰ ਦੇ ਅਨੁਸਾਰ: "ਸੰਸਾਰ ਦੇ ਭਾਵਨਾਤਮਕ ਜੀਵਾਂ ਦੀ ਮੁਕਤੀ ਅਤੇ ਸੇਵਾ ਮੁੱਲ ਹੈ।"

ਮੀਮਾਂਸਾ ਦਰਸ਼ਨ ਸਾਸ਼ਤਰ ਦੇ ਅਨੁਸਾਰ: "ਮੁੱਲ ਕਿਸੇ ਸਥਿਤੀ ਨੂੰ ਪੇਸ਼ ਕਰਦੇ ਹਨ ਜੋ ਸੁੱਖ-ਦੁੱਖ ਤੋਂ ਆਜ਼ਾਦ ਹੈ।"

ਸਾਰਾਂਸ: ਮੂਲ ਜ਼ਿੰਦਗੀ ਦੇ ਨਿਰਦੇਸ਼ਕ ਸਿਧਾਂਤ ਹਨ ਜੋ ਸਰਬਪੱਖੀ ਵਿਕਾਸ ਲਈ ਮਦਦਗਾਰ ਹੁੰਦੇ ਹਨ। ਉਹ ਜ਼ਿੰਦਗੀ ਨੂੰ ਨਿਰਦੇਸ਼ਣ ਅਤੇ ਦ੍ਰਿੜਤਾ ਦਿੰਦੇ ਹਨ ਅਤੇ ਜੀਵਨ ਵਿਚ ਪ੍ਰਸੰਨਤਾ, ਸੰਤੁਸ਼ਟੀ ਅਤੇ ਸ਼ਾਂਤੀ ਪ੍ਰਦਾਨ ਕਰਦੇ ਹਨ। ਮੁੱਲ ਪਟੜੀ ਦੀ ਤਰ੍ਹਾਂ ਹਨ ਜੋ ਰੇਲ ਗੱਡੀ ਨੂੰ ਰਸਤੇ 'ਤੇ ਰੱਖਦੀ ਹੈ ਅਤੇ ਆਸਾਨੀ ਨਾਲ, ਤੇਜ਼ੀ ਨਾਲ ਅਤੇ ਦਿਸ਼ਾ ਵਿਚ ਘੁੰਮਣ-ਫਿਰਨ ਵਿਚ ਮਦਦ ਕਰਦੇ ਹਨ। ਇਹ ਜ਼ਿੰਦਗੀ ਨੂੰ ਚੰਗੇਰਾ ਬਣਾਉਂਦੇ ਹਨ।

**1.2.7** ਕਦਰਾਂ-ਕੀਮਤਾਂ ਦਾ ਵਰਗੀਕਰਨ:

ਮੁੱਲਾਂ ਦਾ ਵਰਗੀਕਰਨ ਕਰਨਾ ਬਹੁਤ ਮੁਸ਼ਕਿਲ ਕੰਮ ਹੈ ਕਿਉਂਕਿ ਇਹ ਪਰਿਵਰਤਨਸ਼ੀਲ, ਗੁਣਾਤਮਕ ਅਤੇ ਲਚਕਸ਼ੀਲ ਹਨ। ਪਰ ਫਿਰ ਵੀ ਕੁੱਝ ਖੋਜਕਾਰਾਂ ਅਤੇ ਸਿੱਖਿਆ ਸਾਸ਼ਤਰੀਆਂ ਨੇ ਮੁਲੱਾਂ ਦਾ ਵਰਗੀਕਰਨ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਹਨਾਂ ਨੂੰ ਅਨੇਕਾਂ ਢੰਗਾਂ ਨਾਲ ਵਰਗੀਕ੍ਰਿਤ ਕੀਤਾ ਜਾਂਦਾ ਹੈ:

(ੳ)ਭਾਰਤੀ ਦਰਸ਼ਨ ਸਾਸ਼ਤਰ ਅਨੁਸਾਰ ਮੁੱਲਾਂ ਦਾ ਵਰਗੀਕਰਨ: ਭਾਰਤੀ ਦਰਸ਼ਨ ਸਾਸ਼ਤਰ ਚਾਰ ਮੁੱਲਾਂ ਵਿਚ ਵਿਸ਼ਵਾਸ ਰੱਖਦਾ ਹੈ ਜਿਹਨਾਂ ਨੂੰ ਪੁਰਸ਼ਾਰਥ ਕਹਿੰਦੇ ਹਨ-ਧਰਮ,ਅਰਥ, ਕਾਮ ਅਤੇ ਮੋਕਸ਼। ਧਰਮ=ਨੀਤੀ, ਅਰਥ=ਧਨ, ਕਾਮ=ਪ੍ਰਸੰਨਤਾ ਅਤੇ ਮੋਕਸ਼=ਆਜ਼ਾਦੀ। ਧਰਮ ਅਤੇ ਮੋਕਸ਼ ਨੂੰ ਉੱਚੇ ਅਤੇ ਸਰਵੋਤਮ ਮੁੱਲ ਕਹਿੰਦੇ ਹਨ ਅਤੇ ਅਰਥ ਅਤੇ ਕਾਮ ਨੂੰ ਨੀਵੇਂ ਮੁੱਲ ਕਿਹਾ ਜਾਂਦਾ ਹੈ।

(ਅ) ਮਹਾਨ ਵਿਚਾਰਕਾਂ ਅਤੇ ਲੇਖਕਾਂ ਅਨੁਸਾਰ:

1) ਸੁਆਮੀ ਵਿਵੇਕਾਨੰਦ ਅਨੁਸਾਰ ਮੁੱਲਾਂ ਦਾ ਵਰਗੀਕਰਨ

ਸੁਆਮੀ ਵਿਵੇਕਾਨੰਦ ਹੇਠ ਲਿਖੇ ਮੁੱਲਾਂ ਉੱਪਰ ਜ਼ੋਰ ਦਿੰਦੇ ਹਨ:

1 ਮਨ ਦੀ ਸਾਧਨਾ

2 ਨਿਡਰਤਾ

3 ਅਹਿੰਸਾ

4 ਸ਼ੁੱਧਤਾ (ਨਿੱਜੀ ਅਤੇ ਸਮਾਜਿਕ)
5 ਆਤਮ-ਕੁਰਬਾਨੀ
6 ਦੂਜਿਆਂ ਦੀ ਸੇਵਾ
2) ਮਹਾਤਮਾ ਗਾਂਧੀ ਅਨੁਸਾਰ ਮੁੱਲਾਂ ਦਾ ਵਰਗੀਕਰਨ
ਮਹਾਤਮਾ ਗਾਂਧੀ ਹੇਠ ਲਿਖੇ ਗਿਆਰਾਂ ਮੁੱਲਾਂ ਦਾ ਜ਼ਿਕਰ ਕਰਦੇ ਹਨ:
1ਅਹਿੰਸਾ (Ahimsa)
2 ਸੱਚ (Truth)
3 ਸਬਰ ਅਤੇ ਸੰਯਮ (Astayam)
4 ਸ਼ੁੱਧਤਾ (Brahmacharya)
5 ਮੋਹ-ਤਿਆਗ (Aparigrahia)
6 ਸਰਰੀਕ ਮਿਹਨਤ (Sharirsharma)
7 ਸੁਆਦਾਂ ਉੱਪਰ ਨਿਯੰਤਰਣ (Aswada)
8 ਨਿਡਰਤਾ (Sarvatra Bhavjavarjana)
9 ਸਾਰੇ ਧਰਮਾਂ ਪਤੀ ਸਹਿਣਸ਼ੀਲਤਾ (Sarva Dharma Sambhava)
10 ਆਪਣੇ ਦੇਸ਼ ਪ੍ਰਤੀ ਦੇਸ਼ ਭਗਤੀ ਅਤੇ ਪਿਆਰ (Swadesh)
11ਛੂਤ-ਛਾਤ ਦਾ ਖਾਤਮਾ (Sparsha Bhavna)
(3) ਅਰਸਤੂ ਅਨੁਸਾਰ ਮੁੱਲਾਂ ਦਾ ਵਰਗੀਕਰਨ
ਅਰਸਤੂ ਅੰਤਮ ਸੱਚ ਦੇ ਆਧਾਰ 'ਤੇ ਮੁੱਲਾਂ ਦਾ ਵਰਗੀਕਰਨ ਕਰਦਾ ਹੈ। ਇਹ ਹਨ
1 ਸੱਚ
2 ਸੁੰਦਰਤਾ
3 ਚੰਗਿਆਈ
ਇਹ ਜੀਵਨ ਦੇ ਆਧਾਰਭੂਤ ਮੁੱਲ ਹਨ ਜਿਹਨਾਂ ਨੂੰ ਭਾਰਤੀ ਵਿਚਾਰਕ ਸੱਤਯਮ, ਸ਼ਿਵਮ ਅਤੇ ਸੁੰਦਰਮ ਕਹਿੰਦੇ ਹਨ।
(4) ਪਾਰਕਰ ਅਨੁਸਾਰ ਮੁੱਲਾਂ ਦਾ ਵਰਗੀਕਰਨ
ਰੁਚੀਆਂ ਦੇ ਆਧਾਂਰ 'ਤੇ ਪਾਰਕਰ ਮੁੱਲਾਂ ਨੂੰ ਹੇਠ ਲਿਖੇ ਵਰਗਾਂ ਵਿਚ ਵੰਡਦਾ ਹੈ
1 ਜੈਵਿਕ ਮੁੱਲ
2 ਆਰਥਿਕ ਮੁੱਲ
3 ਸੰਵੇਗਾਤਮਕ
4 ਸਮਾਜਿਕ ਮੁੱਲ
5 ਬੌਧਿਕ ਮੁੱਲ
6 ਸੁਹਜਾਤਮਕ ਮੁੱਲ
7 ਨੈਤਿਕ ਮੁੱਲ
8 ਧਾਰਮਿਕ ਮੁੱਲ
(5) **Spranger** ਅਨੁਸਾਰ ਮੁੱਲਾਂ ਦਾ ਵਰਗੀਕਰਨ
Spranger ਨੇ ਮੁੱਲਾਂ ਨੂੰ ਛੇ ਵਰਗਾਂ ਵਿਚ ਵੰਡਿਆ ਹੈ:
1 ਸਿਧਾਂਤਕ ਮੁੱਲ

2 ਆਰਥਿਕ ਮੁੱਲ
3 ਸੁਹਜਾਤਮਕ
4 ਸਮਾਜਿਕ ਮੁੱਲ
5 ਰਾਜਨੀਤਿਕ ਮੁੱਲ
6 ਧਾਰਮਿਕ ਮੁੱਲ

(6) **V.K.Gokak** ਅਨੁਸਾਰ ਮੁੱਲਾਂ ਦਾ ਵਰਗੀਕਰਨ

Gokak ਨੇ ਮੁੱਲਾਂ ਨੂੰ ਪੰਜ ਵਰਗਾਂ ਵਿਚ ਵੰਡਿਆ ਹੇ
1 ਸੱਚ
2 ਪਿਆਰ
3 ਸ਼ਾਂਤੀ
4 ਅਹਿੰਸਾ
5 ਚੰਗਾ ਆਚਰਣ

(7) **Harry S. Broudy** ਅਨੁਸਾਰ ਮੁੱਲਾਂ ਦਾ ਵਰਗੀਕਰਨ

Harry S. Broudy ਆਪਣੀ ਪੁਸਤਕ Building a Philosophy of Education ਵਿਚ ਹੇਠ ਲਿਖੇ ਮੁੱਲਾਂ ਦਾ ਵਰਣਨ ਕੀਤਾ ਹੈ
1 ਆਰਥਿਕ ਮੁੱਲ
2 ਸਿਹਤ ਸੰਬੰਧੀ ਮੁੱਲ
3 ਮੰਨੋਰੰਜਨ ਸੰਬੰਧੀ ਮੁੱਲ
4 ਸੰਘੀ ਮੁੱਲ
5ਸੁਹਜਾਤਮਕ ਮੁੱਲ
6 ਨੈਤਿਕ ਮੁੱਲ
7 ਧਾਰਮਿਕ ਮੁੱਲ

(8) **Berelson** ਅਤੇ **Salter** ਦੇ ਅਨੁਸਾਰ ਮੁੱਲਾਂ ਦਾ ਵਰਗੀਕਰਨ

Berelson ਅਤੇ Salter ਮੁੱਲਾਂ ਨੂੰ ਹੇਠ ਲਿਖੇ ਦੋ ਵਰਗਾਂ 'ਚ ਵੰਡਦੇ ਹਨ:

(i) ਦਿਲ ਨਾਲ ਸੰਬੰਧਤ ਮੁੱਲ: ਇਸ ਵਿਚ ਸ਼ਾਮਿਲ ਹਨ- ਦਲੇਰੀ, ਪਿਆਰ, ਆਦਰਸ਼ਵਾਦ, ਆਜ਼ਾਦੀ, ਨਿਆਂ ਅਤੇ ਦੇਸ਼ ਭਗਤੀ

(ii) ਮਨ ਨਾਲ ਸੰਬੰਧਤ ਮੁੱਲ: ਇਸ ਵਿਚ ਸ਼ਾਮਿਲ ਹਨ- ਪ੍ਰਮੁੱਖਤਾ, ਆਰਥਿਕ ਸਫ਼ਲਤਾ, ਨਿੱਜੀ ਸਫ਼ਲਤਾ, ਸ਼ਕਤੀ, ਸਮੱਸਿਆ ਦਾ ਹੱਲ ਕਰਨ ਦੀ ਸ਼ਕਤੀ ਅਤੇ ਸਮਾਜਿਕ ਸੁਰੱਖਿਆ।

(9) **Thomas** ਦੇ ਅਨੁਸਾਰ ਮੁੱਲਾਂ ਦਾ ਵਰਗੀਕਰਨ

Thomas ਮੁੱਲਾਂ ਦਾ ਵਰਗੀਕਰਨ ਛੇ ਵਰਗਾਂ ਵਿਚ ਕਰਦਾ ਹੈ
1. ਸੁਹਜਾਤਮਕ ਮੁੱਲ
2. ਮਾਨਵੀ ਮੁੱਲ
3. ਬੌਧਿਕ ਮੁੱਲ
4. ਸੱਤਾ ਮੁੱਲ
5. ਪਦਾਰਥਕ ਮੁੱਲ

6. ਧਾਰਮਿਕ ਮੁੱਲ

(10) **Weil** ਅਤੇ **Weid** ਦੇ ਅਨੁਸਾਰ ਮੁੱਲਾਂ ਦਾ ਵਰਗੀਕਰਨ

(i) Weil ਅਤੇ Weid ਮੁੱਲਾਂ ਨੂੰ ਤਿੰਨ ਵਰਗਾਂ ਵਿਚ ਵੰਡਦੇ ਹਨ:

(i) ਜਨਤਾ ਕੇਂਦਰਿਤ ਮੁੱਲ ਜਿਵੇਂ ਘਟਨਾ, ਸੰਬੰਧ, ਸਹਿਯੋਗ ਅਤੇ ਮਦਦ

(ii) ਵਿਸਥਾਰਿਤ ਮੁੱਲ ਜਿਵੇਂ ਧਨ, ਸੁਰੱਖਿਆ ਅਤੇ ਰੁਤਬਾ ਆਦਿ

(iii) ਪ੍ਰਗਟਾਅ ਮੁੱਲ ਜਿਵੇਂ ਸਮਾਜਿਕ ਯੋਗਤਾ ਅਤੇ ਝੁਕਾਅ ਦੇ ਮੌਕੇ

(11) **Roheach** ਦੇ ਅਨੁਸਾਰ ਮੁੱਲਾਂ ਦਾ ਵਰਗੀਕਰਨ

Roheach ਮੁੱਲਾਂ ਨੂੰ ਦੋ ਵਿਸ਼ਾਲ ਵਰਗਾਂ ਵਿਚ ਵੰਡਦਾ ਹੈ

(i) ਸਹਾਇਕ ਮੁੱਲ

(ii) ਮਿਆਦੀ ਮੁੱਲ

(12) **Turner** ਦੇ ਅਨੁਸਾਰ ਮੁੱਲਾਂ ਦਾ ਵਰਗੀਕਰਨ

(i) ਸੂਖਮ

(ii) ਸਥੂਲ

(13) **Golighty** ਦੇ ਅਨੁਸਾਰ ਮੁੱਲਾਂ ਦਾ ਵਰਗੀਕਰਨ

Golighty ਮੁੱਲਾਂ ਦਾ ਦੋ ਪੱਖੀ ਵਰਗੀਕਰਨ ਦਿੰਦੇ ਹਨ

(i) ਲਾਜ਼ਮੀ ਮੁੱਲ

(ii) ਕਿਰਿਆਤਮਕ ਮੁੱਲ

ਲਾਜ਼ਮੀ ਮੁੱਲ ਟੀਚੇ ਅਤੇ ਸੰਤੁਸ਼ਟੀ ਵੱਲ ਸੰਕੇਤ ਕਰਦਾ ਹੈ ਜੋ ਮਨੁੱਖ ਅਤੇ ਸਮਾਜ ਦੇ ਜੀਵਨ ਅਤੇ ਮਨ ਦੀ ਚੱਲਦੀ ਪ੍ਰਕਿਰਿਆ ਲਈ ਪ੍ਰਵਾਨ ਕਰਦੇ ਹਨ ਅਤੇ ਕਿਰਿਆਤਮਕ ਮੁੱਲ ਉਹ ਜੋ ਪਹਿਲੇ ਮੁੱਲਾਂ ਨੂੰ ਪੂਰਾ ਕਰਨ ਅਤੇ ਵਿਕਸਤ ਕਰਨ ਲਈ ਸਾਧਨ ਹਨ।

(14) Walter G. Everett ਦੇ ਅਨੁਸਾਰ ਮੁੱਲਾਂ ਦਾ ਵਰਗੀਕਰਨ

Walter ਮਨੁੱਖੀ ਮੁੱਲਾਂ ਨੂੰ ਆਪਣੀ ਪੁਸਤਕ 'Moral Values' ਵਿਚ ਅੱਠ ਸ਼੍ਰੇਣੀਆਂ ਵਿਚ ਵੰਡਦਾ ਹੈ:

1. ਆਰਥਿਕ ਮੁੱਲ: ਆਰਥਿਕ ਮੁੱਲ ਬਜ਼ਾਰ ਮੁੱਲ ਦੁਆਰਾ ਦਰਸਾਏ ਜਾਦੇ ਹਨ। ਇਸ ਵਿਚ ਸਾਰੀਆਂ ਖ਼੍ਰੀਦੀਆਂ ਜਾਣ ਵਾਲੀਆਂ ਵਸਤਾਂ ਸ਼ਾਮਿਲ ਹੁੰਦੀਆਂ ਹਨ। ਆਰਥਿਕ ਮੁੱਲ ਸਾਧਨ ਹਨ ਕਿਉਂਕਿ ਦੂਸਰੇ ਮੁੱਲਾਂ ਦੀ ਪ੍ਰਾਪਤੀ ਲਈ ਵਰਤੇ ਜਾਂਦੇ ਹਨ।
2. ਸਰੀਰਕ ਮੁੱਲ: ਇਹ ਸਿਹਤ ਦੀ ਕਾਮਯਾਬੀ ਅਤੇ ਸਰੀਰਕ ਜ਼ਿੰਦਗੀ ਦੀ ਸੁੰਦਰਤਾ ਨਾਲ ਸੰਬੰਧਤ ਹਨ।
3. ਮੰਨੋਰੰਜਨ ਸੰਬੰਧੀ ਮੁੱਲ: ਜੋ ਖੇਡਣ ਅਤੇ ਜ਼ਿੰਦਗੀ ਦੇ ਵਿਹਲੇ ਸਮੇਂ ਨੂੰ ਅਮੀਰ ਬਣਾਉਣ ਲਈ ਵਰਤੇ ਜਾਂਦੇ ਹਨ।
4. ਸੰਗ ਨਾਲ ਸੰਬੰਧਤ ਮੁੱਲ: ਇਹਨਾਂ ਨੂੰ ਸਮਾਜਿਕ ਮੁੱਲ ਵੀ ਕਿਹਾ ਜਾਂਦਾ ਹੈ ਕਿਉਂਕਿ ਇਹਨਾਂ ਵਿਚ ਮਿੱਤਰਤਾ ਅਤੇ ਪਰਿਵਾਰਿਕ ਜੀਵਨ ਤੋਂ ਲੈ ਕੇ ਵਿਸ਼ਵ ਪੱਧਰ ਤੱਕ ਦੇ ਸਾਰੇ ਸੰਬੰਧਾਂ ਨਾਲ ਜੁੜੇ ਸੰਘ ਦੇ ਅਨੇਕਾਂ ਰੂਪ ਸ਼ਾਮਿਲ ਹੁੰਦੇ ਹਨ।
5. ਚਰਿਤਰ ਨਾਲ ਸੰਬੰਧਤ ਮੁੱਲ: ਇਸ ਅਧੀਨ ਸਾਰੇ ਇੱਛਿਤ ਨਿੱਜੀ ਅਤੇ ਸਮਾਜਿਕ ਸਦਾਚਾਰ ਜਿਵੇਂ ਨਿਆਂ, ਉਪਕਾਰ, ਸਵੈ-ਨਿਯੰਤਰਣ, ਅਤੇ ਸੱਚਾਈ ਆਉਂਦੇ ਹਨ।
6. ਸੁਹਜਾਤਮਕ ਮੁੱਲ : ਕੁਦਰਤ ਦੀ ਸੁੰਦਰਤਾ ਅਤੇ ਕਲਾ ਸੁਹਜਾਤਮਕ ਮੁੱਲ ਹਨ।
7. ਬੌਧਿਕ ਮੁੱਲ: ਗਿਆਨ ਅਤੇ ਸੱਚ ਦੀ ਭਾਲ ਲਈ ਤਾਂਘ ਬੌਧਿਕ ਮੁੱਲਾਂ ਵਿਚ ਸ਼ਾਮਿਲ ਹਨ।
8. ਧਾਰਮਿਕ ਮੁੱਲ: ਧਾਰਮਿਕ ਮੁੱਲਾਂ ਵਿਚ ਪੂਜਾ, ਸ਼ਰਧਾ ਅਤੇ ਇਕਰਾਰ ਜਿਸ ਨੂੰ ਸਰਵੋਤਮ ਮੁੱਲ ਕਿਹਾ ਜਾਂਦਾ ਹੈ, ਸ਼ਾਮਿਲ ਹਨ।

(ਏ) ਸਿੱਖਿਆ ਸਾਸ਼ਤਰੀਆਂ ਦੇ ਆਧਾਰ 'ਤੇ ਮੁੱਲਾਂ ਦਾ ਵਰਗੀਕਰਨ

ਸਿੱਖਿਆ ਸਾਸ਼ਤਰੀ ਮੁੱਲਾਂ ਨੂੰ ਦੋ ਵਿਸ਼ਾਲ ਵਰਗਾਂ ਵਿਚ ਵੰਡਦੇ ਹਨ:

1. ਅੰਦਰੂਨੀ ਅਤੇ ਵਿਸ਼ਾਨਿਸ਼ਠ ਮੁੱਲ: ਕੁੱਝ ਸਿੱਖਿਆ-ਸਾਸ਼ਤਰੀ ਇਹ ਵਿਚਾਰ ਰੱਖਦੇ ਹਨ ਕਿ ਮੁੱਲ ਨਿੱਜੀ ਵਿਚਾਰਾਂ ਅਤੇ ਤਜਰਬਿਆਂ ਉੱਪਰ ਨਿਰਭਰ ਕਰਦੇ ਹਨ। ਦੂਸਰੇ ਸ਼ਬਦਾਂ ਵਿਚ ਮਨ ਦੀ ਕਲਪਨਾ ਸ਼ਕਤੀ ਤੋਂ ਉਪਜਦੇ ਹਨ। H. Parkar ਲਿਖਦੇ ਹਨ, "ਮੁੱਲ ਪੂਰੀ ਤਰ੍ਹਾਂ ਅੰਦਰੂਨੀ ਸੰਸਾਰ, ਮਨ ਦੇ ਸੰਸਾਰ ਨਾਲ ਸੰਬੰਧਤ ਹਨ।" ਇਸ ਤਰ੍ਹਾਂ ਸਿੱਖਿਅਕ ਮੁੱਲ ਅੰਦਰੂਨੀ ਅਤੇ ਵਿਸ਼ਾਨਿਸ਼ਠ ਹਨ। ਇਹਨਾਂ ਸਿੱਖਿਆ ਸਾਸ਼ਤਰੀਆਂ ਅਨੁਸਾਰ ਪਾਠਕ੍ਰਮ ਤਿਆਰ ਕਰਨ, ਸਿੱਖਿਅਕ ਸਮੱਗਰੀ ਦੀ ਚੋਣ, ਤਰੀਕੇ ਅਤੇ ਜੁਗਤਾਂ ਸਾਰੇ ਅਧਿਆਪਕ ਅਤੇ ਬੱਚੇ ਉੱਪਰ ਨਿਰਭਰ ਕਰਦੇ ਹਨ।

2. ਬਾਹਰੀ ਅਤੇ ਵਸਤੂਨਿਸ਼ਠ ਮੁੱਲ :ਕੁੱਝ ਸਿੱਖਿਆ ਸਾਸ਼ਤਰੀਆਂ ਦਾ ਦ੍ਰਿੜ ਵਿਸ਼ਵਾਸ ਹੈ ਕਿ ਮੁੱਲ ਉਹਨਾਂ ਦੀਆਂ ਯੋਗਤਾਵਾਂ ਅਤੇ ਗੁਣਾਂ ਕਾਰਨ ਵਸਤੂਆਂ ਅਤੇ ਕਿਰਿਆਵਾਂ ਵਿਚ ਹੁੰਦੇ ਹਨ। ਸਮਾਜਿਕ ਵਾਤਾਵਰਨ ਵਸਤੂ ਦੀ ਯੋਗਤਾ ਜਾਂ ਮੁੱਲ ਨੂੰ ਪ੍ਰਭਾਵਿਤ ਕਰਦਾ ਹੈ। ਦੂਸਰੇ ਸ਼ਬਦਾਂ ਵਿਚ ਸਮਾਜਿਕ ਵਾਤਾਵਰਨ ਵਸਤੂ ਨੂੰ ਮੁੱਲ ਪ੍ਰਦਾਨ ਕਰਦਾ ਹੈ। ਇਸ ਪ੍ਰਕਾਰ ਹਰ ਸਮਾਜਿਕ ਮੁੱਲ ਵਾਤਾਵਰਨ ਦੇ ਅਨੁਸਾਰ ਵਸਤੂ ਵਿਚ ਜਾ ਕੇ ਉਸ ਦਾ ਇਕ ਹਿੱਸਾ ਬਣ ਜਾਂਦਾ ਹੈ। ਇਸ ਤਰ੍ਹਾਂ ਮੁੱਲ ਬਾਹਰੀ ਅਤੇ ਵਸਤੂਨਿਸ਼ਠ ਹੁੰਦੇ ਹਨ। ਪਾਠਕ੍ਰਮ ਦਾ ਨਿਰਮਾਣ, ਸਿੱਖਿਅਕ ਸਮੱਗਰੀ, ਤਰੀਕੇ ਅਤੇ ਜੁਗਤਾਂ ਦੀ ਚੋਣ ਸਮਾਜਿਕ ਵਾਤਾਵਰਨ ਜਿਸ ਵਿਚ ਅਧਿਆਪਕ ਅਤੇ ਬੱਚਾ ਵਿਚਰਦਾ ਹੈ, ਦੇ ਪ੍ਰਸੰਗ ਵਿਚ ਵਰਤੇ ਜਾਂਦੇ ਹਨ।
ਇਹ ਸਪੱਸ਼ਟ ਹੁੰਦਾ ਹੈ ਕਿ ਕਈ ਸਿੱਖਿਆ ਸਾਸ਼ਤਰੀ ਮੁੱਲਾਂ ਨੂੰ ਅੰਦਰੂਨੀ ਅਤੇ ਵਿਸ਼ਾਨਿਸ਼ਠ ਸਮਝਦੇ ਹਨ ਜਦਕਿ ਦੂਸਰੇ ਬਾਹਰੀ ਅਤੇ ਵਸਤੂਨਿਸ਼ਠ ਕਹਿੰਦੇ ਹਨ। ਇਹ ਹਮੇਸ਼ਾਂ ਖਿਆਲ ਵਿਚ ਰੱਖਣਾ ਚਾਹੀਦਾ ਹੇ ਕਿ ਦੋਨੋਂ ਵਿਚਾਰ ਇਕ ਪੱਖੀ ਹਨ ਅਤੇ ਸੱਚ ਦਾ ਇਕ ਪਾਸਾ ਦੱਸਦੇ ਹਨ। ਸਿੱਖਿਆ ਸਾਸ਼ਤਰੀਆਂ ਦੀ ਪਹਿਲੀ ਸ਼੍ਰੇਣੀ ਬਾਹਰੀ ਸਮਾਜਿਕ ਵਾਤਾਵਰਨ ਨੂੰ ਨਹੀਂ ਸਮਝਦੀ ਅਤੇ ਦੂਸਰੀ ਸ਼੍ਰੇਣੀ ਬੱਚੇ ਦੀ ਰੁਚੀ, ਝੁਕਾਅ, ਰੁਝਾਨ ਅਤੇ ਸਮਰਥਾ ਪ੍ਰਤੀ ਉਦਾਸੀਨ ਹੈ।

(ਸ) ਸਿੱਖਿਅਕ ਮੁੱਲਾਂ ਦਾ ਆਧੁਨਿਕ ਵਰਗੀਕਰਨ:
Brubacher ਆਪਣੀ ਪੁਸਤਕ 'Modern Philosophies of Education' ਵਿਚ ਸਿੱਖਿਅਕ ਮੁੱਲਾਂ ਨੂੰ ਦੋ ਸ਼੍ਰੇਣੀਆਂ ਵਿਚ ਵੰਡਦਾ ਹੈ:
1. ਰੁਚੀਆਂ ਨਾਲ ਸੰਬੰਧਤ ਜਾਂ ਤਤਕਾਲੀ ਮੁੱਲ 2. ਸੂਝਵਾਨ ਰੁਚੀਆਂ ਨਾਲ ਸੰਬੰਧਤ ਜਾਂ ਦੂਰ ਅੰਦੇਸ਼ੀ ਮੁੱਲ।
1. ਰੁਚੀਆਂ ਨਾਲ ਸੰਬੰਧਤ ਜਾਂ ਤਤਕਾਲੀ ਮੁੱਲ: ਇਹ ਉਹ ਮੁੱਲ ਹਨ ਜੋ ਬੱਚਿਆਂ ਦੀਆਂ ਜੈਵਿਕ ਅਤੇ ਮਨੋਵਿਗਿਆਨਿਕ ਲੋੜਾਂ ਦੀ ਪੂਰਤੀ ਕਰਦੇ ਹਨ। ਦੂਰ ਅੰਦੇਸ਼ੀ ਵਸਤੂ ਦੀ ਕੋਈ ਪ੍ਰਸੰਗਿਕਤਾ ਨਹੀਂ। ਉਦਾਹਰਨ ਵਜੋਂ: ਕੋਮਲ ਕਲਾ ਵਿਚ ਰੁਚੀ ਰੱਖਣ ਵਾਲਾ ਬੱਚਾ ਕੇਵਲ ਕਲਾਤਮਕ ਕਿਰਿਆਵਾਂ ਵਿਚ ਭਾਗ ਲੈ ਕੇ ਆਪਣੀ ਕਲਾ ਸੰਬੰਧੀ ਭੁੱਖ ਨੂੰ ਪੂਰਾ ਕਰ ਸਕੇਗਾ। ਸੰਖੇਪ ਵਿਚ ਇਹ ਮੁੱਲ ਤਤਕਾਲੀ ਲੋੜਾਂ ਦੀ ਪੂਰਤੀ ਨਾਲ ਸੰਬੰਧਤ ਹਨ ਅਤੇ ਇਹਨਾਂ ਦੀ ਪੂਰਤੀ ਆਤਮ-ਸੰਤੁਸ਼ਟੀ ਲਈ ਕੀਤੀ ਜਾਂਦੀ ਹੈ।
2. ਸੂਝਵਾਨ ਰੁਚੀਆਂ ਨਾਲ ਸੰਬੰਧਤ ਜਾਂ ਦੂਰ ਅੰਦੇਸ਼ੀ ਮੁੱਲ: ਇਹ ਮੁੱਲ ਬੌਧਿਕ ਅਤੇ ਤਰਕਸੰਗਤ ਲੋੜਾਂ ਨਾਲ ਸੰਬੰਧਤ ਹਨ। ਸਾਡਾ ਆਮ ਤਜਰਬਾ ਹੇ ਕਿ ਸਕੂਲ ਦਾ ਹਰ ਪ੍ਰੋਗਰਾਮ ਅਧਿਆਪਕ ਅਤੇ ਬੱਚਿਆਂ ਦੀਆਂ ਵਿਭਿੰਨ ਲੋੜਾਂ ਦੀ ਪੂਰਤੀ ਕਰਦਾ ਹੈ ਪਰ ਇਹਨਾਂ ਵਿਚੋਂ ਕੁੱਝ ਲੋੜਾਂ ਹੀ ਕੀਮਤੀ ਹਨ। ਇਹ ਵੀ ਜਾਨਣਯੋਗ ਹੈ ਕਿ ਇਹ ਸਾਰੀਆਂ ਲੋੜਾਂ ਦੀ ਪੂਰਤੀ ਨਹੀਂ ਹੁੰਦੀ। ਇਸੇ ਕਰਕੇ ਹਰ ਵਿਅਕਤੀ ਨੇ ਇਹਨਾਂ ਵਿਚੋਂ ਸਿਆਣਪ ਭਰੀ ਚੋਣ ਕਰਨੀ ਹੁੰਦੀ ਹੈ ਅਤੇ ਸਕੂਲ ਦੀਆਂ ਸਾਰੀਆਂ ਕਿਰਿਆਵਾਂ ਵਿਚੋਂ ਵੱਧ ਤੋਂ ਵੱਧ ਲਾਭ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਨੀ ਹੈ। ਇਹ ਮੁੱਲ ਅੱਗੇ ਦੋ ਸ਼੍ਰੇਣੀਆਂ ਵਿਚ ਵੰਡੇ ਜਾਂਦੇ ਹਨ:

(i) ਸਾਧਨ ਜਾਂ ਬਾਹਰੀ ਮੁੱਲ : ਜੇ ਕੋਈ ਮੁੱਲ ਕਿਸੇ ਨਿਸ਼ਚਿਤ ਅੰਤਿਮ ਲਕਸ਼ ਦੀ ਪ੍ਰਾਪਤੀ ਵਿਚ ਮਦਦ ਕਰਦਾ ਹੈ, ਇਹ ਸਾਧਨ ਰੂਪੀ ਮੁੱਲ ਕਹਾਉਂਦੇ ਹਨ। ਉਦਾਹਰਨ ਵਜੋਂ ਜੇ ਇਕ ਲੜਕਾ ਡਾਕਟਰ ਬਣਨ ਲਈ ਵਿਗਿਆਨ ਪੜ੍ਹਦਾ ਹੈ। ਇਹ ਵਸਤੂਪਰਕ ਹਨ ਅਤੇ ਹਾਲਾਤਾਂ ਦੇ ਬਦਲਣ ਨਾਲ ਬਦਲ ਜਾਂਦੇ ਹਨ।


(**ii**) ਅੰਦਰੂਨੀ ਮੁੱਲ : ਜੇ ਕੋਈ ਲੜਕਾ ਗਿਆਨ ਪ੍ਰਾਪਤ ਕਰਨ ਲਈ ਵਿਗਿਆਨ ਪੜ੍ਹਦਾ ਹੈ, ਇਹ ਅੰਦਰੂਨੀ ਮੁੱਲ ਹੈ। ਇਸ ਤਰ੍ਹਾਂ ਇਕੋ ਵਿਸ਼ਾ ਉਪਯੋਗਤਾ ਦੇ ਆਧਾਰ 'ਤੇ ਅੰਦਰੂਨੀ ਅਤੇ ਸਾਧਨ ਮੁੱਲ ਬਣ ਸਕਦਾ ਹੈ। ਇਸੇ ਤਰ੍ਹਾਂ ਦਰਸ਼ਨ ਸਾਸ਼ਤਰ ਵਿਸ਼ੇ ਦਾ ਅੰਦਰੂਨੀ ਮੁੱਲ ਹੈ। ਇਹ ਗਿਆਨ ਅਤੇ ਬੁੱਧੀ ਦਿੰਦਾ ਹੈ ਜੇ ਵਿਸ਼ੇ ਨੂੰ ਕਾਲਜ ਵਿਚ ਲੈਕਚਰਾਰ ਦੀ ਪੋਸਟ ਲਈ ਵਰਤਿਆ ਜਾਵੇ ਤਾਂ ਇਹ ਸਾਧਨ ਮੁੱਲ ਹੈ। ਇਸੇ ਤਰ੍ਹਾਂ ਅੰਦਰੂਨੀ ਅਤੇ ਸਾਧਨ ਮੁੱਲ ਸੁਭਾਅ ਅਤੇ ਦ੍ਰਿਸ਼ਟੀਗੋਚਰਤਾ ਤੋਂ ਸਾਪੇਖਕ ਹਨ।
(ਹ) ਪ੍ਰੇਰਨਾ ਦੇ ਆਧਾਰ 'ਤੇ ਮੁੱਲਾਂ ਦਾ ਆਧੁਨਿਕ ਵਰਗੀਕਰਨ:

ਪ੍ਰੇਰਨਾ ਦੇ ਆਧਾਰ 'ਤੇ ਮੁੱਲਾਂ ਨੂੰ ਦੋ ਸ਼੍ਰੇਣੀਆਂ ਵਿਚ ਵੰਡਿਆ ਜਾ ਸਕਦਾ ਹੈ: ਅਹੰਕਾਰ ਅਤੇ ਪਰਉਪਕਾਰ। ਅਭਿਮਾਨੀ ਸੋਚਦੇ ਹਨ ਕਿ ਵਿਅਕਤੀ ਦੇ ਕੰਮ ਉਸਦੀ ਆਪਣੀ ਰੁਚੀ ਦੀ ਪਾਲਣਾ ਕਰਦੇ ਹਨ। ਹਰ ਵਿਅਕਤੀ ਆਪਣੀ ਜ਼ਿੰਦਗੀ ਨੂੰ ਇਸ ਢੰਗ ਨਾਲ ਚਲਾਉਂਦਾ ਹੈ ਤਾਂ ਜੋ ਆਪਣੇ ਆਪ ਨੂੰ ਵੱਧ ਤੋਂ ਵੱਧ ਪ੍ਰਸੰਨਤਾ ਦੇ ਸਕੇ। ਅਹੰਕਾਰਵਾਦ ਸਵਾਰਥੀਪੁਣੇ ਨਾਲ ਮਿਲਦਾ ਜੁਲਦਾ ਹੈ। ਇਹ ਅਸਲੀਅਤ ਹੈ ਕਿ ਅਹੰਕਾਰੀ ਸੁਭਾਅ ਦੇ ਕੁੱਝ ਤੱਤ ਹਰ ਮਨੁੱਖੀ ਕਾਰਜ ਵਿਚ ਮਿਲਦੇ ਹਨ। ਫਿਰ ਵੀ ਇਸ ਨੂੰ ਨੀਵਾਂ ਮੁੱਲ ਕਿਹਾ ਜਾਦਾ ਹੈ।

ਪਰਉਪਕਾਰ ਅਹੰਕਾਰ ਦੇ ਉਲਟ ਹੈ। ਇਸ ਵਿਚ ਵਿਅਕਤੀ ਸੰਪੂਰਨ ਸਵੈ ਨੂੰ ਮਹਿਸੂਸ ਕਰਦਾ ਹੈ ਪਰ ਇਹ ਦੂਸਰਿਆਂ ਦੀਆਂ ਰੁਚੀਆਂ ਦੀ ਤਲਾਸ਼ ਵਿਚ ਕੀਤਾ ਜਾਂਦਾ ਹੈ। ਉੱਪਰਲੀ ਚਰਚਾ ਦੇ ਆਧਾਰ 'ਤੇ ਪਰਉਪਕਾਰ ਨੂੰ ਅਹੰਕਾਰ ਦੇ ਉਲਟ ਕਿਹਾ ਜਾਂਦਾ ਹੈ।

**1.**2.8 ਕਦਰਾਂ–ਕੀਮਤਾਂ ਦੀ ਦਰਜਾਬੰਦੀ: ਅਸਲ ਤੱਥ ਇਹ ਹੈ ਕਿ ਮੁੱਲ ਵਿਸ਼ਨਿਸ਼ਠ ਜਾਂ ਵਸਤੂਨਿਸ਼ਠ, ਅੰਦਰੂਨੀ ਜਾਂ ਬਾਹਰੀ, ਅਤੇ ਹੋਰ ਵੱਖ–ਵੱਖ ਕਿਸਮਾਂ ਸਾਬਿਤ ਕਰਦੀਆਂ ਹਨ ਕਿ ਇਹਨਾਂ ਦੀ ਦਰਜਾਬੰਦੀ ਹੁੰਦੀ ਹੈ। ਅਰਸਤੂ ਅਤੇ ਕਾਂਤ ਅਨੁਸਾਰ ਮਨੁੱਖ ਜੋ ਕੀਮਤ ਪਾਉਣ ਵਾਲਾ ਹੈ, ਮਨ ਜਾਂ ਇੱਛਾ ਦਾ ਵਿਸ਼ੇਸ਼ ਗੁਣ ਰੱਖਦਾ ਹੈ ਜੋ ਮਹਾਨ ਮੁੱਲਾਂ ਨੂੰ ਨੀਵੇਂ ਮੁੱਲਾਂ ਨਾਲੋਂ ਅਲੱਗ ਕਰਨ ਵਿਚ ਮਦਦ ਕਰਦਾ ਹੈ।

ਮੌਜੂਦਾ ਮੁੱਲ ਪ੍ਰਬੰਧ ਨੂੰ ਚਿੱਤਰ 5.1 ਵਿਚ ਵੰਡਿਆ ਗਿਆ ਹੈ। ਇਹ ਗੁਰੂ ਨਾਨਕ ਦੇਵ ਜੀ ਦੇ ਸਿੱਖਿਆ ਦਰਸਨ–ਸਾਸ਼ਤਰ ਉੱਪਰ ਆਧਾਰਿਤ ਹੈ ਜੋ ਪ੍ਰਾਚੀਨ ਭਾਰਤੀ ਨੀਤੀ ਸਾਸ਼ਤਰ ਦਾ ਸਮਰਥਨ ਕਰਦਾ ਹੈ।




1. ਨੀਵੇਂ ਮੁੱਲ: ਉਹ ਮੁੱਲ ਜੋ ਬਿਨਾਂ ਸੋਚੀ ਇੱਛਾ ਜਾਂ ਪਸ਼ੂ ਬਿਰਤੀ ਵਿਚੋਂ ਪੈਦਾ ਹੁੰਦੇ ਹਨ, ਨੀਵੇਂ ਮੁੱਲ ਹਨ। ਸਿੱਖਿਆ ਦੇ ਮਾਧਿਅਮ ਦੁਆਰਾ ਅਸੀਂ ਨੀਵੇਂ ਮੁੱਲਾਂ ਜਿਵੇਂ ਲਾਲਸਾ, ਲੋਭ, ਪਿਆਰ, ਮਾਣ, ਗੁੱਸਾ, ਚੁਗਲੀ ਕਰਨਾ, ਕਮਜ਼ੋਰਾਂ ਦੀ ਲੁੱਟ-ਖਸੁੱਟ, ਵਿਭਚਾਰ ਆਦਿ ਪ੍ਰਤੀ ਨਾਕਾਰਾਤਮਕ ਰਵੱਈਆ ਬਣਾਉਂਦੇ ਹਨ।

2. ਉੱਤਰਜੀਵਿਤਾ ਮੁੱਲ: ਕਿੱਤਈ ਮੁੱਲਾਂ ਦੇ ਮਾਧਿਅਮ ਦੁਆਰਾ ਅਸੀਂ ਮਨੁੱਖ ਨੂੰ ਆਪਣਾ ਜੀਵਿਕਾ ਕਮਾਉਣ ਯੋਗ ਬਣਾਉਂਦੇ ਹਾਂ ਜਿਵੇਂ ਭੋਜਨ, ਮਕਾਨ, ਕਾਮ ਆਦਿ। ਫਿਰ ਵੀ ਇਹ ਧਿਆਨ ਵਿਚ ਰੱਖਣਾ ਚਾਹੀਦਾ ਹੈ ਕਿ ਇਹੀ ਸਾਰਾ ਕੁੱਝ ਨਹੀਂ ਹੈ। ਇਹ ਜ਼ਿੰਦਾ ਰਹਿਣ ਲਈ ਇਕ ਉਦੇਸ਼ ਹੈ। ਇਸ ਨੂੰ ਪੂਰੀ ਇਮਾਨਦਾਰੀ ਨਾਲ ਕਰਨਾ ਚਾਹੀਦਾ ਹੈ।

3. ਸਮਾਜਿਕ ਮੁੱਲ : ਇਹ ਉੱਤਰਜੀਵਿਤਾ ਮੁੱਲਾਂ ਨਾਲੋਂ ਕੁੱਝ ਉੱਚੇ ਮੁੱਲ ਹਨ। ਇਹ ਦੂਜਿਆਂ ਦੀ ਭਲਾਈ ਅਤੇ ਮਨੁੱਖਤਾ ਲਈ ਹੁੰਦੇ ਹਨ। ਇਸ ਵਿਚ ਮਨੁੱਖਤਾ, ਮੁਆਫ਼ੀ ਦੇਣਾ, ਬੁੱਧੀ, ਹੌਂਸਲਾ, ਦਇਆ ਆਦਿ। ਸਿੱਖਿਆ ਪਾਠਕ੍ਰਮ ਅਤੇ ਸਹਿਪਾਠੀ ਕਿਰਿਆਵਾਂ ਦੁਆਰਾ ਇਹ ਮੁੱਲ ਪੈਦਾ ਕਰਦੀ ਹੈ।

4. ਉੱਚ ਮੁੱਲ: ਇਹ ਤਿੰਨ ਮੁੱਲ (ਮੁੱਲਾਂ ਦੀ ਤਿਕੜੀ) ਭਾਵ ਸੱਚ, ਸੁੰਦਰਤਾ ਅਤੇ ਚੰਗਿਆਈ ਨੂੰ ਅੰਤਿਮ ਮੁੱਲ ਕਹਿੰਦੇ ਹਨ। ਅਰਸਤੂ ਵੀ ਇਹਨਾਂ ਨੂੰ ਉੱਚ ਮੁੱਲ ਕਹਿੰਦਾ ਹੈ ਅਤੇ ਬਾਕੀ ਸਾਰੇ ਮੁੱਲਾਂ ਨੂੰ ਇਹਨਾਂ ਤਿੰਨ ਮੁੱਲਾਂ ਦੇ ਅਧੀਨ ਸਮਝਦਾ ਹੈ।

ਲੋਕਤੰਤਰਿਕ ਦੇਸ਼ ਵਿਚ ਬਰਾਦਰੀ, ਮਾਪੇ, ਧਰਮ ਦੇ ਸਹਿਯੋਗ ਨਾਲ ਸਿੱਖਿਆ ਵਿਦਿਆਰਥੀਆਂ ਵਿਚ ਉੱਚ ਮੁੱਲਾਂ ਭਾਵ ਸੱਚ, ਸੁੰਦਰਤਾ ਅਤੇ ਚੰਗਿਆਈ ਦਾ ਵਿਕਾਸ ਕਰਦੀ ਹੈ। ਜਿਹੜੀ ਸਿੱਖਿਆ ਉੱਚ ਮੁੱਲਾਂ ਦਾ ਵਿਕਾਸ ਨਹੀਂ ਕਰਦੀ, ਸਿੱਖਿਆ ਨਹੀਂ ਕਹਾ ਸਕਦੀ।

5. ਅੰਤਿਮ ਮੁੱਲ: ਸਾਡੀ ਰਾਸ਼ਟਰੀ ਸਿੱਖਿਆ ਪ੍ਰਣਾਲੀ ਅਨੁਸਾਰ ਸਿੱਖਿਆ ਦਾ ਉੱਚ ਉਦੇਸ਼ ਹੈ-ਸਵੈ-ਪਹਿਚਾਣ ਭਾਵ ਪਰਮਾਤਮਾ ਨਾਲ ਅਭੇਦਤਾ। ਸਾਡੀ ਜ਼ਿੰਦਗੀ ਦਾ ਇਹ ਸਭ ਤੋਂ ਉੱਚਾ ਮੁੱਲ ਹੈ। ਸਿੱਖਿਆ ਇਹ ਰਸਤਾ ਵਿਖਾਏਗੀ ਭਾਵੇਂ ਆਮ ਵਿਅਕਤੀ ਲਈ ਇਹ ਪ੍ਰਾਪਤ ਕਰਨਾ ਅਸੰਭਵ ਹੈ। ਇਸ ਪੜਾ 'ਤੇ ਬਹੁਤ ਘੱਟ ਵਿਅਕਤੀ ਪਹੁੰਚਦੇ ਹਨ। ਸਾਰਾਂਸ ਰੂਪ ਵਿਚ ਅਧਿਆਤਮਕ ਅਤੇ ਬੌਧਿਕ ਉੱਚ ਮੁੱਲ, ਪਦਾਰਥਕ ਅਤੇ ਸਰੀਰਕ ਮੁੱਲ ਨੀਵੇਂ ਮੁੱਲ ਹਨ। ਮੁੱਲ ਸਾਡੀ ਸਿੱਖਿਆ ਪ੍ਰਣਾਲੀ ਰਾਹੀਂ ਪ੍ਰਾਪਤ ਕੀਤੇ ਜਾ ਸਕਦੇ ਹਨ।

ਸਾਧਨਵਾਦੀ, ਪ੍ਰਯੋਗਵਾਦੀ ਅਤੇ ਤਜਰਬੇਵਾਦੀ ਵੱਖ-ਵੱਖ ਕਦਰਾਂ-ਕੀਮਤਾਂ ਦੀ ਦਰਜਾਬੰਦੀ ਬਣਾਉਂਦੇ ਹਨ। ਉਹਨਾਂ ਅਨੁਸਾਰ ਕੋਈ ਮੁੱਲ ਉੱਚਾ ਦਰਜਾ ਹਾਸਲ ਕਰ ਜਾਂਦਾ ਹੈ ਜਦ ਉਹ ਕਿਸੇ ਉਦੇਸ਼ ਦੀ ਪ੍ਰਾਪਤੀ ਲਈ ਵਧੀਆ ਸਾਧਨ ਦਾ ਕੰਮ ਕਰਦਾ ਹੈ। ਉਹ ਕਹਿੰਦੇ ਹਨ ਕਿ ਦਰਜਾਬੰਦੀ ਪਹਿਲਾਂ ਨਹੀਂ ਕੀਤੀ ਜਾ ਸਕਦੀ ਨ ਹੀ ਇਹ ਅੰਤਿਮ ਹੁੰਦੀ ਹੈ। ਕੋਈ ਵਿਅਕਤੀ ਕਿਸੇ ਸਮੇਂ ਕਿਸੇ ਖਾਸ ਸਥਿਤੀ ਵਿਚ ਕਿਹੜੇ ਮੁੱਲ ਰੱਖਦਾ ਹੈ,'ਤੇ ਨਿਰਭਰ ਕਰਦਾ ਹੈ। ਇਹ ਕਾਰਕ ਕਦਰਾਂ-ਕੀਮਤਾਂ ਦੀ ਦਰਜਾਬੰਦੀ ਤਹਿ ਕਰਦੇ ਹਨ। ਉਦਾਹਰਨ ਦੇ ਤੌਰ 'ਤੇ ਕੋਈ ਪਾਠ-ਪੁਸਤਕ ਵਿਦਿਆਰਥੀਆਂ ਨੂੰ ਸਿਫ਼ਾਰਿਸ ਕਰਨ ਲਈ ਕੀਮਤ, ਬਣਤਰ, ਸਮੱਗਰੀ ਜਾਂ ਵਿਸ਼ਾ ਵਸਤੂ ਦੀ ਪੇਸ਼ਕਾਰੀ ਵਿਚੋਂ ਕਿਹੜੇ ਕਾਰਕ ਨੂੰ ਵਧੇਰੇ ਤਰਜੀਹ ਦਿੱਤੀ ਜਾਵੇ। ਤਰਜੀਹ ਦਾ ਕ੍ਰਮ ਸਿੱਖਿਆ ਨੀਤੀ, ਸਮਾਂ ਅਤੇ ਸਥਾਨ 'ਤੇ ਨਿਰਭਰ ਕਰਦਾ ਹੈ। ਪਾਠ-ਪੁਸਤਕ ਦੀ ਚੋਣ ਵਿਚਲੇ ਮੁੱਲਾਂ ਦੀ ਦਰਜਾਬੰਦੀ ਇਸ ਪਦਕ੍ਰਮ ਉੱਪਰ ਨਿਰਭਰ ਕਰਦੀ ਹੈ।

### **1.2.9** ਮੁੱਲਾਂ ਨੂੰ ਦ੍ਰਿੜ ਕਰਵਾਉਣ ਲਈ ਸਿੱਖਿਆ ਦੀ ਭੂਮਿਕਾ

ਮੁੱਲਾਂ ਦਾ ਵਿਕਾਸ ਕੋਈ ਸੌਖਾ ਕੰਮ ਨਹੀਂ ਅਤੇ ਨ ਹੀ ਇਸ ਲਈ ਕੋਈ ਜਾਦੂਮਈ ਤਰੀਕਾ ਹੈ। ਇਸ ਦੀ ਕੋਈ ਸਮਾਂ-ਸੀਮਾ ਵੀ ਨਹੀਂ। ਇਹ ਜੀਵਨ ਭਰ ਦੀ ਤਾਂਘ ਹੈ। ਮੁੱਲਾਂ ਦਾ ਵਿਕਾਸ ਘਰ, ਸਾਥੀ, ਬਰਾਦਰੀ, ਮਾਧਿਅਮ ਅਤੇ ਸਮਾਜ ਵਰਗੇ ਕਾਰਕਾਂ ਦੇ ਗੁੰਝਲਦਾਰ ਜਾਲ ਤੋਂ ਪ੍ਰਭਾਵਿਤ ਹੁੰਦਾ ਹੈ। ਪਰ ਸਿੱਖਿਆ ਮੁੱਲਾਂ ਦੇ ਵਿਕਾਸ ਲਈ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ।

ਡਾ.ਐਸ.ਰਾਧਾਕ੍ਰਿਸ਼ਨਨ ਦੇ ਅਨੁਸਾਰ: "ਸਿੱਖਿਆ ਦਾ ਅਰਥ ਕੁੱਝ ਤੱਥ ਅਤੇ ਵਿਚਾਰ ਇਕੱਠੇ ਕਰਨਾ ਨਹੀਂ ਸਗੋਂ ਮਨੁੱਖੀ ਮੁੱਲ ਪ੍ਰਦਾਨ ਕਰਨਾ ਵੀ ਹੁੰਦਾ ਹੈ।"

ਇਸ ਤਰ੍ਹਾਂ, ਸਿੱਖਿਆ ਪ੍ਰਕਿਰਿਆ ਦੀ ਸੰਪੂਰਨਤਾ ਲਈ ਮੁੱਲਾਂ ਦੀ ਬਹੁਤ ਲੋੜ ਹੈ। ਮੁੱਲ ਕੇਂਦਰਿਤ ਸਿੱਖਿਆ ਸੰਬੰਧੀ ਕੁੱਝ ਵਿਚਾਰ ਇਸ ਤਰ੍ਹਾਂ ਹਨ:

1. ਭਾਰਤੀ ਸਿੱਖਿਆ ਆਯੋਗ ਅਨੁਸਾਰ: "ਨੌਜਵਾਨ ਪੀੜ੍ਹੀ ਵਿਚ ਸਮਾਜਿਕ ਅਤੇ ਨੈਤਿਕ ਮੁੱਲਾਂ ਦੇ ਨਿਘਾਰ ਕਾਰਨ ਪੱਛਮੀ ਸਮਾਜ ਵਿਚ ਅਨੇਕਾਂ ਗੰਭੀਰ ਉਲਝਣਾਂ ਪੈਦਾ ਹੋ ਰਹੀਆ ਹਨ ਅਤੇ ਕਈ ਮਹਾਨ ਵਿਚਾਰਕਾਂ ਦੀ ਇੱਛਾ ਹੈ ਕਿ ਗਿਆਨ ਅਤੇ ਕੌਸ਼ਲ ਵਿਚਕਾਰ ਤਾਲਮੇਲ ਪੈਦਾ ਕੀਤਾ ਜਾਵੇ ਜੋ ਵਿਗਿਆਨ ਅਤੇ ਤਕਨਾਲੋਜੀ ਨੀਤੀ ਸਾਸ਼ਤਰ ਅਤੇ ਧਰਮ ਨਾਲ ਮਿਲ ਕੇ ਮੁੱਲ

ਅਤੇ ਸੂਝ ਵਧੀਆ ਢੰਗ ਨਾਲ ਲਿਆ ਸਕਦੇ ਹਨ। ਵਿਕਸਤ ਹੋ ਰਹੇ ਭਾਰਤ ਦੇਸ਼ ਲਈ ਵੀ ਉੱਨਾ ਹੀ ਮਹੱਤਵਪੂਰਨ ਕਿ ਅਸੀਂ ਵੀ ਮੁੱਲ ਕੇਂਦਰਿਤ ਸਿੱਖਿਆ ਦੇਈਏ।''

2. ਸਿੱਖਿਆ ਦੀ ਚੁਣੌਤੀ: ਨੀਤੀ ਪਰਿਪੇਖ: 'ਭਾਰਤੀ ਸਿੱਖਿਆ ਸਾਹਮਣੇ ਮੁੱਖ ਸੰਕਟ ਹੈ, ਮੁੱਲ ਕੇਂਦਰਿਤ ਦਾ ਹੋਣਾ। ਇਹ ਆਮ ਦਲੀਲ ਦਿੱਤੀ ਜਾਂਦੀ ਹੈ ਕਿ ਪਿਛਲੇ ਤਿੰਨ ਦਹਾਕਿਆਂ ਤੋਂ ਗੁਣਾਤਮਕ ਵਾਧੇ ਵੱਲ ਧਿਆਨ ਕੇਂਦਰਿਤ ਕੀਤਾ ਗਿਆ ਜਿਸ ਦੇ ਨਤੀਜੇ ਵਜੋਂ ਸਿੱਖਿਆ ਦੇ ਮਿਆਰ ਅਤੇ ਗੁਣਾਂ ਨੂੰ ਬਰਕਰਾਰ ਰੱਖਣ ਲਈ ਕੋਈ ਧਿਆਨ ਨਹੀਂ ਦਿੱਤਾ ਗਿਆ। ਜਿਸ ਦੇ ਸਿੱਟੇ ਵਜੋਂ ਸਿੱਖਿਆ ਪ੍ਰਣਾਲੀ ਸਿਰਫ਼ ਘਟੀਆ ਹੀ ਨਹੀਂ ਹੋਈ ਬਲਕਿ ਨੈਤਿਕ ਮੁੱਲਾਂ ਵਿਚ ਵੀ ਭਾਰੀ ਗਿਰਾਵਟ ਆਈ।

3. ਰਾਸ਼ਟਰੀ ਸਿੱਖਿਆ ਨੀਤੀ, 1986: ਨੀਤੀ ਦੇ ਖਰੜੇ ਵਿਚ ਹੇਠ ਲਿਖੇ ਨੁਕਤੇ ਦਿੱਤੇ ਗਏ:

(i) ਨੈਤਿਕ ਮੁੱਲ: "ਲਾਜ਼ਮੀ ਮੁੱਲਾਂ ਵਿਚ ਆ ਰਹੀ ਲਗਾਤਾਰ ਗਿਰਾਵਟ ਅਤੇ ਸਮਾਜ 'ਚ ਵੱਧ ਰਹੀ ਕਾਇਰਤਾ ਕਾਰਨ ਸਮਾਜਿਕ ਅਤੇ ਨੈਤਿਕ ਮੁੱਲਾਂ ਦੀ ਪ੍ਰਫੁਲਿਤਾ ਲਈ ਪਾਠਕ੍ਰਮ ਵਿਚ ਪੁਨਰ-ਨਿਰਮਾਣ ਕਰਨ ਦੀ ਲੋੜ ਵੱਲ ਧਿਆਨ ਦਿੱਤਾ ਗਿਆ।''

(ii) ਸਥਾਈ ਮੁੱਲ: "ਸਾਡੇ ਬਹੁ-ਭਾਂਤੀ ਸਭਿਆਚਾਰ ਵਿਚ ਸਿੱਖਿਆ ਸਾਡੇ ਲੋਕਾਂ ਦੀ ਏਕਤਾ ਲਈ ਅੰਤਿਮ ਅਤੇ ਸਥਾਈ ਮੁੱਲਾਂ ਦਾ ਵਿਕਾਸ ਕਰਨਾ ਚਾਹੀਦਾ ਹੈ। ਅਜਿਹੀ ਮੁੱਲ ਕੇਂਦਰਿਤਾ ਅਸਪੱਸ਼ਟਤਾ, ਧਾਰਮਿਕ ਪੱਖਪਾਤ, ਹਿੰਸਾ, ਵਹਿਮ-ਭਰਮ ਅਤੇ ਹੋਣੀਵਾਦ ਨੂੰ ਘੱਟ ਕਰਨ ਵਿਚ ਮਦਦ ਕਰੇਗੀ।''

(iii) ਸਾਕਾਰਾਤਮਕ ਸਮਗਰੀ: "ਇਸ ਭੂਮਿਕਾ ਤੋਂ ਇਲਾਵਾ ਮੁੱਲ ਸਿੱਖਿਆ ਕੋਲ ਸਾਡੀ ਵਿਰਾਸਤ, ਰਾਸ਼ਟਰੀ ਟੀਚੇ, ਸਰਵ-ਵਿਆਪੀ ਅਨੁਭਵ ਉੱਤੇ ਆਧਾਰਿਤ ਸਾਕਾਰਾਤਮਕ ਸਮੱਗਰੀ ਵੀ ਹੈ। ਇਸ ਲਈ ਵਧੇਰੇ ਜ਼ੋਰ ਇਸ ਉੱਤੇ ਲਗਾਉਣਾ ਚਾਹੀਦਾ ਹੈ।''

4. ਸੁਆਮੀ ਦਇਆਨੰਦ ਅਨੁਸਾਰ: "ਮੁੱਲ ਸਿੱਖਿਆ ਲਈ ਮਾਪੇ ਵਿਸ਼ੇਸ਼ ਭੂਮਿਕਾ ਅਤੇ ਜ਼ਿੰਮੇਵਾਰੀ ਨਿਭਾ ਸਕਦੇ ਹਨ। ਇਹ ਮਾਪਿਆਂ ਦਾ ਫ਼ਰਜ ਹੈ ਕਿ ਆਪਣੇ ਬੱਚਿਆਂ ਨੂੰ ਮੁੱਲ ਸੰਬੰਧੀ ਹਦਾਇਤਾਂ ਦੇਣ ਜੋ ਪ੍ਰਾਚੀਨ ਭਾਰਤੀ ਸਿੱਖਿਆ ਪਰੰਪਰਾ ਤੋਂ ਤਾੜਨਾ ਲੈਣ।''

5. ਸੁਆਮੀ ਵਿਵੇਕਾਨੰਦ ਅਨੁਸਾਰ: "ਸਿੱਖਿਆ ਮਨੁੱਖ ਵਿਚ ਪਹਿਲਾਂ ਹੀ ਮੌਜੂਦ ਦੈਵੀ ਸੰਪੂਰਨਤਾ ਦੀ ਪੇਸ਼ਕਾਰੀ ਹੈ........ਇਸ ਲਈ ਸਾਡੇ ਦੇਸ਼ ਦੀ ਸਾਰੀ ਸਿੱਖਿਆ ਅਧਿਆਤਮਿਕ ਅਤੇ ਧਰਮ ਨਿਰਪੱਖ ਸਾਡੇ ਹੱਥ 'ਚ ਹੋਣੀ ਚਾਹੀਦੀ ਹੈ ਅਤੇ ਇਹ ਰਾਸ਼ਟਰੀ ਢੰਗਾਂ ਦੁਆਰਾ ਜਿਥੋਂ ਤੱਕ ਵਿਵਹਾਰਿਕ ਹੈ, ਰਾਸ਼ਟਰੀ ਟੀਚਿਆਂ ਅਨੁਸਾਰ ਹੋਣਾ ਚਾਹੀਦਾ ਹੈ। ਅਧਿਆਪਕਾਂ ਨੂੰ ਸਿਖਲਾਈ ਦੇਣ ਲਈ ਅਜਿਹੀ ਸੰਸਥਾ ਹੋਣੀ ਚਾਹੀਦੀ ਹੈ ਜੋ ਧਰਮ ਬਾਰੇ ਪ੍ਰਚਾਰ ਕਰੇ ਅਤੇ ਲੋਕਾਂ ਨੂੰ ਧਰਮ ਨਿਰਪੱਖ ਸਿੱਖਿਆ ਦੇਵੇ।''

6. ਮਹਾਤਮਾ ਗਾਂਧੀ ਅਨੁਸਾਰ: "ਸਿੱਖਿਆ ਹੱਥ, ਸਿਰ ਅਤੇ ਦਿਲ ਲਈ ਹੋਣੀ ਚਾਹੀਦੀ ਹੈ। ਦਿਲ ਦੀ ਸਿੱਖਿਆ ਤੋਂ ਭਾਵ ਅਧਿਆਤਮਕ ਸਿਖਲਾਈ ਹੈ। ਸਿੱਖਿਆ ਦਾ ਉਦੇਸ਼ ਸਵੈ-ਪਹਿਚਾਣ ਜੋ ਜੀਵਨ ਅਤੇ ਸਿੱਖਿਆ ਦਾ ਨਿਚੋੜ ਹੈ।''

7. ਰਵਿੰਦਰ ਨਾਥ ਟੈਗੋਰ ਅਨੁਸਾਰ: ਮੁੱਲ ਕੇਂਦਰਿਤ ਸਿੱਖਿਆ ਦੀ ਲੋੜ ਅਤੇ ਮਹੱਤਤਾ ਉੱਪਰ ਜ਼ੋਰ ਦਿੰਦੇ ਹੋਏ ਉਹ ਲਿਖਦਾ ਹੈ, "ਸਿੱਖਿਆ ਦਾ ਸਭ ਤੋਂ ਵਧੇਰੇ ਫਾਇਦਾ ਤੱਥਾਂ ਨੂੰ ਇਕੱਠਾ ਕਰਨਾ ਬਲਕਿ ਮਨੁੱਖ ਨੂੰ ਜਾਨਣਾ ਅਤੇ ਮਨੁੱਖ ਨੇ ਆਪਣੇ ਆਪ ਨੂੰ ਜਾਨਣਾ ਹੈ।''

8. ਅਰਬਿੰਦੋ ਅਨੁਸਾਰ: "ਹਰ ਵਿਅਕਤੀ ਵਿਚ ਸੁੱਤੀ ਹੋਈ ਅਧਿਆਤਮਿਕਤਾ ਹੈ। ਇਸ ਲਈ ਸਿੱਖਿਆ ਦੋ ਪੜਾਵਾਂ ਵਾਲੀ ਹੋਣੀ ਚਾਹੀਦੀ ਹੈ। ਪਹਿਲੇ ਪੜਾ ਵਿਚ, ਸਾਡੀ ਸਿੱਖਿਆ ਵਿਚ ਉੱਚ ਮੁੱਲਾਂ ਨੂੰ ਪੜ੍ਹਾਉਣ ਲਈ ਮੌਕੇ ਹੋਣੇ ਚਾਹੀਦੇ ਹਨ। ਨੀਚਲੇ ਪੜਾ 'ਤੇ ਸਾਰੀਆਂ ਨੂੰ ਉੱਚ ਮੁੱਲ ਪੜ੍ਹਾਏ ਜਾਣੇ ਚਾਹੀਦੇ ਹਨ। ਦੂਜੇ ਪੜਾ ਵਿਚ, ਕੇਵਲ ਉਹ ਜੋ ਅਧਿਆਤਮਿਕ ਮੁੱਲ ਲੈਣਾ ਚਾਹੁੰਦੇ ਹਨ ਨੂੰ ਉੱਚ ਪੱਧਰ 'ਤੇ ਮੁੱਲਾਂ ਦੀ ਸਿੱਖਿਆ ਦਿੱਤੀ ਜਾਣੀ ਚਾਹੀਦੀ ਹੈ।''

9. ਰਾਧਾਕ੍ਰਿਸ਼ਨਨ ਅਨੁਸਾਰ : "ਸਿੱਖਿਆ ਸਿਰਫ਼ ਸੂਚਨਾ ਪ੍ਰਦਾਨ ਕਰਨ ਜਾਂ ਕੌਸ਼ਲ ਸੰਬੰਧੀ ਸਿਖਲਾਈ ਤੱਕ ਹੀ ਸੀਮਿਤ ਨਹੀਂ। ਸਗੋਂ ਮੁੱਲਾਂ ਦੀ ਸੂਝ ਦੇਣਾ ਹੈ।''

ਮੁੱਲਾਂ ਨੂੰ ਵਿਕਸਤ ਕਰਨ ਲਈ ਹੇਠ ਲਿਖੇ ਢੰਗ ਵਰਤੇ ਜਾ ਸਕਦੇ ਹਨ:

1. ਸਵੇਰ ਦੀ ਸਭਾ: ਸਾਰੀਆਂ ਸਿੱਖਿਆ ਸੰਸਥਾਵਾਂ ਵਿਚ ਹਰ ਰੋਜ਼ ਸਵੇਰ ਦੀ ਸਭਾ ਹੋਣੀ ਚਾਹੀਦੀ ਹੈ। ਇਸ ਦਾ ਸਮਾਂ ਅਵਧੀ ਦਾ15-30 ਮਿੰਟ ਹੋਣਾ ਚਾਹੀਦਾ ਹੈ। ਸਵੇਰ ਦੀ ਸਭਾ ਵਿਚ(i)ਪ੍ਰਾਰਥਨਾ(ii)ਸ਼ਰਧਾ ਭਰੇ ਜਾਂ ਦੇਸ਼ ਭਗਤੀ ਦੇ ਗੀਤ(iii)ਵਿਦਿਆਰਥੀ, ਅਧਿਆਪਕ ਜਾਂ ਮੁਖੀ ਦੁਆਰਾ ਭਾਸ਼ਣ(iv)ਅਧਿਆਤਮਕ ਪ੍ਰਵਚਨ(v)ਸੰਸਾਰ ਦੇ ਮਹਾਨ ਗ੍ਰੰਥ ਜਾਂ ਸਾਹਿਤ ਪੜ੍ਹਨਾ।

2. ਲਾਜ਼ਮੀ ਵਿਸ਼ਾ: ਸਕੂਲਾਂ ਅਤੇ ਕਾਲਜਾਂ ਵਿਚ ਮੁੱਲ ਸਿੱਖਿਆ ਨੂੰ ਲਾਜ਼ਮੀ ਵਿਸ਼ੇ ਵਜੋਂ ਪੜ੍ਹਾਇਆ ਜਾਣਾ ਚਾਹੀਦਾ ਹੈ। ਮਹਾਨ ਧਰਮਾਂ ਜਿਵੇਂ ਹਿੰਦੂ, ਸਿੱਖ, ਬੁੱਧ, ਜੈਨ, ਇਸਲਾਮ, ਈਸਾਈ ਦੀਆਂ ਸਿੱਖਿਆਵਾਂ ਸਿੱਖਿਆ ਸੰਸਥਾਵਾਂ ਵਿਚ ਪੜ੍ਹਾਈਆਂ ਜਾਣ। ਵਿਦਿਆਰਥੀਆਂ ਨੂੰ ਸਾਰੇ ਧਰਮਾਂ ਦਾ ਮੌਲਿਕ ਸੱਚ (ਭਰਾਤਰੀ ਭਾਵ ਅਤੇ ਪਰਮਾਤਮਾ ਸਰਵ-ਵਿਆਪਕ ਪਿਤਾ) ਦੱਸਿਆ ਜਾਵੇ। ਸੰਸਥਾ ਵਿਚ ਹਫਤੇ ਵਿਚ ਘੱਟੋ-ਘੱਟ ਇਕ ਪੀਰੀਅਡ ਮੁੱਲ ਸਿੱਖਿਆ ਲਈ ਰੱਖਿਆ ਜਾਵੇ। ਮੁੱਲ ਸਿੱਖਿਆ (ਨੈਤਿਕ ਸਿੱਖਿਆ) ਦੀ ਘਰੇਲੂ ਪ੍ਰੀਖਿਆ ਵੀ ਲਈ ਜਾਵੇ। ਸਾਰੇ ਵਿਦਿਆਥੀਆਂ ਨੂੰ ਇਹ ਜੂਨੀਅਰ ਪੱਧਰ 'ਤੇ(ਪੰਜਵੀਂ ਅਤੇ ਅੱਠਵੀਂ ਸ਼ੇਣੀ) ਸੈਕੰਡਰੀ ਪੱਧਰ (10ਵੀਂ ਸ਼ੇਣੀ) ਅਤੇ ਸੀਨੀਅਰ ਸੈਕੰਡਰੀ ਪੱਧਰ (12ਵੀਂ ਸ਼ੇਣੀ) ਤੱਕ ਪਾਸ ਕਰਨ ਲਈ ਕਿਹਾ ਜਾਵੇ। ਮੁੱਲ ਸਿੱਖਿਆ ਪਾਸ ਕਰਨ ਤੋਂ ਬਿਨਾਂ ਕੋਈ ਵਿਅਕਤੀ ਨੂੰ ਪਾਰ ਨ ਕੀਤਾ ਜਾਵੇ।

3. ਪਾਠਕ੍ਰਮ ਦਾ ਪੁਨਰ ਨਿਰਮਾਣ: ਮੁੱਲਾਂ ਦਾ ਵਿਕਾਸ ਕਰਨ ਲਈ ਪਾਠਕ੍ਰਮ ਦਾ ਪੁਨਰ ਨਿਰਮਾਣ ਕੀਤਾ ਜਾਵੇ। ਆਪਣੇ ਸਮਾਜਿਕ, ਨੈਤਿਕ, ਸਭਿਆਚਾਰਕ, ਅਧਿਆਤਮਕ ਮੁੱਲਾਂ, ਕੰਮਾਂ ਅਤੇ ਪ੍ਰਾਪਤੀਆਂ ਨੂੰ ਧਿਆਨ ਵਿਚ ਰੱਖਦੇ ਹੋਏ ਇਤਿਹਾਸ, ਭੂਗੋਲ, ਨਾਗਰਿਕ ਸਾਸ਼ਤਰ, ਭਾਸ਼ਾ, ਕਲਾ ਅਤੇ ਸੰਗੀਤ ਆਦਿ ਵੱਖ-ਵੱਖ ਵਿਸ਼ੇ ਪੜ੍ਹਾਉਣੇ ਚਾਹੀਦੇ ਹਨ।

4. ਪਾਠ-ਪੁਸਤਕਾਂ ਦਾ ਪੁਨਰ ਨਿਰਮਾਣ: ਭਾਰਤੀ ਇਤਿਹਾਸ, ਭੂਗੋਲ, ਨਾਗਰਿਕ ਸਾਸ਼ਤਰ, ਸਾਹਿਤ ਅਤੇ ਭਾਸ਼ਾ ਆਦਿ ਉੱਤੇ ਪਾਠ-ਪੁਸਤਕਾਂ ਦਾ ਪੁਨਰ-ਨਿਰਮਾਣ ਕਰਨ ਦੀ ਜ਼ਰੂਰਤ ਹੈ ਤਾਂ ਜੋ ਉਹ ਸਮਾਜਿਕ, ਸਭਿਆਚਾਰਕ, ਨੈਤਿਕ, ਸੁਹਜਾਤਮਕ, ਆਰਥਿਕ, ਰਾਜਨੀਤਿਕ ਅਤੇ ਅਧਿਆਤਮਕ ਮੁੱਲਾਂ ਦੀ ਪ੍ਰਸ਼ੰਸਾ ਅਤੇ ਨਕਲ ਕਰ ਸਕਣ। ਇਹਨਾਂ ਨੂੰ ਤਿਆਰ ਕਰਨ ਲੱਗਿਆ ਹਰ ਗੱਲ ਦਾ ਧਿਆਨ ਰੱਖਿਆ ਜਾਵੇ। ਦੂਸਰੇ ਸ਼ਬਦਾਂ ਵਿਚ ਪੁਸਤਕਾਂ ਮੁੱਲ ਕੇਂਦਰਿਤ ਹੋਣੀਆਂ ਚਾਹੀਦੀਆਂ ਹਨ।

5. ਵਿਸਤ੍ਰਿਤ ਭਾਸ਼ਣ: ਨੈਤਿਕਤਾ/ਮੁੱਲ ਕੇਂਦਰਿਤ ਸਿੱਖਿਆ ਉੱਤੇ ਆਧਾਰਿਤ ਵਿਸਤ੍ਰਿਤ ਭਾਸ਼ਣ ਸਿੱਖਿਆ ਸੰਸਥਾਵਾਂ ਵਿਚ ਸੰਗਠਿਤ ਹੋਣੇ ਚਾਹੀਦੇ ਹਨ। ਅਜਿਹੇ ਮੁੱਲ ਕੇਂਦਰਿਤ ਭਾਸ਼ਣ ਦੇਣ ਲਈ ਮਾਹਰਾਂ ਨੂੰ ਬੁਲਾਇਆ ਜਾਣਾ ਚਾਹੀਦਾ ਹੈ।

6. ਭਾਸ਼ਣ ਮੁਕਾਬਲੇ: ਜੀਵਨ ਦੇ ਸਮਾਜਿਕ, ਨੈਤਿਕ, ਸਭਿਆਚਾਰਕ, ਸੁਹਜਾਤਮਕ ਅਤੇ ਅਧਿਆਤਮਿਕ ਮੁੱਲਾਂ ਨਾਲ ਸੰਬੰਧਤ ਵਿਸ਼ਿਆਂ ਉੱਤੇ ਵੱਖ-ਵੱਖ ਸੰਸਥਾਵਾਂ ਵਿਚ ਭਾਸ਼ਣ ਮੁਕਾਬਲੇ ਕਰਵਾਏ ਜਾਣੇ ਚਾਹੀਦੇ ਹਨ। ਬੁਲਾਰਿਆਂ ਅਤੇ ਦਰਸ਼ਕਾਂ ਦੇ ਤੌਰ 'ਤੇ ਸ਼ਮੂਲੀਅਤ ਚੰਗਾ ਪ੍ਰਭਾਵ ਛੱਡੇਗੀ। ਇਹਨਾਂ ਮੁਕਾਬਲਿਆਂ ਵਿਚ ਭਾਗ ਲੈਣ ਲਈ ਵਿਭਿੰਨ ਸੰਸਥਾਵਾਂ ਨੂੰ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ।

7. ਸਕਿੱਟ ਅਤੇ ਨਾਟਕ: ਸੰਸਥਾ ਜੀਵਨ ਦੀਆਂ ਸਮਾਜਿਕ, ਨੈਤਿਕ, ਸਭਿਆਚਾਰਕ, ਸੁਹਜਾਤਮਕ ਅਤੇ ਅਧਿਆਤਮਿਕ ਕਦਰਾਂ-ਕੀਮਤਾਂ ਨਾਲ ਸੰਬੰਧਤ ਵਿਸ਼ਿਆਂ ਉੱਪਰ ਸਕਿੱਟ ਅਤੇ ਨਾਟਕ ਸੰਗਠਿਤ ਕਰ ਸਕਦੀ ਹੈ।

8. ਪੁਸਤਕਾਂ ਦੀ ਪ੍ਰਦਰਸ਼ਨੀ: ਸੰਸਥਾ ਵਿਚ ਜੀਵਨ ਦੀਆਂ ਸਮਾਜਿਕ, ਨੈਤਿਕ, ਸਭਿਆਚਾਰਕ, ਸੁਹਜਾਤਮਕ ਅਤੇ ਅਧਿਆਤਮਿਕ ਕਦਰਾਂ-ਕੀਮਤਾਂ ਨਾਲ ਸੰਬੰਧਤ ਸਾਹਿਤ ਉੱਤੇ ਪ੍ਰਕਾਸ਼ਕਾਂ ਅਤੇ ਪੁਸਤਕ ਵਿਕਰੇਤਾਵਾਂ ਨੂੰ ਬੁਲਾ ਕੇ ਪ੍ਰਦਰਸ਼ਨੀ ਲਗਾਈ ਜਾਵੇ।

9. ਕਲਾ ਅਤੇ ਚਿਤਰਕਾਰੀ ਪ੍ਰਦਰਸ਼ਨੀ: ਸਿੱਖਿਆ ਸੰਸਥਾਵਾਂ ਵਿਚ ਜੀਵਨ ਦੀਆਂ ਸਮਾਜਿਕ, ਨੈਤਿਕ, ਸਭਿਆਚਾਰਕ, ਸੁਹਜਾਤਮਕ ਅਤੇ ਅਧਿਆਤਮਿਕ ਕਦਰਾਂ-ਕੀਮਤਾਂ ਨਾਲ ਸੰਬੰਧਤ ਵਿਸ਼ਿਆਂ ਉੱਤੇ ਪ੍ਰਦਰਸ਼ਨੀ ਸੰਗਠਿਤ ਕੀਤੀ ਜਾਵੇ। ਮਹਾਨ ਕਲਾਕਾਰਾਂ ਦੀ ਕਲਾ, ਸਭਿਆਚਾਰ ਅਤੇ ਲੋਕਾਂ ਦੇ ਜੀਵਨ ਦੀਆਂ ਕਦਰਾਂ-ਕੀਮਤਾਂ ਨੂੰ ਦਰਸਾਉਂਦੀ ਚਿਤਰਕਾਰੀ ਪੇਸ਼ ਕੀਤੀ ਜਾਵੇ।

10. ਕਲਾ ਅਤੇ ਚਿਤਰਕਾਰੀ ਮੁਕਾਬਲੇ: ਵਿਭਿੰਨ ਪ੍ਰਕਾਰ ਦੇ ਮੁੱਲਾਂ ਨਾਲ ਸੰਬੰਧਤ ਵਿਸ਼ਿਆਂ ਉੱਪਰ ਮੌਕੇ 'ਤੇ ਕਲਾ ਅਤੇ ਚਿਤਰਕਾਰੀ ਮੁਕਾਬਲੇ ਆਯੋਜਿਤ ਕੀਤੇ ਜਾਣੇ ਚਾਹੀਦੇ ਹਨ। ਇਲਾਕੇ ਜਾਂ ਰਾਜ ਦੀਆਂ ਵੱਖ-ਵੱਖ ਸੰਸਥਾਵਾਂ ਤੋਂ ਵੱਖ-ਵੱਖ ਆਯੂ ਵਰਗ ਦੇ ਵਿਦਿਆਰਥੀਆਂ ਨੂੰ ਸੱਦਾ ਦਿੱਤਾ ਜਾਣਾ ਚਾਹੀਦਾ ਹੈ। ਉੱਤਮ ਕਾਰਗੁਜ਼ਾਰੀ ਲਈ ਇਨਾਮ ਵੰਡੇ ਜਾਣੇ ਚਾਹੀਦੇ ਹਨ।

11. ਜਨਮ ਦਿਨ ਮਨਾਉਣਾ: ਸਿੱਖਿਆ ਸੰਸਥਾਵਾਂ ਵੱਖ-ਵੱਖ ਰਾਸ਼ਟਰਾਂ ਦੇ ਮਹਾਨ ਆਦਮੀ ਅਤੇ ਔਰਤਾਂ ਜਿਵੇਂ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ, ਬੁੱਧ, ਜੈਨ, ਈਸਾ, ਪੈਗੰਬਰ ਮੁਹੰਮਦ, ਲਾਰਡ ਕ੍ਰਿਸ਼ਨ, ਮਹਾਤਮਾ ਗਾਂਧੀ, ਟੈਗੋਰ, ਰਾਧਾਕ੍ਰਿਸ਼ਨਨ, ਆਦਿ ਦੇ ਜਨਮ ਦਿਨ ਮਨਾਉਣੇ ਚਾਹੀਦੇ ਹਨ। ਇਹ ਵਿਦਿਆਰਥੀਆਂ ਅਤੇ ਅਧਿਆਪਕਾਂ ਵਿਚ ਸਮਾਜਿਕ, ਨੈਤਿਕ, ਸਭਿਆਚਾਰਕ, ਸੁਹਜਾਤਮਕ ਅਤੇ ਅਧਿਆਤਮਿਕ ਕਦਰਾਂ-ਕੀਮਤਾਂ ਪੈਦਾ ਕਰਨ ਵਿਚ ਮਦਦ ਕਰਨਗੇ।

12. ਅੰਤਰ-ਰਾਸ਼ਟਰੀ ਦਿਵਸ ਮਨਾਉਣਾ: ਸਿੱਖਿਆ ਸੰਸਥਾਵਾਂ ਵਿਚ ਅੰਤਰ ਰਾਸ਼ਟਰੀ ਦਿਵਸ ਜਿਵੇਂ ਯੂ. ਐਨ. ਓ. ਦਿਵਸ, ਮਨੁੱਖੀ ਅਧਿਕਾਰ ਦਿਵਸ, ਵਿਸ਼ਵ ਸ਼ਾਂਤੀ ਦਿਵਸ ਮਨਾਉਣੇ ਚਾਹੀਦੇ ਹਨ। ਇਹ ਚੰਗੀਆਂ ਕੀਮਤਾਂ ਪੈਦਾ ਕਰਨ ਵਿਚ ਮਦਦ ਕਰਨਗੇ।

13. ਸੰਚਾਰ ਸਾਧਨਾਂ ਦੀ ਵਰਤੋਂ: ਮੁੱਲ ਪੈਦਾ ਕਰਨ ਲਈ ਸਿੱਖਿਆਦਾਇਕ ਫ਼ਿਲਮਾਂ, ਸਿਨੇਮਾ ਘਰ, ਅਖਬਾਰ, ਰੇਡੀਓ, ਟੈਲੀਵਿਜ਼ਨ ਜਿਹੇ ਸੰਚਾਰ ਸਾਧਨ ਵਰਤੇ ਜਾਣੇ ਚਾਹੀਦੇ ਹਨ। ਇਸ ਖੇਤਰ ਵਿਚ ਸਿੱਖਿਅਕ ਟੈਲੀਵਿਜ਼ਨ ਅਦਭੁਤ ਕਾਰਨਾਮੇ ਕਰਕੇ ਵਿਖਾ ਸਕਦਾ ਹੈ। ਕਈ ਅਧਿਆਪਕ ਤਾਂ ਟੀ. ਵੀ. ਸੀਰੀਅਲ ਦੇ ਰੂਪ ਵਿਚ ਸਮਾਜਿਕ, ਨੈਤਿਕ, ਸਭਿਆਚਾਰਕ, ਸੁਹਜਾਤਮਕ ਅਤੇ ਅਧਿਆਤਮਿਕ ਕਦਰਾਂ-ਕੀਮਤਾਂ ਨਾਲ ਸੰਬੰਧਤ ਸਮੱਗਰੀ ਦੇ ਸਕਦੇ ਹਨ। ਸਕੂਲ ਵਿਦਿਆਰਥੀਆਂ ਅਤੇ ਭਾਈਚਾਰੇ ਦੇ ਮੈਂਬਰਾਂ ਨੂੰ ਮੁੱਲ ਕੇਂਦਰਿਤ ਫ਼ਿਲਮਾਂ ਜ਼ਰੂਰ ਵਿਖਾਵੇ।

14. ਮੁੱਲ ਕੇਂਦਰਿਤ ਰਸਾਲੇ: ਸਕੂਲ ਨੂੰ ਮੁੱਲ ਕੇਂਦਰਿਤ ਰਸਾਲੇ ਕੱਢਣੇ ਚਾਹੀਦੇ ਹਨ। ਸਵੈ ਸੇਵੀ ਸੰਸਥਾਵਾਂ ਦੀ ਮਦਦ ਲਈ ਜਾ ਸਕਦੀ ਹੈ। ਜੀਵਨ ਵਿਚਲੇ ਕੀਮਤੀ ਮੁੱਲਾਂ ਨਾਲ ਸੰਬੰਧਤ ਲੇਖ ਰਸਾਲੇ ਵਿਚ ਪ੍ਰਕਾਸ਼ਿਤ ਕਰਨ ਲਈ ਮੰਗੇ ਜਾਣੇ ਚਾਹੀਦੇ ਹਨ। ਇਹ ਰਸਾਲੇ ਸਲਾਨਾ ਜਾਂ ਛਿਮਾਹੀ ਹੋ ਸਕਦੇ ਹਨ।

15. ਮੁੱਲ-ਕੇਂਦਰਿਤ ਪੁਰਸਕਾਰ: ਸੂਰਬੀਰਤਾ, ਬਹਾਦਰੀ, ਇਮਾਨਦਾਰੀ, ਸੱਚਾਈ ਆਦਿ ਵਿਖਾਉਣ ਵਾਲੇ ਵਿਅਕਤੀਆਂ ਨੂੰ ਸਮਾਜਿਕ ਇਕੱਠ ਵਿਚ ਪੁਰਸਕਾਰਿਤ ਕੀਤਾ ਜਾਣਾ ਚਾਹੀਦਾ ਹੈ।

16. ਮੁੱਲ ਕੇਂਦਰਿਤ ਪ੍ਰੋਜੈਕਟ: ਨਿਪੁੰਨ ਅਧਿਆਪਕਾਂ ਦੀ ਦੇਖ-ਰੇਖ ਅਧੀਨ ਸਕੂਲ ਵਿਚ ਹੇਠ ਲਿਖੇ ਪ੍ਰੋਜੈਕਟ ਚਲਾਏ ਜਾ ਸਕਦੇ ਹਨ:

(i) ਸਹਿਕਾਰੀ ਸਟੋਰ: ਵਿਦਿਆਰਥੀ ਸਹਿਕਾਰੀ ਸਟੋਰ ਸ਼ੁਰੂ ਕਰ ਸਕਦੇ ਹਨ। ਸਕੂਲ ਵਿਚ ਪੜ੍ਹਦੇ ਸਾਰੇ ਵਿਦਿਆਰਥੀਆ ਲਈ ਨਾ ਨਫ਼ਾ ਨਾ ਨੁਕਸਾਨ ਦੇ ਆਧਾਰ ਤੇ ਪੁਸਤਕਾਂ ਅਤੇ ਸਟੇਸ਼ਨਰੀ ਰਿਆਇਤੀ ਜਾਂ ਥੋਕ ਮੁੱਲ 'ਤੇ ਵੇਚੇ ਜਾਣੇ ਚਾਹੀਦੇ ਹਨ। ਇਸ ਨਾਲ ਵਿਦਿਆਰਥੀ ਮਿਹਨਤੀ ਇਨਸਾਨ ਬਣਨਗੇ ਅਤੇ ਉਹਨਾਂ ਨੂੰ ਇਹ ਕਾਰੋਬਾਰ ਅਤੇ ਲਾਭ ਦਾ ਗੁੰਜ਼ਾਇਸ ਦਾ ਪਤਾ ਲੱਗੇਗਾ।

(ii) ਸਹਿਕਾਰੀ ਕੰਟੀਨ: ਕੁੱਝ ਵਿਦਿਆਰਥੀ ਨਾ ਨਫ਼ਾ ਨਾ ਨੁਕਸਾਨ ਦੇ ਆਧਾਰ ਤੇ ਸਕੂਲ ਵਿਚ ਕੰਟੀਨ ਚਲਾ ਸਕਦੇ ਹਨ। ਵਿਦਿਆਰਥੀਆਂ ਦੇ ਵੱਖ-ਵੱਖ ਵਰਗ ਇਸ ਨੂੰ ਵਾਰੀ-ਵਾਰੀ ਸੰਭਾਲਣਗੇ ਅਤੇ ਇਸ ਨੂੰ ਸਫਲ ਬਣਾਉਣਗੇ।

(iii) ਸਹਿਕਾਰੀ ਬੈਂਕ ਜਾਂ ਡਾਕ ਘਰ: ਵਿਦਿਆਰਥੀਆਂ ਦਾ ਸਹਿਕਾਰੀ ਬੈਂਕ ਜਾਂ ਡਾਕ ਘਰ ਬਣਾਇਆ ਜਾ ਸਕਦਾ ਹੈ। ਅਜਿਹੇ ਪ੍ਰੋਜੈਕਟ ਵਿਦਿਆਰਥੀਆਂ ਵਿਚ ਚੰਗੀਆਂ ਕੀਮਤਾਂ ਪੈਦਾ ਕਰ ਸਕਦੇ ਹਨ।

17. ਗਰਲ ਗਾਈਡਿੰਗ, ਸਕਾਊਟਿੰਗ ਅਤੇ ਰਾਸ਼ਟਰੀ ਸੇਵਾ ਯੋਜਨਾ (ਐਨ ਐਸ ਐਸ): ਇਸ ਨੂੰ ਹਰਮਨ ਪਿਆਰਾ ਬਣਾਉਣ ਦੀ ਲੋੜ ਹੈ। ਇਹਨਾਂ ਪ੍ਰੋਗਰਾਮਾਂ ਅਤੇ ਕਿਰਿਆਵਾਂ ਨੂੰ ਕੁਸ਼ਲਤਾਪੂਰਵਕ ਆਯੋਜਿਤ ਕੀਤਾ ਜਾਣਾ ਚਾਹੀਦਾ ਹੈ। ਸਮਾਜ ਸੇਵੀ ਭਾਵਨਾਵਾਂ ਵਾਲੇ ਵਿਦਿਆਰਥੀ ਹਸਪਤਾਲਾਂ, ਸਮਾਜਿਕ ਤਿਉਹਾਰਾਂ, ਪਿੰਡਾਂ, ਗੰਦੇ ਇਲਾਕਿਆਂ, ਰੇਲਵੇ ਸਟੇਸ਼ਨ, ਬੱਸ ਅੱਡਿਆਂ ਉੱਤੇ ਸੇਵਾ ਕਰ ਸਕਦੇ ਹਨ। ਇਸ ਤਰ੍ਹਾਂ ਉਹ ਜੀਵਨ ਦੇ ਸਮਾਜਿਕ, ਨੈਤਿਕ ਅਤੇ ਸਭਿਆਚਾਰਕ ਮੁੱਲ ਸਿੱਖ ਸਕਦੇ ਹਨ।

ਲੋਕ ਆਮ ਕਹਿੰਦੇ ਹਨ 'ਮੁੱਲ ਸਿਖਾਏ ਨਹੀਂ ਜਾਂਦੇ ਸਗੋਂ ਆਪਣੇ ਆਪ ਆ ਜਾਂਦੇ ਹਨ'। ਇਸ ਦੇ ਉਲਟ ਸਿੱਖਿਆ ਸਾਸ਼ਤਰੀ ਕਹਿੰਦੇ ਹਨ ਕਿ ਮੁੱਲਾਂ ਦੀ ਸਿੱਖਿਆ ਬੜੇ ਧਿਆਨ ਅਤੇ ਸਾਵਧਾਨੀ ਨਾਲ ਦਿੱਤੀ ਜਾਣੀ ਚਾਹੀਦੀ ਹੈ। ਐਨ. ਸੀ. ਆਰ. ਟੀ. ਆਪਣੇ ਪ੍ਰਕਾਸ਼ਨ "Documents on Social, Moral and Social Value in Education" ਵਿਚ ਸਿੱਖਿਆ ਦੁਆਰਾ 84 ਮੁੱਲ ਪੈਦਾ ਕਰਨ ਲਈ ਕਹਿੰਦਾ ਹੈ।

**1.2.10** ਮੁੱਲਾਂ ਨੂੰ ਦ੍ਰਿੜ ਕਰਵਾਉਣ ਲਈ ਅਧਿਆਪਕ ਦੀ ਭੂਮਿਕਾ: ਅਧਿਆਪਕ ਵਿਦਿਆਰਥੀਆਂ ਵਿਚ ਹੇਠ ਲਿਖੇ ਢੰਗਾਂ ਨਾਲ ਮੁੱਲ ਪੈਦਾ ਕਰਨ ਵਿਚ ਬਹੁਤ ਮਦਦਗਾਰ ਸਾਬਿਤ ਹੋ ਸਕਦਾ ਹੈ:

(i) ਪਾਠਾਂਤਰ ਕਿਰਿਆਵਾਂ ਦਾ ਆਯੋਜਨ: ਵਿਦਿਆਰਥੀਆਂ ਵਿਚ ਮੁੱਲ ਪੈਦਾ ਕਰਨ ਲਈ ਅਧਿਆਪਕ ਨੂੰ ਉੱਪਰ ਲਿਖੀਆਂ ਵੱਖ-ਵੱਖ ਪ੍ਰਕਾਰ ਦੀਆਂ ਕਿਰਿਆਵਾਂ (ਜਿਵੇਂ ਵਿਸਤ੍ਰਿਤ ਭਾਸ਼ਣ, ਭਾਸ਼ਣ ਮੁਕਾਬਲੇ, ਸਕਿੱਟ ਅਤੇ ਨਾਟਕ, ਪੁਸਤਕਾਂ ਦੀ ਪ੍ਰਦਰਸ਼ਨੀ, ਕਲਾ ਅਤੇ ਚਿਤਰਕਾਰੀ ਪ੍ਰਦਰਸ਼ਨੀ, ਕਲਾ ਅਤੇ ਚਿਤਰਕਾਰੀ ਮੁਕਾਬਲੇ, ਜਨਮ ਦਿਨ ਮਨਾਉਣਾ, ਅੰਤਰ-ਰਾਸ਼ਟਰੀ ਦਿਵਸ ਮਨਾਉਣਾ, ਮੁੱਲ ਕੇਂਦਰਿਤ ਪ੍ਰੋਜੈਕਟ, ਮੁੱਲ ਕੇਂਦਰਿਤ ਰਸਾਲੇ,) ਦਾ ਸੰਗਠਨ ਕਰਨਾ ਚਾਹੀਦਾ ਹੈ। M.t.Ramji ਅਨੁਸਾਰ, "ਸਕੂਲ ਅਧਿਆਪਕਾਂ, ਸਿਖਲਾਈ ਸਿੱਖਿਆ ਅਧਿਆਪਕਾਂ, ਅਧਿਆਪਕ ਸਿੱਖਿਅਕਾਂ ਅਤੇ ਪ੍ਰਸ਼ਾਸ਼ਕਾਂ ਵਲੋਂ ਭਿੰਨ ਪ੍ਰਕਾਰ ਦੀਆਂ ਕਿਰਿਆਵਾਂ ਧਿਆਨ ਵਿਚ ਰੱਖੀਆਂ ਜਾਂਦੀਆਂ ਹਨ ਪਰ ਜੇ ਅਧਿਆਪਕ ਇਹਨਾਂ ਕਿਰਿਆਵਾਂ ਨੂੰ ਆਯੋਜਿਤ ਕਰਨ ਸਮੇਂ ਮੁੱਲਾਂ ਨੂੰ ਧਿਆਨ ਵਿਚ ਰੱਖੇ ਤਾਂ ਮੁੱਲਾਂ ਵਿਚ ਸਿੱਖਿਆ ਲਿਆਂਦੀ ਜਾ ਸਕਦੀ ਹੈ।"

(ii) ਅਧਿਆਪਨ ਦੇ ਪ੍ਰਭਾਵਸ਼ਾਲੀ ਢੰਗ: ਅਧਿਆਪਨ ਦੌਰਾਨ ਅਧਿਆਪਕ ਮੁੱਲ ਕੇਂਦਰਿਤ ਨਜ਼ਰੀਆ ਰੱਖੇ। ਉਸ ਨੂੰ ਵਿਦਿਆਰਥੀਆਂ ਵਿਚ ਸਮਾਜਿਕ, ਨੈਤਿਕ, ਸਭਿਆਚਾਰਕ ਅਤੇ ਅਧਿਆਤਮਿਕ ਮੁੱਲ ਪੈਦਾ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਸਮਾਜਿਕ ਅਧਿਐਨ ਅਤੇ ਭਾਸ਼ਾ ਜਿਹੇ ਵਿਸ਼ੇ ਪੜ੍ਹਾਉਣ ਸਮੇਂ ਅਧਿਆਪਕ ਸਭਿਆਚਾਰਕ ਵਿਰਾਸਤ, ਲੋਕਤੰਤਰਿਕ ਨਾਗਰਿਕਤਾ, ਰਾਸ਼ਟਰੀ ਏਕਤਾ, ਭਾਈਚਾਰਕ ਸਦਭਾਵਨਾ ਅਤੇ ਸਾਰੇ ਧਰਮਾਂ ਵਿਚ ਏਕਤਾ ਨਾਲ ਸੰਬੰਧਤ ਮੁੱਲਾਂ ਨਾਲ ਸੰਬੰਧਤ ਵਿਚਾਰਾਂ 'ਤੇ ਜ਼ੋਰ ਦੇ ਸਕਦਾ ਹੈ।

(iii) ਮੁੱਲ ਕੇਂਦਰਿਤ ਨਜ਼ਰੀਆ: ਅਧਿਆਪਕ ਵਿਦਿਆਰਥੀਆਂ ਵਿਚ ਤਾਂ ਹੀ ਮੁੱਲ ਪੈਦਾ ਕਰ ਸਕਦਾ ਹੈ ਜੇ ਉਹ ਆਪ ਚੰਗੇ ਮੁੱਲਾਂ ਵਾਲੀ ਮੂਰਤੀ ਹੋਵੇਗਾ। ਇਸ ਕਰਕੇ ਅਧਿਆਪਕ ਦਾ ਨਜ਼ਰੀਆ ਮੁੱਲ ਕੇਂਦਰਿਤ ਹੋਵੇ। ਕਿਹਾ ਜਾਂਦਾ ਹੈ ਕਿ ਪਿਆਰ ਕਰਨ ਵਾਲੇ ਅਤੇ ਈਮਾਨਦਾਰ ਅਧਿਆਪਕ ਜਿਹੜੇ ਜੀਵਨ ਦੇ ਆਧਾਰਭੂਤ ਮੁੱਲਾਂ ਨੂੰ ਅਪਨਾਉਣ ਦੀ ਕਰਨ ਦੀ ਕੋਸ਼ਿਸ਼ ਕਰਦੇ ਹਨ, ਦੀ ਸਖਸ਼ੀਅਤ ਦਾ ਪ੍ਰਭਾਵ ਮੁੱਲ ਕੇਂਦਰਿਤ ਸਿੱਖਿਆ ਦੀ ਯੋਜਨਾ ਦਾ ਮੁੱਖ ਕਾਰਕ ਹੈ।

**1.2.11** ਸਾਰ: 'ਜਿਹੋ ਜਿਹਾ ਅਧਿਆਪਕ ਹੋਵੇਗਾ ਉਹੋ ਜਿਹੇ ਵਿਦਿਆਰਥੀ ਹੋਣਗੇ' ਅਤੇ 'ਜਿਹੋ ਜਿਹਾ ਸਕੂਲ ਹੋਵੇਗਾ ਉਹੋ ਜਿਹੇ ਵਿਦਿਆਰਥੀ ਹੋਣਗੇ' ਕਹਾਵਤ 'ਤੇ ਕੋਈ ਵਿਵਾਦ ਨਹੀਂ ਕੀਤਾ ਜਾ ਸਕਦਾ। ਇਸ ਰਾਸ਼ਟਰੀ ਕੰਮ ਵਿਚ ਅਧਿਆਪਕ ਦੀ ਜ਼ਿਮੇਵਾਰੀ ਬੜੀ ਮਹੱਤਵਪੂਰਨ ਹੈ। ਅਧਿਆਪਕ ਬੱਚਿਆਂ ਨੂੰ ਸਹਾਇਤਾ ਅਤੇ ਅਗਵਾਈ ਦੇ ਕੇ ਸਕੂਲ ਸਾਫ਼ ਰੱਖਣ, ਸਮੇਂ ਦਾ ਪਾਬੰਦ ਹੋਣ ਅਤੇ ਕੰਮ ਕਰਨ ਦੀ ਸੂਝ ਪੈਦਾ ਕਰ ਸਕਦਾ ਹੈ। ਇਹਨਾਂ ਵਿਚੋਂ ਬਹੁਤ ਸਾਰੇ ਗੁਣ ਅਧਿਆਪਕ ਆਪਣੀ ਨਿੱਜੀ ਉਦਾਹਰਨ ਨਾਲ ਪੈਦਾ ਕਰ ਸਕਦਾ ਹੈ। ਅਧਿਆਪਕਾਂ ਅਤੇ ਮਾਪਿਆਂ ਦੀਆਂ ਕੋਸ਼ਿਸ਼ਾਂ ਨਾਲ ਅਸੀਂ ਕਾਫ਼ੀ ਕੰਮ ਕਰ ਸਕਦੇ ਹਾਂ। ਇਸ ਕਰਕੇ ਹਰ ਜਗ੍ਹਾ ਮਾਪੇ-ਅਧਿਆਪਕ ਸੰਘ ਬਣਾਏ ਜਾਣੇ ਚਾਹੀਦੇ ਹਨ।

**1.2.12** ਸੁਝਾਈਆਂ ਪੁਸਤਕਾਂ:

1. Brubacher, J.S.: Modern Philosophies of Education.
2. Kaul, G.N.: Values and Education in Independent India.
3. Sodhi, T.S. and Aruna Suri: Philosophical and Sociological Foundations of Education.
4. Pandey, R.S.: An Introduction to Major Philosophies of Education.
5. Taneja, V.R. : Philosophical and Sociological Foundations of Education.

**1.2.13** ਸੁਝਾਏ ਪ੍ਰਸ਼ਨ :

1. ਤਰਕਪੂਰਨ ਵਿਸ਼ਲੇਸ਼ਣ ਦੀ ਪਰਿਭਾਸ਼ਾ ਦਿਉ ਅਤੇ ਉਸਦੇ ਮੂਲ ਸਿਧਾਂਤ ਵੀ ਬਿਆਨ ਕਰੋ।
2. ਮੁੱਲਾਂ ਦੇ ਵਰਗੀਕਰਨ ਨਾਲ ਜਾਣ-ਪਛਾਣ ਕਰਾਓ। ਆਧੁਨਿਕ ਸਿੱਖਿਅਕ ਮੁੱਲਾਂ ਦਾ ਵਰਗੀਕਰਨ ਕੀ ਹੈ?
3. ਮੁੱਲ-ਸਿੱਖਿਆ ਦੇ ਕਿਹੜੇ ਉਦੇਸ਼ ਹਨ? ਵਿਦਿਆਰਥੀਆਂ ਵਿਚ ਮੁੱਲ ਪੈਦਾ ਕਰਨ ਲਈ ਕਿਹੜੇ-ਕਿਹੜੇ ਢੰਗ ਵਰਤਣੇ ਚਾਹੀਦੇ ਹਨ?

---

ਪਾਠ ਨੰ: 1.3 ਲੇਖਿਕਾ : ਡਾ. ਹਰਿੰਦਰ ਕੌਰ ਸੋਢੀ

---

## 1.3.0 ਪਾਠ ਦਾ ਢਾਂਚਾ (Structure of the Lesson)

1.3.1 ਉਦੇਸ਼
1.3.2 ਜਾਣ ਪਹਿਚਾਣ
1.3.3 ਸਿੱਖਿਆ ਦੇ ਅਰਥ
 1.3.1.3.1 ਸਿੱਖਿਆ ਦੇ ਨਿਰੁਕਤਕ ਅਰਥ
 1.3.1.3.2 ਸਿੱਖਿਆ ਦੀ ਵਰਣਨਾਤਮਕ ਧਾਰਨਾ
1.3.4 ਸਿੱਖਿਆ ਦਾ ਭਾਰਤੀ ਸੰਕਲਪ
1.3.5 ਪੱਛਮੀ ਵਿਚਾਰਵਾਨਾਂ ਅਨੁਸਾਰ ਸਿੱਖਿਆ ਦਾ ਸੰਕਲਪ
1.3.6 ਸਿੱਖਿਆ ਦੇ ਸੀਮਿਤ ਅਤੇ ਵਿਸ਼ਾਲ ਅਰਥ
1.3.7 ਸਵੈ ਮੁਲਾਂਕਣ ਦੇ ਪ੍ਰਸ਼ਨ
1.3.8 ਸਿੱਖਿਆ ਦੀ ਪ੍ਰਕ੍ਰਿਤੀ
1.3.9 ਸਿੱਖਿਆ ਦਾ ਖੇਤਰ
1.3.10 ਸੰਖੇਪ
1.3.11 ਸੁਝਾਏ ਪ੍ਰਸ਼ਨ
1.3.12 ਸੁਝਾਈਆਂ ਪੁਸਤਕਾਂ

## 1.3.1 ਉਦੇਸ਼ (Objectives)

ਇਸ ਪਾਠ ਨੂੰ ਪੜ੍ਹਨ ਤੋਂ ਉਪਰੰਤ ਵਿਦਿਆਰਥੀ ਹੇਠ ਲਿਖੀਆਂ ਗੱਲਾਂ ਸਮਝਣ ਦੇ ਯੋਗ ਹੋ ਜਾਣਗੇ :

1. ਸਿੱਖਿਆ ਦੀ ਪਰਿਭਾਸ਼ਾ ਕਰ ਸਕਣ।
2. ਸਿੱਖਿਆ ਦੀ ਪ੍ਰਕ੍ਰਿਤੀ ਦਾ ਵਰਣਨ ਕਰ ਸਕਣ।
1.3. ਸਿੱਖਿਆ ਦੇ ਸ੍ਰੋਤ ਤੇ ਚੋਣ ਸੰਕਲਪਾਂ ਨੂੰ ਦਰਸਾ ਸਕਣ।
4. ਸਿੱਖਿਆ ਦੇ ਖੇਤਰ ਦਾ ਵਰਨਣ ਕਰ ਸਕਣ।

## 1.3.2 ਜਾਣ ਪਛਾਣ (Introduction)

ਸਿੱਖਿਆ ਇਕ ਕਠਿਨ ਸੰਕਲਪ ਹੈ ਤੇ ਇਸ ਨੂੰ ਸਮਝਣ ਲਈ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਇਸ ਬਾਰੇ ਵੱਖ-ਵੱਖ ਖੇਤਰਾਂ ਵਿਚ ਇਸ ਦੇ ਵੱਖਰੇ -ਵੱਖਰੇ ਸਮੇਂ ਤੇ ਵੱਖ-ਵੱਖ ਚਿੰਤਕਾਂ ਰਾਹੀਂ ਕੀਤੀਆਂ ਪਰਿਭਾਸ਼ਾਵਾਂ ਦਾ ਅਧਿਐਨ ਕੀਤਾ ਜਾਵੇ। ਇਸ ਦੇ ਖੇਤਰ ਵੱਲ ਤੇ ਝਾਤੀ ਮਾਰੀ ਜਾਵੇ ਅਤੇ ਇਸ ਦੇ ਹੋਰ ਸੰਕਲਪਾਂ ਨਾਲ ਸੰਬੰਧਾਂ ਦਾ ਅਧਿਐਨ ਕੀਤਾ ਜਾਵੇ। ਅਸੀਂ ਇਸ ਪਾਠ ਵਿਚ ਇਸ ਦੀਆਂ ਪਰਿਭਾਸ਼ਾਵਾਂ, ਸੰਕਲਪਾਂ ਤੇ ਖੇਤਰ ਬਾਰੇ ਵਿਚਾਰ ਕਰਾਂਗੇ।

**1.3.3 ਸਿੱਖਿਆ ਦੇ ਅਰਥ (Meaning of Education) :** ਇਸ ਨੂੰ ਦੋ ਪੱਖਾਂ ਤੋਂ ਦੇਖਿਆ ਜਾ ਸਕਦਾ ਹੈ (ੳ) ਨਿਰੁਕਤਕੀ ਮੂਲਕ ਧਾਰਨਾ (Etymological Approach) (ਅ) ਵਰਣਨਾਤਮਕ ਧਾਰਨਾ (Descriptive Approach)

### 1.3.3.1 ਸਿੱਖਿਆ ਦੇ ਨਿਰੁਕਤਕ ਅਰਥ (Etymological Meaning of Education)

ਅੰਗ੍ਰੇਜ਼ੀ ਵਿਚ ਸਿੱਖਿਆ ਨੂੰ 'ਐਜੂਕੇਸ਼ਨ' ਕਿਹਾ ਜਾਂਦਾ ਹੈ। ਇਹ ਲਾਤੀਨੀ ਭਾਸ਼ਾ ਐਜੂਕੇਅਰ ਤੋਂ ਲਿਆ ਗਿਆ ਹੈ। ਇਸ ਦੇ ਅਰਥ ਹਨ ਪਾਲਣਾ, ਪੋਸਣਾ ਤੇ ਵੱਡਿਆਂ ਕਰਨਾ।

ਇਕ ਹੋਰ ਵਿਚਾਰ ਅਨੁਸਾਰ ਇਹ ਸ਼ਬਦ ਲਾਤੀਨੀ ਭਾਸ਼ਾ 'ਐਜੂਸੀਅਰ' ਤੋਂ ਲਿਆ ਗਿਆ ਹੈ ਜਿਸ ਦਾ ਭਾਵ ਹੈ ਆਗੂ ਬਣਨਾ ਜਾ ਬਣਾਉਣਾ। ਕਈ ਵਿਦਵਾਨਾਂ ਦਾ ਵਿਚਾਰ ਹੈ ਕਿ ਇਹ ਲਾਤੀਨੀ ਭਾਸ਼ਾ ਦੇ ਸ਼ਬਦ 'ਐਜੂਕੇਟਮ' ਤੋਂ ਬਣਿਆ ਹੈ ਜਿਸ ਦਾ ਭਾਵ ਹੈ ਅਧਿਆਪਨ ਦਾ ਕੰਮ ਕਰਨਾ ਜਾਂ ਫੇਰ ਸਿਖਲਾਈ ਦੇਣਾ।

ਕਈ ਵਿਦਵਾਨ ਇਸ ਤੇ ਨਿਰੋਲ ਵਾਤਾਵਰਨ ਦਾ ਪ੍ਰਭਾਵ ਦਸਦੇ ਹਨ ਤੇ ਕਈ ਇਸ ਵਿਚ ਜੱਦੀ ਅੰਸ਼ਾਂ ਦਾ ਭਾਗ ਵੀ ਦੱਸਦੇ ਹਨ।

### 1.3.3.2 ਸਿੱਖਿਆ ਦੀ ਵਰਣਨਾਤਮਕ ਧਾਰਨਾ (Descriptive Approach) :

(ੳ) ਸਿੱਖਿਆ ਦੋ ਪੱਖੀ ਪ੍ਰਕਿਰਿਆ ਹੈ

(ਅ) ਸਿੱਖਿਆ ਇਕ ਤ੍ਰੈ-ਪੱਖੀ ਪ੍ਰਕਿਰਿਆ ਹੈ

(ੲ) ਸਿੱਖਿਆ ਇਕ ਮਨੋਰਥ - ਪੂਰਨ ਪ੍ਰਕਿਰਿਆ ਹੈ

(ਸ) ਸਿੱਖਿਆ ਇਕ ਗਤੀਸ਼ੀਲ ਪ੍ਰਕਿਰਿਆ ਹੈ

(ਹ) ਸਿੱਖਿਆ ਵਿਗਿਆਨ ਵੀ ਹੈ ਤੇ ਕਲਾ ਵੀ।

### 1.3.4 ਸਿੱਖਿਆ ਦਾ ਭਾਰਤੀ ਸੰਕਲਪ (Indian Concept of Education)

ਭਾਰਤ ਵਿਚ ਸਿੱਖਿਆ ਦੀਆਂ ਜੜ੍ਹਾਂ ਬਹੁਤ ਹੀ ਡੂੰਘੀਆਂ ਹਨ। ਇਹ ਵੇਦਾਂ ਦੇ ਸਮੇਂ ਤੋਂ ਹੋਂਦ ਵਿਚ ਆਈ ਤੇ ਅੱਜ ਵੀ ਆਪਣੇ ਰੂਪ ਵਿਚ ਇਥੇ ਆਪਣੀਆਂ ਮੱਲਾਂ ਮਾਰ ਰਹੀ ਹੈ। ਇਹ ਗੱਲ ਵੱਖਰੀ ਹੈ ਕਿ ਬਾਹਰੀ ਹੁਕਮਰਾਨਾਂ ਨੇ ਇਸ ਦੀ ਰੂਪ ਰੇਖਾ ਹੀ ਵਿਗਾੜ ਕੇ ਰੱਖ ਦਿੱਤੀ ਹੈ।

ਰਿਗਵੇਦ ਅਨੁਸਾਰ, ਸਿੱਖਿਆ ਉਹ ਹੈ ਜੋ ਵਿਅਕਤੀ ਨੂੰ ਆਤਮ ਨਿਰਭਰ ਅਤੇ ਨਿਸ਼ਕਾਮ ਬਣਾਵੇ।

ਉਪਨਿਸ਼ਦਾਂ ਅਨੁਸਾਰ, ਸਿੱਖਿਆ ਉਹ ਹੈ ਜਿਸਦਾ ਮਨੋਰਥ ਮੁਕਤੀ ਹੈ।

ਅਰਥ ਸ਼ਾਸ਼ਤ੍ਰੀ ਕੌਟਲਿਯ ਅਨੁਸਾਰ, 'ਸਿੱਖਿਆ ਦਾ ਅਰਥ ਹੈ ਦੇਸ਼ ਲਈ ਸਿਖਲਾਈ ਅਤੇ ਕੰਮ ਲਈ ਪਿਆਰ।'

ਭਾਰਤੀ ਫਿਲਾਸਫਰ ਸ਼ੰਕਰਾਚਾਰੀਯਾ ਅਨੁਸਾਰ, "ਸਿੱਖਿਆ ਆਦਮੀ ਅੰਦਰਲੀ ਪ੍ਰਮਾਤਮਾ ਦੀ ਪਹਿਲਾਂ ਤੋਂ ਹੋਈ ਸੰਪੂਰਨ ਹੋਂਦ ਦਾ ਪ੍ਰਕਾਸ਼ ਹੈ।"

ਮਹਾਤਮਾ ਗਾਂਧੀ ਦਾ ਕਥਨ ਹੈ, "ਸਿੱਖਿਆ ਤੋਂ ਮੈਂ ਸਮਝਦਾ ਹਾਂ ਕਿ ਬੱਚੇ ਨੂੰ ਸਮੁੱਚੇ ਤੌਰ ਤੇ ਅਤੇ ਮਨੁੱਖੀ ਸਰੀਰ, ਦਿਮਾਗ ਅਤੇ ਜਜ਼ਬੇ ਵਿੱਚ ਨਿਖਾਰ ਲਿਆਉਣਾ ਹੈ।"

ਗੁਰੂ ਨਾਨਕ ਦੇਵ ਜੀ ਅਨੁਸਾਰ, "ਸਿੱਖਿਆ ਆਪੇ ਦੀ ਪਛਾਣ ਅਤੇ ਲੋਕਾਂ ਦੀ ਸੇਵਾ ਹੈ।"

ਰਵਿੰਦਰ ਨਾਥ ਟੈਗੋਰ ਕਹਿੰਦੇ ਹਨ ,"ਸਿੱਖਿਆ ਦਾ ਅਰਥ ਹੈ ਦਿਮਾਗ ਨੂੰ ਇਸ ਕਾਬਲ ਕਰ ਦੇਣਾ ਕਿ ਉਹ ਸਾਨੂੰ ਸਮੁੱਚੇ ਸੱਚ ਦੀ ਭਾਲ ਕਰਨ ਲਈ ਮਿੱਟੀ ਦੇ ਮੋਹ ਤੋਂ ਮੁਕਤ ਕਰੇ ਅਤੇ ਚੀਜ਼ਾਂ ਨਾਲ ਨਹੀਂ ਸਗੋਂ ਅੰਦਰੂਨੀ ਰੋਸ਼ਨੀ ਨਾਲ, ਤਾਕਤ ਨਾਲ ਨਹੀਂ ਸਗੋਂ ਪਿਆਰ ਨਾਲ ਮਾਲਾ ਮਾਲ ਕਰੇ ਤਾਂ ਜੋ ਉਹ ਸੱਚਾਈ ਨੂੰ ਅਪਣਾ ਲਵੇ ਤੇ ਇਸਨੂੰ ਦੱਸ ਸਕੇ।"

ਅਰਬਿੰਦੂ ਘੋਸ਼ ਨੇ ਸਿੱਖਿਆ ਸੰਬੰਧੀ ਆਪਣੇ ਵਿਚਾਰ ਇਸ ਪ੍ਰਕਾਰ ਪ੍ਰਗਟਾਏ ਹਨ ਕਿ ਇਹ ਵੱਧਦੀ ਹੋਈ ਵਿਅਕਤੀ ਚੇਤਨਾ ਨੂੰ ਅੰਦਰੂਨੀ ਹੋਂਦ ਸੰਬੰਧੀ ਜਾਣਕਾਰੀ ਵਿੱਚ ਮਦਦ ਦੇਣਾ ਹੈ।

ਯੂਨੀਵਰਸਿਟੀ ਕਮਿਸ਼ਨ ਦੀ ਰਿਪੋਰਟ (*1948-49*) ਅਨੁਸਾਰ, "ਸਿੱਖਿਆ ਭਾਰਤੀ ਰਿਵਾਜ਼ਾਂ ਲਈ ਰੋਜ਼ੀ ਕਮਾਉਣ ਦਾ ਸਾਧਨ ਨਹੀਂ ਤੇ ਨਾ ਹੀ ਸੋਚਾਂ ਦੀ ਪਾਲਣਾ ਤੇ ਸ਼ਹਿਰੀਪਣ ਦਾ ਸਕੂਲ ਹੈ। ਇਹ ਜ਼ਿੰਦਗੀ ਦੇ ਜਜ਼ਬਿਆਂ ਦੀ ਸ਼ੁਰੂਆਤ ਤੇ ਇਨਸਾਨੀ ਆਤਮਾ ਲਈ ਸੱਚ ਦੀ ਖੋਜ ਲਈ ਸਿਖਲਾਈ ਅਤੇ ਨੈਤਿਕਤਾ ਦੀ ਪਕਿਆਈ ਲਈ ਹੈ।"

ਕੁਠਾਰੀ ਸਿੱਖਿਆ ਕਮਿਸ਼ਨ ਅਨੁਸਾਰ, "ਸਿੱਖਿਆ ਜ਼ਿੰਦਗੀ ਨਾਲ ਸੰਬੰਧਿਤ ਲੋਕਾਂ ਦੀਆਂ ਲੋੜਾਂ ਅਤੇ ਇੱਛਾਵਾਂ ਅਨੁਸਾਰ ਹੋਣੀ ਚਾਹੀਦੀ ਹੈ ਅਤੇ ਇਹ ਸਮਾਜਿਕ, ਆਰਥਿਕ ਅਤੇ ਸਭਿਆਚਾਰਕ ਕਾਇਆ ਪਲਟਣ ਵਾਸਤੇ ਪ੍ਰਬਲ ਬਣਾਉਣੀ ਚਾਹੀਦੀ ਹੈ।"

ਇਨ੍ਹਾਂ ਵਿਚ ਭਾਵੇਂ ਕੋਈ ਵੀ ਪਰਿਭਾਸ਼ਾ ਸੰਪੂਰਨ ਨਹੀਂ ਹੈ ਪਰ ਇਨ੍ਹਾਂ ਵਿਚ ਹਰ ਪਰਿਭਾਸ਼ਾ ਇਕ ਵੱਖ-ਵੱਖ ਪ੍ਰਕਾਰ ਦਾ ਚਾਨਣ ਪਾਉਂਦੀ ਹੈ।

### 1.3.5 ਪੱਛਮੀ ਵਿਚਾਰਵਾਨਾਂ ਅਨੁਸਾਰ ਸਿੱਖਿਆ ਦਾ ਸੰਕਲਪ (Western Concept of Education)

ਪ੍ਰਾਚੀਨ ਪੱਛਮੀ ਵਿਦਵਾਨਾਂ ਨੇ ਇਸ ਨੂੰ ਆਪਣੇ ਢੰਗ ਨਾਲ ਦਰਸਾਇਆ ਹੈ ਜਦੋਂ ਕਿ ਆਧੁਨਿਕ ਸਿੱਖਿਆ ਸ਼ਾਸਤਰੀਆਂ ਨੇ ਇਸ ਦੇ ਵੱਖਰੇ –ਵੱਖਰੇ ਅਰਥ ਕੱਢੇ ਹਨ।ਇਹ ਵੀ ਇਕ ਸਚਾਈ ਹੈ ਕਿ ਸਮੇਂ ਦੇ ਬੀਤਣ ਨਾਲ ਇਸ ਦੀਆਂ ਪਰਿਭਾਸ਼ਾਵਾਂ ਵੀ ਵੱਖਰੇ ਢੰਗ ਦਾ ਚਾਨਣ ਪਾਉਂਦੀਆਂ ਰਹੀਆਂ ਹਨ।

ਪਲੈਟੋ ਦੇ ਵਿਚਾਰ ਅਨੁਸਾਰ, "ਸਿੱਖਿਆ ਸਹੀ ਵਕਤ ਤੇ ਸੁੱਖ ਅਤੇ ਦੁੱਖ ਮਹਿਸੂਸ ਕਰਨ ਦੀ ਸਮਰੱਥਾ ਹੈ। ਇਹ ਵਿਦਿਆਰਥੀ ਦੇ ਸਰੀਰ ਅਤੇ ਆਤਮਾ ਵਿੱਚ ਵਿਕਾਸ ਕਰਦੀ ਹੈ ਜਿਸਦੇ ਸੁਹੱਪਣ ਅਤੇ ਸੰਪੂਰਨਤਾਵਾਂ ਲਈ ਉਹ ਯੋਗ ਹੁੰਦਾ ਹੈ।"

ਅਰਸਤੂ ਦਾ ਵਿਚਾਰ ਹੈ ਕਿ ਸਿੱਖਿਆ ਅਰੋਗ ਦਿਮਾਗ ਅਤੇ ਨਰੋਏ ਸਰੀਰ ਦੀ ਉਪਜ ਹੈ। ਇਹ ਆਦਮੀ ਦੀ ਵਿਕਾਸ ਯੋਗਤਾ, ਖਾਸ ਕਰਕੇ ਉਸਦੇ ਦਿਮਾਗ ਦੀ ਸੋਚ ਦਾ ਵਿਕਾਸ ਕਰਦੀ ਹੈ ਤਾਂ ਜੋ ਉਹ ਉੱਤਮ ਸੱਚ, ਚੰਗਿਆਈ ਅਤੇ ਸੁੰਦਰਤਾ ਨੂੰ ਮਾਣ ਸਕੇ ਜਿਸ ਵਿੱਚ ਵਿਸ਼ੇਸ਼ ਕਰਕੇ ਸੰਪੂਰਨਤਾ ਦੀ ਖੁਸ਼ੀ ਸ਼ਾਮਲ ਹੋਵੇ।

ਪੈਸਟੋਲੋਜੀ ਅਨੁਸਾਰ, "ਬੰਦੇ ਦੀਆਂ ਜਮਾਂਦਰੂ ਸ਼ਕਤੀਆਂ ਉੱਤੇ ਕੁਦਰਤੀ, ਇਕਸਾਰਤਾ ਵਾਲੀ ਪ੍ਰਗਤੀ ਵਿਕਾਸ ਹੀ ਸਿੱਖਿਆ ਹੈ।"

ਨਨ ਅਨੁਸਾਰ, "ਸਿੱਖਿਆ ਕਿਸੇ ਵਿਅਕਤਿਤਵ ਦਾ ਸੰਪੂਰਨ ਵਿਕਾਸ ਹੈ ਤਾਂ ਜੋ ਉਹ ਆਪਣੀ ਯੋਗਤਾ ਅਨੁਸਾਰ ਮਨੁੱਖੀ ਜੀਵਨ ਵਿਚ ਅਸਲ ਹਿੱਸਾ ਪਾ ਸਕੇ।"

ਰੌਸ ਅਨੁਸਾਰ, "ਬਹੁਮੁੱਲੀ ਸ਼ਖਸੀਅਤ ਅਤੇ ਅਧਿਆਤਮ ਵਿਅਕਤੀਵਾਦ ਦਾ ਵਿਕਾਸ ਹੀ ਸਿੱਖਿਆ ਦਾ ਟੀਚਾ ਹੈ।"

ਹਰਬਰਟ ਦਾ ਕਥਨ ਹੈ ਕਿ ,"ਸਿੱਖਿਆ ਚੰਗੇ ਨਾਲ ਚੱਲਣ ਦਾ ਵਿਕਾਸ ਹੈ।"

ਜਾਨ ਡਿਊਈ ਦੇ ਅਨੁਸਾਰ, "ਲਗਾਤਾਰ ਮੁੜ ਉਸਾਰੂ ਤਜ਼ਰਬਿਆਂ ਦੇ ਆਧਾਰ ਤੇ ਜੀਵਨ ਪ੍ਰਕਿਰਿਆ ਹੀ ਸਿੱਖਿਆ ਹੈ। ਇਹ ਕਿਸੇ ਵਿਅਕਤੀ ਦੀਆਂ ਉਹਨਾਂ ਯੋਗਤਾਵਾਂ ਦਾ ਵਿਕਾਸ ਹੈ ਜਿਨ੍ਹਾਂ ਕਾਰਨ ਉਹ ਆਪਣੇ ਆਲੇ-ਦੁਆਲੇ ਅਤੇ ਸੰਭਵਤਾਵਾਂ ਦੀ ਪੂਰਤੀ ਕਰਦਾ ਹੈ।

ਰੇਡਨ ਦੇ ਸ਼ਬਦਾਂ ਵਿੱਚ, "ਪ੍ਰੋੜ੍ਹ ਬੰਦਿਆਂ ਦਾ ਅਨਾੜੀ ਬੰਦਿਆਂ ਉੱਤੇ ਹਦਾਇਤਾਂ ਤੇ ਅਨੁਸ਼ਾਸਨ ਰਾਹੀਂ ਪਹਿਲਾਂ ਤੋਂ ਵਿਚਾਰਿਆ ਹੋਇਆ ਅਤੇ ਵਿਉਂਤ ਪੂਰਵਕ ਅਸਰ ਪਾਉਣਾ, ਸਰੀਰਕ ਵਿਕਾਸ, ਦਿਮਾਗੀ, ਸੁਹਜਵਾਦੀ ਅਤੇ ਮਨੁੱਖੀ ਅਧਿਆਤਮਕ ਸ਼ਕਤੀਆਂ, ਹਰੇਕ ਦੀਆਂ ਵਿਅਕਤੀਗਤ ਅਤੇ ਸਮਾਜਿਕ ਲੋੜਾਂ ਅਤੇ ਚੇਲੇ ਦਾ ਉਸਦੇ ਰਚਨਹਾਰੇ ਦੇ ਮਿਲਾਪ ਟੀਚੇ ਵੱਲ ਵਿਕਾਸ ਹੀ ਸਿੱਖਿਆ ਹੈ।"

ਰੇਡਨ ਦੀ ਪਰਿਭਾਸ਼ਾ ਅਨੁਸਾਰ ਮਨੁੱਖ ਸ਼ਿਸ਼ੂ ਜੋ ਕਿ ਜਨਮ ਦੇ ਸਮੇਂ ਅਵਿਕਸਿਤ ਅਤੇ ਅਪ੍ਰੋੜ੍ਹ ਹੁੰਦਾ ਹੈ, ਉਸਨੂੰ ਇੱਕ ਤਜ਼ਰਬੇਕਾਰ ਆਦਮੀ ਜਿਸਨੂੰ ਸਿੱਖਿਅਕ ਕਿਹਾ ਜਾਂਦਾ ਹੈ, ਇੱਕ ਨਿਯਮਬੱਧ ਸਿਖਲਾਈ ਅਤੇ ਅਨੁਸ਼ਾਸ਼ਿਤ ਕਿਰਿਆਵਾਂ ਦੁਆਰਾ ਪ੍ਰਭਾਵਿਤ ਕਰਦਾ ਹੈ ਅਤੇ ਇਸ ਤਰ੍ਹਾਂ ਤਿਆਰ ਕਰਦਾ ਹੈ ਕਿ ਉਹ ਆਪਣੀ ਜ਼ਿੰਦਗੀ ਦੀਆਂ ਜ਼ਰੂਰਤਾਂ ਅਤੇ ਸਮਾਜਿਕ ਲੋੜਾਂ ਪੂਰੀਆਂ ਕਰਨ ਦੇ ਯੋਗ ਹੋਣ ਦੇ ਨਾਲ-ਨਾਲ ਜ਼ਿੰਦਗੀ ਦਾ ਉੱਚਾ ਉਦੇਸ਼ ਕਿ ਮੌਤ ਤੋਂ ਬਾਦ ਪ੍ਰਮਾਤਮਾ ਨਾਲ ਇੱਕ ਮਿੱਕ ਹੋਣਾ, ਪ੍ਰਾਪਤ ਕਰ ਸਕੇ।

### 1.3.6 ਸਿੱਖਿਆ ਦੇ ਸੀਮਿਤ ਤੇ ਵਿਸ਼ਾਲ ਅਰਥ (Narrow and Broader Meaning of Education)

#### (ੳ) ਸਿੱਖਿਆ ਦਾ ਸੀਮਿਤ ਸੰਕਲਪ (Narrow Meaning of Education)

ਇਸ ਅਨੁਸਾਰ ਸਿੱਖਿਆ ਕੁੱਝ ਨਿਸ਼ਚਿਤ ਘੇਰੇ ਵਿੱਚ ਹੀ ਸੀਮਿਤ ਹੁੰਦੀ ਹੈ। ਸਿੱਖਿਆ ਬੱਚੇ ਦੇ ਸਕੂਲ ਵਿੱਚ ਦਾਖ਼ਲ ਹੋਣ ਦੇ ਦਿਨ ਤੋਂ ਸ਼ੁਰੂ ਹੋ ਕੇ ਵਿਦਿਆਰਥੀ ਦੀ ਕਾਲਜ ਜਾਂ ਯੂਨੀਵਰਸਿਟੀ ਦੀ ਪੜ੍ਹਾਈ ਪੂਰੀ ਕਰਨ ਤੋਂ ਬਾਦ ਮੁੱਕ ਜਾਂਦੀ ਹੈ। ਇਹ ਸਿੱਖਿਆ ਕੇਵਲ ਪਾਠ ਪੜ੍ਹਾਉਣ ਤੱਕ ਸੀਮਿਤ ਹੈ। ਇਥੇ ਸਿੱਖਿਆ ਜਮਾਤ ਦੇ ਕਮਰਿਆਂ ਵਿੱਚ ਕਰਵਾਈ ਜਾਣ ਵਾਲੀ ਪੜ੍ਹਾਈ ਹੈ। ਇਥੇ ਸਿੱਖਿਆ ਦੇ ਅਰਥ ਹਦਾਇਤਾਂ ਨਾਲ ਮੇਲ ਖਾਂਦੇ ਹਨ।

#### (ਅ) ਸਿੱਖਿਆ ਦਾ ਵਿਸ਼ਾਲ ਸੰਕਲਪ (Broader Meaning of Education)

ਮਿਲ ਸਕਦੀ ਹੈ ਜਿਵੇਂ ਘਰ, ਗਲੀ, ਸਕੂਲ, ਸੁਸਾਇਟੀ, ਮੰਦਰ, ਖੇਡ ਮੈਦਾਨ, ਸਿਨੇਮਾ ਆਦਿ। ਵਿਸ਼ਾਲ ਸੰਕਲਪ ਅਨੁਸਾਰ ਪੂਰੀ ਜ਼ਿੰਦਗੀ ਜੋ ਜ਼ਿੰਦਾਦਿਲੀ ਨਾਲ ਜੀਵੀ ਜਾਵੇ, ਸਿੱਖਿਆ ਹੈ। ਇਸ ਧਾਰਨਾ ਅਨੁਸਾਰ ਪਾਠਕ੍ਰਮ ਅਨਿਸ਼ਚਿਤ ਹੁੰਦਾ ਹੈ। ਸਿੱਖਿਆ ਦੇ ਸੀਮਿਤ ਅਤੇ ਵਿਸ਼ਾਲ ਅਰਥਾਂ ਵਿਚ ਸੰਧੀ ਕਰਨੀ ਹੋਵੇਗੀ ਕਿਉਂਕਿ ਇਹ ਇੱਕ ਦੂਜੇ ਦੇ ਸਨਮਾਨ ਸੂਚਕ ਹਨ। ਹੇਠਾਂ ਲਿਖੇ ਸ਼ਬਦਾਂ ਤੋਂ ਇਹ ਤੱਥ ਭਲੀ-ਭਾਂਤ ਸਾਹਮਣੇ ਆਉਂਦੇ ਹਨ :-

ਗਿਬਸਨਜ਼ ਅਨੁਸਾਰ, "ਹਰ ਮਨੁੱਖ ਕੋਲ ਦੋ ਸਿੱਖਿਆਵਾਂ ਹੁੰਦੀਆਂ ਹਨ, ਇੱਕ ਉਹ ਜੋ ਦੂਜਿਆਂ ਤੋਂ ਪ੍ਰਾਪਤ ਕਰਦਾ ਹੈ ਅਤੇ ਇੱਕ ਹੋਰ ਮਹੱਤਵਪੂਰਨ ਸਿੱਖਿਆ ਜੋ ਉਹ ਆਪਣੇ ਆਪ ਨੂੰ ਦਿੰਦਾ ਹੈ।"

### 1.3.7 ਸਵੈ-ਮੁਲਾਂਕਣ ਦੇ ਪ੍ਰਸ਼ਨ (Questions for Self-Evaluation) :

1. ਪੰਜ ਲਾਈਨਾਂ ਵਿਚ ਸਿੱਖਿਆ ਦੀ ਕਿਸੇ ਇਕ ਵਧੀਆ ਪਰਿਭਾਸ਼ਾ ਦਾ ਵਰਨਣ ਕਰੋ।
2. ਸਿੱਖਿਆ ਦੇ ਚੋੜੇ ਤੇ ਸੋੜੇ ਅਰਥਾਂ ਦਾ ਵਰਨਣ ਚਾਰ ਲਾਈਨਾਂ ਵਿਚ ਆਪਣੀ ਭਾਸ਼ਾ ਵਿਚ ਕਰੋ।
3. ਪੱਛਮ ਵਿਚ ਸਿੱਖਿਆ ਦੇ ਪੁਰਾਤਨ ਤੇ ਆਧੁਨਿਕ ਅਰਥਾਂ ਨੂੰ ਆਪਣੀ ਭਾਸ਼ਾ ਵਿਚ ਸਮਝਾਓ।

### 1.3.8 ਸਿੱਖਿਆ ਦੀ ਪ੍ਰਕ੍ਰਿਤੀ

(i) ਜੀਵਨ ਭਰ ਚਲਣ ਵਾਲੀ ਪ੍ਰਕ੍ਰਿਆ: ਸਿੱਖਿਆ ਜਨਮ ਤੋ ਮਰਨ ਤਕ ਨਿਰੰਤਰ ਚਲਣ ਵਾਲੀ ਪ੍ਰਕ੍ਰਿਆ ਹੁੰਦੀ ਹੈ। ਇਸ ਨੂੰ ਕਿਸੇ ਵਿਸ਼ੇਸ਼ ਉਮਰ ਨਾਲ ਨਹੀ ਜੋੜਿਆ ਜਾ ਸਕਦਾ।

(ii) ਸੰਪੂਰਨ ਜਾਣਕਾਰੀ ਪ੍ਰਾਪਤ ਕਰਨਾ: ਮਨੁੱਖ ਪ੍ਰਮਾਤਮਾ ਨਾਲੋਂ ਵੱਖ ਹੋ ਕੇ ਆਤਮਾ ਦੀ ਸ਼ਕਲ ਵਿੱਚ ਆਇਆ ਹੈ। ਉਹ ਫੇਰ ਇਸ ਦੇ ਨਾਲ ਇੱਕਮਿੱਕ ਹੋਣਾ ਲੋਚਦਾ ਹੈ। ਸਿੱਖਿਆ ਵਿਅਕਤੀ ਦਾ ਵਿਕਾਸ ਇਸ ਪ੍ਰਕਾਰ ਕਰਦੀ ਹੈ ਕਿ ਉਸਨੂੰ ਮਨੁੱਖ ਤੇ ਕਾਇਨਾਤ ਦੀਆਂ ਸਾਰੀਆਂ ਚੀਜਾਂ ਵਿੱਚ ਪ੍ਰਮਾਤਮਾ ਹੀ ਬਿੰਬ ਦਿਖੇ।

(iii) ਵਿਅਕਤਿਤਵ ਦਾ ਸਰਵਪੱਖੀ ਵਿਕਾਸ: ਸਿੱਖਿਆ ਨੇ ਵਿਆਕਤੀ ਦਾ ਸਰਵਪੱਖੀ ਵਿਕਾਸ ਤਾ ਕਰਨਾ ਹੀ ਹੁੰਦਾ ਹੈ ਜਿਵੇ ਧਾਰਮਿਕ, ਬੋਧਿਕ, ਸਮਾਜਿਕ, ਸਭਿਆਚਾਰ ਅਤੇ ਅਧਿਆਤਮਕ। ਇਨ੍ਹਾਂ ਅੰਸ਼ਾਂ ਦੀ ਵਿਕਾਸ ਦੀ ਸੀਮਾਂ ਸਭ ਵਿਅਕਤੀਆਂ ਦੀ ਆਪੋ ਆਪਣੀ ਹੀ ਹੁੰਦੀ ਹੈ। ਵਿਆਕਤੀ ਵਿੱਚ ਜਨਮ–ਜਾਤ, ਸੰਭਾਵਨਾਂ, ਸਮਰਥਾਵਾਂ, ਯੋਗਤਾਵਾਂ ਦੇ ਗੁਣ ਆਪਣੇ ਆਪਣੇ ਹੀ ਹੁੰਦੇ ਹਨ ਜੋ ਲੋਕੇ ਪਏ ਹਨ। ਸਿੱਖਿਆ ਨੇ ਇਨ੍ਹਾਂ ਨੂੰ ਉਜਾਗਰ ਕਰਨਾ ਹੁੰਦਾ ਹੈ

(iv) ਅਧਿਆਪਕ ਦੇ ਸਿਖਿਆਰਥੀ ਦੀ ਸਾਂਝੀ ਪ੍ਰਕ੍ਰਿਆ: ਗੁਰੂ ਤੇ ਚੇਲਾ ਮਿਲ ਕੇ ਹੀ ਸਿੱਖਿਆ ਦੇ ਉਦੇਸ਼ਾਂ ਨੂੰ ਬਣਾਉਦੇ ਹਨ। ਇਹ ਇਨ੍ਹਾਂ ਦੀ ਸਾਝੀ ਪ੍ਰਕ੍ਰਿਆ ਹੁੰਦੀ ਹੈ।

(v) ਸਮਾਜਿਕ ਜ਼ਿੰਮੇਵਾਰੀ: ਅਧਿਆਪਕ ਹੀ ਵਿਦਿਆਰਥੀਆਂ ਵਿੱਚ ਮਾਤਾ, ਪਿਤਾ, ਅਧਿਆਪਕ, ਵੱਡੀਆਂ ਵਡੇਰੀਆਂ ਪ੍ਰਤੀ ਜ਼ਿੰਮੇਵਾਰੀ ਪ੍ਰਤੀ ਜ਼ਿੰਮੇਵਾਰੀ ਦਾ ਅਹਿਸਾਸ ਕਰਵਾਉਦਾ ਹੈ। ਇਹ ਵੀ ਸਿੱਖਿਆ ਦੀ ਉਚਤਮ ਪ੍ਰਕ੍ਰਿਰਿਆ ਹੁੰਦੀ ਹੈ।

(vi) ਮੁਕਤੀ ਪ੍ਰਾਪਤ ਕਰਨਾ: ਸਿੱਖਿਆ ਦਾ ਇਕ ਇਹ ਵੀ ਮਨੋਰਥ ਹੁੰਦਾ ਹੈ ਕਿ ਵਿਅਕਤੀ ਨੂੰ ਮੁਕਤੀ ਪ੍ਰਾਪਤ ਹੋਵੇ। ਇਹ ਵੀ ਸਿੱਖਿਆ ਦੀ ਪ੍ਰਕਿਤੀ ਹੁੰਦੀ ਹੈ। ਭਾਰਤ ਵਿੱਚ ਸਿੱਖਿਆ ਦਾ ਇਹ ਮਨੋਰਥ ਬਹੁਤ ਦੇਰ ਤਕ ਰਿਹਾ ਹੈ। ਹੁਣ ਵੀ ਇਸੇ ਤਕ ਸੰਕੇਤ ਮਿਲਦਾ ਹੈ।

(vii) ਗਤੀਸ਼ੀਲ ਪ੍ਰਕ੍ਰਿਆ: ਸਿੱਖਿਆ ਗਤੀਸ਼ਲੀ ਹੁੰਦੀ ਹੈ। ਇਹ ਕਦੇ ਵੀ ਸਥਿਰ ਨਹੀ ਹੁੰਦੀ। ਕੀਮਤਾਂ ਬਦਲੀਆਂ ਹਨ ਗਿਆਨ ਬਦਲਦਾ ਹਨ ਅਤੇ ਸਾਰੇ ਸਾਧਨ ਬਦਲਦੇ ਹਨ। ਸਿੱਖਿਆ ਦੀ ਇਹ ਵੀ ਇੱਕ ਪ੍ਰਕ੍ਰਿਆ ਹੁੰਦੀ ਹੈ। ਟੀਚੇ ਇਸ ਦੇ ਅਨੁਸਾਰ ਹੀ ਹੁੰਦੇ ਹਨ।

(viii) ਜੀਵਨ ਦੀ ਪ੍ਰਕ੍ਰਿਆ: ਸਿੱਖਿਆ ਚੰਗਾ ਜੀਵਨ ਬਤੀਤ ਕਰਨ ਦਾ ਸਾਧਨ ਹੈ। ਸਾਧਨ ਸਾਧਨ ਹੁੰਦਾ ਹੈ ਅਤੇ ਉਦੇਸ਼ ਨਹੀ ਹੁੰਦਾ। ਸਿੱਖਿਆਂ ਨੇ ਇਸ ਨੂੰ ਵਿਕਸਿਤ ਕਰਨ ਹੁੰਦਾ ਹੈ।

(ix) ਸਿੱਖਿਆ ਦੇ ਤਿੰਨ ਧੁਰੀ ਅਮਲੇ: ਸਿੱਖਿਆ ਵਿਅਕਤੀ–ਅਧਿਆਪਕ ਤੋ ਵਾਤਾਵਰਨ ਦਾ ਤਿੰਨ ਭਾਂਤੀ ਅਮਲ ਹੁੰਦਾ ਹੈ।

### 1.3.9 ਸਿੱਖਿਆ ਦਾ ਖੇਤਰ (Scope of Education)

ਸਿੱਖਿਆ ਜਿਸ ਪ੍ਰਕਾਰ ਬਹੁਤ ਤਰ੍ਹਾਂ ਦੀਆਂ ਕਿਰਿਆਵਾਂ, ਤਜ਼ਰਬੇ ਅਤੇ ਸੂਝ-ਬੂਝ ਪ੍ਰਦਾਨ ਕਰਦੀ ਹੈ, ਇਸਦਾ ਖੇਤਰ ਬਹੁਤ ਹੀ ਵਿਸ਼ਾਲ ਹੈ ਅਤੇ ਇਸਦਾ ਉਦੇਸ਼ ਇੱਕ ਵਿਅਕਤੀ ਦਾ ਪੂਰਾ ਜੀਵਨ ਹੈ। ਇਹ ਬਾਕੀ ਵਿਸ਼ਿਆਂ ਜਿਵੇਂ ਦਰਸ਼ਨ-ਸ਼ਾਸ਼ਤਰ, ਧਰਮ, ਮਨੋਵਿਗਿਆਨ, ਭੌਤਿਕ ਵਿਗਿਆਨ, ਰਾਜਨੀਤੀ, ਇਤਿਹਾਸ, ਅਰਥ-ਸ਼ਾਸ਼ਤਰ ਅਤੇ ਹੋਰ ਸਮਾਜਕ ਵਿਗਿਆਨਾਂ ਵਿਚੋਂ ਕੇਵਲ ਕਿਰਿਆਤਮਕ ਪਦਾਰਥ ਕੱਢਦੀ ਹੈ,ਜੋ ਕਿ ਅੱਜ ਦੇ ਸਮਾਜਿਕ ਢਾਂਚੇ ਦੀਆਂ ਜ਼ਰੂਰਤਾਂ ਅਨੁਸਾਰ ਮਾਨਵੀ ਵਿਵਹਾਰ ਨੂੰ ਸੁਧਾਰ ਸਕਦੇ ਹਨ ਅਤੇ ਪੂਰਨ ਮਾਨਵੀ ਵਿਕਾਸ ਨੂੰ ਪ੍ਰਭਾਵਿਤ ਕਰ ਸਕਦੇ ਹਨ। ਜੀਵਨ ਦੇ ਵਿਸ਼ਾਲ ਖੇਤਰ ਵਿੱਚ, ਸਿੱਖਿਆ ਹੁਣ ਇੱਕ ਵਿਸ਼ੇ ਦੇ ਤੌਰ ਤੇ ਜਾਣੀ ਜਾਂਦੀ ਹੈ। ਭਾਵੇਂ ਸਿੱਖਿਆ ਦੇ ਖੇਤਰ ਦਾ ਵਰਨਣ ਕਰਨਾ ਤਾਂ ਸੰਭਵ ਨਹੀਂ ਹੁੰਦਾ, ਪਰ ਫੇਰ ਵੀ ਸਿੱਖਿਆ ਦੇ ਖੇਤਰ ਵਿੱਚ ਮੂਲ ਰੂਪ ਵਿੱਚ ਹੇਠ ਲਿਖੇ ਦ੍ਰਿਸ਼ਟੀਕੋਣ ਸ਼ਾਮਿਲ ਕੀਤੇ ਜਾ ਸਕਦੇ ਹਨ ।

### 1.3.9.1 ਸਿੱਖਿਅਕ ਦਰਸ਼ਨ ਸਾਸ਼ਤਰ (Educational Philosophy)

ਫ਼ਲਸਫ਼ਾ ਸਾਰੇ ਮਜ਼ਬੂਨਾਂ ਦੀ ਮਾਂ ਹੁੰਦੀ ਹੈ। ਸਿੱਖਿਆ ਵੀ ਉਸ ਮਾਂ ਦੇ ਅੰਸ਼ ਵਿੱਚੋਂ ਇੱਕ ਹੈ। ਇਸ ਨੂੰ ਇਸ ਨਾਲੋਂ ਵੱਖਰਾ ਕਦੇ ਵੀ ਕੀਤਾ ਜਾ ਸਕਦਾ ਹੈ। ਸਿੱਖਿਆ ਦੇ ਦਰਸ਼ਨ ਸਾਸ਼ਤਰ ਦੇ ਆਧਾਰ ਤੇ ਅਸੀਂ ਸਿੱਖਿਆ ਦੀ ਪ੍ਰਕਿਰਤੀ, ਸਿੱਖਿਆ ਦੀ ਮਹੱਤਤਾ, ਸਿੱਖਿਆ ਦੇ ਉਦੇਸ਼, ਸਿੱਖਿਆ ਦੀ ਲੋੜ, ਸਿੱਖਿਆ ਅਤੇ ਦਰਸ਼ਨ ਸ਼ਾਸਤਰ ਵਿੱਚ ਸੰਬੰਧ ਅਤੇ ਵੱਖ-ਵੱਖ ਸਿੱਖਿਅਕ ਵਿਚਾਰਾਂ ਬਾਰੇ ਅਧਿਐਨ ਕਰਦੇ ਹਾਂ।

### 1.3.9.2 ਸਿੱਖਿਅਕ ਮਨੋਵਿਗਿਆਨ (Educational Psychology)

ਅੱਜ ਸਿੱਖਿਆ ਤੇ ਸਿੱਖਿਅਕ ਮਨੋਵਿਗਿਆਨ ਵਿਚ ਰਿਸ਼ਤਾ ਏਨਾ ਪੱਕਾ ਹੋ ਗਿਆ ਹੈ ਕਿ ਜੇ ਇਨ੍ਹਾਂ ਨੂੰ ਵੱਖਰਾ ਕਰਨ ਦਾ ਯਤਨ ਕੀਤਾ ਜਾਵੇ ਤਾਂ ਇਹ ਦੋਵੇਂ ਪੱਖ ਹੀ ਖੇਰੂੰ-ਖੇਰੂੰ ਹੋ ਜਾਣਗੇ।

ਆਧੁਨਿਕ ਸਿੱਖਿਆ ਦੀ ਪ੍ਰਣਾਲੀ ਵਿੱਚ ਬੱਚੇ ਨੂੰ ਕੇਂਦਰੀ ਬਿੰਦੂ ਮੰਨਿਆ ਜਾਂਦਾ ਹੈ। ਸਿੱਖਿਅਕ ਮਨੋਵਿਗਿਆਨ ਬੱਚੇ ਦੇ ਭੌਤਿਕ ਅਤੇ ਮਾਨਸਿਕ ਵਿਕਾਸ, ਉਸਦੇ ਸਮਾਜਿਕ ਅਤੇ ਸਮੁਦਾਇ ਵਿਕਾਸ, ਵਿਅਕਤਿਤਵ, ਬੁੱਧੀ, ਯੋਗਤਾ, ਸਮੱਰਥਾ, ਰੁਝਾਣ, ਸੋਚਣ-ਸ਼ਕਤੀ, ਯਾਦ ਸ਼ਕਤੀ ਆਦਿ ਬਾਰੇ ਅਧਿਐਨ ਕਰਦਾ ਹੈ। ਇਹ ਸਿੱਖਣ ਦੀਆਂ ਵਿਧੀਆਂ ਦੇ ਅਲੱਗ-ਅਲੱਗ ਤਰੀਕਿਆਂ, ਸਿੱਖਣ ਵਿੱਚ ਬੱਚੇ ਦਾ ਰੁਝਾਨ, ਸਿੱਖਣ ਦੀਆਂ ਹਾਲਤਾਂ ਆਦਿ ਬਾਰੇ ਵੀ ਅਧਿਐਨ ਕਰਦਾ ਹੈ।

### 1.3.9.3 ਸਿੱਖਿਆ ਦਾ ਇਤਿਹਾਸ (History of Education)

ਸਿੱਖਿਆ ਦਾ ਇਤਿਹਾਸ, ਸਿੱਖਿਆ ਦੇ ਪੁਰਾਣੇ ਵਿਚਾਰ ਅਤੇ ਸਿੱਖਿਆ ਦੀਆਂ ਵੱਖ-ਵੱਖ ਸਮੱਸਿਆਵਾਂ ਸੁਲਝਾਉਣ ਵਿੱਚ ਮਦਦ ਕਰਦੇ ਹਨ। ਇਸ ਵਿੱਚ ਇਤਿਹਾਸ ਦੇ ਵੱਖ-ਵੱਖ ਸਮਿਆਂ ਵਿੱਚ ਸਿੱਖਿਅਕ ਗਠਨ, ਸਭਿਆਚਾਰ ਅਤੇ ਸਿੱਖਿਆ ਦੇ ਸੰਬੰਧ ਅਤੇ ਵੱਖ-ਵੱਖ ਸਿੱਖਿਆ ਸ਼ਾਸਤਰੀਆਂ ਦੇ ਸਿੱਖਿਅਕ ਵਿਚਾਰਾਂ ਬਾਰੇ ਅਧਿਐਨ ਕਰਦੇ ਹਾਂ।

### 1.3.9.4 ਪੜ੍ਹਾਉਣ ਦੀਆਂ ਵਿਧੀਆਂ (Teaching Methods)

ਹੁਣ ਜ਼ਮਾਨਾ ਤਕਨੋਲੋਜੀ ਦਾ ਹੈ। ਜਿਸ ਦੀ ਤਰੱਕੀ ਦੇ ਕਾਰਨ ਸਿੱਖਿਆ ਪ੍ਰਦਾਨ ਕਰਨ ਦੀਆਂ ਵਿਧੀਆਂ ਵਿਚ ਅਤਿ ਦਾ ਅੰਤਰ ਆ ਰਿਹਾ ਹੈ। ਇਹ ਸਾਰੀ ਤਰੱਕੀ ਪੜ੍ਹਾਉਣ ਦੀਆਂ ਵਿਧੀਆਂ ਦੇ ਅਨੁਸਾਰ ਹੀ ਹੋ ਰਹੀ ਹੈ।ਵੱਖ-ਵੱਖ ਵਿਸ਼ਿਆਂ ਲਈ, ਵੱਖ-ਵੱਖ ਪੜ੍ਹਾਉਣ ਦੀਆਂ ਵਿਧੀਆਂ ਲੋੜੀਂਦੀਆਂ ਹਨ। ਅਧਿਆਪਨ ਦੀ ਪ੍ਰਣਾਲੀ ਵਿੱਚ ਅਧਿਆਪਨ ਅਤੇ ਸਿੱਖਣਾ ਸ਼ਾਮਿਲ ਹਨ। ਇਸ ਸ਼ਾਖਾ ਵਿੱਚ ਅਧਿਆਪਨ ਦੀ ਪ੍ਰਕਿਰਤੀ, ਅਧਿਆਪਨ ਦੇ ਉਦੇਸ਼ ਅਤੇ ਲੋੜ, ਅਧਿਆਪਨ ਅਤੇ ਸਿੱਖਣ ਦੀਆਂ ਕਿਰਿਆਵਾਂ, ਅਧਿਆਪਨ ਦੀ ਸਫਲਤਾ ਅਤੇ ਅਸਫਲਤਾ ਦਾ ਮੁਲਾਂਕਣ ਕਰਨਾ ਆਦਿ ਬਾਰੇ ਅਧਿਐਨ ਕੀਤਾ ਜਾਂਦਾ ਹੈ।

### 1.3.9.5 ਸਿੱਖਿਅਕ ਪ੍ਰਬੰਧ (Educational Administration)

ਇੱਕ ਦੇਸ਼ ਦੀ ਸਿੱਖਿਆ ਪ੍ਰਣਾਲੀ ਸਿੱਖਿਆ ਦੇ ਪ੍ਰਬੰਧ ਤੇ ਨਿਰਭਰ ਕਰਦੀ ਹੈ। ਇਸ ਸ਼ਾਖਾ ਵਿੱਚ ਸਕੂਲਾਂ ਦਾ ਸੰਸਥਾਪਨ, ਉਨ੍ਹਾਂ ਦਾ ਪ੍ਰਬੰਧ, ਨਿਗਰਾਨ ਅਤੇ ਕੰਟਰੋਲ, ਉਨ੍ਹਾਂ ਦੀ ਮੁਲਾਂਕਣ ਪ੍ਰਣਾਲੀ, ਪ੍ਰਬੰਧਕਾਂ, ਅਧਿਆਪਕਾਂ, ਪ੍ਰਿੰਸੀਪਲਾਂ ਅਤੇ ਹੋਰ ਮੁਲਾਜ਼ਮਾਂ ਦੀ ਭਰਤੀ, ਉਨ੍ਹਾਂ ਦੀ ਤਨਖਾਹ ਅਤੇ ਹੋਰ ਭੱਤੇ, ਉਨ੍ਹਾਂ ਦੀਆਂ ਕੰਮ ਕਰਨ ਦੀਆਂ ਹਾਲਤਾਂ ਆਦਿ ਬਾਰੇ ਅਧਿਐਨ ਕੀਤਾ ਜਾਂਦਾ ਹੈ।

### 1.3.9.6 ਤੁਲਨਾਤਮਕ ਸਿੱਖਿਆ (Comparative Education)

ਤੁਲਨਾਤਮਕ ਸਿੱਖਿਆ ਪ੍ਰਣਾਲੀ ਦੇ ਵੱਖ-ਵੱਖ ਢਾਂਚਿਆਂ, ਕਿਰਿਆ-ਪ੍ਰਣਾਲੀਆਂ, ਉਦੇਸ਼ਾਂ, ਵਿਧੀਆਂ ਅਤੇ ਉੱਤਪਤੀਆਂ ਦੀ ਆਪਸੀ ਤੁਲਨਾ ਤੇ ਵੱਖ-ਵੱਖ ਦੇਸ਼ਾਂ ਦੇ ਅਭਿਆਸਾਂ ਦਾ ਅਧਿਐਨ ਹੈ। ਇਹ ਠੀਕ ਹੀ ਕਿਹਾ ਜਾਂਦਾ ਹੈ ਕਿ ਜੇ ਕਿਸੇ ਨੂੰ ਸਿੱਖਿਆ ਦਾ ਗਿਆਨ ਪ੍ਰਦਾਨ ਕਰਨਾ ਹੈ ਤਾਂ ਉਸ ਨੂੰ ਤੁਲਨਾਤਮਿਕ ਸਿੱਖਿਆ ਤੋਂ ਹੀ ਆਰੰਭ ਕਰਨਾ ਚਾਹੀਦਾ ਹੁੰਦਾ ਹੈ।

### 1.3.9.7 ਸਿੱਖਿਅਕ ਸਮੱਸਿਆਵਾਂ (Educational Problems)

ਇਹ ਸ਼ਾਖਾ ਵੱਖ-ਵੱਖ ਸਮੱਸਿਆਵਾਂ ਅਤੇ ਉਨ੍ਹਾਂ ਦੇ ਹੱਲਾਂ ਦਾ ਅਧਿਐਨ ਕਰਦੀ ਹੈ। ਇਸ ਵਿੱਚ ਸ਼ਾਮਿਲ ਵਿਸ਼ੇ ਹਨ - ਸਿੱਖਿਆ ਦੇ ਵੱਖ-ਵੱਖ ਪੱਧਰਾਂ ਤੇ ਆਉਣ ਵਾਲੀਆਂ ਸਮੱਸਿਆਵਾਂ ਤੇ ਉਨ੍ਹਾਂ ਦੇ ਉਪਾਅ, ਵੱਖ-ਵੱਖ ਸਟੇਜਾਂ ਦੀ ਮਿਆਦ, ਪਾਠਕ੍ਰਮ, ਪੜ੍ਹਾਉਣ ਦਾ ਮਾਧਿਅਮ, ਸਿੱਖਿਆ ਦੇ ਖੇਤਰ ਵਿੱਚ ਸਥਿਰਤਾ ਅਤੇ ਨੁਕਸਾਨ ਆਦਿ। ਜਿਉਂ ਜਿਉਂ ਆਧੁਨੀਕਰਨ, ਅੰਤਰ ਰਾਸ਼ਟਰੀਕਰਨ ਤੇ ਦੁਨਿਆਵੀਕਰਨ ਦੀਆਂ ਕੀਮਤਾਂ ਪੱਕੀਆਂ ਹੋ ਰਹੀਆਂ ਹਨ, ਸਿੱਖਿਆ ਦੀਆਂ ਸਮੱਸਿਆਵਾਂ ਵੀ ਵੱਧ ਰਹੀਆਂ ਹਨ। ਅੱਜ ਦੁਨੀਆਂ ਵਿੱਚ ਨਸ਼ਾ ਕਰਨ ਦੀ ਸਮੱਸਿਆ ਏਨੀ ਗੰਭੀਰ ਹੋ ਗਈ ਹੈ ਕਿ ਇਸ ਨੇ ਵਿਅਕਤੀਆਂ ਦਾ ਮੁਹਾਂਦਰਾ ਹੀ ਬਦਲ ਕੇ ਰੱਖ ਦਿੱਤਾ ਹੈ।

ਸਿੱਖਿਆ ਦਾ ਖੇਤਰ ਬਹੁਤ ਵਿਸ਼ਾਲ ਅਤੇ ਵਿਆਪਕ ਹੈ। ਸਿੱਖਿਆ ਦੇ ਖੇਤਰ ਵਿੱਚ ਨਵੇਂ-ਨਵੇਂ ਵਿਸ਼ੇ ਵਿਕਸਿਤ ਹੋ ਰਹੇ ਹਨ। ਇਹ ਸਪੱਸ਼ਟ ਹੋਣਾ ਚਾਹੀਦਾ ਹੈ ਕਿ ਸਿੱਖਿਆ ਦੇ ਵੱਖ-ਵੱਖ ਖੇਤਰ ਆਪਸ ਵਿੱਚ ਸੰਬੰਧਿਤ ਹਨ।

## 1.3.10 ਸੰਖੇਪ (Summary)

ਸਿੱਖਿਆ ਇੱਕ ਬਹੁਤ ਵਿਸ਼ਾਲ ਸੰਕਲਪ ਹੈ। ਇਸ ਨੂੰ ਵੱਖ -ਵੱਖ ਖੇਤਰਾਂ ਦੇ ਵਿਦਵਾਨਾਂ ਨੇ ਆਪਣੇ ਆਪਣੇ ਨਜ਼ਰੀਏ ਤੋਂ ਦੇਖਿਆ ਹੈ। ਇਸ ਨੂੰ ਪੂਰਨ ਭਾਂਤ ਪਰਿਭਾਸ਼ਿਤ ਕਰਨਾ ਬਹੁਤ ਔਖਾ ਹੈ ਕਿਉਂਕਿ ਭਾਰਤੀਆਂ ਤੇ ਪੱਛਮੀ ਖੇਤਰਾਂ ਦੇ ਵਿਦਵਾਨਾਂ ਦੇ ਇਸ ਬਾਰੇ ਵੱਖਰੀ–ਵੱਖਰੀ ਭਾਂਤ ਦੇ ਵਿਚਾਰ ਦਰਸਾਏ ਹਨ। ਸਮੇਂ ਦੇ ਬੀਤਨ ਨਾਲ ਇਸ ਦੇ ਸੰਕਲਪ ਵੀ ਬਦਲਦੇ ਰਹੇ ਹਨ। ਅੱਜ ਇਸ ਸਚਾਈ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਸਿੱਖਿਆ ਦੀ ਮਾਨਵ ਸ਼ਕਤੀ ਵਿਕਾਸ ਵਿਚ ਅਤਿ ਦੀ ਭਾਈਵਾਲੀ ਹੈ। ਜੇ ਸਿੱਖਿਆ ਨੂੰ ਵਿਕਾਸ ਦੀਆਂ ਕ੍ਰਿਆਵਾਂ ਵਿਚੋਂ ਵੱਖਰਾ ਕਰ ਲਿਆ ਜਾਵੇ ਤਾਂ ਇਹ ਕ੍ਰਿਆਵਾਂ ਖੇਰੂੰ ਖੇਰੂੰ ਹੋ ਜਾਣਗੀਆਂ।

ਕਈ ਵਾਰ ਸਿੱਖਿਆ ਨੂੰ ਟ੍ਰੇਨਿੰਗ, ਸਕੂਲ ਦੀ ਪੜ੍ਹਾਈ, ਨਿਰਦੇਸ਼ਨ ਦੇਣ ਤੇ ਪ੍ਰਤੀਪਾਦਨ ਨਾਲ ਵੀ ਉਲਝਾ ਲਿਆ ਜਾਂਦਾ ਹੈ ਪਰ ਇਨ੍ਹਾਂ ਸਾਰਿਆਂ ਵਿਚ ਚੌਖਾ ਅੰਤਰ ਹੈ। ਸਿੱਖਿਆ ਇਨ੍ਹਾਂ ਸਾਰਿਆਂ ਨਾਲੋਂ ਵੱਖਰੀ ਭਾਂਤ ਦਾ ਸੰਕਲਪ ਹੈ। ਆਮ ਕਰਕੇ ਟ੍ਰੇਨਿੰਗ ਸ਼ਬਦ ਜਾਨਵਰਾਂ ਦੀ ਸਿਖਲਾਈ ਲਈ ਵਰਤਿਆ ਜਾਂਦਾ ਹੈ ਤੇ ਪੜ੍ਹਾਈ ਇਨਸਾਨਾਂ ਨੂੰ ਕਰਵਾਈ ਜਾਂਦੀ ਹੈ।

ਸਿੱਖਿਆ ਦਾ ਖੇਤਰ ਬਹੁਤ ਡੂੰਘਾ ਹੈ। ਇਸ ਵਿੱਚ ਵਿਦਿਅਕ ਫਲਸਫ਼ਾ, ਸਿੱਖਿਅਕ ਮਨੋਵਿਗਿਆਨ, ਸਿੱਖਿਆ ਇਤਿਹਾਸ, ਪੜ੍ਹਾਉਣ ਦੇ ਢੰਗ, ਸਿੱਖਿਅਕ ਪ੍ਰਸ਼ਾਸ਼ਨ, ਤੁਲਨਾਤਮਿਕ ਸਿੱਖਿਆ ਤੇ ਸਿੱਖਿਆ ਦੀਆਂ ਬਹੁਤੀਆਂ ਸਮੱਸਿਆਵਾਂ ਆ ਜਾਂਦੀਆਂ ਹਨ। ਅਸਲ ਗੱਲ ਤਾਂ ਇਹ ਹੈ ਕਿ ਜੀਵਨ ਦਾ ਕੋਈ ਵੀ ਪੱਖ ਸਿੱਖਿਆ ਤੋਂ ਪ੍ਰਭਾਵਿਤ ਹੋਏ ਬਗੈਰ ਵਿਕਸਤ ਨਹੀਂ ਹੋ ਸਕਦਾ।

## 1.3.11 ਸੁਝਾਏ ਪ੍ਰਸ਼ਨ (Suggested Questions)

1. ਸਿੱਖਿਆ ਨੂੰ ਆਪਣੇ ਸ਼ਬਦਾਂ ਵਿੱਚ ਪਰਿਭਾਸ਼ਿਤ ਕਰੋ ਅਤੇ ਇਸ ਦੀ ਸਭ ਨਾਲੋਂ ਢੁੱਕਵੀਂ ਪਰਿਭਾਸ਼ਾ ਦਾ ਵਰਨਣ ਕਰੋ।
2. ਸਿੱਖਿਆ ਦੇ ਉਸ ਨਾਲ ਮਿਲਦੇ ਜੁਲਦੇ ਸੰਕਲਪਾਂ ਦੇ ਅੰਤਰ ਨੂੰ ਆਪਣੇ ਸ਼ਬਦਾਂ ਵਿੱਚ ਦਰਸਾਓ।
3. ਸਿੱਖਿਆ ਦੇ ਖੇਤਰਾਂ ’ਤੇ ਇਕ ਲੇਖ ਲਿਖੋ।

## 1.3.12 ਸੁਝਾਈਆਂ ਪੁਸਤਕਾਂ (Suggested Books)

1. ਸੋਢੀ, ਟੀ.ਐਸ. ਅਤੇ - ਹਰਿੰਦਰ ਕੌਰ ਸੋਢੀ — ਸਿੱਖਿਆ ਦੇ ਦਾਰਸ਼ਨਿਕ ਅਤੇ ਸਮਾਜਿਕ ਆਧਾਰ
2. ਰੋਸ, ਜ਼ੇਮਜ਼ - ਗਰਾਊਂਡਵਰਕ ਆਫ਼ ਐਜੂਕੇਸ਼ਨਲ ਥਿਊਰੀ
3. ਤਨੇਜਾ, ਐਚ.ਐਸ. - ਐਜੂਕੇਸ਼ਨਲ ਥੋਟ ਐਂਡ ਪ੍ਰੈਕਟਿਸ
4. ਬਰਾਊਡੀ, ਐਚ.ਐਸ - ਬਿਲਡਿੰਗ ਏ ਫ਼ਿਲਾਸਫ਼ੀ ਆਫ਼ ਐਜੂਕੇਸ਼ਨ
5. ਐਨ.ਸੀ.ਈ.ਆਰ.ਟੀ - ਐਜੂਕੇਸ਼ਨ ਫਾਰ ਨੇਸ਼ਨਲ ਡਿਵੈਲਪਮੈਂਟ

ਪਾਠ ਨੰ –**1.4**

**ਲੇਖਕ - ਡਾ. ਬੂਟਾ ਸਿੰਘ ਸੇਖੋਂ**

# ਦਰਸ਼ਨ ਅਤੇ ਸਿੱਖਿਆ ਵਿੱਚ ਸੰਬੰਧ
# (PHILOSOPHY AND EDUCATION: RELATIONSHIP BETWEEN THE TWO)

**1.4.0: ਬਣਤਰ:**

1.4.4.1 ਉਦੇਸ਼
1.4.4.2 ਜਾਣ–ਪਹਿਚਾਣ
1.4.2.1. ਦਰਸ਼ਨ
1.4.2.2. ਸਿੱਖਿਆ
1.4.3 ਦਰਸ਼ਨ ਅਤੇ ਸਿੱਖਿਆ ਵਿੱਚ ਸੰਬੰਧ
1.4.4 ਸਿੱਖਿਆ ਦਾ ਦਰਸ਼ਨ ਦੀਆਂ ਵਿਭਿੰਨ ਸ਼ਾਖਾਵਾਂ ਨਾਲ ਸੰਬੰਧ
1.4.4.1 ਤੱਤ–ਮੀਮਾਂਸਾ ਅਤੇ ਸਿੱਖਿਆ
1.4.4.2 ਗਿਆਨ–ਮੀਮਾਂਸਾ ਅਤੇ ਸਿੱਖਿਆ
1.4.4.3 ਮੁੱਲ–ਮੀਮਾਂਸਾ ਅਤੇ ਸਿੱਖਿਆ
1.4.5 ਦਰਸ਼ਨ ਦਾ ਸਿੱਖਿਆ ਉੱਤੇ ਪ੍ਰਭਾਵ
1.4.5.1 ਸਿੱਟਾ
1.4.6. ਸਿੱਖਿਆ ਸ਼ਾਸਤਰ ਤੇ ਪਾਠਕ੍ਰਮ ਦੇ ਸੰਦਰਭ ਵਿੱਚ ਸਿੱਖਿਆ ਦੇ ਨਿਰਣਾਇਕ ਉਦੇਸ਼
1.4.7 ਸਿੱਖਿਆ ਦੇ ਉਦੇਸ਼, ਪਾਠਕ੍ਰਮ ਤੇ ਸਿੱਖਿਆ ਵਿਧੀਆਂ ਦੇ ਨਿਰਣਾਇਕ
1.4.8. ਪਾਠਕ੍ਰਮ ਤੇ ਸਿੱਖਿਆ-ਸ਼ਾਸਤਰ ਦੇ ਸੰਦਰਭ ਵਿੱਚ ਸਿੱਖਿਆ ਦੇ ਉਦੇਸ਼ਾਂ ਦਾ ਨਿਰਧਾਰਨ
1.4.8.1. ਪਾਠਕ੍ਰਮ
1.4.8.2. ਪਾਠਕ੍ਰਮ ਦੇ ਦਾਰਸ਼ਨਿਕ ਨਿਰਣਾਇਕ
1.4.8.3. ਪਾਠਕ੍ਰਮ ਦੇ ਨਿਰਣਾਇਕ ਵਜੋਂ ਦਾਰਸ਼ਨਿਕ ਸਿਧਾਂਤ
1.4.8.4. ਦਾਰਸ਼ਨਿਕ ਨਿਰਣਾਇਕ ਦੁਆਰਾ ਨਿਰਧਾਰਿਤ ਪਾਠਕ੍ਰਮ ਦੇ ਲੱਛਣ
1.4.8.5. ਪਾਠਕ੍ਰਮ ਦਾ ਦਰਸ਼ਨਿਕ ਆਧਾਰ
1.4.8.6. ਸਿੱਖਿਆ ਦਰਸ਼ਨ
1.4.8.7. ਪਾਠਕ੍ਰਮ ਦੇ ਦਾਰਸ਼ਨਿਕ ਨਿਰਣਾਇਕਾਂ ਅਨੁਸਾਰ ਸਿੱਖਿਆ ਦੇ ਉਦੇਸ਼
1.4.8.8. ਦਾਰਸ਼ਨਿਕ ਪਾਠਕ੍ਰਮ ਦੇ ਸੰਦਰਭ ਵਿੱਚ ਸਿੱਖਿਆ ਦੇ ਦਾਰਸ਼ਨਿਕ ਉਦੇਸ਼
1.4.9. ਸਿੱਖਿਆ ਸ਼ਾਸਤਰ ਦੇ ਸੰਦਰਭ ਵਿੱਚ ਸਿੱਖਿਆ ਉਦੇਸ਼ਾਂ ਦਾ ਨਿਰਧਾਰਨ
1.4.9.1. ਸਿੱਖਿਆ ਸ਼ਾਸਤਰ
1.4.9.2. ਅਧਿਆਪਨ ਵਿਧੀਆਂ ਦਾ ਵਿਕਾਸ
1.4.9.3. ਸਿੱਖਿਆ ਸ਼ਾਸਤਰ ਦੇ ਸੰਦਰਭ ਵਿੱਚ ਸਿੱਖਿਆ ਦੇ ਦਾਰਸ਼ਨਿਕ ਨਿਰਣਾਇਕ
1.4.9.4. ਵਿਧੀ ਵਿਧਾਨ ਦੇ ਲੱਛਣ
1.4.9.5. ਕੁਝ ਦਾਰਸ਼ਨਿਕ ਸਿੱਖਿਆ ਵਿਧੀਆਂ

1.4.10. ਸਾਰ

1.4.11. ਸੁਝਾਏ ਪ੍ਰਸ਼ਨ
1.4.12. ਸੁਝਾਈਆਂ ਪੁਸਤਕਾਂ

1.**4.1 ਉਦੇਸ਼:** ਇਸ ਯੂਨਿਟ ਨੂੰ ਪੜ੍ਹਨ ਤੋਂ ਬਾਅਦ, ਤੁਸੀਂ ਹੇਠ ਲਿਖੇ ਉਦੇਸ਼ ਸਮਝਣ ਯੋਗ ਹੋ ਜਾਵੋਗੇ:

- ਦਰਸ਼ਨ ਦਾ ਅਰਥ ਅਤੇ ਇਸਦੀਆਂ ਵਿਭਿੰਨ ਸ਼ਾਖਾਵਾਂ ਦੀ ਵਿਆਖਿਆ
- ਸਿੱਖਿਆ ਦਾ ਅਰਥ ਸਮਝਣ ਯੋਗ
- ਦਰਸ਼ਨ ਅਤੇ ਸਿੱਖਿਆ ਦੇ ਸੰਬੰਧ ਦੀ ਤੁਲਨਾ ਕਰਨ ਯੋਗ
- ਦਰਸ਼ਨ ਅਤੇ ਸਿੱਖਿਆ ਦੇ ਪ੍ਰਭਾਵ ਦਾ ਬੋਧ
- ਵਿਭਿੰਨ ਕਿਸਮ ਦੇ ਦਰਸ਼ਨ ਅਤੇ ਉਹਨਾਂ ਦਾ ਸਿੱਖਿਆ ਨਾਲ ਸੰਬੰਧ
- ਸਿੱਖਿਆ ਦੇ ਉਦੇਸ਼ਾਂ ਦੇ ਨਿਰਧਾਰਿਕਾਂ ਦੀ ਸਮਝ
- ਪਾਠਕ੍ਰਮ ਅਤੇ ਸਿੱਖਿਆ ਸ਼ਾਸਤਰ ਦੇ ਸਦੰਰਭ ਵਿੱਚ ਸਿੱਖਿਆ ਦੇ ਵਿਭਿੰਨ ਨਿਰਧਾਰਿਕਾਂ ਦਾ ਗਿਆਨ

1.4.2 **ਪਛਾਣ (INTRODUCTION):**

ਸਿੱਖਿਆ ਮਨੁੱਖ ਦੀ ਇੱਕ ਬੁਨਿਆਦੀ ਜ਼ਰੂਰਤ ਹੈ ਜੋ ਚੰਗੇ ਰਹਿਣ-ਸਹਿਣ ਅਤੇ ਨੈਤਿਕ ਜੀਵਨ ਜਿਉਣ ਲਈ ਲਾਜ਼ਮੀ ਹੈ। ਸਿੱਖਿਆ ਤੋਂ ਬਿਨਾਂ ਮਨੁੱਖੀ ਸਮਾਜ ਗੈਰ-ਸੱਭਿਅਕ ਅਤੇ ਕਿਸੇ ਸਮਾਜਿਕ, ਰਾਜਨੀਤਿਕ, ਧਾਰਮਿਕ ਅਤੇ ਸਰੀਰਕ ਵਿਕਾਸ ਬਗੈਰ ਬੇਕਾਰ ਘੁੰਮਦਾ ਸਮੂਹ ਹੈ। ਦਰਸ਼ਨ ਸਿੱਖਿਆ ਨੂੰ ਮਾਰਗ-ਦਰਸ਼ਨ ਦੇ ਕੇ ਦਿਸ਼ਾ ਪ੍ਰਦਾਨ ਕਰਦਾ ਹੈ। ਇਹ ਚਿੰਤਨ ਦੇ ਸਮੁੱਚੇ ਖੇਤਰ ਵਿੱਚ ਤਾਰਕਿਕ ਅਰਥ ਸਥਾਪਿਤ ਕਰਦਾ ਹੈ। ਸਿੱਖਿਆ ਤੇ ਦਰਸ਼ਨ, ਦੋਹਾਂ ਦਾ ਮੰਤਵ, ਵਿਅਕਤੀ ਨੂੰ ਸੱਚ ਦਾ ਗਿਆਨ ਕਰਾਉਣਾ ਤੇ ਉਸਦੇ ਜੀਵਨ ਨੂੰ ਵਿਕਸਿਤ ਕਰਨਾ ਹੈ । ਇਸ ਹਾਲਤ ਵਿਚ ਇਹ ਕਹਿਣਾ ਠੀਕ ਹੀ ਹੈ ਕਿ ਦਰਸ਼ਨ ਤੇ ਸਿੱਖਿਆ ਦਾ ਆਪਸ ਵਿਚ ਗੂੜ੍ਹਾ ਤੇ ਡੂੰਘਾ ਸੰਬੰਧ ਹੀ ਨਹੀਂ, ਸਗੋਂ ਦੋਵੇਂ ਇਕ ਦੂਸਰੇ ਉਤੇ ਨਿਰਭਰ ਵੀ ਹਨ । ਦੋਵੇ ਇਕ ਦੂਸਰੇ ਦੇ ਮਾਧਿਅਮ ਹਨ । ਇਸ ਲਈ ਇਹ ਪ੍ਰਕਿਰਿਆ ਵੀ ਹਨ ਤੇ ਨਤੀਜਾ ਵੀ ।ਦਰਸ਼ਨ ਅਤੇ ਸਿੱਖਿਆ ਵਿੱਚਲੇ ਸੰਬੰਧ ਦਾ ਵਰਨਣ ਕਰਨ ਤੋਂ ਪਹਿਲਾਂ ਅਸੀਂ ਇਹ ਸਮਝਣ ਦੀ ਕੋਸ਼ਿਸ਼ ਕਰਾਂਗੇ ਕਿ ਦਰਸ਼ਨ ਅਤੇ ਸਿੱਖਿਆ ਦੇ ਕੀ ਅਰਥ ਹੈ:

**1.4.2.1. ਦਰਸ਼ਨ (Philosophy):**

ਮਨੁੱਖ ਆਪਣੀ ਉੱਤਪਤੀ, ਉਦੇਸ਼, ਪ੍ਰਮਾਤਮਾ ਨਾਲ ਸੰਬੰਧ ਅਤੇ ਆਪਣੀ ਕਿਸਮਤ ਜਾਨਣ ਲਈ ਹਮੇਸ਼ਾਂ ਉਤਸਕ ਰਿਹਾ ਹੈ ਅਤੇ ਸਚਾਈ ਜਾਨਣ ਲਈ ਲਗਾਤਾਰ ਕੀਤਾ ਜਾ ਰਿਹਾ ਯਤਨ ਦਰਸ਼ਨ ਕਹਾਉਂਦਾ ਹੈ। ਇਹ ਜੀਵਨ ਦੇ ਰਹੱਸ਼ਾਂ ਤੋਂ ਪਰਦਾ ਉਠਾਉਣ ਅਤੇ ਇਸ ਦੇ ਅਰਥ ਸਮਝਣ ਦਾ ਯਤਨ ਹੈ। ਇਸ ਲਈ ਇਸਨੂੰ ਸਮੂਹ ਕਲਾਵਾਂ ਦੀ ਮਾਂ ਅਤੇ ਸਮੂਹ ਵਿਗਿਆਨਾਂ ਦਾ ਵਿਗਿਆਨ ਕਿਹਾ ਜਾਂਦਾ ਹੈ (Mother of all Arts and the Science of all Sciences)।

ਹਰੇਕ ਵਿਅਕਤੀ ਦਾ ਆਪਣਾ ਵਿਅਕਤੀਗਤ ਦਰਸ਼ਨ ਹੁੰਦਾ ਹੈ ਜੋ ਉਹ ਚੇਤਨ ਜਾਂ ਅਚੇਤਨ ਰੂਪ ਵਿੱਚ ਆਪਣੇ ਜੀਵਨ ਵਿੱਚ ਅਪਣਾਉਂਦੇ ਹਨ। ਹਰੇਕ ਦਰਸ਼ਨ ਕੀ ਚੰਗਾ ਹੈ ਅਤੇ ਕੀ ਮਹੱਤਵਪੂਰਨ ਹੈ, ਦਾ ਅਦਭੁੱਤ ਵਿਚਾਰ ਪ੍ਰਗਟ ਕਰਦਾ ਹੈ। ਸਾਧਾਰਨ ਸ਼ਬਦਾਂ ਵਿੱਚ ਦਰਸ਼ਨ ਤੋਂ ਭਾਵ ਹੈ "ਵਿਅਕਤੀ ਦੇ ਮੌਲਿਕ ਵਿਸ਼ਵਾਸ ਅਤੇ ਦ੍ਰਿੜ-ਨਿਸ਼ਚੇ"। ਅਸੀਂ ਸਭ ਭੌਤਿਕ ਵਸਤਾਂ, ਸਾਥੀਆਂ, ਜੀਵਨ, ਮੌਤ, ਪ੍ਰਮਾਤਮਾਂ, ਸਹੀ ਅਤੇ ਗ਼ਲਤ, ਸੁੰਦਰਤਾ, ਕਰੂਪਤਾ ਆਦਿ ਦੇ ਅਰਥਾਂ ਸੰਬੰਧੀ ਆਪਣੇ ਵਿਚਾਰ ਰੱਖਦੇ ਹਾਂ। ਇਹ ਵਿਚਾਰ ਅਸੀਂ ਕਈ ਢੰਗਾਂ ਨਾਲ ਗ੍ਰਹਿਣ ਕੀਤੇ ਹੁੰਦੇ ਹਨ ਅਤੇ ਇਹ ਅਸਪੱਸ਼ਟ ਅਤੇ ਗੈਰਸੰਗਤ ਹੋ ਸਕਦੇ ਹਨ। ਦਰਸ਼ਨ ਵਾਸਤਵਿਕਤਾ ਦਾ ਅਧਿਐਨ ਹੈ, ਅਤੇ ਸਿਆਣਪ ਦਾ ਅਨੁਸਰਨ। ਮੌਲਿਕ ਅਤੇ ਵਿਆਪਕ ਮੁੱਦਿਆਂ ਨਾਲ ਸੰਬੰਧਿਤ ਹੋਣ ਕਾਰਨ ਦਰਸ਼ਨ ਜੀਵਨ ਲਈ ਮਾਰਗ-ਦਰਸ਼ਕ ਹੈ ਅਤੇ ਸਾਡੇ ਦੁਆਰਾ ਜੀਵਨ ਵਿੱਚ ਚੁਣੇ ਗਏ ਰਸਤੇ ਨੂੰ ਨਿਰਧਾਰਿਤ ਕਰਦਾ ਹੈ। ਇਸ ਪ੍ਰਕਾਰ ਮਨੁੱਖੀ ਜੀਵਨ ਦੇ ਸਾਰੇ ਪਹਿਲੂ ਦਰਸ਼ਨਿਕ ਵਿਚਾਰਾਂ ਦੁਆਰਾ ਪ੍ਰਭਾਵਿਤ ਅਤੇ ਨਿਯਮਿਤ ਹੁੰਦੇ ਹਨ। ਦਰਸ਼ਨ ਪਦਾਰਥ (matter) ਨਾਲ ਸੰਬੰਧਿਤ ਸਾਧਾਰਨ

ਅਤੇ ਬੁਨਿਆਦੀ ਸਮੱਸਿਆਵਾਂ ਜਿਵੇਂ ਹੋਂਦ, ਗਿਆਨ, ਸੱਚਾਈ, ਸੁੰਦਰਤਾ, ਨਿਯਮ, ਨਿਆਂ, ਵੈਧਤਾ, ਮਨ ਅਤੇ ਭਾਸ਼ਾ ਆਦਿ ਦਾ ਅਧਿਐਨ ਕਰਦਾ ਹੈ। ਇਸ ਪ੍ਰਕਾਰ ਦਰਸ਼ਨ ਜੀਵਨ ਦਾ ਇੱਕ ਢੰਗ ਹੈ। ਵਿਆਪਕ ਸ਼ਬਦਾਂ ਵਿੱਚ ਦਰਸ਼ਨ ਜੀਵਨ, ਪ੍ਰਕ੍ਰਿਤੀ ਅਤੇ ਸੱਚ ਨੂੰ ਦੇਖਣ ਦਾ ਢੰਗ ਹੈ। ਇਹ ਕਿਸੇ ਵੀ ਵਿਅਕਤੀ ਦੁਆਰਾ ਜੀਵਨ ਕਾਲ ਵਿੱਚ ਪ੍ਰਾਪਤ ਕੀਤੇ ਜਾਣ ਵਾਲੇ ਆਦਰਸ਼ ਤਹਿ ਕਰਦਾ ਹੈ।

**ਅਰਥ (Meaning):** ਦਰਸ਼ਨ ਦੀ ਕੋਈ ਵੀ ਠੋਸ ਪਰਿਭਾਸ਼ਾ ਨਹੀਂ ਹੈ ਪ੍ਰੰਤੂ ਸਧਾਰਨ ਅਰਥਾਂ ਵਿੱਚ ਦਰਸ਼ਨ ਨੂੰ ਹੇਠਾਂ ਅਨੁਸਾਰ ਮੰਨਿਆ ਜਾਂਦਾ ਹੈ:

- ਬੁੱਧੀ ਲਈ ਪ੍ਰੇਮ (The love for wisdom)
- ਕਿਸੇ ਵੀ ਪ੍ਰਕ੍ਰਿਆ ਲਈ ਸੰਬੰਧਿਤ ਪਾਹੁੰਚ (Relational approach to any phenomenon)
- ਤਰਕਿਕ ਵਿਆਖਿਆ ਰਾਹੀਂ ਕਿਸੇ ਵੀ ਚੀਜ਼ ਦਾ ਸਪੱਸ਼ਟੀਕਰਨ ਲੱਭਣਾ

ਦਰਸ਼ਨ ਦਾ ਸ਼ਾਬਦਿਕ ਅਰਥ ਹੈ ਬੁੱਧੀ ਪ੍ਰਤੀ ਪ੍ਰੇਮ ਜੋ ਯੂਨਾਨੀ (Greek) ਭਾਸ਼ਾ ਦੇ ਸ਼ਬਦ ਫਿਲੋਸ (Philos) ਭਾਵ ਪ੍ਰੇਮ (love) ਅਤੇ ਸੋਫੀਆ (Sophia) ਭਾਵ ਬੁੱਧੀ (wisdom) ਤੋਂ ਲਿਆ ਗਿਆ ਹੈ। ਪਲੈਟੋ ਅਨੁਸਾਰ ਦਰਸ਼ਨਿਕ ਉਹ ਹੁੰਦਾ ਹੈ ਜਿਸ ਅੰਦਰ ਜਾਨਣ ਦੀ ਦ੍ਰਿੜ ਇੱਛਾ ਹੁੰਦੀ ਹੈ। ਭਾਰਤੀ ਵਿਦਵਾਨ ਦਰਸ਼ਨ ਸ਼ਬਦ ਦੇ ਅਰਥ "ਦੇਖਣ" ਵਿੱਚੋਂ ਲੱਭਦੇ ਹਨ। ਦਰਸ਼ਨ ਤੋਂ ਭਾਵ ਹੈ ਸੱਚ ਦੀ ਜਾਂਚ-ਪੜਤਾਲ ਅਤੇ ਗਿਆਨ ਲਈ ਖੋਜ। ਇਹ ਕਿਸੇ ਵਸਤੂ ਦੇ ਅਧਿਐਨ ਦਾ ਉਹ ਢੰਗ ਹੈ ਜੋ ਵਿਭਿੰਨ ਦ੍ਰਿਸ਼ਟੀਕੋਣਾਂ ਤੋਂ ਵਿਸ਼ਿਆ ਦੀ ਸੂਖਮਤਾ ਨਾਲ ਅਵਲੋਕਣ ਕਰਕੇ ਉਸਦੀ ਵਾਸਤਵਿਕਤਾ ਜਾਂ ਮੂਲ ਨੂੰ ਜਾਨਣ ਦਾ ਯਤਨ ਕਰਦਾ ਹੈ। ਬੁੱਧੀ ਦਾ ਅਰਥ ਸਿਰਫ਼ ਗਿਆਨ ਹੀ ਨਹੀਂ। ਇਹ ਭੌਤਿਕ ਸੰਸਾਰ, ਮਨ, ਸਮਾਜ, ਗਿਆਨ ਅਤੇ ਸਚਾਈ ਦੀ ਬੁਨਿਆਦੀ ਵਾਸਤਵਿਕਤਾ ਵਿੱਚ ਲਗਾਤਾਰ ਸੂਝ ਨੂੰ ਲੱਭਦਾ ਹੈ। ਇਹ ਅਲੋਚਨਾਤਮਿਕ ਅਤੇ ਵਿਚਾਰਾਤਮਿਕ ਚਿੰਤਨ ਦਾ ਢੰਗ ਹੈ। ਇਹ ਮਨੁੱਖ ਦੀ ਆਪਣੇ ਸੰਸਾਰ ਨੂੰ ਸਮਝਣ ਦੇ ਯਤਨ ਦਾ ਨਿਰੀਖਣ ਹੈ। ਇਹ ਇੱਕ ਜੀਵਨ ਬਲ ਹੈ ਜੋ ਚੰਗੇ ਢੰਗ ਨਾਲ ਜੀਵਨ ਜੀਉਣ ਦਾ ਰਸਤਾ ਪ੍ਰਦਾਨ ਕਰਦਾ ਹੈ।

- **ਆਕਸਫੋਰਡ ਕੋਲਿਨਸ ਕੋਬੀਲਡ ਡਿਕਸ਼ਨਰੀ** (Oxford Collins Cobuild Dictionary, 2006) ਦੇ ਅਨੁਸਾਰ, "ਦਰਸ਼ਨ ਬੁਨਿਆਦੀ ਵਸਤੂਆਂ ਜਿਵੇਂ ਹੋਂਦ, ਗਿਆਨ, ਚਿੰਤਨ ਦੀ ਪ੍ਰਕ੍ਰਿਤੀ ਜਾਂ ਲੋਕਾਂ ਦੇ ਜੀਵਨ ਕਿਸ ਤਰ੍ਹਾਂ ਦਾ ਹੋਣਾ ਚਾਹੀਦਾ ਹੈ ਆਦਿ ਦੇ ਸਿਧਾਂਤਾਂ ਦਾ ਅਧਿਐਨ ਜਾਂ ਰਚਨਾ ਹੈ"।
- **ਐਲਫਰਡ ਵੈਬਰ** ਦੇ ਅਨੁਸਾਰ, "ਦਰਸ਼ਨ ਪ੍ਰਕ੍ਰਿਤੀ ਦੇ ਵਿਸ਼ਾਲ ਵਿਚਾਰ ਦੀ ਖੋਜ ਅਤੇ ਵਸਤੂਆਂ ਦੀ ਪ੍ਰਕ੍ਰਿਤੀ ਦੀ ਵਿਸ਼ਵਵਿਆਪੀ ਵਿਆਖਿਆ ਦਾ ਯਤਨ ਹੈ। ਕੋਈ ਵੀ ਵਿਅਕਤੀ ਜੋ ਵਸਤੂਆਂ ਦੀ ਪ੍ਰਕ੍ਰਿਤੀ ਅਤੇ ਕਾਰਨ ਬਾਰੇ ਖੋਜਦਾ ਹੈ, ਜੋ ਸਾਧਾਰਨ ਸਿਧਾਂਤਾਂ ਤੇ ਪਹੁੰਚਣ ਦਾ ਯਤਨ ਕਰਦਾ ਹੈ ਅਤੇ ਜੋ ਇਹਨਾਂ ਸਿਧਾਂਤਾਂ ਨੂੰ ਰੋਜ਼ਾਨਾ ਜੀਵਨ ਵਿੱਚ ਵਰਤਣ ਦਾ ਯਤਨ ਕਰਦਾ ਹੈ ਉਹ ਇੱਕ ਸੱਚਾ ਦਰਸ਼ਨਿਕ ਹੈ। (Philosophy is a search for comprehensive view of nature, an attempt at a universal explanation of the nature of things. A person who searches into the reason and nature of things, who tries to arrive at a general principle, and who attempts to apply those principles to daily conduct of life, acts like a true philosopher.)
- **ਜਾਨ ਡੇਵੀ** (John Dewey) ਅਨੁਸਾਰ, "ਦਰਸ਼ਨ ਪ੍ਰਚਲਿਤ ਵਸਤੂਆਂ ਦੀ ਅਲੋਚਨਾਤਮਿਕ ਸਮੀਖਿਆ ਹੈ ("philosophy is critical reviewing of just those familiar things").
- **ਰੇਮਾਂਟ** (Raymont) **ਅਨੁਸਾਰ "**ਦਰਸ਼ਨ ਵਿਸ਼ੇਸ਼ ਤੱਥਾਂ ਪਿੱਛੇ ਛੁਪੇ ਸਾਧਾਰਨ ਸੱਚ ਨੂੰ ਜਾਨਣ ਅਤੇ ਬਾਹਰੀ ਦਿਖਾਵਟ ਪਿਛਲੀ ਵਾਸਤਵਿਕਤਾ ਨੂੰ ਪਛਾਨਣ ਦੀ ਖੋਜ ਦਾ ਨਿਰੰਤਰ ਯਤਨ ਹੈ"। ( "Philosophy is an unceasing quest to discover the general truth that lies behind particular facts, to discern the reality that lies behind appearances".)

ਜੀਵਨ ਕੀ ਹੈ? ਮਨੁੱਖ ਦਾ ਅਰੰਭ ਕੀ ਹੈ? ਇਹ ਦਰਸ਼ਨਿਕ ਪੜਤਾਲ ਦੇ ਪ੍ਰਸ਼ਨ ਹਨ।ਵੱਖ-ਵੱਖ ਦਰਸ਼ਨਿਕ ਇਸਦਾ ਉੱਤਰ ਆਪਣੇ ਪ੍ਰੋੜ ਚਿੰਤਨ ਅਤੇ ਵਿਚਾਰਾਂ ਰਾਹੀ ਦਿੰਦੇ ਹਨ।ਇਹ ਵੱਖ-ਵੱਖ ਉੱਤਰ ਵਿਭਿੰਨ ਦਰਸ਼ਨਾਂ ਨੂੰ ਜਨਮ ਦਿੰਦੇ ਹਨ। ਦਰਸ਼ਨ ਦੀਆਂ ਪ੍ਰਮੁੱਖ ਸ਼ਖਾਵਾਂ ਹਨ:

(ੳ) **ਤੱਤ-ਮੀਮਾਂਸਾ** ਜਾਂ **ਹੋਂਦ ਦਾ ਸਿਧਾਂਤ** (Metaphysics or theory of existence) : ਇਹ ਦਰਸ਼ਨ ਸੰਸਾਰ ਦੀ ਸਾਧਾਰਨ ਪ੍ਰਕ੍ਰਿਤੀ ਦਾ ਕ੍ਰਮਬੱਧ ਤਰਕਸ਼ੀਲ ਚਿੰਤਨ ਹੈ ਜਾਂ ਪਰਮ ਵਾਸਤਵਿਕਤਾ ਅਤੇ ਬ੍ਰਹਿਮੰਡ ਦੀ ਪ੍ਰਕ੍ਰਿਤੀ ਬਾਰੇ ਚਰਚਾ ਹੈ।

(ਅ) **ਗਿਆਨ-ਮੀਮਾਂਸਾ** ਜਾਂ **ਗਿਆਨ ਦਾ ਸਿਧਾਂਤ** (Epistomology or the theory of knowledge) : ਇਹ ਵਿਸ਼ਵਾਸਾਂ ਦਾ ਸਪੱਸ਼ਟੀਕਰਨ, ਗਿਆਨ ਦੀ ਪ੍ਰਕ੍ਰਿਤੀ, ਆਰੰਭ, ਪ੍ਰਕਾਰ, ਵਿਧੀਆਂ, ਸੀਮਾਵਾਂ, ਪ੍ਰਮਾਣਿਕਤਾ, ਸੋਮੇ ਆਦਿ ਦੀ ਵਿਆਖਿਆ ਪੇਸ਼ ਕਰਦਾ ਹੈ।

(ੲ) **ਮੁੱਲ-ਮੀਮਾਂਸਾ ਜਾਂ ਮੁੱਲਾਂ ਦਾ ਸਿਧਾਂਤ (**Axiology or the theory of value**):** ਇਹ ਮੁੱਲਾਂ ਦਾ ਦਾਰਸ਼ਨਿਕ ਅਧਿਐਨ ਕਰਦਾ ਹੈ ਅਤੇ ਸਤਿਅਮ, ਸ਼ਿਵਮ, ਸੁੰਦਰਮ ਇਸਦੇ ਮੁੱਲ ਹਨ।ਇਸਦੀਆਂ ਹੇਠ ਲਿਖੀਆਂ ਉਪ-ਸ਼ਾਖਾਵਾਂ ਹਨ:

1. **ਨੀਤੀ ਸ਼ਾਸਤਰ ਜਾਂ ਨੈਤਿਕਤਾ/ਮੁੱਲਾਂ ਦਾ ਸਿਧਾਂਤ** (Ethics, the theory of morality) : ਇਹ ਜੀਵਨ ਦੇ ਆਚਾਰ, ਨਕਾਰਾਤਮਿਕਤਾ ਅਤੇ ਸਾਕਾਰਤਮਿਕਤਾ ਦੇ ਮਾਪਦੰਡ ਦਾ ਅਧਿਐਨ ਕਰਦਾ ਹੈ।
2. **ਸੁੰਦਰਤਾ ਸ਼ਾਸਤਰ** (Aesthetics): ਇਹ ਸੁੰਦਰਤਾ ਦੀ ਚਰਚਾ ਅਤੇ ਉਸਦੇ ਮਾਨ-ਦੰਡ ਦਾ ਅਧਿਐਨ ਕਰਦਾ ਹੈ।
3. **ਤਰਕ ਸ਼ਾਸਤਰ ਜਾਂ ਚਿੰਤਨ ਅਤੇ ਦਲੀਲ ਦੇ ਆਦਰਸ਼ ਢੰਗਾਂ ਦਾ ਅਧਿਐਨ** (logic or the study of ideal method of thought and reasoning): ਇਹ ਤਰਕ ਦੇਣ ਦੀਆਂ ਵਿਧੀਆਂ ਅਤੇ ਨਿਯਮਾਂ ਦਾ ਅਧਿਐਨ ਕਰਦਾ ਹੈ।

### 1.4.2.2. ਸਿੱਖਿਆ (Education):

ਸਿੱਖਿਆ ਵਿਅਕਤੀ ਦੇ ਸਰਵਪੱਖੀ ਵਿਕਾਸ ਦੀ ਕਦੇ ਨਾ ਖਤਮ ਹੋਣ ਵਾਲੀ ਪ੍ਰਕਿਰਿਆ ਹੈ।ਸਿੱਖਿਅਤ ਹੋਣ ਦਾ ਭਾਵ ਹੈ ਮਾਨਵਤਾ ਦਾ ਪਾਠ ਸਿੱਖਣਾ।ਸਿੱਖਿਆ ਵਿਅਕਤੀ ਦੇ ਅੰਦਰੂਨੀ ਗੁਣਾਂ ਨੂੰ ਮਜ਼ਬੂਤੀ ਦੇਣ ਵਿੱਚ ਬਹੁਤ ਮਦਦਗਾਰ ਹੈ ਜਿਹਨਾਂ ਤੋਂ ਬਿਨਾਂ ਉਹ ਕਦੇ ਵੀ ਵਿਕਸਿਤ ਨਹੀਂ ਹੋ ਸਕਦਾ। ਸਿੱਖਿਆ ਸ਼ਬਦ ਅੰਗ੍ਰੇਜ਼ੀ ਭਾਸ਼ਾ ਦੇ ਸ਼ਬਦ 'education' ਦਾ ਸਮਾਨਾਰਥੀ ਹੈ ਜੋ ਯੂਨਾਨੀ ਭਾਸ਼ਾ ਦੇ ਸ਼ਬਦ 'educere' or 'educatum' ਤੋਂ ਲਿਆ ਗਿਆ ਹੈ ਜਿਸਦਾ ਭਾਵ ਹੈ 'to lead out', 'to draw out" ਭਾਵ ਵਿਕਸਿਤ ਕਰਨਾ ਜਾਂ ਕੱਢਣਾ or 'to bring out' ਭਾਵ ਪਾਲਣ-ਪੋਸ਼ਣ। ਵਿਆਪਕ ਰੂਪ ਵਿੱਚ ਸਿੱਖਿਆ ਕਿਸੇ ਕਾਰਜ ਜਾਂ ਅਨੁਭਵ ਨੂੰ ਦਰਸਾਉਂਦੀ ਹੈ ਜਿਸਦਾ ਮਨ, ਚਰਿੱਤਰ ਜਾਂ ਵਿਅਕਤੀ ਦੀ ਸਰੀਰਕ ਯੋਗਤਾ ਉੱਤੇ ਨਿਰਣਾਤਮਿਕ ਅਸਰ ਪੈਂਦਾ ਹੈ।ਇਸ ਰੂਪ ਵਿੱਚ ਸਿੱਖਿਆ ਕਦੇ ਵੀ ਖ਼ਤਮ ਨਹੀਂ ਹੁੰਦੀ।

**ਸਿੱਖਿਆ ਦੀਆਂ ਪਰਿਭਾਸ਼ਾਵਾਂ (Definitions of Education):** ਵੱਖ-ਵੱਖ ਵਿਦਵਾਨਾਂ ਦੁਆਰਾ ਆਪਣੇ ਸੱਭਿਆਚਾਰਕ ਅਤੇ ਸਮਾਜਿਕ ਵਿਵਸਥਾ ਅਨੁਸਾਰ ਸਿੱਖਿਆ ਨੂੰ ਪ੍ਰਭਾਸ਼ਿਤ ਕੀਤਾ ਗਿਆ ਹੈ।ਕੁਝ ਪਰਿਭਾਸ਼ਾਵਾਂ ਹੇਠ ਲਿਖੇ ਅਨੁਸਾਰ ਹਨ:

1. **ਪਲੈਟੋ (Plato)** ਅਨੁਸਾਰ ਸਿੱਖਿਆ ਇੱਕ ਮਨੁੱਖ ਨੂੰ ਸਰੀਰਕ ਅਤੇ ਮਾਨਸਿਕ ਤੌਰ ਤੇ ਇਸ ਤਰ੍ਹਾਂ ਵਿਕਸਿਤ ਕਰਨਾ ਹੈ ਕਿ ਉਹ ਆਪਣੀਆਂ ਸਮਰੱਥਾਵਾਂ ਨੂੰ ਜਾਣ ਸਕੇ। (Education is to develop physically and mentally a human being, in such a way that his / her potentialities could be realized.)
2. **ਅਰਸਤੂ (Aristotle)** ਦਾ ਵਿਚਾਰ ਹੈ ਕਿ ਸਿੱਖਿਆ ਉਹ ਪ੍ਰਕਿਰਿਆ ਹੈ ਜੋ ਸਿਹਤਮੰਦ ਸਰੀਰ ਵਿੱਚ ਸਿਹਤਮੰਦ ਆਤਮਾ ਪੈਦਾ ਕਰਦੀ ਹੈ। ( Education is the process though which a sound mind is developed in a sound body.)
3. **ਡੀਵੀ (Dewey) ਅਨੁਸਾਰ** ਸਿੱਖਿਆ ਉਹ ਪ੍ਰਕਿਰਿਆ ਹੈ ਜੋ ਵਿਅਕਤੀ ਦੀਆਂ ਉਹਨਾਂ ਸਾਰੀਆਂ ਸਮਰੱਥਾਵਾਂ ਦਾ ਵਿਕਾਸ ਕਰਦੀ ਹੈ ਜਿਹੜੀਆਂ ਉਸਨੂੰ ਵਾਤਾਵਰਨ ਤੇ ਨਿਯੰਤਰਣ ਪ੍ਰਾਪਤ ਕਰਨ ਅਤੇ ਆਪਣੀਆਂ ਜ਼ਿੰਮੇਵਾਰੀਆਂ ਪੂਰੀਆਂ

ਕਰਨ ਦੇ ਯੋਗ ਬਣਾਉਂਦੀ ਹੈ। (Education is the process to develop all the capabilities of a person as he/she could control his/her environment and fulfill his / her duties.)

4. ਅਲ-ਗਾਜ਼ਿਲੀ (**Al Ghazali**) ਅਨੁਸਾਰ ਸਿੱਖਿਆ ਉਹ ਪ੍ਰਕਿਰਿਆ ਹੈ ਜੋ ਵਿਅਕਤੀ ਨੂੰ ਸੱਚ ਅਤੇ ਝੂਠ, ਚੰਗੇ ਅਤੇ ਬੁਰੇ ਅਤੇ ਠੀਕ ਅਤੇ ਗ਼ਲਤ ਵਿਹਾਰ ਨੂੰ ਜਾਨਣ ਯੋਗ ਬਣਾਉਂਦੀ ਹੈ। (Education is the process to enable an individual to know between true and false, good and bad, and right and wrong conducts.)
5. **ਅਲਮਾਦੂਦੀ (AlMaududi)** ਅਨੁਸਾਰ ਸਿੱਖਿਆ ਵਿਅਕਤੀ ਅੰਦਰ ਚੰਗਿਆਈ ਪੈਦਾ ਕਰਨ ਦੀ ਪ੍ਰਕਿਰਿਆ ਹੈ। (Education is the process to bring the potential good in a man.)

ਇੱਕ ਸਿੱਖਿਅਕ ਨਾ ਸਿਰਫ਼ ਜੀਵਨ ਦੇ ਵਿਸ਼ਵਾਸ ਅਤੇ ਆਦਰਸ਼ ਹੀ ਰੱਖਦਾ ਹੈ ਸਗੋਂ ਆਪਣੇ ਵਿਦਿਆਰਥੀਆਂ ਅੰਦਰ ਵੀ ਅਜਿਹੇ ਵਿਚਾਰ ਭਰ ਦਿੰਦਾ ਹੈ।ਕਿਸੇ ਮਹੱਤਵਪੂਰਨ ਵਿਚਾਰ ਵਾਲੇ ਵਿਅਕਤੀ ਦਾ ਕਿਸੇ ਦੂਸਰੇ ਵਿਅਕਤੀ ਉੱਤੇ ਪ੍ਰਭਾਵ ਤਾਂ ਕਿ ਉਹ ਵੀ ਉਸਦੇ ਵਿਚਾਰ ਅਨੁਸਾਰ ਚੱਲੇ, ਸਿੱਖਿਆ ਕਹਾਉਂਦਾ ਹੈ।ਇਸ ਪ੍ਰਕਾਰ ਸਿੱਖਿਆ ਦਾ ਭਾਵ ਬੱਚੇ ਦੇ ਜਮਾਂਦਰੂ ਵਿਵਹਾਰ ਵਿੱਚ ਤਬਦੀਲੀ ਕਰਕੇ ਉਸਦਾ ਵਿਕਾਸ ਕਰਨਾ ਹੈ।

### 1.4.3 **ਸਿੱਖਿਆ ਤੇ ਦਰਸ਼ਨ ਦਾ ਆਪਸੀ ਸੰਬੰਧ** (Relationship Between Philosophy and Education)

ਸਿੱਖਿਆ ਅਤੇ ਦਰਸ਼ਨ ਦੇ ਅਰਥਾਂ ਦੀ ਚਰਚਾ ਕਰਨ ਤੋਂ ਬਾਅਦ, ਦੋਨਾਂ ਵਿੱਚਲੇ ਸੰਬੰਧ ਵਰਨਣ ਕਰਨਾ ਮੁਸ਼ਕਿਲ ਨਹੀਂ ਹੈ।ਵੇਖਣ ਨੂੰ ਇਹਨਾਂ ਵਿੱਚ ਬਹੁਤ ਘੱਟ ਰਿਸ਼ਤਾ ਦਿਖਾਈ ਦਿੰਦਾ ਹੈ।ਇੱਕ ਵਿਗਿਆਨ ਹੈ ਅਤੇ ਦੂਸਰਾ ਕਲਾ।ਇੱਕ ਵਿਚਾਰਾਤਮਿਕ ਹੈ ਅਤੇ ਦੂਸਰਾ ਵਿਵਹਾਰਿਕ।ਦਰਸ਼ਨ ਜੀਵਨ ਦੇ ਪਰਮ ਉਦੇਸ਼ ਨਿਰਧਾਰਿਤ ਕਰਦਾ ਹੈ ਅਤੇ ਅਜਿਹੇ ਮਾਪਦੰਡ ਅਤੇ ਮੁੱਲ ਤਹਿ ਕਰਦਾ ਹੈ ਜੋ ਮਨੁੱਖ ਦੇ ਸਿੱਖਿਅਕ ਯਤਨਾਂ ਨੂੰ ਇਹਨਾਂ ਦੀ ਪ੍ਰਾਪਤੀ ਲਈ ਮਾਰਗਦਰਸ਼ਨ ਅਤੇ ਦਿਸ਼ਾ ਪ੍ਰਦਾਨ ਕਰਦਾ ਹੈ।ਹਰੇਕ ਦਾਰਸ਼ਨਿਕ ਦੀ ਵਿਦਿਅਕ ਦ੍ਰਿਸ਼ਟੀ ਹੁੰਦੀ ਹੈ ਅਤੇ ਹਰ ਸਿੱਖਿਅਕ ਜੀਵਨ ਦਾ ਦਰਸ਼ਨ ਰੱਖਦਾ ਹੈ।ਸਿੱਖਿਆ ਦੀ ਕੋਈ ਵੀ ਪ੍ਰਣਾਲੀ ਦਰਸ਼ਨ ਤੋਂ ਵਾਂਝੀ ਨਹੀਂ ਹੈ।ਦਰਸ਼ਨ ਜੀਵਨ ਦੇ ਉਦੇਸ਼ ਤਹਿ ਕਰਕੇ ਸਿੱਖਿਆ ਦੇ ਉਦੇਸ਼ ਨਿਰਧਾਰਿਤ ਕਰਦਾ ਹੈ ਅਤੇ ਸਿੱਖਿਆ ਇਹਨਾਂ ਦਾਰਸ਼ਨਿਕ ਉਦੇਸ਼ਾਂ ਨੂੰ ਵਿਵਹਾਰਿਕ ਜੀਵਨ ਵਿੱਚ ਧਾਰਨ ਕਰਨ ਦਾ ਸਾਧਨ ਪ੍ਰਦਾਨ ਕਰਦੀ ਹੈ।

ਦਰਸ਼ਨ ਸਿੱਖਿਆ ਦੀ ਮਾਤਾ ਹੈ ਅਤੇ ਸਿੱਖਿਆ ਦਰਸ਼ਨ ਨੂੰ ਜਨਮ ਦਿੰਦੀ ਹੈ।ਇਸ ਪ੍ਰਕਾਰ ਸਿੱਖਿਆ ਦਰਸ਼ਨ ਦਾ ਪ੍ਰਮੁੱਖ ਮੁੱਦਾ ਹੈ। ਇਹ ਭਾਵੇਂ ਅੰਤਰਵਿਰੋਧੀ ਲੱਗਦਾ ਹੈ ਪਰ ਦਰਸ਼ਨ ਸ਼ਾਸਤਰ ਤੇ ਸਿੱਖਿਆ, ਦੋਵੇਂ ਅੰਤਰ-ਸੰਬੰਧਿਤ ਹਨ । ਦੋਵੇਂ ਇਕ ਦੂਸਰੇ ਨੂੰ ਪ੍ਰਭਾਵਿਤ ਕਰਦੇ ਹਨ । ਦਰਸ਼ਨ ਸ਼ਾਸਤਰ ਸਿਧਾਂਤ ਹੈ ਤੇ ਸਿੱਖਿਆ ਉਸਦਾ ਅਮਲੀ ਜਾਂ ਵਿਵਹਾਰਿਕ ਰੂਪ ਹੈ । ਸਿਧਾਂਤ ਪ੍ਰਯੋਗ ਵੱਲ ਵੱਧਦਾ ਹੈ ਤੇ ਪ੍ਰਯੋਗ ਸਿਧਾਂਤਾਂ ਵਿਚ ਸੁਧਾਰ ਤੇ ਪਰਿਵਰਤਨ ਲਿਆਉਂਦਾ ਹੈ । ਦੂਸਰੇ ਸ਼ਬਦਾਂ ਵਿਚ, ਦਰਸ਼ਨ ਵਿਚਾਰ ਪੇਸ਼ ਕਰਦਾ ਹੈ ਤੇ ਸਿੱਖਿਆ ਉਸਦਾ ਪ੍ਰਯੋਗ ਕਰਦੀ ਹੈ । ਪ੍ਰਯੋਗ ਤੋਂ ਪਿਛੋਂ ਦਰਸ਼ਨ ਵਲੋਂ ਪੇਸ਼ ਸਿਧਾਂਤਾ ਵਿਚ ਸੁਧਾਰ ਲਿਆ ਕੇ, ਫਿਰ ਵਿਚਾਰਨ ਲਈ ਕਿਹਾ ਜਾਂਦਾ ਹੈ । ਪ੍ਰੋ. ਬਰੈਡਲੇ *(Prof.Bradley)* ਅਨੁਸਾਰ ਦਰਸ਼ਨ ਤੋਂ ਬਿਨਾਂ ਸਿੱਖਿਆ ਅੰਨਾਂ ਯਤਨ ਹੈ ਅਤੇ ਸਿੱਖਿਆ ਤੋਂ ਬਿਨਾਂ ਦਰਸ਼ਨ ਅਪੰਗ ਹੈ।ਮਨੁੱਖ ਦੋਨਾਂ ਦਾ ਸਾਂਝਾ ਵਿਸ਼ਾ ਹੈ।ਇਸ ਪ੍ਰਕਾਰ, ਦੋਵੇ ਅਨੁਸ਼ਾਸ਼ਨ ਸਮਰੂਪ, ਅਭਿੰਨ , ਇਕ ਦੂਸਰੇ ਉਪਰ ਨਿਰਭਰ ਹਨ ਤੇ ਅੰਤਰ-ਸੰਬੰਧਿਤ ਹਨ ।

**ਸਿੱਖਿਆ-ਸ਼ਾਸਤਰੀਆਂ ਵਲੋਂ ਦਿੱਤੇ ਗਏ, ਦਰਸ਼ਨ ਤੇ ਸਿੱਖਿਆ ਦੀ ਅੰਤਰ-ਸੰਬੰਧਿਤਾ ਬਾਰੇ ਕੁਝ ਵਿਚਾਰ, ਹੇਠ ਲਿਖੇ ਅਨੁਸਾਰ ਹਨ:**

(i) ***ਰਾਸ ਦਾ ਵਿਚਾਰ*** *(View of Ross):* "ਦਰਸ਼ਨ ਤੇ ਸਿੱਖਿਆ, ਇਕ ਹੀ ਸਿੱਕੇ ਦੇ ਦੋ ਪਹਿਲੂ ਹਨ । ਦੋਵੇਂ ਇਕ ਹੀ ਚੀਜ਼ ਬਾਰੇ ਵਿਭਿੰਨ ਵਿਚਾਰਾਂ ਨੂੰ ਪ੍ਰਸਤੁੱਤ ਕਰਦੇ ਹਨ । ਦੋਵੇਂ ਇਕ ਦੂਜੇ ਵਿਚ ਨਿਹਿਤ ਹਨ । ਪਹਿਲਾ ਵਿਚਾਰਸ਼ੀਲ ਪਹਿਲੂ ਹੈ ਅਤੇ ਦੂਜਾ ਕਿਰਿਆਸ਼ੀਲ ਪਹਿਲੂ ਹੈ ।" ("Philosophy and education are the two sides of the same coin; the former is the contemplative while the latter is the active side".)

(ii) ***ਜੌਹਨ ਡਿਊਵੀ*** ਨੇ ਵੀ ਰਾਸ ਦੇ ਵਿਚਾਰ ਦੀ ਪ੍ਰੌੜਤਾ ਕਰਦੇ ਹੋਏ ਕਿਹਾ ਕਿ ਆਪਣੀ ਬਹੁਤ ਹੀ ਸਧਾਰਨ ਅਵੱਸਥਾ ਵਿਚ, ਦਰਸ਼ਨ ਸਿੱਖਿਆ ਦਾ ਸਿਧਾਂਤ ਹੈ ਅਤੇ ਸਿੱਖਿਆ ਉਸਦਾ ਪ੍ਰਯੋਗ । (John Dewey endorses the viewpoint of Ross when he says, "Philosophy is the theory of education in its most general phase".)

(iii) ***ਫਿਕਟੇ ਦਾ ਵਿਚਾਰ*** *( Fitche's view)*: ਸਿੱਖਿਆ ਦੀ ਕਲਾ ਦਰਸ਼ਨ ਦੇ ਬਿਨਾਂ ਕਦੀ ਵੀ ਪੂਰਨ ਸਪੱਸ਼ਟਤਾ ਪ੍ਰਾਪਤ ਨਹੀਂ ਕਰ ਸਕਦੀ।("The art of education will never attain complete clearness without philosophy".)

(iv) ***ਸਪੈਂਸਰ ਦਾ ਵਿਚਾਰ*** *( Spencer's view)*: ਸੱਚੀ ਸਿੱਖਿਆ ਨੂੰ ਕੇਵਲ ਸੱਚਾ ਦਰਸ਼ਨਿਕ ਹੀ ਵਿਵਹਾਰਿਕ ਰੂਪ ਪ੍ਰਦਾਨ ਕਰ ਸਕਦਾ ਹੈ।("True education is practicable to true philosophers".)

(v) ***ਜੈਂਟਾਈਲ ਦਾ ਵਿਚਾਰ*** *( Gentile's View):* ਦਰਸ਼ਨ ਦੇ ਬਿਨਾਂ ਸਿੱਖਿਆ ਦੁਆਰਾ ਸਿੱਖਿਆ ਦੀ ਵਾਸਤਵਿਕ ਪ੍ਰਕ੍ਰਿਤੀ ਦਾ ਬੋਧ ਨਹੀਂ ਹੋ ਸਕਦਾ।("Education without philosophy would mean a failure to understand the precise nature of education".)

(vi) *ਕਾਨਰ ਦਾ ਵਿਚਾਰ (Connor's view):* "ਸਿਧਾਂਤ (ਦਰਸ਼ਨ ਸ਼ਾਸਤਰ) ਪ੍ਰਯੋਗ (ਸਿੱਖਿਆ) ਨੂੰ ਨਿਰਦੇਸ਼ਿਤ ਕਰਦਾ ਹੈ ਅਤੇ ਪ੍ਰਯੋਗ, ਸਿਧਾਂਤ ਨੂੰ ਨਿਰਦੇਸ਼ਿਤ ਕਰਦਾ ਹੈ।" [Theory (Philosophy) directs practice (Education) and practice directs theory]

(vii) ***ਜਾਨ ਆਡਮਜ਼*** *(John Adam's view):* ਸਿੱਖਿਆ ਦਰਸ਼ਨ ਦਾ ਗਤੀਸ਼ੀਲ ਪਹਿਲੂ ਹੈ।(Education is the dynamic side of philosophy.)

(viii) ***ਟੀ. ਪੀ. ਨਨ*** *(T.P. Nunn's view):* ਸਿੱਖਿਆ ਦੇ ਉਦੇਸ਼ ਜੀਵਨ ਦੇ ਆਦਰਸ਼ਾਂ ਨਾਲ ਸੰਬੰਧਿਤ ਹਨ।(Education aims are correlative to ideals of life.)

**ਦਰਸ਼ਨ ਤੇ ਸਿੱਖਿਆ ਦੀ ਅੰਤਰ-ਸੰਬੰਧਿਤਾ ਹੇਠ ਲਿਖੇ ਅਨੁਸਾਰਹੈ:**

**1. ਦਰਸ਼ਨ ਸਿੱਖਿਆ ਦੁਆਰਾ ਪ੍ਰਾਪਤ ਕੀਤੇ ਜਾਣ ਵਾਲੇ ਲਕਸ਼ ਨਿਰਧਾਰਿਤ ਕਰਦਾ ਹੈ (Philosophy determines the destination which education has to achieve):** ਦਰਸ਼ਨ ਹਮੇਸ਼ਾਂ ਸਿੱਖਿਆ ਦੇ ਸਿਧਾਂਤ ਅਤੇ ਪ੍ਰਯੋਗ ਨੂੰ ਪ੍ਰਭਾਵਿਤ ਕਰਦਾ ਹੈ।ਇਹ ਸਿੱਖਿਆ ਲਈ ਵਾਸਤਵਿਕ ਮੰਜਿਲ ਨਿਰਧਾਰਿਤ ਕਰਦਾ ਹੈ।ਡੇਵੀ ਦੇ ਸ਼ਬਦਾਂ ਵਿੱਚ, "ਸਿੱਖਿਆ ਅਜਿਹੀ ਪ੍ਰਯੋਗਸ਼ਾਲਾ ਹੈ ਜਿੱਥੇ ਦਾਰਸ਼ਨਿਕ ਵਿਸ਼ਿਸ਼ਟਤਾਵਾਂ ਸਪੱਸ਼ਟ ਹੁੰਦੀਆਂ ਹਨ ਅਤੇ ਉਹਨਾਂ ਦਾ ਪ੍ਰੀਖਣ ਕੀਤਾ ਜਾਂਦਾ ਹੈ"।

ਦਰਸ਼ਨ ਗਿਆਨ ਹੈ ਅਤੇ ਸਿੱਖਿਆ ਇਸ ਗਿਆਨ ਨੂੰ ਇੱਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਤੱਕ ਲੈ ਜਾਂਦੀ ਹੈ।ਦਰਸ਼ਨ ਚਿੰਤਨ ਨੂੰ ਪ੍ਰਸਤੁਤ ਕਰਦਾ ਹੈ ਅਤੇ ਸਿੱਖਿਆ ਉਸਨੂੰ ਅਧਿਆਪਨ ਦਾ ਵਿਸ਼ਾ-ਵਸਤੂ ਬਣਾਉਂਦੀ ਹੈ।ਦਰਸ਼ਨ ਜੀਵਨ ਦੇ ਉਦੇਸ਼ ਨਿਰਧਾਰਿਤ ਕਰਦਾ ਹੈ ਅਤੇ ਸਿੱਖਿਆ ਇਹਨਾਂ ਦੀ ਪ੍ਰਾਪਤੀ ਲਈ ਸੁਝਾਅ ਦਿੰਦੀ ਹੈ। ਦਰਸ਼ਨ ਜੀਵਨ ਵਿਧੀ ਪੇਸ਼ ਕਰਦਾ ਹੈ ਅਤੇ ਸਿੱਖਿਆ ਉਸ ਲਈ ਤਿਆਰ ਕਰਦੀ ਹੈ।ਸਿੱਖਿਆ ਪ੍ਰਮਾਣਸ਼ੀਲ, ਪ੍ਰਗਤੀਸ਼ੀਲ ਅਤੇ ਉਦੇਸ਼ਪੂਰਨ ਯਤਨ ਹੈ ਜਿਸਨੂੰ ਸਮੁਦਾਇ ਦੀਆਂ ਨੈਤਿਕ ਕਦਰਾਂ ਤੋਂ ਮਜ਼ਬੂਤੀ ਮਿਲਦੀ ਹੈ ਅਤੇ ਇਸਦਾ ਇੱਕੋ ਸੋਮਾ ਦਰਸ਼ਨ ਹੈ।

2. **ਦੋਹਾਂ ਦੇ ਸਿੱਟੇ ਇਕ-ਸਾਮਾਨ ਹਨ (Ends of both are same):** ਦਰਸ਼ਨ ਤੇ ਸਿੱਖਿਆ ਦਾ ਸੰਬੰਧ ਅਟੁੱਟ ਹੈ ਕਿਉਂਕਿ ਸਿੱਖਿਆ ਦੇ ਸਿੱਟੇ, ਦਰਸ਼ਨ ਦੇ ਸਿੱਟਿਆਂ ਦੇ ਸਮਾਨ ਹਨ, ਭਾਵ ਸਿਆਣਪ ਤੇ ਅਕਲ (Wisdom) ਪ੍ਰਾਪਤ ਕਰਨਾ।

3. **ਦੋਹਾਂ ਦੇ ਮਾਧਿਅਮ ਇਕ ਸਮਾਨ ਹਨ (Means of both are same):** ਦਰਸ਼ਨ ਦੇ ਮਾਧਿਅਮ, ਸਿੱਖਿਆ ਦੇ ਮਾਧਿਅਮ ਹਨ, ਭਾਵ ਪੁੱਛ-ਪੜਤਾਲ (Inquiries) ਤੇ ਵਾਰਤਾਲਾਪ ਆਦਿ। ਸਿਰਫ਼ ਇਸ ਤੋਂ ਹੀ ਸਿਆਣਪ ਮਿਲ ਸਕਦੀ ਹੈ।

4. **ਪਰਸਪਰ ਪੁਨਰ ਨਿਰਮਾਣਸ਼ੀਲ (Mutual Re-constructive):** ਦਰਸ਼ਨ ਦਾ ਮੁੱਖ ਕਾਰਜ ਇਹ ਨਿਸ਼ਚਿਤ ਕਰਨਾ ਹੈ ਕਿ ਚੰਗੇ ਜੀਵਨ ਦਾ ਨਿਰਮਾਣ ਕੀ ਤੇ ਕੌਣ ਕਰਦਾ ਹੈ, ਜਦੋਂ ਕਿ ਸਿੱਖਿਆ ਦਾ ਮੁੱਖ ਕਾਰਜ ਹੈ ਕਿ ਜੀਵਨ ਨੂੰ ਜੀਣ ਯੋਗ ਕਿਵੇ ਬਣਾਇਆ ਜਾਵੇ। ਇਸ ਤਰ੍ਹਾਂ ਦਰਸ਼ਨ ਤੇ ਸਿੱਖਿਆ ਪਰਸਪਰ ਪੁਨਰ ਨਿਰਮਾਣਸ਼ੀਲ ਹਨ। ਇਹ ਇਕ ਦੂਸਰੇ ਨੂੰ ਵਿਚਾਰਾਂ ਅਤੇ ਕਾਰਜ ਦਾ ਪ੍ਰਵਾਹ ਦਿੰਦੇ ਤੇ ਪ੍ਰਾਪਤ ਕਰਦੇ ਹਨ। ਦਰਸ਼ਨ, ਚੰਗੇ ਜੀਵਨ ਦੇ ਉਦੇਸ਼ਾਂ ਤੇ ਜ਼ਰੂਰਤਾਂ ਨਾਲ ਸੰਬੰਧਿਤ ਹੈ, ਜਦੋਂ ਕਿ ਸਿੱਖਿਆ ਇਨ੍ਹਾਂ ਉਦੇਸ਼ਾਂ ਨੂੰ ਪ੍ਰਾਪਤ ਕਰਨ ਲਈ ਸਾਧਨ ਪ੍ਰਦਾਨ ਕਰਦੀ ਹੈ।

**5. ਦਰਸ਼ਨ ਦੇ ਪ੍ਰਸਾਰ ਲਈ ਸਿੱਖਿਆ ਉੱਤਮ ਸਾਧਨ (Education is the Best Means for the Propagation of Philosophy**): ਦਰਸ਼ਨਿਕ ਹਮੇਸ਼ਾ ਗਿਆਨ ਦੀ ਖੋਜ ਵਿੱਚ ਰਹਿੰਦਾ ਹੈ। ਉਹ ਸੰਸਾਰ ਦੀ ਵਾਸਤਵਿਕ ਪ੍ਰਕ੍ਰਿਤੀ, ਮਨੁੱਖ ਦੀ ਅਸਲ ਪ੍ਰਕ੍ਰਿਤੀ ਤੇ ਕਿਸਮਤ ਉੱਤੇ ਚਿੰਤਨ ਕਰਦਾ ਹੈ। ਵਿਸ਼ਾਲ ਚਿੰਤਨ ਉਪਰੰਤ ਹੀ ਉਹ ਸੱਚ ਤੱਕ ਪਹੁੰਚਦਾ ਹੈ ਅਤੇ ਉਦੇਸ਼, ਆਦਰਸ਼ ਅਤੇ ਮੁੱਲ ਤਹਿ ਕਰਦਾ ਹੈ।ਇਸ ਉਪਰੰਤ ਉਹ ਇਹਨਾਂ ਮੁੱਲਾਂ ਅਤੇ ਉਦੇਸ਼ਾਂ ਅਨੁਸਾਰ ਜੀਵਨ ਜਿਉਣ ਦੀ

ਕੋਸ਼ਿਸ਼ ਕਰਦਾ ਹੈ ਅਤੇ ਦੂਸਰਿਆਂ ਦੁਆਰਾ ਵੀ ਇਹਨਾਂ ਵਿਸ਼ਵਾਸ਼ਾਂ ਉੱਤੇ ਚੱਲਣ ਦੀ ਉਮੀਦ ਰੱਖਦਾ ਹੈ।ਪ੍ਰੰਤੂ ਇਹ ਉਦੇਸ਼ ਸਿੱਖਿਆ ਦੀ ਮਦਦ ਨਾਲ ਹੀ ਹਾਸ਼ਿਲ ਕੀਤਾ ਜਾ ਸਕਦਾ ਹੈ ਜੋ ਦਰਸ਼ਨ ਦੇ ਪ੍ਰਸਾਰ ਦਾ ਸਹੀ ਸਾਧਨ ਹੈ।

**6. ਸਿੱਖਿਆ ਟੀਚੇ ਪ੍ਰਾਪਤੀ ਦਾ ਸਾਧਨ ਹੈ (Education is the means to achieve the goal):** ਦਰਸ਼ਨ ਆਦਰਸ਼, ਮੁੱਲ ਅਤੇ ਸਿਧਾਂਤ ਪੇਸ਼ ਕਰਦਾ ਹੈ ਅਤੇ ਸਿੱਖਿਆ ਇਹਨਾਂ ਨੂੰ ਵਿਵਹਾਰਕ ਰੂਪ ਦਿੰਦੀ ਹੈ।ਦਰਸ਼ਨ ਸਿੱਟਿਆਂ ਨਾਲ ਪੇਸ਼ ਆਉਂਦਾ ਹੈ ਅਤੇ ਸਿੱਖਿਆ ਇਹਨਾਂ ਸਿੱਟਿਆਂ ਨੂੰ ਪ੍ਰਾਪਤ ਕਰਨ ਦਾ ਸਾਧਨ ਹੈ।ਹਰਬਰਟ ਦੇ ਕਥਨ ਅਨੁਸਾਰ, "ਸਿੱਖਿਆ ਉਦੋਂ ਤੱਕ ਆਰਾਮ ਨਹੀਂ ਕਰ ਸਕਦੀ ਜਦੋਂ ਤੱਕ ਦਾਰਸ਼ਨਿਕ ਪ੍ਰਸ਼ਨ ਪੂਰਨ ਰੂਪ ਨਾਲ ਹੱਲ ਨਹੀਂ ਹੋ ਜਾਂਦੇ। ("Education has no time to make holiday till all the philosophical questions are once for all cleared up".)

7. **ਦਰਸ਼ਨ ਸਿੱਖਿਆ ਦੁਆਰਾ ਅਨੁਸਰਨ ਕੀਤੇ ਜਾਣ ਵਾਲੇ ਢੰਗ ਦੱਸਦਾ ਹੈ (Philosophy Points out the Way, to be followed by Education):** ਸਿੱਖਿਆ ਦਾ ਭਾਵ ਬੱਚੇ ਦੇ ਜਮਾਂਦਰੂ ਵਿਵਹਾਰ ਵਿੱਚ ਸੁਧਾਰ ਲਿਆਉਣਾ ਹੈ। ਪ੍ਰੰਤੂ ਮੁਸ਼ਕਿਲ ਇਹ ਜਾਨਣਾ ਹੈ ਕਿ ਕਿਸ ਦਿਸ਼ਾ ਵਿੱਚ ਸੁਧਾਰ ਲਿਆਂਦੇ ਜਾਣ ਅਤੇ ਕਿਹਨਾਂ ਮੁੱਲਾਂ ਅਤੇ ਮਾਪਦੰਡਾਂ ਦੀ ਪ੍ਰਾਪਤੀ ਹੋਣੀ ਚਾਹੀਦੀ ਹੈ।ਇਸ ਸਮੱਸਿਆ ਦਾ ਹੱਲ ਦਰਸ਼ਨ ਕਰਦਾ ਹੈ ਜੋ ਅਜਿਹੇ ਢੰਗ ਦੱਸਦਾ ਹੈ ਜੋ ਸਿੱਖਿਅਕ ਦੁਆਰਾ ਬੱਚੇ ਦੇ ਵਿਵਹਾਰ ਵਿੱਚ ਸੁਧਾਰ ਲਈ ਅਨੁਸ਼ਰਨ ਕੀਤੇ ਜਾਣੇ ਲੋੜੀਂਦੇ ਹਨ।ਇਸ ਪ੍ਰਕਾਰ ਦਰਸ਼ਨ ਨਿਸ਼ਾਨਾ ਹੈ ਅਤੇ ਸਿੱਖਿਆ ਇੱਕ ਪ੍ਰਯੋਗਸ਼ਾਲਾ।

**8. ਦਰਸ਼ਨ ਸਿੱਖਿਆ ਨੂੰ ਦਿਸ਼ਾ ਅਤੇ ਮਾਰਗ ਦਰਸ਼ਨ ਪ੍ਰਦਾਨ ਕਰਦਾ ਹੈ (Philosophy provides direction and guidance to education):** ਦਰਸ਼ਨ ਸਿੱਖਿਆ ਦੀ ਨੀਂਹ ਦਾ ਮੀਲ ਪੱਥਰ ਹੈ।ਇਹ ਸਿੱਖਿਆ ਨੂੰ ਮਾਰਗਦਰਸ਼ਨ ਦੇ ਕੇ ਦਿਸ਼ਾ ਪ੍ਰਦਾਨ ਕਰਦਾ ਹੈ।ਸਿੱਖਿਆ ਅੰਦਰ ਵਿਚਾਰਾਂ ਅਤੇ ਪ੍ਰਯੋਗੀ ਕਿਰਿਆਵਾਂ, ਦੋਵਾਂ ਦਾ ਸੰਸਾਰ ਸ਼ਾਮਿਲ ਹੈ।ਚੰਗੇ ਵਿਚਾਰ ਚੰਗੀ ਅਭਿਆਸ ਨੂੰ ਅਗਵਾਈ ਦਿੰਦੇ ਹਨ ਅਤੇ ਚੰਗੀ ਅਭਿਆਸ ਚੰਗੇ ਵਿਚਾਰਾਂ ਨੂੰ ਮਜ਼ਬੂਤੀ ਦਿੰਦੀ ਹੈ। ਸਿੱਖਿਆ ਪ੍ਰਕਿਰਿਆ ਵਿੱਚ ਬੁੱਧੀਮਾਨ ਢੰਗ ਨਾਲ ਪੇਸ਼ ਆਉਣ ਲਈ ਸਿੱਖਿਆ ਨੂੰ ਅਗਵਾਈ ਦੀ ਲੋੜ ਹੈ ਤੇ ਇਹ ਲੋੜ ਦਰਸ਼ਨ ਪੂਰੀ ਕਰਦਾ ਹੈ।ਇਸ ਪ੍ਰਕਾਰ ਦਰਸ਼ਨ ਸਿੱਖਿਅਕ ਲਈ ਸਿਰਫ਼ ਪੇਸ਼ਾਵਰ ਸਾਧਨ ਹੀ ਨਹੀਂ ਸਗੋਂ ਜੀਵਨ ਦੀ ਗੁਣਵੱਤਾ ਸੁਧਾਰਨ ਦਾ ਢੰਗ ਵੀ ਹੈ ਕਿਉਂਕਿ ਇਹ ਸਾਨੂੰ ਮਨੁੱਖੀ ਹੋਂਦ ਅਤੇ ਆਲੇ-ਦੁਆਲੇ ਦੇ ਸੰਸਾਰ ਦੀ ਵਿਸ਼ਾਲ ਤੇ ਡੂੰਘੀ ਸੋਝ ਪ੍ਰਦਾਨ ਕਰਦਾ ਹੈ।

**9. ਦਰਸ਼ਨ, ਸਿੱਖਿਆ ਨੂੰ ਰਾਹ ਦਰਸਾਉਂਦਾ ਹੈ (Philosophy shows the path to Education)** : ਸਿੱਖਿਆ ਇਕ ਸ਼ਕਤੀਸ਼ਾਲੀ ਤੇ ਚੇਤੰਨ ਵਿਧੀ ਹੈ, ਜਿਸ ਨੂੰ ਮਾਰਗ ਦਰਸ਼ਨ ਦੀ ਸਖਤ ਜ਼ਰੂਰਤ ਹੁੰਦੀ ਹੈ । ਇਸ ਤੋਂ ਬਿਨਾਂ ਇਹ ਆਪਣੇ ਮਨੋਰਥ ਨੂੰ ਪ੍ਰਾਪਤ ਨਹੀਂ ਕਰ ਸਕਦੀ । ਦਰਸ਼ਨ,ਜੀਵਨ ਦੇ ਉਦੇਸ਼ ਨਿਸ਼ਚਿਤ ਕਰਦਾ ਹੈ ਅਤੇ ਸਿੱਖਿਆ ਮਾਰਗ ਦਰਸ਼ਨ ਕਰਕੇ ਇਨ੍ਹਾਂ ਉਦੇਸ਼ਾਂ ਦੀ ਪ੍ਰਾਪਤੀ ਲਈ ਯਤਨ ਕਰਦੀ ਹੈ । ਇਹ ਉਦੇਸ਼, ਵੱਖ-ਵੱਖ ਸਿੱਖਿਅਕ ਦਰਸ਼ਨਾਂ ਦੇ ਵੱਖਰੇ-ਵੱਖਰੇ ਹੁੰਦੇ ਹਨ ਤੇ ਇਨ੍ਹਾਂ ਦੀ ਪ੍ਰਾਪਤੀ ਦੇ ਸਿੱਖਿਅਕ ਸਾਧਨ ਵੀ ਵੱਖ-ਵੱਖ ਹੋ ਸਕਦੇ ਹਨ । ਇਨ੍ਹਾਂ ਤੋਂ ਬਿਨਾਂ ਸਿੱਖਿਆ ਆਪਣੇ ਉਦੇਸ਼ ਵਿਚ ਸਫ਼ਲ ਨਹੀਂ ਹੋ ਸਕਦੀ । ਇਸੇ ਕਰਕੇ, ***ਸਪੈਂਸਰ*** ਨੇ ਕਿਹਾ ਕਿ ਸੱਚੀ ਸਿੱਖਿਆ, ਸੱਚੇ ਦਰਸ਼ਨ ਨਾਲ ਹੀ ਵਾਪਰਦੀ ਹੈ ।

**10. ਸਿੱਖਿਆ, ਦਰਸ਼ਨ ਦਾ ਗਤੀਸ਼ੀਲ ਸਾਧਨ (Education as dynamic side of philosophy):** ਕਿਸੇ ਵੀ ਕਾਰਜ ਨੂੰ ਪੂਰਾ ਕਰਨ ਲਈ ਦੋ ਗੱਲਾਂ ਦੀ ਲੋੜ ਹੁੰਦੀ ਹੈ—ਵਿਚਾਰ ਜਾਂ ਯੋਜਨਾ ਅਤੇ ਪ੍ਰਯੋਗ ਜਾਂ ਵਿਵਹਾਰ । ਦਰਸ਼ਨ ਸਿੱਖਿਆ ਦਾ ਵਿਚਾਰਿਕ ਪੱਖ ਹੈ ਅਤੇ ਸਿੱਖਿਆ, ਵਿਵਹਾਰ ਜਾਂ ਪ੍ਰਯੋਗਤਮਿਕ ਪੱਖ ਹੈ । ਦੂਸਰੇ ਸ਼ਬਦਾਂ ਵਿਚ ਦਰਸ਼ਨ ਜੀਵਨ ਦੇ ਲਕਸ਼ ਨੂੰ ਨਿਰਧਾਰਿਤ ਕਰਦਾ ਹੈ । ਸਿੱਖਿਆ ਇਨ੍ਹਾਂ ਸਿਧਾਂਤਾ ਨੂੰ ਵਿਵਹਾਰਿਕ ਰੂਪ ਦੇਣ ਲਈ ਸ਼ਕਤੀਸ਼ਾਲੀ ਯੰਤਰ ਹੈ।ਕਹਿਣ ਦਾ ਭਾਵ ਹੈ ਕਿ ਸਿੱਖਿਆ ਸਿਧਾਂਤਿਕਤਾ ਨੂੰ ਵਿਵਹਾਰਿਤਾ ਵਿਚ ਬਦਲਦੀ ਹੈ । ਇਹ ਮਨੁੱਖੀ ਸ਼ਖ਼ਸੀਅਤ ਦੇ ਸਤੁੰਲਿਤ ਅਤੇ ਸੁਚੱਜੇ ਵਿਕਾਸ ਲਈ ਸੱਭਿਅਕ ਯਤਨ ਹੈ।ਸਿੱਖਿਆ ਦਾ ਪੌਦਾ ਦਰਸ਼ਨ ਦੀ ਮਿੱਟੀ ਵਿੱਚੋਂ ਖੁਰਾਕ ਹਾਸ਼ਿਲ ਕਰਦਾ ਹੈ।ਕਿਉਂਕਿ ਸਿੱਖਿਆ ਦਾ ਕੰਮ, ਵਿਅਕਤੀ ਦੇ ਜੀਵਨ ਵਿਚ ਪਰਿਵਰਤਨ ਲਿਆਉਣਾ ਹੈ, ਇਸ ਲਈ ***ਐਡਮਜ਼*** *(Adams)* ਨੇ ਕਿਹਾ ਹੈ, "ਸਿੱਖਿਆ ਦਰਸ਼ਨ ਦਾ ਗਤੀਸ਼ੀਲ ਸਾਧਨ ਹੈ ।"

**11. ਸਿੱਖਿਆ ਦੇ ਉਦੇਸ਼ ਜੀਵਨ ਦੇ ਆਦਰਸ਼ਾਂ ਨਾਲ ਸਹਿਸੰਬੰਧਿਤ ਹਨ (Aims of Education are co-related to the Ideals of Life)**: ਸਿੱਖਿਆ ਦੇ ਉਦੇਸ਼ ਜੀਵਨ ਦੇ ਆਦਰਸ਼ਾਂ ਨਾਲ ਸੰਬੰਧ ਰੱਖਦੇ ਹਨ।ਜੀਵਨ ਦੇ ਬਦਲਦੇ ਦਰਸ਼ਨ ਨਾਲ ਸਿੱਖਿਆ ਦੇ ਉਦੇਸ਼ ਵੀ ਬਦਲਦੇ ਹਨ।ਇਤਿਹਾਸਿਕ ਪਰਿਪੇਖ ਵਿੱਚ ਸਿੱਖਿਆ ਦੇ ਉਦੇਸ਼ ਇਸ ਗੱਲ ਦੀ ਗਵਾਹੀ ਭਰਦੇ ਹਨ।ਸੰਖੇਪ ਵਿੱਚ, ਦਰਸ਼ਨ ਸਿੱਖਿਆ ਦੇ ਉਦੇਸ਼ ਤਹਿ ਕਰਨ ਵਿੱਚ ਨਿਰਣਾਇਕ ਬਲ ਹੈ।ਜੀਵਨ ਦੀ ਦਰਸ਼ਨਿਕ ਸਮਝ ਅਤੇ ਮਾਰਗ-ਦਰਸ਼ਨ ਦਰਸ਼ਨ ਤੋਂ ਬਿਨਾਂ ਸਿੱਖਿਆ ਅਰਥਹੀਣ ਹੈ ਅਤੇ ਅਧਿਆਪਕ ਚੱਪੂ ਬਿਨਾਂ ਬੇੜੀ ਵਾਂਗ। **ਬੋਡੇ** (***Bode)*** ਦੇ ਵਿਚਾਰ ਅਨੁਸਾਰ, "ਜਦੋਂ ਤੱਕ ਸਾਡੇ ਕੋਲ ਉਦੇਸ਼ ਨਿਰਧਾਰਣ ਕਰਨ ਲਈ ਕੋਈ ਮਾਰਗਦਰਸ਼ਕ ਦਰਸ਼ਨ ਨਾ ਹੋਵੇ ਅਸੀਂ ਕਿਤੇ ਵੀ ਨਹੀਂ ਪਹੁੰਚ ਸਕਦੇ।("Unless we have some guiding philosophy in the determination of objectives, we get nowhere at all.")

**12. ਮਹਾਨ ਦਾਰਸ਼ਨਿਕ ਮਹਾਨ ਸਿੱਖਿਆ-ਸ਼ਾਸਤਰੀ ਹਨ (Great philosophers have also been great educationalists) :** ਦਰਸ਼ਨ ਅਤੇ ਸਿੱਖਿਆ ਦੀ ਅੰਤਰਨਿਰਭਰਤਾ ਇਸ ਵਿੱਚੋਂ ਝਲਕਦੀ ਹੈ ਕਿ ਪੂਰਵ ਤੋਂ ਪੱਛਮ ਤੱਕ ਦੇ ਸਾਰੇ ਮਹਾਨ ਦਾਰਸ਼ਨਿਕ ਮਹਾਨ ਸਿੱਖਿਆ-ਸ਼ਾਸਤਰੀ ਸਨ। ਗਰੀਸ ਦਾ ਸੁਕਰਾਤ, ਚੀਨ ਦਾ ਕਨਫਿਊਸੀਅਸ, ਬੁੱਧਾ, ਪਲੈਟੋ, ਲੱਕ, ਕੋਮੀਨਿਅਸ,ਰੂਸੋ, ਫਰੋਬਲ ਅਤੇ ਡੀਵੀ ਸਭ ਮਹਾਨ ਸਿੱਖਿਆ-ਸ਼ਾਸਤਰੀ ਸਨ।ਭਾਰਤ ਵਿੱਚ ਪ੍ਰਚੀਨ ਸੰਤਾਂ ਦੀਆਂ ਅਨੇਕਾਂ ਉਦਾਹਰਨਾਂ ਹਨ ਜੋ ਜ਼ਿਆਦਾਤਰ ਸਿੱਖਿਆ-ਸ਼ਾਸਤਰੀ ਸਨ।ਮੌਜੂਦਾ ਸਮੇਂ ਵਿੱਚ ਸੁਆਮੀ ਦਿਆਨੰਦ, ਸੁਆਮੀ ਵਿਵੇਕਾਨੰਦ, ਸ੍ਰੀ ਅਰਬਿੰਦੋ ਘੋਸ਼, ਰਬਿੰਦਰ ਨਾਥ ਟੈਗੋਰ, ਮਹਾਤਮਾ ਗਾਂਧੀ, ਡਾ. ਰਾਧਾਕ੍ਰਿਸ਼ਨਨ ਅਤੇ ਜੇ ਕ੍ਰਿਸ਼ਨਾਮੂਰਤੀ ਦੇ ਵਿਦਿਅਕ ਉਪਦੇਸ਼ ਇਹ ਦਰਸਾਉਂਦੇ ਹਨ ਕਿ ਉਹਨਾਂ ਦਰਸ਼ਨ ਅਤੇ ਸਿੱਖਿਆ ਨੂੰ ਇਸ ਤਰ੍ਹਾਂ ਜੋੜਿਆ ਹੈ ਕਿ ਇਹਨਾਂ ਦਾ ਏਕੀਕਰਨ ਅਦ੍ਰਿਸ਼ ਹੈ।ਇਨ੍ਹਾਂ ਨੇ ਆਪਣੇ ਦਾਰਸ਼ਨਿਕ ਵਿਚਾਰਾਂ ਤੇ ਧਾਰਾਵਾਂ ਨੂੰ ਸਿੱਖਿਆ ਦੁਆਰਾ ਹੀ ਲੋਕਾਂ ਤੱਕ ਪਹੁੰਚਾਇਆ ਹੈ। ਉਨ੍ਹਾਂ ਦੇ ਦਾਰਸ਼ਨਿਕ ਵਿਚਾਰ, ਉਨ੍ਹਾਂ ਦੁਆਰਾ ਚਲਾਈਆਂ ਗਈਆਂ ਸਿੱਖਿਆ ਪ੍ਰਕਿਰਿਆਵਾਂ ਵਿਚ ਸਪੱਸ਼ਟ ਰੂਪ ਵਿਚ ਝਲਕਦੇ ਹਨ। ਰਾਸ ਦੇ ਸ਼ਬਦਾਂ ਵਿੱਚ, "ਸਿੱਖਿਆ ਅਤੇ ਦਰਸ਼ਨ ਦੇ ਡੂੰਘੇ ਸੰਬੰਧ ਦਾ ਇਸ ਤੱਤ ਤੋਂ ਪਤਾ ਚੱਲਦਾ ਹੈ ਕਿ ਮਹਾਨ ਦਰਸ਼ਨਿਕ ਮਹਾਨ ਸਿੱਖਿਆ-ਸ਼ਾਸਤਰੀ ਵੀ ਹੋਏ।

**13. ਦਰਸ਼ਨ, ਸਿੱਖਿਆ ਦਾ ਅਨੁਸਰਨ ਕਰਦਾ ਹੈ ( Philosophy follow Education)**: ਇਸ ਆਧਾਰ'ਤੇ ਦਰਸ਼ਨ ਸਿੱਖਿਆ ਉਤੇ ਨਿਰਭਰ ਕਰਦਾ ਹੈ। ਸਿੱਖਿਆ, ਦਰਸ਼ਨ ਦੀ ਉੱਤਪਤੀ ਲਈ ਆਧਾਰ ਪ੍ਰਦਾਨ ਕਰਦੀ ਹੈ। ਪੜ੍ਹਿਆ-ਲਿਖਿਆ ਵਿਅਕਤੀ ਹੀ, ਵਿਧੀ ਪੂਰਵਕ ਤੇ ਕ੍ਰਮਬੱਧ ਢੰਗ ਦੁਆਰਾ ਤਰਕਸੰਗਤ ਰੂਪ ਵਿਚ ਚਿੰਤਨ ਕਰ ਸਕਦਾ ਹੈ, ਅਨਪੜ੍ਹ ਨਹੀਂ। ਇਸ ਲਈ ਦਰਸ਼ਨ ਦੀ ਉਤਪੱਤੀ ਸਿੱਖਿਆ ਦੀ ਸਹਾਇਤਾ ਤੋਂ ਬਿਨਾਂ ਨਹੀਂ ਹੋ ਸਕਦੀ।

14. **ਸਿੱਖਿਆ, ਦਰਸ਼ਨ ਦੀ ਸੰਚਾਰਿਕ ਤੇ ਪ੍ਰਚਾਰਿਕਾ (Education as transmitter and propagator of Philosphy)** : ਸਿੱਖਿਆ ਦੁਆਰਾ ਹੀ ਇਕ ਪੀੜ੍ਹੀ ਦਾ ਦਰਸ਼ਨ, ਦੂਸਰੀ ਪੀੜ੍ਹੀ ਤੱਕ ਪਹੁੰਚਦਾ ਹੈ। ਸਿੱਖਿਆ ਹੀ ਦਰਸ਼ਨ ਨੂੰ ਜੀਵਿਤ ਰੱਖਦੀ ਹੈ। ਦਰਸ਼ਨ ਸ਼ਾਸਤਰ ਦਾ ਪ੍ਰਚਾਰ ਤੇ ਪਰਸਾਰ ਸਿੱਖਿਆ ਬਿਨਾਂ ਅਸੰਭਵ ਹੈ। ਮੌਖਿਕ ਗਿਆਨ ਸਥਾਈ ਨਹੀਂ ਹੁੰਦਾ, ਜਦੋਂ ਕਿ ਲਿਖਤ ਸਾਹਿਤ ਸਥਾਈ ਹੁੰਦਾ ਹੈ। ਇਹੀ ਸਾਹਿਤ, ਦਰਸ਼ਨ ਦੇ ਰੂਪ ਵਿਚ, ਸਿੱਖਿਆ ਦੁਆਰਾ ਅਗਲੀਆਂ ਪੀੜ੍ਹੀਆਂ ਨੂੰ ਸੰਚਾਰਿਤ ਹੁੰਦਾ ਹੈ।

15. **ਨਵੇਂ ਦਰਸ਼ਨ ਦੇ ਜਨਮ ਦਾ ਸਾਧਨ ( Eduactions as a base for new philosophy)**: ਕਈ ਵਾਰ ਅਜਿਹਾ ਵੀ ਹੁੰਦਾ ਹੈ ਕਿ ਸਿੱਖਿਆ-ਸ਼ਾਸਤਰੀ, ਦਾਰਸ਼ਨਿਕਾਂ ਸਾਹਮਣੇ ਅਜਿਹੀਆਂ ਸਮੱਸਿਆਵਾਂ ਪੇਸ਼ ਕਰਦੇ ਹਨ ਕਿ ਉਨ੍ਹਾਂ ਦਾ ਪੂਰਵ ਨਿਸ਼ਚਿਤ ਹੱਲ ਜਾਂ ਤਾਂ ਲਾਗੂ ਨਹੀਂ ਹੁੰਦਾ ਜਾਂ ਬਿਲਕੁਲ ਘੱਟ ਉਪਯੋਗੀ ਸਿੱਧ ਹੁੰਦਾ ਹੈ। ਇਸ ਤਰ੍ਹਾਂ, ਸਿੱਖਿਆ ਨਵੇਂ ਚਿੰਤਨ ਦਾ ਰਾਹ ਖੋਲ੍ਹਦੀ ਹੈ ਅਤੇ ਨਵੇਂ ਚਿੰਤਨ ਦੇ ਵਿਸ਼ਲੇਸ਼ਣ ਦੁਆਰਾ ਨਵੇਂ ਦਰਸ਼ਨ-ਸ਼ਾਸਤਰ ਦਾ ਜਨਮ ਹੋ ਸਕਦਾ ਹੈ। ਦੁਨੀਆਂ ਦੇ ਬਹੁਤ ਸਾਰੇ ਆਧੁਨਿਕ ਜੀਵਨ ਦਰਸ਼ਨ ਇਸੇ ਤਰ੍ਹਾਂ ਦੀ ਸਥਿਤੀ ਤੋਂ ਹੀ ਪੈਦਾ ਹੋਏ ਹਨ।

16. **ਦਰਸ਼ਨ, ਸਿੱਖਿਆ ਨੂੰ ਅਗਾਂਹ ਵੱਧਣ ਦੀ ਸ਼ਕਤੀ ਦਿੰਦਾ ਹੈ(Philosophy Provides power to Education for progress):** ਦਰਸ਼ਨ, ਸਿੱਖਿਆ ਪ੍ਰਕਿਰਿਆ ਨੂੰ ਊਰਜਾ ਪ੍ਰਦਾਨ ਕਰਦਾ ਹੈ, ਜਿਸ ਨਾਲ ਉਸਨੂੰ ਸੇਧ ਹੀ ਨਹੀ ਮਿਲਦੀ, ਸਗੋਂ ਅੱਗੇ ਵੱਧਣ ਦੀ ਸ਼ਕਤੀ ਵੀ ਮਿਲਦੀ ਹੈ। ਇਹੀ ਕਾਰਨ ਹੈ ਕਿ ਦਰਸ਼ਨ ਨੂੰ ਸਿੱਖਿਆ ਦੀ ਡਾਇਨਮੋ ਕਿਹਾ ਜਾਂਦਾ ਹੈ (Philosophy has been called the dynamo of Edcuation)। ਇਸ ਲਈ, ਦਰਸ਼ਨ, ਅਧਿਆਪਕਾਂ ਨੂੰ ਉਤਸ਼ਾਹਿਤ ਤੇ ਪ੍ਰੇਰਿਤ ਕਰਦਾ ਹੈ ਕਿ ਉਹ ਸਿੱਖਿਆ ਕਾਰਜ ਪੂਰਨ ਕਰ ਸਕਣ।

17. **ਦਰਸ਼ਨ ਸਿੱਖਿਆ ਦੇ ਵਿਭਿੰਨ ਅੰਗਾਂ ਨੂੰ ਪ੍ਰਭਾਵਿਤ ਕਰਦਾ ਹੈ(Philosophy determines the various Aspects of Education):** ਸਿੱਖਿਆ ਦੇ ਹਰੇਕ ਪਹਿਲੂ ਦਾ ਦਾਰਸ਼ਨਿਕ ਆਧਾਰ ਹੈ। ਦਰਸ਼ਨ ਸਿੱਖਿਆ ਦੇ ਹਰੇਕ ਪਹਿਲੂ ਉੱਤੇ ਆਪਣਾ ਪ੍ਰਭਾਵ ਛੱਡਦਾ ਹੈ।ਸਿੱਖਿਆ ਦੀਆਂ ਸਾਰੀਆਂ ਸਮੱਸਿਆਵਾਂ ਦਰਸ਼ਨ ਦੀਆਂ ਸਮੱਸਿਆਵਾਂ ਹਨ।ਦਰਸ਼ਨ ਸਿੱਖਿਆ ਨੂੰ ਉਦੇਸ਼ ਪ੍ਰਦਾਨ ਕਰਦਾ ਹੈ।ਇਹ ਉਦੇਸ਼ ਹੀ ਪਾਠਕ੍ਰਮ, ਪਾਠ-ਪੁਸਤਕਾਂ, ਅਨੁਸ਼ਾਸ਼ਨ, ਅਧਿਆਪਕ, ਆਚਰਨ, ਪ੍ਰਸ਼ਾਸਨ, ਸਿੱਖਿਆ ਵਿਧੀਆਂ ਦਾ ਮੁਲਾਂਕਣ, ਸਕੂਲ ਸਗੰਠਨ ਦੀਆਂ ਸਮੱਸਿਆਵਾਂ, ਸਕੂਲ ਅਨੁਸ਼ਾਸਨ, ਸਿੱਖਿਆ ਪ੍ਰਕਿਰਿਆ ਵਿੱਚ ਅਧਿਆਪਕ ਦੀ ਭੂਮਿਕਾ ਆਦਿ ਨਿਰਧਾਰਿਤ ਕਰਦੇ ਹਨ। ਜੀਵਨ ਦਰਸ਼ਨ ਅਤੇ ਸਿੱਖਿਆ ਦਰਸ਼ਨ ਤੋਂ ਦੂਰ ਰਹਿਣਾ ਸੰਭਵ ਨਹੀਂ। ਕੁਝ ਵਿਦਵਾਨਾਂ ਦਾ ਮੱਤ ਹੈ ਕਿ ਦਰਸ਼ਨ ਦਾ ਸੰਬੰਧ ਕੇਵਲ ਸੂਖਮ ਗੱਲਾਂ ਨਾਲ ਹੀ ਹੈ ਅਤੇ ਸਿੱਖਿਆ ਦਾ ਸਥੂਲ ਤੇ ਵਿਵਹਾਰਿਕ ਨਾਲ। ਇਸ ਲਈ ਦਰਸ਼ਨ ਤੇ ਸਿੱਖਿਆ ਵੱਖ-ਵੱਖ ਹਨ। ਇਨ੍ਹਾਂ ਦਾ ਆਪਸ ਵਿਚ ਕੋਈ ਸੰਬੰਧ ਨਹੀਂ। ਪਰ ਇਹ ਧਾਰਣਾ ਗਲਤ ਹੈ। ਦੋਵੇਂ ਇਕ ਦੂਸਰੇ ਨਾਲ, ਪੂਰੀ ਤਰ੍ਹਾਂ ਜੁੜੇ ਹੋਏ ਹਨ ਤੇ ਇਕ ਦੂਸਰੇ ਤੋਂ ਵੱਖ ਨਹੀ ਕੀਤਾ ਜਾ ਸਕਦੇ। ਦਰਸ਼ਨ ਨੇ ਸਿੱਖਿਆ ਦੇ ਸਾਰੇ ਪੱਖਾਂ ਨੂੰ ਪ੍ਰਭਾਵਿਤ ਕੀਤਾ ਹੈ, ਕਰ ਰਿਹਾ ਹੈ ਤੇ ਕਰਦਾ ਰਹੇਗਾ। ਸਿੱਖਿਆ ਦਾ ਕੋਈ ਵੀ ਖੇਤਰ ਦਰਸ਼ਨ ਤੋਂ ਬਿਨਾਂ ਸੰਭਵ ਨਹੀਂ।ਇਸ ਲਈ ਜਦੋਂ ਤੱਕ ਅਸੀਂ ਜੀਵਨ ਦੇ ਅੰਤਿਮ ਉਦੇਸ਼ਾਂ ਦੇ ਆਧਾਰ ਤੇ ਸਿੱਖਿਆ ਦੇ ਉਦੇਸ਼ ਮਿੱਥਾਂਗੇ ਉਦੋਂ ਤੱਕ ਦਰਸ਼ਨ ਵਿਸ਼ਾ-ਵਸਤੂ ਅਤੇ ਸਿੱਖਿਆ ਦੇ ਢੰਗਾਂ ਨੂੰ ਪ੍ਰਭਾਵਿਤ ਅਤੇ ਨਿਰਧਾਰਿਤ ਕਰਦਾ ਰਹੇਗਾ।

**18. ਸਿੱਖਿਆ ਅੰਦੋਲਨ ਦਰਸ਼ਨਿਕਾਂ ਦੁਆਰਾ ਨਿਰਦੇਸ਼ਿਤ ਕੀਤੇ ਜਾਂਦੇ ਹਨ (Educational movements are lead by philosophers):** ਦੁਨੀਆਂ ਦੇ ਜ਼ਿਆਦਾਤਰ ਸਿੱਖਿਆ ਅੰਦੋਲਨਾਂ ਦਾ ਆਰੰਭ ਵਿਭਿੰਨ ਦਾਰਸ਼ਨਿਕਾਂ ਦੇ ਦਰਸ਼ਨਿਕ ਸਕੂਲਾਂ ਵਿੱਚੋਂ ਹੋਇਆ ਹੈ ਜੋ ਉਹਨਾਂ ਦੇ ਦਾਰਸ਼ਨਿਕ ਵਿਚਾਰਾਂ ਦੀ ਉਪਜ ਸਨ।ਬੁੱਧ ਦੀਆਂ ਸਿੱਖਿਆਵਾਂ ਨੂੰ ਵੀ ਵਧੀਆ ਸਗੰਠਿਤ ਮੱਠਾਂ ਵਿੱਚ ਅਭਿਆਸ ਕਰਵਾਇਆ ਜਾਂਦਾ ਹੈ।ਭਾਰਤ ਅਤੇ ਅਮਰੀਕਾ ਦੇ ਮਹਾਨ ਚਿੰਤਕਾਂ ਅਤੇ ਦਾਰਸ਼ਨਿਕਾਂ ਨੇ ਆਪਣੇ ਦੇਸ਼ ਦੀਆਂ ਵਿਦਿਅਕ ਸਮੱਸਿਆਵਾਂ ਵਿੱਚ ਰੁਚੀ ਲਈ ਅਤੇ ਆਪਣੇ ਆਦਰਸ਼ਾਂ ਤੇ ਆਧਰਿਤ ਨਵੀਆਂ ਸਿੱਖਿਆ ਪ੍ਰਣਾਲੀਆਂ ਵਿਕਸਿਤ ਕੀਤੀਆਂ।

**19. ਵਿਭਿੰਨ ਸਿੱਖਿਆ ਚਿੰਤਨ ਦੇ ਸਕੂਲ ਦਰਸ਼ਨ ਉੱਤੇ ਆਧਾਰਿਤ (Various schools of educational thought based on philosophy):** ਹਰੇਕ ਕਾਰਜ, ਯੋਜਨਾ, ਪ੍ਰੋਗਰਾਮ, ਪਾਲਿਸੀ ਜਾਂ ਪ੍ਰਣਾਲੀ ਦੀਆਂ ਜੜ੍ਹਾਂ ਦਰਸ਼ਨ ਵਿੱਚ ਹੋਣੀਆਂ ਜ਼ਰੂਰੀ ਹਨ।ਸੰਸਾਰ ਦੇ ਅਨੇਕਾਂ ਚਿੰਤਕਾਂ ਨੇ ਜੀਵਨ ਅਤੇ ਸਿੱਖਿਆ ਪ੍ਰਤੀ ਆਪਣੇ ਦਰਸ਼ਨ ਪੇਸ਼ ਕੀਤੇ।ਇਸੇ ਪ੍ਰਕਾਰ ਸਿੱਖਿਆ ਨੂੰ ਵੀ ਵਿਭਿੰਨ ਦਰਸ਼ਨਾਂ ਨੇ ਅਗਵਾਈ ਦਿੱਤੀ ਅਤੇ ਸਿੱਖਿਆ ਦੇ ਨਿਸ਼ਚਿਤ ਪ੍ਰੋਗਰਾਮ ਵਿਕਸਿਤ ਕੀਤੇ।ਹਰੇਕ ਪ੍ਰੋਗਰਾਮ ਦਾ ਦਾਰਸ਼ਨਿਕ ਅਧਾਰ ਹੁੰਦਾ ਹੈ ਅਤੇ ਅਧੁਨਿਕ ਸਿੱਖਿਅਕ ਨੂੰ ਹਰੇਕ ਵਿੱਚੋਂ ਚੰਗੇ ਨੁਕਤੇ ਚੁਣਕੇ ਇੱਕ ਪ੍ਰਭਾਵਸ਼ਾਲੀ ਪ੍ਰੋਗਰਾਮ ਵਿੱਚ ਤਬਦੀਲ ਕਰਨਾ ਚਾਹੀਦਾ ਹੈ।ਇਸ ਦੀ ਇੱਕ ਉਦਾਹਰਨ ਗਾਂਧੀ ਦੇ ਦਰਸ਼ਨ ਵਿੱਚੋਂ ਨਿਕਲੀ ਬੇਸਿਕ ਸਿੱਖਿਆ ਹੈ।

ਇਸ ਪ੍ਰਕਾਰ ਹੀ ਅਨੇਕਾਂ ਹੋਰ ਸਿੱਖਿਆ ਦੇ ਦਰਸ਼ਨ ਜਿਹਨਾਂ ਨੂੰ ਦਰਸ਼ਨ ਦੇ ਸਕੂਲ ਵੀ ਕਿਹਾ ਜਾਂਦਾ ਹੈ, ਮਨੁੱਖਤਾ ਨੂੰ ਉਸਦੇ ਕਾਰਜਾਂ ਵਿੱਚ ਅਗਵਾਈ ਦਿੰਦੀ ਹੈ।ਸਿੱਖਿਅਕ ਦਰਸ਼ਨ ਦੇ ਅਨੇਕਾਂ ਸਕੂਲ ਹਨ ਜਿਵੇਂ ਆਦਰਸ਼ਵਾਦ, ਪ੍ਰਕ੍ਰਿਤੀਵਾਦ, ਵਾਸਤਵਵਾਦ, ਵਸਤੂਵਾਦ, ਪ੍ਰਯੋਜਨਵਾਦ ਆਦਿ।ਸੁਕਰਾਤ ਨੇ ਦੁਨੀਆਂ ਨੂੰ ਅਧਿਆਪਨ ਦਾ ਆਪਣਾ ਸੁਕਰਾਤ ਢੰਗ (ਪ੍ਰਸ਼ਨ ਅਤੇ ਪ੍ਰਤੀ-ਪ੍ਰਸ਼ਨ ਵਿਧੀ) ਦਿੱਤਾ, ਪਲੈਟੋ ਦੇ ਆਦਰਸ਼ਵਾਦ ਨੇ ਸਿੱਖਿਆ ਦੀ ਸੱਭਿਆਚਾਰਕ ਸਕੀਮ ਨੂੰ ਜਨਮ ਦਿੱਤਾ, ਵਾਸਤਵਵਾਦ ਨੇ ਸਿੱਖਿਆ ਦੇ ਰਸਮੀ ਅਨੁਸ਼ਾਸਨ, ਰੂਸੋ ਨੇ ਕੁਦਰਤੀ ਸਿੱਖਿਆ, ਜਾਨ ਡੀਵੀ (ਪ੍ਰਯੋਜਨਵਾਦ) ਨੇ ਪ੍ਰੋਜੈਕਟ ਵਿਧੀ, ਪ੍ਰਕ੍ਰਿਤੀਵਾਦ ਨੇ ਖੇਡ ਵਿਧੀ ਨੂੰ ਜਨਮ ਦਿੱਤਾ।ਇਸ ਲਈ ਸਿੱਖਿਆ ਦਰਸ਼ਨ ਤੋਂ ਕਿਸੇ ਵੀ ਢੰਗ ਨਾਲ ਅਛੂਤੀ ਨਹੀਂ।ਦਰਸ਼ਨ ਦੁਆਰਾ ਸਥਾਪਿਤ ਸੱਚ ਅਤੇ ਸਿਧਾਂਤ ਸਿੱਖਿਆ ਪ੍ਰਕਿਰਿਆ ਦੇ ਸੰਚਾਲਨ ਵਿੱਚ ਵਰਤੇ ਜਾਂਦੇ ਹਨ।

**20. ਸਿੱਖਿਆ ਦਰਸ਼ਨਿਕ ਵਿਚਾਰਾਂ ਦੇ ਅਨੁਸਾਰ ਸਮਾਜਿਕ ਸਰੰਚਨਾ ਦਾ ਪੁਨਰਨਿਰਮਾਣ ਕਰਦੀ ਹੈ (Education reconstructs the social structure in terms of philosophical ideas):** ਸਿੱਖਿਆ ਦਾਰਸ਼ਨਿਕ ਵਿਚਾਰਾਂ ਦੀ ਤਰਤੀਬ ਅਨੁਸਾਰ ਸਮਾਜਿਕ ਸਰੰਚਨਾ ਨੂੰ ਨਵਿਆਉਂਦੀ ਹੈ ਤੇ ਇਸਦਾ ਪੁਨਰ-ਨਿਰਮਾਣ ਕਰਦੀ ਹੈ।ਇਹ ਦਰਸਾਉਂਦਾ ਹੈ ਕਿ ਹਰੇਕ ਸਮਾਜਿਕ ਸੰਸਥਾਵਾਂ ਵਿੱਚ ਜੀਵਨ ਦੀਆਂ ਕੁਝ ਵਾਸਤਵਿਕਤਾ ਦੀ ਵਿਆਖਿਆ ਲਈ ਦਰਸ਼ਨ ਜ਼ਰੂਰੀ ਹੈ।ਮਨੁੱਖ ਜਿਹਨਾਂ ਅਨੁਵੰਸਿਕ ਪ੍ਰਵਿਰਤੀਆਂ ਨਾਲ ਪੈਦਾ ਹੁੰਦਾ ਹੈ ਉਹ ਉਸਦੇ ਮੁੱਢਲੇ ਗੁਣ ਨਿਰਧਾਰਿਤ ਕਰਦੀਆਂ ਹਨ ਪ੍ਰੰਤੂ ਸਿੱਖਿਆ ਉਸਨੂੰ ਸਫ਼ਲ ਜੀਵਨ ਲਈ ਰਸਤਾ ਪ੍ਰਦਾਨ ਕਰਦੀ ਹੈ।

**21. ਮੌਜੂਦਾ ਸਦੰਰਭ ਵਿੱਚ ਸਿੱਖਿਆ ਦੇ ਕੰਮ (Functions of education in the present context):** ਸਿੱਖਿਆ ਆਪਣੀ ਪ੍ਰਕ੍ਰਿਤੀ ਕਾਰਨ ਭਵਿੱਖ ਦੀ ਚਿੰਤਾ ਕਰਦੀ ਹੈ ਅਤੇ ਇਸ ਲਈ ਤਿਆਰ ਕਰਦੀ ਹੈ।ਸਿੱਖਿਆ ਦੀ ਭੂਮਿਕਾ ਮਨੁੱਖ ਅਤੇ ਸਮਾਜ ਦੇ ਭਵਿੱਖ ਲਈ ਕੀਤੇ ਜਾਣ ਵਾਲੇ ਯਤਨਾਂ ਨੂੰ ਸੇਧ ਦੇਣਾ ਹੈ।ਇਸ ਲਈ ਇਸ ਦਾ ਮੁੱਖ ਕੰਮ ਮਨੁੱਖ ਦੀਆਂ ਆਸ਼ਾਵਾਂ ਅਨੁਸਾਰ ਸਮਾਜ ਦਾ ਨਿਰਮਾਣ ਕਰਨਾ ਅਤੇ ਸਮਾਜ ਦੀਆਂ ਜ਼ਰੂਰਤਾਂ ਅਨੁਸਾਰ ਮਾਨਵ ਸ਼ਕਤੀ ਵਿਕਸਿਤ ਕਰਨਾ ਹੈ। ਦਰਸ਼ਨ ਵਿਦਿਅਕ ਵਿਵਹਾਰ ਦਾ ਮਾਰਗਦਰਸ਼ਕ ਹੈ ਅਤੇ ਸਿੱਖਿਆ ਦਾਰਸ਼ਨਿਕ ਨਿਰਣੇ ਲਈ ਜਾਂਚ ਖੇਤਰ ਦੇ ਤੌਰ ਤੇ ਕੁਝ ਅੰਕੜੇ ਉਤਪੰਨ ਕਰਦੀ ਹੈ।

ਉਪਰੋਕਤ ਚਰਚਾ ਤੋਂ ਸ਼ਪਸ਼ੱਟ ਹੈ ਕਿ ਦਰਸ਼ਨ ਜੀਵਨ ਉਦੇਸ਼ਾਂ ਨੂੰ ਨਿਰਧਾਰਿਤ ਕਰਨ ਦਾ ਆਧਾਰ ਹੈ ਤੇ ਸਿੱਖਿਆ ਲੋਕਾਂ ਨੂੰ ਉਨ੍ਹਾਂ ਉਦੇਸ਼ਾਂ ਦੀ ਪ੍ਰਾਪਤੀ ਲਈ ਪੂਰਨ ਰੂਪ ਨਾਲ ਸੰਪੰਨ ਕਰਦੀ ਹੈ। ਦਰਸ਼ਨ ਸਿਧਾਂਤਿਕ ਹੈ ਤੇ ਸਿੱਖਿਆ ਵਿਵਹਾਰ ਮੁੱਖੀ। ਦਰਸ਼ਨ ਜੀਵਨ ਦਾ ਵਿਚਾਰਤਮਿਕ ਪੱਖ ਹੈ ਅਤੇ ਸਿੱਖਿਆ ਕਿਰਿਆਤਮਿਕ ਪੱਖ। ਦਰਸ਼ਨ ਜੀਵਨ ਮੁੱਲਾਂ ਤੇ ਜ਼ੋਰ ਦਿੰਦਾ ਹੈ ਤੇ ਸਿੱਖਿਆ ਵਿਦਿਆਰਥੀਆਂ ਵਿਚ ਇਨ੍ਹਾਂ ਮੁੱਲਾਂ ਦਾ ਵਿਕਾਸ ਕਰਦੀ ਹੈ। ਦਰਸ਼ਨ ਕਈ ਸਿੱਖਿਅਕ ਸਮੱਸਿਆਵਾਂ ਦੇ ਹੱਲ ਕਰਨ ਵਿਚ ਆਪਣਾ ਯੋਗਦਾਨ ਦਿੰਦਾ ਹੈ ਤੇ ਸਿੱਖਿਆ ਦੇ ਅੰਤਿਮ ਪ੍ਰਸ਼ਨਾਂ ਦਾ ਉੱਤਰ ਦਿੰਦਾ ਹੈ। ਦਰਸ਼ਨ ਸਿੱਖਿਆ ਦੇ ਸਾਰੇ ਪੱਖਾਂ ਨੂੰ ਪ੍ਰਭਾਵਿਤ ਕਰਦਾ ਹੈ। ਦੋਨੋਂ ਇੱਕ ਦੂਜੇ ਤੋਂ ਬਿਨਾਂ ਕਲਪਨਾਹੀਣ ਹਨ। ਦੋਵੇਂ ਇੱਕ ਟਹਿਣੀ ਦੇ ਦੋ ਫੁੱਲ ਹਨ ਅਤੇ ਇੱਕੋ ਸਿੱਕੇ ਦੇ ਦੋ ਪਾਸੇ ਹਨ।ਇੱਕ ਤੋਂ ਬਿਨਾਂ ਦੂਸਰਾ ਅਧੂਰਾ ਹੈ।ਸਿੱਖਿਆ ਦੀ ਕਲਾ ਦਰਸ਼ਨ ਬਿਨਾਂ ਅਧੂਰੀ ਹੈ

ਅਤੇ ਦਰਸ਼ਨ ਆਪਣੇ ਉਦੇਸ਼ਾਂ ਅਤੇ ਮੁੱਲਾਂ ਨੂੰ ਦੂਜਿਆਂ ਤੱਕ ਸਿੱਖਿਆਂ ਤੋਂ ਬਿਨਾਂ ਨਹੀਂ ਪਹੁੰਚਾ ਸਕਦਾ। ਦਰਸ਼ਨ ਤੋਂ ਬਿਨਾਂ ਸਿੱਖਿਆ ਇੱਕ ਉਦੇਸ਼ਹੀਨ ਯਤਨ ਅਤੇ ਸਮੇਂ ਤੇ ਸ਼ਕਤੀ ਦੀ ਵਿਅਰਥਤਾ ਹੈ। ਇਸ ਪ੍ਰਕਾਰ ਦਰਸ਼ਨ ਸਿੱਖਿਆ ਨੂੰ ਇਸਦੇ ਟੀਚੇ ਤੇ ਉਦੇਸ਼ ਦਿੰਦਾ ਹੈ। ਇਸ ਤੋਂ ਸਿੱਧ ਹੁੰਦਾ ਹੈ ਕਿ ਦਰਸ਼ਨ ਤੇ ਸਿੱਖਿਆ ਦਾ ਆਪਸੀ ਗੂੜਾ ਤੇ ਪੱਕਾ ਸੰਬੰਧ ਹੈ ਅਤੇ ਦੋਵੇਂ ਇਕ ਦੂਸਰੇ ਨੂੰ ਪ੍ਰਭਾਵਿਤ ਕਰਦੇ ਹਨ ਤੇ ਪ੍ਰਭਾਵਿਤ ਹੁੰਦੇ ਹਨ।

## 1.4.4 ਦਰਸ਼ਨ ਦੀਆਂ ਵਿਭਿੰਨ ਸ਼ਾਖਾਵਾਂ ਦਾ ਸਿੱਖਿਆ ਨਾਲ ਸੰਬੰਧ (Relationship of Education with various Branches of Philosophy):

ਦਰਸ਼ਨ ਆਪਣੇ-ਆਪ ਵਿੱਚ ਬੁੱਧੀ/ਵਿਵੇਕ ਹੈ ਅਤੇ ਨਾਲ ਹੀ ਵਿਵੇਕ ਦੀ ਖੋਜ ਦੀ ਪ੍ਰਕਿਰਿਆ ਨੂੰ ਦਰਸਾਉਂਦਾ ਹੈ। ਇਹ ਵਿਵੇਕ ਜੀਵਨ ਅਤੇ ਸੰਸਾਰ ਦੀਆਂ ਸਮੱਸਿਆਵਾਂ ਨਾਲ ਸੰਬੰਧਿਤ ਸਿਧਾਂਤਕ ਅਤੇ ਵਿਵਹਾਰਕ ਗਿਆਨ ਹੈ ਜੋ ਕ੍ਰਮਵਾਰ, ਆਲੋਚਨਾਤਮਿਕ ਅਤੇ ਚਿੰਤਨਸ਼ੀਲ ਸੋਚ ਵਿੱਚੋ ਨਿਕਲਦਾ ਹੈ। ਦਰਸ਼ਨ ਦੀਆਂ ਹੇਠ ਲਿਖੀਆਂ ਤਿੰਨ ਸ਼ਾਖਾਵਾਂ ਹਨ:

(i) ਤੱਤ-ਮੀਮਾਂਸਾ (Metaphysics)

(ii) ਗਿਆਨ-ਮੀਮਾਂਸਾ (Epistomology)

(iii) ਮੁੱਲ-ਮੀਮਾਂਸਾ (Axiology)

ਇਹਨਾਂ ਦਾ ਸਿੱਖਿਆ ਨਾਲ ਸੰਬੰਧ ਦਾ ਵਰਨਣ ਹੇਠ ਲਿਖੇ ਅਨੁਸਾਰ ਹੈ:

### 1.4.4.1 ਤੱਤ-ਮੀਮਾਂਸਾ ਅਤੇ ਸਿੱਖਿਆ (Metaphysics and Education):

ਤੱਤ-ਮੀਮਾਂਸਾ ਦਰਸ਼ਨ ਦੀ ਉਹ ਸ਼ਾਖਾ ਹੈ ਜੋ ਵਾਸਤਵਿਕਤਾ ਜਾਂ ਹੋਂਦ ਦੀ ਸਰਵਸ੍ਰੇਸ਼ਠ/ਪਰਮ ਪ੍ਰਕ੍ਰਿਤੀ ਦਾ ਅਧਿਐਨ ਕਰਦੀ ਹੈ। ਤੱਤ-ਮੀਮਾਂਸਾ ਅੰਗ੍ਰੇਜੀ ਭਾਸ਼ਾ ਦੇ ਸ਼ਬਦ metaphysics ਦਾ ਸਮਾਨਾਰਥੀ ਹੈ। ਤੱਤ-ਮੀਮਾਂਸਾ ਸ਼ਬਦ ਯੂਨਾਨੀ ਭਾਸ਼ਾ ਦੇ ਸ਼ਬਦ "ਮੈਟਾ" (meta) ਭਾਵ "ਇਲਾਵਾ/ਬਾਅਦ" (beyond, upon or after) ਅਤੇ "ਫਿਜ਼ੀਕਾ" (physika) ਭਾਵ ਭੌਤਿਕ (physics) ਤੋਂ ਲਿਆ ਗਿਆ ਹੈ। ਸ਼ਾਬਦਿਕ ਰੂਪ ਵਿੱਚ ਇਸਦਾ ਭਾਵ ਹੈ ਭੌਤਿਕ ਤੋਂ ਬਾਅਦ ਦੀਆਂ ਚੀਜ਼ਾਂ (those things after the physics)। ਅਰਸ਼ਤੂ ਨੇ ਤੱਤ-ਮੀਮਾਂਸਾ ਦਾ ਅਧਿਐਨ ਵਿਕਸਿਤ ਕੀਤਾ। ਜਿੱਥੇ ਭੌਤਿਕ ਵਿਗਿਆਨ ਬਾਹਰੀ ਕਿਸਮ ਦੀ ਹੋਂਦ ਦਾ ਅਧਿਐਨ ਕਰਦੀ ਹੈ ਉੱਥੇ ਤੱਤ-ਮੀਮਾਂਸਾ ਵਸਤੂਆਂ ਦੇ ਅਸਲੀ ਗੁਣਾਂ ਬਾਰੇ ਚਿੰਤਨ ਕਰਦਾ ਹੈ। ਇਸ ਦੁਆਰਾ ਚਿੰਤਨ ਕੀਤੀਆਂ ਜਾਣ ਵਾਲੀਆਂ ਮੁੱਖ ਸਮੱਸਿਆਵਾਂ ਹਨ: ਕਿਸਦੀ ਹੋਂਦ ਹੈ? ਵਾਸਤਵਿਕਤਾ ਕੀ ਹੈ? ਹੋਂਦ ਦੀ ਪ੍ਰਕ੍ਰਿਤੀ ਕੀ ਹੈ? ਸੱਚ ਕੀ ਹੈ? ਮੈਂ ਕੌਣ ਹਾਂ? ਕੀ ਰਚਨਾ ਦਾ ਕੋਈ ਮਕਸਦ ਹੈ? ਕੀ ਰੱਬ ਦੀ ਕੋਈ ਹੋਂਦ ਹੈ?ਆਦਿ। ਇਸਦੇ ਖੇਤਰ ਵਿੱਚ ਸੱਤਾ-ਮੀਮਾਸਾ (Ontology), ਬ੍ਰਹਿਮੰਡ ਵਿਗਿਆਨ (cosmology), ਸ੍ਰਿਸ਼ਟੀ-ਸ਼ਾਸਤਰ (cosmogony), ਆਤਮ-ਦਰਸ਼ਨ (philosophy of self) ਅਤੇ ਧਰਮ-ਸ਼ਾਸਤਰ (theology)।

1. **ਸਿੱਖਿਆ ਉੱਤੇ ਪ੍ਰਭਾਵ (Effects on Education):** ਤੱਤ-ਮੀਮਾਂਸਾ ਦਾ ਸਿੱਖਿਆ ਦੇ ਉਦੇਸ਼ਾਂ ਅਤੇ ਆਦਰਸ਼ਾਂ ਉੱਤੇ ਪ੍ਰਭਾਵ ਹੇਠ ਲਿਖੇ ਅਨੁਸਾਰ ਹੈ:

(i) **ਸਿੱਖਿਆ ਦੇ ਟੀਚੇ (Goals of Education):** ਸਿੱਖਿਆ ਹੋਰਨਾਂ ਮਨੁੱਖੀ ਕਿਰਿਆਵਾਂ ਵਾਂਗ ਤੱਤ-ਮੀਮਾਂਸਾ ਦੇ ਖੇਤਰ ਤੋਂ ਬਾਹਰ ਕੰਮ ਨਹੀਂ ਕਰ ਸਕਦੀ। ਸਿੱਖਿਆ ਦੇ ਉਦੇਸ਼ ਦਰਸ਼ਨ ਦੇ ਹੋਰ ਕਿਸੇ ਖੇਤਰ ਨਾਲੋਂ ਤੱਤ-ਮੀਮਾਂਸਾ ਤੋਂ ਸਿੱਧੇ ਤੌਰ ਤੇ ਪ੍ਰਭਾਵਿਤ ਹੁੰਦੇ ਹਨ। ਤੱਤ-ਮੀਮਾਂਸਾ ਜਾਂ ਪਰਮ-ਵਾਸਤਵਿਕਤਾ ਦਾ ਮੁੱਦਾ ਸਿੱਖਿਆ ਦੇ ਕਿਸੇ ਵੀ ਸਕੰਲਪ ਦਾ ਕੇਂਦਰੀ ਮੁੱਦਾ ਹੈ ਕਿਉਂਕਿ ਸਕੂਲ ਦੇ ਸਿੱਖਿਅਕ ਪ੍ਰੋਗਰਾਮਾਂ ਦਾ ਤੱਤ ਅਤੇ ਸੱਚ ਉੱਤੇ ਅਧਾਰਿਤ ਹੋਣਾ ਮਹੱਤਵਪੂਰਨ ਹੈ ਨਾ ਕਿ ਕਲਪਨਾ, ਮਾਇਆ, ਗਲਤੀ ਜਾਂ ਭਰਮ-ਜਾਲ ਉੱਪਰ। ਤੱਤ-ਮੀਮਾਂਸਾ ਦੇ ਵਿਭਿੰਨ ਵਿਸ਼ਵਾਸ ਵਿਭਿੰਨ ਵਿਦਿਅਕ ਪਹੁੰਚਾਂ ਅਤੇ ਵੱਖਰੀ ਸਿੱਖਿਆ ਪ੍ਰਣਾਲੀ ਨੂੰ ਜਨਮ ਦਿੰਦੇ ਹਨ। ਤੱਤ-ਮੀਮਾਂਸਾ ਵਿਚਾਰਾਤਮਿਕ ਹੈ ਅਤੇ ਕਾਰਨ ਅਤੇ ਪ੍ਰਭਾਵ ਸੰਬੰਧਾਂ (cause-effect relationships) ਦੀ ਪ੍ਰਕ੍ਰਿਤੀ ਵਰਗੇ ਮੁੱਦਿਆਂ ਉੱਤੇ ਕੇਂਦਰਿਤ ਹੈ। ਇਹ ਸਿੱਖਿਆ ਨਾਲ ਵਿਦਿਅਕ ਉਦੇਸ਼ਾਂ ਬਾਰੇ ਚਿੰਤਨ, ਢੁੱਕਵੇਂ ਵਿਸ਼ਾ-ਵਸਤੂ ਅਤੇ ਵਿਦਿਅਕ ਟੀਚਿਆਂ ਦੀ ਚੋਣ ਅਤੇ ਸਿੱਖਿਆਰਥੀ ਦੀ ਸਾਧਾਰਨ ਪ੍ਰਕ੍ਰਿਤੀ ਦੇ ਤੌਰ ਤੇ ਸੰਬੰਧਿਤ ਹੈ।

(ii) **ਸਿੱਖਿਆ ਦੇ ਉਦੇਸ਼ (Aims of Education):** ਤੱਤ-ਮੀਮਾਂਸਾ ਪ੍ਰਵ੍ਰਿਤੀ ਸਿੱਖਿਆ ਸ਼ਾਸਤਰੀਆਂ ਨੂੰ ਸਿੱਖਿਆ ਦੇ ਉਦੇਸ਼ ਅਤੇ ਆਦਰਸ਼ਾਂ ਦੇ ਨਿਰਮਾਣ ਵਿੱਚ ਢੁੱਕਵਾ ਦ੍ਰਿਸ਼ਟੀਕੋਣ ਪ੍ਰਦਾਨ ਕਰਦੀ ਹੈ। ਅਸੀ ਕਿਸੇ ਮਨੁੱਖ ਨੂੰ ਕੀ ਬਣਾਉਣਾ ਚਾਹੁੰਦੇ ਹਾਂ, ਇਹ ਉਸਦੀ

ਪ੍ਰਕ੍ਰਿਤੀ ਅਤੇ ਬ੍ਰਹਿਮੰਡ ਵਿੱਚ ਸਥਾਨ ਤੇ ਨਿਰਭਰ ਕਰਦਾ ਹੈ।ਸਵੈ ਦਾ ਸਕੰਲਪ ਚਰਿੱਤਰ ਦੇ ਨਿਰਮਾਣ ਦਾ ਆਧਾਰ ਹੈ ਅਤੇ ਇਹ ਸਿੱਖਿਆ ਦਾ ਕੇਂਦਰੀ ਉਦੇਸ਼ ਹੈ।"ਆਤਮ-ਗਿਆਨੀ ਜਾਂ ਖੁਦ ਨੂੰ ਜਾਣੋ ਅਤੇ ਵਾਸਤਵਿਕ ਬਣੋ" ਸਿੱਖਿਆ ਦਾ ਵਿਸ਼ਵਵਿਆਪੀ ਤੌਰ ਤੇ ਸਵੀਕਾਰਤ ਉਦੇਸ਼ ਹੈ।

(iii) **ਸਕੂਲੀ ਪਾਠਕ੍ਰਮ (School Curriculum):** ਤੱਤ-ਮੀਮਾਂਸਾ ਦੀ ਸਿੱਖਿਆ ਵਿੱਚ ਮਹੱਤਵਪੂਰਨ ਭੂਮਿਕਾ ਹੈ ਕਿਉਂਕਿ ਸਕੂਲੀ ਪਾਠਕ੍ਰਮ ਇਸ ਗੱਲ ਉੱਤੇ ਆਧਾਰਿਤ ਹੈ ਕਿ ਅਸੀ ਅਸਲੀਅਤ ਬਾਰੇ ਕੀ ਜਾਣਦੇ ਹਾਂ?ਅਤੇ ਅਸੀ ਅਸਲੀਅਤ ਬਾਰੇ ਕੀ ਜਾਣਦੇ ਹਾਂ, ਇਹ ਸਾਡੇ ਦੁਆਰਾ ਸੰਸਾਰ ਬਾਰੇ ਪੁੱਛੇ ਪ੍ਰਸ਼ਨਾਂ ਉੱਤੇ ਨਿਰਭਰ ਕਰਦਾ ਹੈ।ਅਸਲ ਵਿੱਚ ਸਕੂਲਾਂ ਨੂੰ ਕੀ ਪੜ੍ਹਾਉਣਾ ਚਾਹੀਦਾ ਹੈ, ਇਹ ਤੱਤ-ਮੀਮਾਂਸਾ ਦੇ ਵਾਸਤਵਿਕਤਾ ਬਾਰੇ ਵਿਚਾਰਾਂ ਉੱਤੇ ਨਿਰਭਰ ਕਰਦਾ ਹੈ।ਵਿਦਿਅਕ ਨੀਤੀਆਂ, ਪਾਠਕ੍ਰਮ ਅਤੇ ਅਧਿਆਪਨ ਢੰਗਾਂ ਦਾ ਪ੍ਰਤੱਖੀਕਰਨ ਤੱਤ-ਮੀਮਾਂਸਾ ਵਿਚਾਰਾਂ ਉੱਤੇ ਨਿਰਭਰ ਕਰਦਾ ਹੈ।

(iv) **ਬੌਧਿਕ ਸ਼ਕਤੀ ਵਿਕਾਸ (Intellectual power development):** ਸਿੱਖਿਆ ਮਨੁੱਖ ਦੀ ਤਾਰਕਿਕ ਸ਼ਕਤੀ ਦੇ ਵਿਕਾਸ ਭਾਵ ਬੌਧਿਕ ਸ਼ਕਤੀ ਦੇ ਵਿਕਾਸ ਨਾਲ ਸੰਬੰਧਿਤ ਹੈ।ਕਿਉਂਕਿ ਸਿੱਖਿਆ ਦਾ ਉਦੇਸ਼ ਬੌਧਿਕ ਗੁਣਾਂ ਦਾ ਵਿਕਾਸ ਹੈ ਅਤੇ ਇਹ ਗੁਣ ਹਰੇਕ ਮਨੁੱਖ ਵਿੱਚ ਸਮਾਨ ਹਨ,ਇਸ ਲਈ ਸਿੱਖਿਆ ਦੇ ਉਦੇਸ਼ ਵੀ ਹਰੇਕ ਮਨੁੱਖ ਲਈ ਸਮਾਨ ਹਨ।ਮਨੁੱਖ ਅਤੇ ਪ੍ਰਕਿਰਤੀ ਦਾ ਸੰਬੰਧ ਤੱਤ-ਮੀਮਾਂਸਾ ਦਾ ਇੱਕ ਹੋਰ ਪੱਖ ਹੈ।

(v) **ਸੰਸਾਰ ਨਾਲ ਸੰਬੰਧ (Relationship with world):** ਸੰਸਾਰ ਦਾ ਸਕੰਲਪ ਵਿਅਕਤੀ ਦੇ ਸਮਾਜ ਅਤੇ ਪ੍ਰਕ੍ਰਿਤੀ ਦੇ ਸੰਬੰਧਾਂ ਨਾਲ ਸਿੱਧਾ ਸੰਬੰਧਿਤ ਹੈ।ਭਾਰਤੀ ਦਰਸ਼ਨ ਮਨੁੱਖ ਅਤੇ ਸੰਸਾਰ ਵਿੱਚ ਇਕਸੁਰਤਾ ਉੱਪਰ ਜ਼ੋਰ ਦਿੰਦਾ ਹੈ ਅਤੇ ਪੱਛਮੀ ਦਾਰਸ਼ਨਿਕਾਂ ਨੇ ਮਨੁੱਖ ਦੁਆਰਾ ਪ੍ਰਕ੍ਰਿਤੀ ਉੱਪਰ ਜਿੱਤ ਦੀ ਇੱਛਾ ਨੂੰ ਪ੍ਰੇਰਿਤ ਕੀਤਾ ਹੈ।ਜਿੱਥੇ ਭਾਰਤੀ ਦਰਸ਼ਨ ਵਿਸ਼ਵ ਭਾਰਤੀ ਜਾਂ ਸ੍ਰੀ ਅਰਬਿੰਦੋ ਅੰਤਰਰਾਸ਼ਟਰੀ ਯੂਨੀਵਰਸਿਟੀ ਵਰਗੀਆਂ ਵਿਦਿਅਕ ਸੰਸਥਾਵਾਂ ਦੀ ਨੀਂਹ ਰੱਖਦਾ ਹੈ ਉੱਥੇ ਪੱਛਮੀ ਪਹੁੰਚ ਅਜੋਕੀ ਤਕਨੀਕੀ ਅਤੇ ਵਿਗਿਆਨਿਕ ਸਿੱਖਿਆ ਦਾ ਆਧਾਰ ਹੈ।

(vi) **ਨੈਤਿਕ ਸਿੱਖਿਆ (Moral Education):** ਨੈਤਿਕ ਅਤੇ ਧਾਰਮਿਕ ਸਿੱਖਿਆ ਤੱਤ-ਮੀਮਾਂਸਾ ਦੇ ਪ੍ਰਮਾਤਮਾ ਦੇ ਸਕੰਲਪ ਉੱਤੇ ਅਧਾਰਿਤ ਹੈ।ਇਸ ਦਾ ਭਾਵ ਇਹ ਨਹੀਂ ਕਿ ਸਿੱਖਿਆ ਜਰੂਰੀ ਤੌਰ ਤੇ ਧਾਰਮਿਕ ਸਿੱਖਿਆ ਨਾਲ ਸੰਬੰਧਿਤ ਹੋਵੇ।ਇਹ ਸਿਰਫ਼ ਇਹ ਦਰਸਾਉਂਦਾ ਹੈ ਕਿ ਸਾਡੇ ਦੁਆਰਾ ਪਰਮ ਅਸਲੀਅਤ ਦੀ ਵਿਆਖਿਆ (ਜਿਸਨੂੰ ਅਸੀ ਪਰਮਾਤਮਾ ਕਹਿੰਦੇ ਹਾਂ) ਦਾ ਸਿੱਖਿਆ ਦੇ ਉਦੇਸ਼ਾਂ ਅਤੇ ਆਦਰਸ਼ਾਂ ਉੱਤੇ ਖਾਸ ਅਸਰ ਪੈਂਦਾ ਹੈ ਜੋ ਇਸਦੇ ਸਾਧਨਾਂ ਅਤੇ ਯੋਜਨਾਵਾਂ ਨੂੰ ਪ੍ਰਭਾਵਿਤ ਕਰਦਾ ਹੈ।ਜਿਨ੍ਹਾਂ ਜਿਆਦਾ ਸੰਸਾਰ ਪ੍ਰਤੀ ਏਕੀਕ੍ਰਿਤ ਵਿਚਾਰ ਹੋਵੇਗਾ, ਉਨੀ ਜ਼ਿਆਦਾ ਹੀ ਇਸ ਉੱਪਰ ਅਧਾਰਿਤ ਸਿੱਖਿਆ ਬਹੁਪੱਖੀ ਹੋਵੇਗੀ। ਆਦਰਸ਼ਵਾਦ, ਪ੍ਰਕਿਰਤੀਵਾਦ, ਪ੍ਰਯੋਜਨਵਾਦ ਅਤੇ ਵਾਸਤਵਿਕਵਾਦ ਉਹ ਮਹੱਤਵਪੂਰਨ ਤੱਤ-ਮੀਮਾਂਸਾ ਸਿਧਾਂਤ ਹਨ ਜਿਹਨਾਂ ਨੇ ਸਿੱਖਿਆ ਨੂੰ ਪ੍ਰਭਾਵਿਤ ਕੀਤਾ ਹੈ।ਆਦਰਸ਼ਵਾਦ ਵਸਤੂਨਿਸਠ, ਵਿਅਕਤੀਨਿਸ਼ਠ, ਅਸਧਾਰਨ ਅਤੇ ਪੂਰਨ ਹੈ ਜਦੋਂ ਕਿ ਵਾਸਤਵਵਾਦ ਨੇ ਵਿਗਿਆਨ ਅਤੇ ਤਕਨੋਲੋਜੀ ਨਾਲ ਸੰਬੰਧਿਤ ਸਿੱਖਿਆ ਨੂੰ ਪ੍ਰਭਾਵਿਤ ਕੀਤਾ ਹੈ।

### 1.4.4.2 ਗਿਆਨ-ਮੀਮਾਂਸਾ ਅਤੇ ਸਿੱਖਿਆ (Epistemology and Education):

ਇਹ ਸਿਰਫ਼ ਗਿਆਨ ਹੀ ਹੈ ਜੋ ਵਾਸਤਵਿਕਤਾ ਪ੍ਰਗਟ ਕਰਦਾ ਹੈ ਅਤੇ ਮੁੱਲ ਪ੍ਰਾਪਤੀ ਸਹਿਜ ਬਣਾਉਂਦਾ ਹੈ।ਦਰਸ਼ਨ ਤੱਤ-ਮੀਮਾਂਸਾ ਦੇ ਪ੍ਰਸ਼ਨਾਂ ਨਾਲ ਸ਼ੁਰੂ ਹੁੰਦਾ ਹੈ ਅਤੇ ਇਹਨਾਂ ਤੱਤ-ਮੀਮਾਂਸਾ ਦੇ ਪ੍ਰਸ਼ਨਾਂ ਦੇ ਉੱਤਰ ਗਿਆਨ-ਮੀਮਾਂਸਾ ਨੂੰ ਜਨਮ ਦਿੰਦੇ ਹਨ।ਗਿਆਨ-ਮੀਮਾਂਸਾ ਦਰਸ਼ਨ ਦੀ ਉਹ ਸ਼ਾਖਾ ਹੈ ਜੋ ਗਿਆਨ ਦੀ ਪ੍ਰਕ੍ਰਿਤੀ ਅਤੇ ਖੇਤਰ ਨਾਲ ਸੰਬੰਧਿਤ ਹੈ ਅਤੇ ਇਸਨੂੰ "ਗਿਆਨ ਦਾ ਸਿਧਾਂਤ" ਵੀ ਕਿਹਾ ਜਾਂਦਾ ਹੈ।ਸ਼ਬਦਿਕ ਰੂਪ ਵਿੱਚ ਗਿਆਨ-ਮੀਮਾਂਸਾ ਸ਼ਬਦ ਯੂਨਾਨੀ ਭਾਸ਼ਾ ਦੇ ਸ਼ਬਦਾਂ "ਐਪੀਸਟੀਮ" (episteme) ਭਾਵ "ਗਿਆਨ, ਬੋਧ" (knowledge, understanding) ਅਤੇ "ਲੋਗਸ" (Logos) ਭਾਵ "ਅਧਿਐਨ, ਵਿਗਿਆਨ, ਚਰਚਾ" (study, science or discussion) ਤੋਂ ਬਣਿਆ ਹੈ।ਦੂਸਰੇ ਸ਼ਬਦਾਂ ਵਿੱਚ ਗਿਆਨ-ਮੀਮਾਂਸਾ ਗਿਆਨ ਦੀ ਪ੍ਰਕ੍ਰਿਤੀ, ਸੋਮੇ ਅਤੇ ਵੈਧਤਾ ਦਾ ਅਧਿਐਨ ਹੈ।ਇਹ ਉਹ ਹਾਲਾਤ ਹਨ ਜਿਸ ਵਿੱਚ ਗਿਆਨ ਪ੍ਰਾਪਤ ਹੁੰਦਾ ਹੈ।

ਦਰਸ਼ਨ ਦੀ ਇਹ ਸ਼ਾਖਾ ਨਾ ਸਿਰਫ਼ ਗਿਆਨ ਦੀ ਪ੍ਰਕ੍ਰਿਤੀ, ਸੋਮੇ ਅਤੇ ਵੈਧਤਾ ਦਾ ਅਧਿਐਨ ਸਗੋਂ ਗਿਆਨ ਅਤੇ ਵਿਸ਼ਵਾਸ, ਗਿਆਨ ਅਤੇ ਸੱਚ, ਗਿਆਨ ਅਤੇ ਕਾਰਜ ਦਾ ਅਧਿਐਨ ਵੀ ਕਰਦੀ ਹੈ।ਇਹ ਸ਼ਾਖਾ ਸੱਚ ਕੀ ਹੈ?ਇਸਦਾ ਗਿਆਨ ਮਨੁੱਖ ਕਿਵੇਂ ਪ੍ਰਾਪਤ ਕਰਦਾ ਹੈ? ਵਰਗੇ ਪ੍ਰਸ਼ਨਾਂ ਦਾ ਉੱਤਰ ਖੋਜਦੀ ਹੈ। ਇਸ ਪ੍ਰਕਾਰ ਗਿਆਨ-ਮੀਮਾਂਸਾ ਵਿੱਚ ਦੋ ਖੇਤਰ ਸ਼ਾਮਿਲ ਹਨ: ਚਿੰਤਨ ਦਾ ਵਿਸ਼ਾ-ਵਸਤੂ ਅਤੇ ਚਿੰਤਨ ਸਵੈ।ਵਿਦਿਅਕ ਅਰਥਾਂ ਵਿੱਚ ਇਹ ਖੇਤਰ ਹਨ: ਪਾਠਕ੍ਰਮ ਅਤੇ ਅਨੁਦੇਸ਼ਨ ਜਾਂ ਵਿਸ਼ਾ-ਵਸਤੂ ਅਤੇ ਵਿਧੀ।ਗਿਆਨ-ਮੀਮਾਂਸਾ ਦਾ ਅਧਿਐਨ ਗਿਆਨ ਉੱਤੇ ਨਿਰਭਰਤਾ ਅਤੇ ਉਹਨਾਂ ਸੋਮਿਆਂ ਦੀ ਵੈਧਤਾ ਜਿਹਨਾਂ ਰਾਹੀ ਅਸੀ ਗਿਆਨ ਹਾਸਿਲ ਕਰਦੇ ਹਾਂ, ਨਾਲ ਸੰਬੰਧਿਤ ਮੁੱਦਿਆ ਨਾਲ ਪੇਸ਼ ਆਉਂਦੀ ਹੈ।ਗਿਆਨ-ਮੀਮਾਂਸਾ ਅਨੇਕਾਂ ਬੁਨਿਆਦੀ ਮੁੱਦਿਆਂ ਦਾ ਉੱਤਰ ਦਿੰਦੀ ਹੈ।

ਗਿਆਨ-ਮੀਮਾਂਸਾ ਦੀਆਂ ਇਹ ਸਮੱਸਿਆਵਾਂ ਇਸਦਾ ਖੇਤਰ ਸਪੱਸ਼ਟ ਕਰਦੀਆਂ ਹਨ।ਗਿਆਨ ਦੀ ਪ੍ਰਕਿਰਿਆ, ਵਿਧੀ, ਵਸ਼ਤੂ, ਗੁਣ, ਹਾਲਾਤ, ਵੈਧਤਾ ਅਤੇ ਵਹਿਮ ਇਸਦਾ ਵਿਸ਼ਾ-ਵਸਤੂ ਹੈ।ਗਿਆਨ-ਮੀਮਾਂਸਾ ਇਹਨਾਂ ਸਾਰੀਆਂ ਸਮੱਸਿਆਵਾਂ ਦੀ ਦਾਰਸ਼ਨਿਕ ਅਲੋਚਨਾ ਹੈ।ਇਹ ਨਿਗਮਨ ਅਤੇ ਆਗਮਨ, ਸੰਸਲੇਸ਼ਣ ਅਤੇ ਵਿਸਲੇਸ਼ਣ ਦਾਰਸ਼ਨਿਕ ਵਿਧੀਆਂ ਦੀ ਵਰਤੋਂ ਕਰਦਾ ਹੈ।

**ਸਿੱਖਿਆ ਉੱਪਰ ਪ੍ਰਭਾਵ (Effects of Education):** ਗਿਆਨ-ਮੀਮਾਂਸਾ ਅਤੇ ਸਿੱਖਿਆ ਦੋਵੇਂ ਹੀ ਅਣਕਹੇ ਸਾਥੀ ਹਨ ਕਿਉਂਕਿ ਦੋਵੇਂ ਹੀ ਮੁੱਖ ਤੌਰ ਤੇ ਗਿਆਨ ਹਾਸਿਲ ਕਰਨ ਦਾ ਕਾਰਜ ਹਨ।ਗਿਆਨ-ਮੀਮਾਂਸਾ ਸਿੱਖਿਆ ਦੀ ਸੰਚਾਲਕ (motor) ਹੈ ਕਿਉਂਕਿ ਇਹ ਸਿੱਖਿਆ ਪ੍ਰਕਿਰਿਆ ਨੂੰ ਸੰਚਾਲਿਤ ਕਰਦੀ ਹੈ।ਇੱਕ ਵਿਅਕਤੀ ਜਿਹੜੇ ਵੀ ਵਿਦਿਅਕ ਸਿਧਾਂਤ ਅਤੇ ਕਾਰਜ ਪ੍ਰਣਾਲੀ ਪ੍ਰਯੋਗ ਕਰਦਾ ਹੈ ਉਹ ਉਸਦੇ ਗਿਆਨ-ਮੀਮਾਂਸਾ ਦੇ ਸਿਧਾਂਤਾਂ ਅਤੇ ਅਭਿਆਸਾਂ ਨਾਲ ਅਨੁਰੂਪ ਹੁੰਦਾ ਹੈ।ਗਿਆਨ-ਮੀਮਾਂਸਾ ਸਿੱਖਿਆ ਉੱਤੇ ਹਰੇਕ ਪਲ ਪ੍ਰਭਾਵ ਰੱਖਦਾ ਹੈ।ਇਸ ਲਈ ਜਦੋਂ ਅਸੀ ਗਿਆਨ-ਮੀਮਾਂਸਾ ਦੀ ਚਰਚਾ ਕਰ ਰਹੇ ਹੋਈਏ ਤਾਂ ਅਸੀਂ ਲਾਜਮੀ ਤੌਰ ਉੱਤੇ ਸਿੱਖਿਆ ਬਾਰੇ ਚਰਚਾ ਕਰ ਰਹੇ ਹੁੰਦੇ ਹਾਂ।ਗਿਆਨ-ਮੀਮਾਂਸਾ ਦੀ ਸਿੱਖਿਆ ਲਈ ਵਿਸ਼ੇਸ਼ ਮਹੱਤਤਾ ਹੇਠ ਲਿਖੇ ਅਨੁਸਾਰ ਹੈ:

(i) ਸਿੱਖਿਆ ਦਾ ਕਾਰਜ ਗਿਆਨ ਨਾਲ ਸੰਬੰਧਿਤ ਹੈ। ਅਧਿਆਪਕ ਦੇ ਤੌਰ ਤੇ ਸਾਨੂੰ ਇਹ ਜਾਣਕਾਰੀ ਹੋਣੀ ਚਾਹੀਦੀ ਹੈ ਕਿ ਗਿਆਨ ਕੀ ਹੈ ਅਤੇ ਇਹ ਵਿਸ਼ਵਾਸ ਅਤੇ ਮੱਤ ਤੋਂ ਵੱਖਰਾ ਕਿਵੇਂ ਹੈ। ਜਦੋਂ ਅਸੀਂ ਗਿਆਨ ਅਤੇ ਇਹਨਾਂ ਸੰਬੰਧਿਤ ਸ਼ਬਦਾਂ ਵਿੱਚ ਵਿਚਾਰਕ ਅੰਤਰ ਕਰਨਾ ਸਿੱਖ ਜਾਵਾਂਗੇ ਤਾਂ ਇਹ ਸਾਨੂੰ ਇਹ ਨਿਰਧਾਰਿਤ ਕਰਨਾ ਵਿੱਚ ਮਦਦ ਕਰਨਗੇ ਕਿ ਸਾਨੂੰ ਵਿਦਿਆਰਥੀਆਂ ਤੋਂ ਕੀ ਉਮੀਦ ਕਰਨੀ ਚਾਹੀਦੀ ਹੈ।

(ii) ਜੇਕਰ ਸਿੱਖਿਆ ਦਾ ਕੇਂਦਰੀ ਕਾਰਜ ਗਿਆਨ ਪ੍ਰਦਾਨ ਕਰਨਾ ਹੈ ਤਾਂ ਅਧਿਆਪਕ ਗਿਆਨ ਦੇ ਵਿਭਿੰਨ ਸੋਮਿਆਂ ਦਾ ਬੋਧ ਕਰਕੇ ਆਪਣੇ ਅਧਿਆਪਨ ਨੂੰ ਸੁਧਾਰ ਸਕਦਾ ਹੈ।ਗਿਆਨ ਦਾ ਕੋਈ ਵੀ ਸੋਮਾ ਪੂਰਨ ਨਹੀਂ ਅਤੇ ਇਹਨਾਂ ਸੋਮਿਆਂ ਦਾ ਮਿਸ਼ਰਨ ਗਿਆਨ ਪ੍ਰਤੀ ਸਮਝ ਨੂੰ ਸੁਧਾਰਦਾ ਹੈ।ਅਧਿਆਪਕ ਆਪਣੇ ਵਿਸ਼ਿਆਂ ਵਿੱਚ ਇੱਕ ਤੋਂ ਵੱਧ ਢੰਗ ਵਰਤ ਕੇ ਇਸ ਦੀ ਵਰਤੋਂ ਕਰ ਸਕਦਾ ਹੈ।

(iii) ਅਧਿਆਪਕ ਆਪਣੇ ਵਿਸ਼ੇ ਅਨੁਸਾਰ ਆਪਣੀ ਜਮਾਤ ਵਿੱਚ ਕਈ ਤਰ੍ਹਾਂ ਦੀ ਜਾਣਕਾਰੀ ਪ੍ਰਦਾਨ ਕਰਦਾ ਹੈ।ਉਸ ਲਈ ਇਹ ਜਾਨਣਾ ਉੱਚਿਤ ਹੋਵੇਗਾ ਕਿ ਜਿਹੜੀ ਜਾਣਕਾਰੀ ਉਹ ਪ੍ਰਦਾਨ ਕਰ ਰਿਹਾ ਹੈ ਉਸਦੀ ਕਿਸਮ, ਸੋਮੇ ਅਤੇ ਉਸ ਦੀ ਉਪਯੁਕਤਤਾ ਬਾਰੇ ਜਾਣੇ।ਉਸ ਲਈ ਇਹ ਵੀ ਜ਼ਰੂਰੀ ਹੈ ਕਿ ਉਹ ਆਪਣੇ ਵਿਸ਼ੇਸ਼ ਵਿਸ਼ੇ ਦੇ ਗਿਆਨ ਦੇ ਢੰਗਾਂ ਬਾਰੇ ਵੀ ਜਾਗਰੂਕ ਹੋਵੇ ਕਿਉਂਕਿ ਹਰ ਗਿਆਨ ਦਾ ਆਪਣਾ ਸੋਮਾਂ ਹੁੰਦਾ ਹੈ।

(iv) ਗਿਆਨ-ਮੀਮਾਂਸਾ ਅੰਦਰ ਅਸੀਂ ਅਰਥ, ਉੱਤਪਤੀ, ਸੋਮੇ, ਗਿਆਨ ਦੀ ਪ੍ਰਕ੍ਰਿਤੀ ਅਤੇ ਸੱਚ ਦੇ ਸਿਧਾਂਤ ਸੰਬੰਧੀ ਵਿਭਿੰਨ ਦਾਰਸ਼ਨਿਕ ਪਰਿਪੇਖਾਂ ਦਾ ਅਧਿਐਨ ਕਰਦੇ ਹਾਂ।ਗਿਆਨ-ਮੀਮਾਂਸਾ ਸਿੱਧੇ ਤੌਰ ਉੱਤੇ ਗਿਆਨ, ਇਸਦੇ ਸੋਮੇ, ਪ੍ਰਕਿਰਤੀ, ਖੇਤਰ, ਉੱਤਪਤੀ ਆਦਿ ਨਾਲ ਸੰਬੰਧਿਤ ਹੈ।ਗਿਆਨ-ਮੀਮਾਂਸਾ ਦਾ ਅਧਿਐਨ ਗੈਰ-ਜ਼ਰੂਰੀ ਵਸਤੂਆਂ ਨੂੰ ਹਟਾਉਣ ਵਿੱਚ ਅਤੇ ਪਾਠਕ੍ਰਮ ਦੇ ਵਿਸ਼ਾ-ਵਸਤੂ ਅੰਦਰਲੇ ਗਿਆਨ ਦੀਆਂ ਵਿਭਿੰਨ ਕਿਸਮਾਂ ਦੀ ਸ਼ਮੂਲੀਅਤ ਵਾਲੇ ਜ਼ਰੂਰੀ ਤੱਤ ਸ਼ਾਮਿਲ ਕਰਨ ਵਿੱਚ ਮਦਦ ਕਰਦਾ ਹੈ।

(v) ਹਰੇਕ ਸਿੱਖਿਆ ਅੰਤ ਵਿੱਚ ਵਿਦਿਅਕ ਉਦੇਸ਼ਾਂ ਜਾਂ ਮੁੱਲਾਂ ਦੀ ਪ੍ਰਾਪਤੀ ਉੱਤੇ ਖ਼ਤਮ ਹੁੰਦੀ ਹੈ।ਗਿਆਨ-ਮੀਮਾਂਸਾ ਦਾ ਅਧਿਐਨ ਹੇਠ ਲਿਖੇ ਪ੍ਰਸ਼ਨਾਂ ਦਾ ਲਾਭਦਾਇਕ ਢੰਗ ਨਾਲ ਉੱਤਰ ਦਿੰਦੀ ਹੈ।ਸਿੱਖਿਆ ਦੇ ਨਿਸ਼ਾਨੇ ਕੀ ਹਨ?ਸਿੱਖਿਆ ਦਾ ਵਿਸ਼ਾ-ਵਸਤੂ ਜਾਂ ਪਾਠਕ੍ਰਮ ਕੀ ਹੋਣਾ ਚਾਹੀਦਾ ਹੈ?ਵਿਸ਼ਾ-ਵਸਤੂ ਕਿਵੇਂ ਤਰਕਸੰਗਤ ਜਾਂ ਵੈਧ ਮੰਨਿਆਂ ਜਾਂਦਾ ਹੈ?ਵਿਸ਼ਾ-ਵਸਤੂ ਸਮੱਗਰੀ ਪ੍ਰਦਾਨ ਕਰਨ ਲਈ ਕਿਹੜੀਆਂ ਵਿਧੀਆਂ ਵਰਤੀਆਂ ਜਾ ਸਕਦੀਆਂ ਹਨ?ਕਿਹੜੇ ਮੁੱਲ ਧਾਰਨ ਕਰਨੇ ਜ਼ਰੂਰੀ ਹਨ?ਇਸਦੇ ਸੋਮੇ ਅਤੇ ਪ੍ਰਕ੍ਰਿਤੀ ਕੀ ਹੈ?ਇਹ ਕਿਵੇਂ ਪ੍ਰਾਪਤ ਕੀਤੇ ਜਾ ਸਕਦੇ ਹਨ?ਇਹ ਮੁੱਖ ਰੂਪ ਵਿੱਚ ਗਿਆਨ-ਮੀਮਾਂਸਾ ਦੇ ਪ੍ਰਸ਼ਨ ਹਨ ਅਤੇ ਇਹਨਾਂ ਦੇ ਉੱਤਰ ਦਾਰਸ਼ਨਿਕ ਪਰਿਪੇਖ ਤੋਂ ਵੱਖ-ਵੱਖ ਹੋ ਸਕਦੇ ਹਨ?

**(vi)** ਗਿਆਨ-ਮੀਮਾਂਸਾ ਸਾਡੇ ਸੋਚਣ ਦੇ ਢੰਗ ਅਤੇ ਸਾਡੀ ਸੋਚ ਦੀ ਉਪਯੁਕਤਤਾ ਦੀ ਵਿਆਖਿਆ ਹੈ।ਮੁਲਾਂਕਣ ਦੇ ਸਹੀ ਢੰਗ ਨਿਰਧਾਰਤ ਕਰਕੇ ਝੂਠ ਤੋਂ ਸੱਚ ਦੀ ਪਛਾਣ ਕਰਨ ਲਈ ਗਿਆਨ-ਮੀਮਾਂਸਾ ਦੀ ਲੋੜ ਪੈਂਦੀ ਹੈ।ਆਪਣੇ ਆਲੇ-ਦੁਆਲੇ ਦੇ ਸੰਸਾਰ ਦੀ ਜਾਣਕਾਰੀ ਲਈ ਸਾਨੂੰ ਇਸ ਦੀ ਜਰੂਰਤ ਪੈਂਦੀ ਹੈ।ਗਿਆਨ-ਮੀਮਾਂਸਾ ਤੋਂ ਬਿਨਾਂ ਸਾਡੇ ਕੋਲ ਕਿਸੇ ਵੀ ਚੀਜ਼ ਨੂੰ ਜਾਨਣ ਦਾ ਪ੍ਰਮਾਣਿਕ ਮਾਪਦੰਡ ਨਹੀਂ ਹੋ ਸਕਦਾ।

### 1.4.4.3 ਮੁੱਲ ਮੀਮਾਂਸਾ (Axiology and Education):

ਮੁੱਲ ਮੀਮਾਂਸਾ ਯੂਨਾਨੀ ਭਾਸ਼ਾ ਦੇ ਦੋ ਸ਼ਬਦ "ਐਕਿਸੀਅਸ" (Axios) ਭਾਵ "ਮੁੱਲ" (value, worth) ਅਤੇ "ਲੋਗਸ" (logos) ਭਾਵ ਕਾਰਨ/ ਸਿਧਾਂਤ/ ਚਿੰਨ੍ਹ/ ਅਧਿਐਨ/ ਵਿਗਿਆਨ (reason/theory/symbol/science/study of) ਦੇ ਸੁਮੇਲ ਤੋਂ ਬਣਿਆ ਹੈ।ਮੁੱਲ-

ਮੀਮਾਂਸਾ ਮੁੱਲਾਂ ਦਾ ਦਾਰਸ਼ਨਿਕ ਅਧਿਐਨ ਹੈ ਅਤੇ ਮੁੱਲ ਦਾ ਭਾਵ ਕਿਸੇ ਵਸਤੂ ਦਾ ਗੁਣ, ਕੀਮਤ ਜਾਂ ਮਹੱਤਵ ਤੋਂ ਹੈ।ਮੁੱਲ ਮੀਮਾਂਸਾ ਮੁੱਲ ਕੀ ਹਨ? ਮੁੱਲ ਕਿੱਥੋਂ ਪੈਦਾ ਹੁੰਦੇ ਹਨ?ਅਸੀ ਆਪਣੇ ਮੁੱਲਾਂ ਦਾ ਸਪੱਸ਼ਟੀਕਰਨ ਕਿਵੇਂ ਕਰਦੇ ਹਾਂ?ਅਸੀਂ ਕਿਵੇਂ ਜਾਣ ਸਕਦੇ ਹਾਂ ਕਿ ਕੀ ਮੁਲਵਾਨ ਹੈ? ਮੁੱਲ ਅਤੇ ਗਿਆਨ ਵਿੱਚ ਕੀ ਸੰਬੰਧ ਹੈ?ਕਿਸ ਕਿਸਮ ਦੇ ਮੁੱਲ ਹੋਂਦ ਰੱਖਦੇ ਹਨ?ਕੀ ਇਹ ਪ੍ਰਮਾਣਿਤ ਕੀਤਾ ਜਾ ਸਕਦਾ ਹੈ ਕਿ ਇੱਕ ਮੁੱਲ ਦੂਸਰੇ ਨਾਲੋ ਬਿਹਤਰ ਹੈ?ਮੁੱਲਾਂ ਤੋਂ ਕੌਣ ਲਾਭ ਉਠਾਉਂਦਾ ਹੈ?ਆਦਿ ਪ੍ਰਸ਼ਨਾਂ ਨਾਲ ਸੰਬੰਧ ਰੱਖਦਾ ਹੈ।

ਮੁੱਲ-ਮੀਮਾਂਸਾ ਦੀਆਂ ਤਿੰਨ ਉਪ-ਸ਼ਾਖਾਵਾਂ ਹਨ: ਨੀਤੀ-ਸ਼ਾਸਤਰ (Ethics), ਤਰਕ-ਸ਼ਾਸਤਰ (Logic), ਅਤੇ ਸੁੰਦਰਤਾ-ਸ਼ਾਸਤਰ (Aesthetics)।ਨੀਤੀ-ਸ਼ਾਸਤਰ ਨੈਤਿਕ ਮੁੱਲਾਂ ਅਤੇ ਵਿਵਹਾਰ ਦਾ ਅਧਿਐਨ ਹੈ।ਮੈਨੂੰ ਕਿਵੇਂ ਵਿਵਹਾਰ ਕਰਨਾ ਚਾਹੀਦਾ ਹੈ? ਇਹ ਨੀਤੀ ਸ਼ਾਸਤਰ ਦਾ ਪ੍ਰਸ਼ਨ ਹੈ।ਨੀਤੀ ਸ਼ਾਸਤਰ ਦੇ ਸਿਧਾਂਤ ਸਹੀ ਵਿਵਹਾਰ ਲਈ ਸਹੀ ਮੁੱਲ ਪ੍ਰਦਾਨ ਕਰਦੇ ਹਨ।ਇਹ ਠੀਕ ਅਤੇ ਗਲਤ, ਚੰਗੇ ਅਤੇ ਬੁਰੇ, ਗੁਣ ਅਤੇ ਦੋਸ਼, ਸਕਾਰਾਤਮਿਕ ਅਤੇ ਨਕਾਰਾਤਮਿਕ ਦੇ ਮਾਪਦੰਡ ਦਾ ਅਧਿਐਨ ਵੀ ਕਰਦਾ ਹੈ।ਤਰਕ-ਸ਼ਾਸਤਰ ਤਰਕ ਅਤੇ ਵੈਧ ਪਰਿਣਾਮ ਅਤੇ ਪ੍ਰਦਰਸ਼ਨ ਦੇ ਮਾਪਦੰਡਾਂ ਅਤੇ ਸਿਧਾਂਤਾਂ ਦਾ ਅਧਿਐਨ ਕਰਦਾ ਹੈ।ਸੁੰਦਰਤਾ-ਸਾਸ਼ਤਰ ਸੁੰਦਰਤਾ ਦੀ ਪ੍ਰਕ੍ਰਿਤੀ, ਪ੍ਰਕਾਰ, ਸਿਧਾਂਤ ਅਤੇ ਮਾਪਦੰਡ ਦਾ ਅਧਿਐਨ ਕਰਦਾ ਹੈ।ਕੀ ਸੁੰਦਰ ਹੈ?ਮੈਨੂੰ ਕੀ ਪਸੰਦ ਕਰਨਾ ਚਾਹੀਦਾ ਹੈ?ਇਹ ਸੁੰਦਰਤਾ-ਸ਼ਾਸਤਰ ਦੇ ਪ੍ਰਸ਼ਨ ਹਨ।ਮੁੱਲ-ਮੀਮਾਂਸਾ ਦੀਆਂ ਇਹ ਤਿੰਨੋਂ ਸ਼ਾਖਾਵਾਂ ਸਿੱਖਿਆ ਨਾਲ ਡੂੰਘੇ ਤੌਰ ਤੇ ਜੁੜੀਆਂ ਹੋਈਆਂ ਹਨ।

**ਮੁੱਲ-ਮੀਮਾਂਸਾ ਦਾ ਸਿੱਖਿਆ ਉੱਤੇ ਪ੍ਰਭਾਵ (Effect of Axiology on Education):**

ਮੁੱਲ ਸੰਬੰਧੀ ਪ੍ਰਸ਼ਨ ਵਿਅਕਤੀ ਜਾਂ ਸਮਾਜ ਦੁਆਰਾ ਕਿਸੇ ਵਸਤੂ ਨੂੰ ਚੰਗੇ ਰੂਪ ਵਿੱਚ ਨਿਰਧਾਰਨ ਕਰਨ ਜਾਂ ਤਰਜੀਹ ਦੇਣ ਦੀ ਧਾਰਨਾ ਨਾਲ ਪੇਸ਼ ਆਉਂਦੇ ਹਨ।ਸਿੱਖਿਆ ਮੁੱਲਾਂ (ਜਿਵੇਂ ਸੱਚ, ਸੁੰਦਰਤਾ ਅਤੇ ਚੰਗਿਆਈ ਆਦਿ) ਦੇ ਆਵਰਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ ਅਤੇ ਪਾਠਕ੍ਰਮ ਰਾਹੀ ਇੱਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਤੱਕ ਇਹਨਾਂ ਦਾ ਸੰਚਾਰ ਕਰਦੀ ਹੈ।ਇਸ ਸਦੰਰਭ ਵਿੱਚ ਜਮਾਤ ਦਾ ਕਮਰਾ ਅਧਿਆਪਕ ਲਈ ਮੁੱਲ-ਮੀਮਾਂਸਾ ਰੰਗਮੰਚ ਹੈ ਜਿੱਥੇ ਉਹ ਆਪਣਾ ਨੈਤਿਕ ਸਵੈ ਨਹੀਂ ਛੁਪਾ ਸਕਦੇ।ਅਧਿਆਪਕ ਆਪਣੇ ਕਾਰਜਾਂ ਰਾਹੀ ਬਾਲਾਂ ਅਤੇ ਜਵਾਨਾਂ ਦੇ ਸਮੂਹ ਨੂੰ ਲਗਾਤਾਰ ਅਨੁਦੇਸ਼ਨ ਦਿੰਦੇ ਹਨ ਜੋ ਉਹਨਾਂ ਦੇ ਮੁੱਲਾਂ ਦੀ ਨਕਲ ਕਰਕੇ ਉਹਨਾਂ ਨੂੰ ਧਾਰਨ ਕਰਦੇ ਹਨ। ਇਹ ਸਹੀ ਕਿਹਾ ਗਿਆ ਹੈ ਕਿ ਇਤਿਹਾਸ ਅੰਦਰ ਪੈਦਾ ਸਮੂਹ ਮੁੱਲ ਹੀ ਸੱਭਿਆਚਾਰ ਕਹਾਉਂਦੇ ਹਨ ਅਤੇ ਸਿੱਖਿਆ ਸੱਭਿਆਚਾਰ ਨੂੰ ਪ੍ਰਦਰਸ਼ਿਤ ਕਰਨ ਦਾ ਸਾਧਨ ਹੈ।ਸਿੱਖਿਆ ਉਹਨਾਂ ਮੁੱਲਾਂ ਨੂੰ ਸੁੱਰਖਿਅਤ ਰੱਖਦੀ ਹੈ ਅਤੇ ਸੰਚਾਰਿਤ ਕਰਦੀ ਹੈ ਜੋ ਮਨੁੱਖੀ ਸਮੁਦਾਇ ਦੀ ਸੱਭਿਆਚਾਰਕ ਪਛਾਣ ਲਈ ਜ਼ਿੰਮੇਵਾਰ ਹੁੰਦੇ ਹਨ।

ਮੁੱਲ ਸਾਡੇ ਚੰਗੇ, ਸਹੀ ਅਤੇ ਗਲ਼ਤ ਦੇ ਨਿਰਣੇ ਦਾ ਮਾਰਗ ਦਰਸ਼ਨ ਕਰਦੇ ਹਨ।ਮੁੱਲ ਅਧਾਰਿਤ ਸਿੱਖਿਆ ਅਜਿਹਾ ਸਾਧਨ ਹੈ ਜੋ ਇੱਕ ਕਿੱਤੇ ਦੇ ਨਾਲ-ਨਾਲ ਜੀਵਨ ਦਾ ਉਦੇਸ਼ ਵੀ ਪ੍ਰਦਾਨ ਕਰਦੀ ਹੈ।ਜੀਵਨ ਦਾ ਉਦੇਸ਼ ਸਵੈ-ਬੋਧ ਅਤੇ ਵਾਸਤਵਿਕ ਬਣਨਾ ਹੈ।ਮੁੱਲ ਅਧਾਰਿਤ ਸਿੱਖਿਆ ਸ਼ਾਂਤੀ, ਸਹਿਣਸ਼ੀਲਤਾ, ਸਮਾਜਿਕ ਵਿਵਹਾਰ, ਨਿਆਂ ਅਤੇ ਅੰਤਰ ਸੱਭਿਆਚਾਰਕ ਸਮਝ ਦੇ ਨਿਰਮਾਣ ਦਾ ਮੁੱਖ ਪਹਿਲੂ ਹਨ। ਦੇਸ਼ ਦੀ ਸਹੀ ਉੱਨਤੀ ਲਈ ਹਰੇਕ ਨਾਗਰਿਕ ਅੰਦਰ ਇਹਨਾਂ ਮੁੱਲਾਂ ਦਾ ਵਿਕਾਸ ਜ਼ਰੂਰੀ ਹੈ ਅਤੇ ਇਸ ਟੀਚੇ ਦੀ ਪ੍ਰਾਪਤੀ ਵਿੱਚ ਅਧਿਆਪਕ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਦੇਸ਼ ਬਾਰੇ ਜਾਨਣ ਜਾਂ ਸਮਝ ਲਈ ਅਧਿਆਪਕ ਮੁੱਖ ਕੇਂਦਰ ਹਨ।ਇਸ ਲਈ ਕਿਸੇ ਦੇਸ਼ ਜਾਂ ਸਮਾਜ ਦੇ ਮਹੱਤਵਪੂਰਨ ਵਿਕਾਸ ਲਈ ਅਧਿਆਪਕ ਨੂੰ ਅਹਿਮ ਕੜੀ ਦੇ ਤੌਰ ਤੇ ਦੇਖਿਆ ਜਾਂਦਾ ਹੈ।ਮੁੱਲ-ਮੀਮਾਂਸਾ ਦੀਆਂ ਵਿਭਿੰਨ ਉਪ-ਸ਼ਖਾਵਾਂ ਦਾ ਸਿੱਖਿਆ ਨਾਲ ਸੰਬੰਧ ਹੇਠ ਲਿਖੇ ਅਨੁਸਾਰ ਹੈ:

1. **ਤਰਕ-ਸ਼ਾਸਤਰ ਅਤੇ ਸਿੱਖਿਆ (Logic and Education):** ਤਰਕ-ਸ਼ਾਸਤਰ ਤਰਕ ਦੇ ਨਿਯਮਾਂ ਅਤੇ ਵਿਧੀਆਂ ਦਾ ਅਧਿਐਨ ਹੈ।ਇਹ ਚਿੰਤਨ ਦੀਆਂ ਵਿਭਿੰਨ ਕਿਸਮਾਂ ਜਿਵੇਂ ਆਗਮਨ ਅਤੇ ਨਿਗਮਨ, ਚਿੰਤਨ ਦੇ ਮਿੱਥਾਂ ਆਦਿ ਦਾ ਅਧਿਐਨ ਕਰਦਾ ਹੈ।ਇਹ ਤਰਕ ਦਾ ਵਿਗਿਆਨ ਹੈ।ਇਹ ਤਰਕ ਦੀ ਮਨੋਵਿਗਿਆਨਕ ਪ੍ਰਕਿਰਿਆ ਦੇ ਪ੍ਰਸ਼ਨਾਂ ਨਾਲ ਸੰਬੰਧਿਤ ਨਹੀਂ ਹੈ।ਇਸਦਾ ਕੰਮ ਤਰਕ ਦੇ ਆਦਰਸ਼ ਰੂਪਾਂ ਨੂੰ ਸਥਿਰ ਕਰਨਾ ਹੈ।

ਤਰਕ-ਸ਼ਾਸਤਰ ਚਿੰਤਨ, ਤਰਕ ਅਤੇ ਨਿਰਣੇ ਵਰਗੀਆਂ ਬੌਧਿਕ ਪ੍ਰਕ੍ਰਿਆਵਾਂ ਦਾ ਅਧਿਐਨ ਕਰਦਾ ਹੈ।ਸਾਰੀ ਸਿੱਖਿਆ ਸਿਧਾਂਤ ਅਤੇ ਅਭਿਆਸ ਨਾਲ ਜੁੜੀ ਹੋਈ ਹੈ।ਜਿੱਥੇ ਸਿਧਾਂਤ ਆਗਮਨ ਵਿਧੀ ਤੇ ਨਿਰਭਰ ਹਨ ਉੱਥੇ ਅਭਿਆਸ ਨਿਗਮਨ ਵਿਧੀ ਉੱਤੇ ਨਿਰਭਰ ਕਰਦੀ ਹੈ।ਆਗਮਨ ਅਤੇ ਨਿਗਮਨ ਦੋਵੇਂ ਤਰਕ-ਸ਼ਾਸਤਰ ਦੀਆਂ ਸ਼ਾਖਾਵਾਂ ਹਨ।ਇਸਦਾ ਗਿਆਨ ਜਾਣਕਾਰੀ ਦੇ ਹਰੇਕ ਖੇਤਰ ਵਿੱਚ ਗ਼ਲਤੀਆਂ ਨੂੰ ਟਾਲਣ ਅਤੇ ਸਹੀ ਸਧਾਰਨੀਕਰਨ ਉੱਤੇ ਪਹੁੰਚਣ ਵਿੱਚ ਮਦਦ ਕਰਦਾ ਹੈ।ਇਹ ਸਾਰੇ ਗੰਭੀਰ ਵਿਦਿਆਰਥੀਆਂ ਲਈ ਬੌਧਿਕ ਅਭਿਆਸ ਹੈ।ਸਫ਼ਲ ਸੰਚਾਰ ਲਈ ਅਧਿਆਪਕ ਨੂੰ ਤਰਕ ਦੀ ਜਾਣਕਾਰੀ ਹੋਣਾ ਲਾਜ਼ਮੀ ਹੈ।

2. **ਨੀਤੀ-ਸ਼ਾਸਤਰ ਅਤੇ ਸਿੱਖਿਆ (Ethics and Education):** ਨੀਤੀ-ਸ਼ਾਸਤਰ ਨਿਰਣੇ ਜਾਂ ਪ੍ਰਵਾਨਗੀ ਅਤੇ ਅਪ੍ਰਵਾਨਗੀ, ਉਪਯੁਕਤਤਾ ਅਤੇ ਅਨੈਤਿਕਤਾ, ਚੰਗਿਆਈ ਅਤੇ ਬੁਰਿਆਈ, ਗੁਣ ਅਤੇ ਅਵਗੁਣ ਨਾਲ ਸੰਬੋਧਿਤ ਹੁੰਦਾ ਹੈ। ਇਸਨੂੰ ਨੈਤਿਕ ਦਰਸ਼ਨ ਵੀ ਕਿਹਾ ਜਾਂਦਾ ਹੈ।ਇਹ ਮਨੁੱਖੀ ਆਚਾਰ ਦਾ ਵਿਗਿਆਨ ਹੈ।ਆਦਤਾਂ ਅਤੇ ਵਿਵਹਾਰ ਮਨੁੱਖੀ ਚਰਿੱਤਰ ਦੀਆਂ ਸਥਾਈ ਵਿਸ਼ੇਸ਼ਤਾਵਾਂ ਨਾਲ ਸੰਬੰਧਿਤ ਹੈ।ਵਿਵਹਾਰ ਚਰਿੱਤਰ ਦਾ ਸ਼ੀਸ਼ਾ ਹੈ।ਇਸ ਲਈ ਨੀਤੀ-ਸ਼ਾਸਤਰ ਚਰਿੱਤਰ ਦਾ ਵਿਗਿਆਨ ਹੈ।ਇਹ ਮਨੁੱਖੀ ਆਦਤਾਂ, ਚਰਿੱਤਰ ਅਤੇ ਸਵੈ-ਇੱਛਤ ਦ੍ਰਿੜ ਨਿਸ਼ਚਿਆ ਦਾ ਲੇਖਾ-ਜੋਖਾ ਕਰਦਾ ਹੈ ਇਸ ਲਈ ਨਿਯਮਿਕ (normative) ਵਿਗਿਆਨ ਵੀ ਹੈ।ਇਹ ਚਰਿੱਤਰ ਵਿਚਲੇ ਸਹੀ ਅਤੇ ਗ਼ਲਤ ਦਾ ਅਧਿਐਨ ਕਰਦਾ ਹੈ।ਪ੍ਰਵ੍ਰਿਤੀ/ਆਦਤ ਦੀ ਉਪਯੁਕਤਾ ਅਤੇ ਨਿਰਧਾਰਕਾਂ ਦਾ ਜੀਵਨ ਦੇ ਉਦੇਸ਼ਾਂ ਨਾਲ ਆਂਕਲਣ ਕਰਕੇ ਹੀ ਨਿਰਧਾਰਿਤ ਕੀਤਾ ਜਾ ਸਕਦਾ ਹੈ ਇਸ ਲਈ ਨੀਤੀ-ਸ਼ਾਸਤਰ ਮਨੁੱਖੀ ਜੀਵਨ ਦੇ ਆਦਰਸ਼ਾਂ ਦਾ ਅਧਿਐਨ ਕਰਦਾ ਹੈ।ਇਹ ਕੀ ਕਰਨਾ ਅਤੇ ਕੀ ਨਹੀਂ ਕਰਨਾ, ਦਾ ਮਾਰਗ ਦਰਸ਼ਕ ਹੈ।

ਸਿੱਖਿਆ ਦਾ ਮੁੱਖ ਉਦੇਸ਼ ਚਰਿੱਤਰ ਨਿਰਮਾਣ ਹੈ।ਚਰਿੱਤਰ ਦੇ ਨਿਰਮਾਣ ਦੇ ਤੌਰ ਤੇ ਨੀਤੀ-ਸ਼ਾਸਤਰ ਮਨੋਵਿਗਿਆਨ ਦੀ ਨੈਤਿਕ ਚੇਤਨਾ ਦਾ ਵਿਸ਼ਲੇਸਣ ਕਰਦਾ ਹੈ।ਇਹ ਦੱਸਦਾ ਹੈ ਕਿ ਕਿਵੇਂ ਵਿਭਿੰਨ ਨੈਤਿਕ-ਮਾਣਕ ਵਿਭਿੰਨ ਹਾਲਾਤ ਉਤਪੰਨ ਕਰਦੇ ਹਨ।ਇਹ ਇਹਨਾਂ ਮਾਣਕਾਂ ਦੀ ਵੈਧਤਾ ਵੀ ਘੋਖਦੇ ਹਨ ਤੇ ਸਿਖਿਆਰਥੀ ਦੇ ਸਮਾਜੀਕਰਨ ਲਈ ਠੋਸ ਆਧਾਰ ਪ੍ਰਦਾਨ ਕਰਦੇ ਹਨ।ਇਹ ਨੈਤਿਕਤਾ, ਸਿਧਾਂਤ ਅਤੇ ਮਾਪਦੰਡ ਘੋਖਦਾ ਹੈ ਅਤੇ ਸਹੀ ਨੈਤਿਕ ਕਸੌਟੀ ਉੱਤੇ ਪਹੁੰਚਣ ਦੀ ਸੰਭਾਵਨਾ ਦਿਖਾਉਂਦਾ ਹੈ।

ਨੀਤੀ-ਸ਼ਾਸਤਰ ਮਨੁੱਖੀ ਆਚਾਰ, ਵਿਵਹਾਰ ਅਤੇ ਕਾਰਜ ਨਾਲ ਸੰਬੰਧਿਤ ਹੈ।ਇਹ ਸਹੀ ਤੇ ਗ਼ਲਤ, ਜ਼ਿੰਮੇਵਾਰੀ ਅਤੇ ਆਭਾਰ/ਕਰਤੱਵ, ਚੰਗੇ ਅਤੇ ਬੁਰੇ ਦੀ ਜਾਣਕਾਰੀ ਕਰਵਾਉਂਦਾ ਹੈ ਅਤੇ ਦੱਸਦਾ ਹੈ ਕਿ ਇਹ ਸਿੱਖਿਆ ਨਾਲ ਕਿਵੇਂ ਸੰਬੰਧਿਤ ਹਨ।ਪਲੈਟੋ ਅਨੁਸਾਰ "ਗਿਆਨ ਸਦਗੁਣ ਹੈ ਅਤੇ ਅਗਿਆਨਤਾ ਅਵਗੁਣ"।ਸਿੱਖਿਆ ਮਨੁੱਖ ਨੂੰ ਜੀਵਨ ਦੇ ਸਾਕਾਰਤਮਿਕ ਅਤੇ ਨਕਾਰਤਮਿਕ ਪਹਿਲੂਆਂ ਨੂੰ ਸਮਝਣ ਦੇ ਯੋਗ ਬਣਾਉਂਦੀ ਹੈ ਅਤੇ ਇਹਨਾਂ ਦੇ ਸਹੀ ਚੁਣਾਵ ਲਈ ਵੀ ਜ਼ਿੰਮੇਵਾਰ ਬਣਾਉਂਦੀ ਹੈ।ਇਸ ਲਈ ਹੀ ਸੁਕਰਾਤ ਅਤੇ ਪਲੈਟੋ ਅਨੁਸਾਰ ਪਾਪੀ ਅਗਿਆਨਤਾ ਦੇ ਸਿਕਾਰ ਹਨ।ਗਿਆਨ ਸਾਨੂੰ ਅਗਿਆਨਤਾ ਦੇ ਹਨੇਰੇ ਵਿੱਚੋਂ ਬਾਹਰ ਕੱਢਦਾ ਹੈ।ਮਨੁੱਖ ਸਾਰਿਆਂ ਜੀਵਾਂ ਵਿੱਚੋਂ ਸ੍ਰੇਸ਼ਠ ਹੈ ਕਿਉਂਕਿ ਸਿਰਫ਼ ਇਹ ਹੀ ਸਿੱਖਿਆ ਪ੍ਰਾਪਤ ਕਰਦਾ ਹੈ।ਇਸ ਕਾਰਨ ਉਹ ਸੰਯੋਗ ਵੱਸ ਨਾ ਹੋ ਕੇ ਨਿਸਚਿਤਾ ਨਾਲ ਜਿਉਂਦਾ ਹੈ।ਗਿਆਨ ਮਨੁੱਖ ਨੂੰ ਆਪਣੇ ਉਦੇਸ਼ਾਂ ਦੀ ਪੂਰਤੀ ਲਈ ਆਪਣੀ ਅੰਤਰਕਿਰਿਆ ਰਾਹੀ ਵਾਤਾਵਰਨ ਨੂੰ ਨਿਯੰਤਰਿਤ ਕਰਨ ਦੇ ਯੋਗ ਬਣਾਉਂਦਾ ਹੈ।

ਸਿੱਖਿਆ ਮਨੁੱਖ ਨੂੰ ਸਮਾਜ ਦੇ ਦੂਸਰੇ ਲੋਕਾਂ, ਸਮੁਦਾਇ, ਦੇਸ਼ ਅਤੇ ਮਨੁੱਖੀ ਨਸਲ ਨੂੰ ਸਮਝਣ ਵਿੱਚ ਮਦਦ ਕਰਦੀ ਹੈ।ਮਨੁੱਖ ਨੂੰ ਸਵੈ ਅਤੇ ਸਮਾਜ ਦੀ ਮਦਦ ਲਈ ਸਿੱਖਿਅਤ ਕੀਤਾ ਜਾਂਦਾ ਹੈ।ਇਹ ਮਨੁੱਖ ਨੂੰ ਸਮਾਜਿਕ ਵਤੀਰਾ ਅਤੇ ਮੁੱਲ ਵਿਕਸਿਤ ਕਰਨ ਵਿੱਚ ਸਹਾਈ ਹੁੰਦਾ ਹੈ ਜੋ ਮਨੁੱਖ ਅਤੇ ਸਮਾਜ ਦੀ ਜੀਵਿਕਾ ਲਈ ਜ਼ਰੂਰੀ ਹੈ।ਸਾਕਾਰਤਮਿਕ ਸਮਾਜਿਕ ਮੁੱਲ ਅਤੇ ਵਤੀਰਾ ਉਸਦੀ ਸ਼ਖਸ਼ੀਅਤ ਅਤੇ ਚਰਿੱਤਰ ਦੇ ਸੁਧਾਰ ਵਿੱਚ ਮਦਦ ਕਰਦਾ ਹੈ ਜੋ ਇੱਕ ਸਿੱਖਿਅਕ ਵਿਅਕਤੀ ਦੀ ਪ੍ਰਮਾਣਿਕਤਾ ਹੈ।ਜਿੱਥੇ ਸਹੀ ਕਾਰਜ ਚੁਣਨਾ ਮੁਸ਼ਕਿਲ ਹੋਵੇ ਉੱਥੇ ਨੀਤੀ-ਸ਼ਾਸਤਰ ਅਧਿਆਪਕ ਨੂੰ ਸਮੱਸਿਆ ਦੇ ਸਮਾਧਾਨ ਲਈ ਚਿੰਤਨ ਦੇ ਢੰਗ ਪ੍ਰਦਾਨ ਕਰਦਾ ਹੈ।ਨੀਤੀ-ਸ਼ਾਸਤਰ ਅਧਿਆਪਨ ਨੂੰ ਇਹ ਬੋਧ ਵੀ ਕਰਵਾਉਂਦਾ ਹੈ ਕਿ ਨੈਤਿਕ ਚਿੰਤਨ ਅਤੇ ਨਿਰਣਾ ਲੈਣਾ ਸਿਰਫ਼ ਨਿਯਮਾਂ ਦਾ ਪਾਲਣ ਕਰਨਾ ਨਹੀਂ ।

3. **ਸੁੰਦਰਤਾ-ਸ਼ਾਸਤਰ ਅਤੇ ਸਿੱਖਿਆ (Aesthetics and Education)**: ਸੁੰਦਰਤਾ-ਸ਼ਾਸਤਰ ਸੁੰਦਰਤਾ ਦਾ ਵਿਗਿਆਨ ਹੈ ਜਿਵੇਂ ਤਰਕ-ਸ਼ਾਸਤਰ ਸੱਚ ਦਾ ਅਤੇ ਨੀਤੀ-ਸ਼ਾਸਤਰ ਚੰਗਿਆਈ ਦਾ ਵਿਗਿਆਨ ਹੈ।ਸਿੱਖਿਆ ਸਹੀ, ਚੰਗੇ ਅਤੇ ਸੁੰਦਰ ਦੀ ਪ੍ਰਾਪਤੀ ਲਈ ਕੰਮ ਕਰਦੀ ਹੈ।ਇਸ ਲਈ ਇਸ ਨੂੰ ਸਿਰਫ਼ ਤਰਕ ਅਤੇ ਨੀਤੀ ਨਹੀਂ ਸਗੋਂ ਸੁੰਦਰਤਾ-ਸ਼ਾਸਤਰ ਦੀ ਵੀ ਲੋੜ ਹੁੰਦੀ ਹੈ।

ਸੁੰਦਰਤਾ-ਸ਼ਾਸਤਰ ਸਮੂਹ ਸਾਹਿਤ ਅਤੇ ਕਲਾਵਾਂ ਦਾ ਆਧਾਰ ਹੈ।ਸਿੱਖਿਆ ਦਾ ਉਦੇਸ਼ ਬੱਚੇ ਦਾ ਸਰਵਪੱਖੀ ਵਿਕਾਸ ਹੈ ਤੇ ਇਸ ਵਿਕਾਸ ਵਿੱਚ ਨੈਤਿਕ ਅਤੇ ਸੁੰਦਰਤਾ ਦਾ ਵਿਕਾਸ ਸੱਭ ਤੋਂ ਪ੍ਰਮੁੱਖ ਸਥਾਨ ਰੱਖਦਾ ਹੈ।ਸਾਹਿਤ ਅਤੇ ਕਲਾ ਸਿੱਖਿਆ ਵਿੱਚ ਵਿਸ਼ੇਸ਼ ਯੋਗਦਾਨ ਰੱਖਦੇ ਹਨ ਅਤੇ ਇਸਨੂੰ ਆਧਾਰ ਪ੍ਰਦਾਨ ਕਰਦੇ ਹਨ ਇਸ ਲਈ ਸੁੰਦਰਤਾ-ਸ਼ਾਸਤਰ ਦੀ ਸਿੱਖਿਆ ਵਿੱਚ ਮਹੱਤਤਾ ਸਪੱਸ਼ਟ ਹੈ।ਜਿਵੇਂ ਨੈਤਿਕ ਵਿਕਾਸ ਲਈ ਨੀਤੀ-ਸ਼ਾਸਤਰ ਦਾ ਗਿਆਨ ਜ਼ਰੂਰੀ ਹੈ ਉਵੇਂ ਕਲਾਤਮਕਤਾ ਦੇ ਵਿਕਾਸ ਲਈ ਸੁੰਦਰਤਾ ਦੀ ਸਿਖਲਾਈ ਜ਼ਰੂਰੀ ਹੈ।ਸੁੰਦਰਤਾ-ਸ਼ਾਸਤਰ ਅਧਿਆਪਕ ਨੂੰ ਆਪਣੀ ਪ੍ਰਭਾਵਸ਼ੀਲਤਾ ਵਧਾਉਣ ਵਿੱਚ ਮਦਦਗਾਰ ਹੁੰਦਾ ਹੈ।

### 1.4.5 ਦਰਸ਼ਨ ਦਾ ਸਿੱਖਿਆ ਉੱਤੇ ਪ੍ਰਭਾਵ (Impact of Philosophy on Education)

ਸਿੱਖਿਆ ਦੇ ਹਰੇਕ ਪਹਿਲੂ ਦਾ ਦਾਰਸ਼ਨਿਕ ਆਧਾਰ ਹੈ । ਇਹ ਦਰਸ਼ਨ ਹੀ ਹੈ ਜੋ ਸਿੱਖਿਆ ਦੇ ਉਦੇਸ਼ ਨਿਰਧਾਰਿਤ ਕਰਦਾ ਹੈ ਅਤੇ ਇਹ ਉਦੇਸ਼, ਪਾਠਕਰਮ, ਸਿੱਖਿਆ ਵਿਧੀਆਂ, ਅਨੁਸ਼ਾਸਨ ਤੇ ਅਧਿਆਪਕ ਕਾਰਜ ਆਦਿ ਨੂੰ ਨਿਰਧਾਰਿਤ ਕਰਦੇ ਹਨ । ਦਰਸ਼ਨ ਵਿਚ ਵਿਚਾਰਾਂ ਦੀ ਪ੍ਰਧਾਨਤਾ ਹੈ ਅਤੇ ਸਿੱਖਿਆ ਵਿਚ ਕਾਰਜ-ਪ੍ਰਣਾਲੀ ਦੀ । ਇਸੇ ਲਈ ਸਿੱਖਿਆ ਨੂੰ ਦਰਸ਼ਨ ਦਾ ਗਤੀਸ਼ੀਲ ਪੱਖ ਕਿਹਾ ਜਾਂਦਾ ਹੈ ।

1. **ਦਰਸ਼ਨ ਸਿੱਖਿਆ ਨੂੰ ਉਦੇਸ਼ ਪ੍ਰਦਾਨ ਕਰਦਾ ਹੈ** (**Philosophy Provides Aims and Objectives to Education**): ਸਿੱਖਿਆ ਨਿਯੋਜਿਤ ਅਤੇ ਉਦੇਸ਼ਪੂਰਨ ਕਿਰਿਆ ਹੋਣ ਕਾਰਨ ਹਰੇਕ ਸਮਾਜ ਵਿੱਚ ਵਿਸ਼ੇਸ਼ ਉਦੇਸ਼ ਵੱਲ ਸੇਧਿਤ ਹੁੰਦੀ ਹੈ। ਸਿੱਖਿਆ ਦੇ ਉਦੇਸ਼, ਪ੍ਰਤੱਖ ਰੂਪ ਵਿਚ ਜੀਵਨ ਦੇ ਉਦੇਸ਼ ਨਾਲ ਸੰਬੰਧਿਤ ਹੁੰਦੇ ਹਨ ਅਤੇ ਜੀਵਨ ਦੇ ਉਦੇਸ਼, ਹਮੇਸ਼ਾ ਉਸ ਦਰਸ਼ਨ ਸ਼ਾਸਤਰ ਉੱਤੇ ਨਿਰਭਰ ਹੁੰਦੇ ਹਨ ਜੋ ਪ੍ਰਚਲਿਤ ਹੁੰਦਾ ਹੈ। ਇਹ ਉਦੇਸ਼, ਜੀਵਨ ਦਰਸ਼ਨ ਦੁਆਰਾ ਨਿਰਧਾਰਿਤ ਹੁੰਦੇ ਹਨ ਜੋ ਡੂੰਘੀ ਦ੍ਰਿਸ਼ਟੀ ਅਤੇ ਮੂਲ ਚਿੰਤਨ ਉੱਤੇ ਆਧਾਰਿਤ ਹੁੰਦੇ ਹਨ ਅਤੇ ਸਿੱਖਿਆ ਇਹਨਾਂ ਨੂੰ ਵਿਵਹਾਰਿਕ ਬਣਾਉਂਦੀ ਹੈ। **ਰਸਕ** (***Rusk)*** ਦੇ ਸ਼ਬਦਾਂ ਵਿੱਚ, "ਦਰਸ਼ਨ ਜੀਵਨ ਦੇ ਉਦੇਸ਼ਾਂ ਨੂੰ ਪ੍ਰਤੀਪਾਦਤ ਕਰਦਾ ਹੈ ਅਤੇ ਸਿੱਖਿਆ ਇਹਨਾਂ ਸਾਰੇ ਉਦੇਸ਼ਾਂ ਦੀ ਪ੍ਰਾਪਤੀ ਲਈ ਸੁਝਾਅ ਦਿੰਦੀ ਹੈ"(Philosophy formulates what it conceives to be the end of life; education offers suggestion how this end is to be achieved)। ਦਰਸ਼ਨ ਢੰਗ ਦੱਸਦਾ ਹੈ ਅਤੇ ਸਿੱਖਿਆ ਇਸ ਦਿਸ਼ਾ ਵੱਲ ਵੱਧਦੀ ਹੈ।

ਇੱਕ ਦਾਰਸ਼ਨਿਕ ਜੀਵਨ ਦੇ ਉੱਤਮ ਮੁੱਲਾਂ ਨੂੰ ਨਿਰਧਾਰਿਤ ਕਰਦਾ ਹੈ ਅਤੇ ਇਹ ਕਿਸੇ ਖਾਸ ਸਮਾਜ ਜਾਂ ਦੇਸ਼ ਲਈ ਸਿੱਖਿਆ ਦੇ ਉਦੇਸ਼ ਬਣ ਜਾਂਦੇ ਹਨ। ***ਬੋਡੇ*** *(Bode)* ਦੇ ਸ਼ਬਦਾਂ ਵਿਚ,"ਉਦੇਸ਼ ਨੂੰ ਨਿਰਧਾਰਿਤ ਕਰਨ ਵਿਚ, ਜਦ ਤੱਕ ਸਾਨੂੰ ਕੋਈ ਦਾਰਸ਼ਨਿਕ ਨਿਰਦੇਸ਼ਨ ਪ੍ਰਾਪਤ ਨਾ ਹੋਣ, ਤੱਦ ਤੱਕ ਅਸੀਂ ਕਿਤੇ ਵੀ ਨਹੀਂ ਪਹੁੰਚ ਸਕਦੇ" (Unless we have some guiding philosophy in the determination of objectives, we get nowhere at all.) । ਵਾਸਤਵ ਵਿਚ, ਦਰਸ਼ਨ ਇਹ ਨਿਰਧਾਰਿਤ ਕਰਦਾ ਹੈ ਕਿ ਜੀਵਨ ਦਾ ਲਕਸ਼ ਕੀ ਹੋਣਾ ਚਾਹੀਦਾ ਹੈ, ਜਦੋਂ ਕਿ ਸਿੱਖਿਆ ਉਨ੍ਹਾਂ ਸਾਧਨਾਂ ਤੇ ਉਪਾਵਾਂ ਦਾ ਵਰਨਣ ਕਰਦੀ ਹੈ ਜਿਨ੍ਹਾਂ ਦੁਆਰਾ ਇਨ੍ਹਾਂ ਉਦੇਸ਼ਾਂ ਦੀ ਪ੍ਰਾਪਤੀ ਕੀਤੀ ਜਾ ਸਕਦੀ ਹੈ।

ਭਿੰਨ-ਭਿੰਨ ਸਿੱਖਿਆ-ਦਰਸ਼ਨ, ਭਿੰਨ-ਭਿੰਨ ਸਿੱਖਿਆ ਉਦੇਸ਼ਾਂ ਦੀ ਵਿਵੇਚਨਾ ਕਰਦੇ ਹਨ। ਆਦਰਸ਼ਵਾਦ, ਪ੍ਰਕਿਤਰੀਵਾਦ, ਯਥਾਰਥਵਾਦ, ਪ੍ਰਯੋਜਨਵਾਦ ਆਦਿ ਕੁਝ ਵਿਸ਼ੇਸ ਦਰਸ਼ਨ ਹਨ ਅਤੇ ਹਰੇਕ, ਵਿਸ਼ੇਸ ਸਿੱਖਿਆ ਉਦੇਸ਼ਾਂ ਦਾ ਵਰਨਣ ਕਰਦਾ ਹੈ। ਆਦਰਸ਼ਵਾਦ, ਸਵੈ-ਕੇਂਦਰੀਕਰਨ ਵਿਚ ਵਿਸ਼ਵਾਸ਼ ਕਰਦਾ ਹੈ, ਜਦੋਂ ਕਿ ਪ੍ਰਕਿਰਤੀਵਾਦ, ਸਵੈ-ਸੁਰੱਖਿਆ ਵਿਚ ਅਤੇ ਪ੍ਰਯੋਜਨਵਾਦ, ਵਿਅਕਤੀ ਦੇ ਸਮਾਜੀਕਰਨ ਉੱਤੇ ਜ਼ੋਰ ਦਿੰਦਾ ਹੈ। ਇਸੇ ਤਰ੍ਹਾਂ, ਸਿੱਖਿਆ- ਉਦੇਸ਼ ਵੱਖ-ਵੱਖ ਰਾਸ਼ਟਰਾਂ ਵਿਚ ਅਤੇ ਭਿੰਨ-ਭਿੰਨ ਸਮੇਂ ਵਿਚ ਵੱਖ-ਵੱਖ ਰਹੇ ਹਨ। ਇਸ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਸਿੱਖਿਆ ਦੇ ਉਦੇਸ਼, ਦਰਸ਼ਨ ਦੁਆਰਾ ਨਿਰਧਾਰਿਤ ਹੁੰਦੇ ਹਨ। ***ਰਾਸ*** *(Ross)* ਦਾ ਇਸ ਬਾਰੇ ਬਿਲਕੁਲ ਸਹੀ ਵਿਚਾਰ ਹੈ, " ਸਿੱਖਿਆ ਦੇ ਉਦੇਸ਼ ਤੇ ਸਾਧਨ, ਦਾਰਸ਼ਨਿਕ ਸਿਧਾਤਾਂ ਦੇ ਸਹਿ-ਸੰਬੰਧੀ ਹਨ।" (The Educational aims and methods are corrolaries of philosophical doctrines.)

2. **ਦਰਸ਼ਨ ਪਾਠਕ੍ਰਮ ਨਿਰਧਾਰਿਤ ਕਰਦਾ ਹੈ (Philosophy Decides Curriculum):** ਦਰਸ਼ਨ ਦੇ ਦੋ ਪਾਸੇ ਹਨ ਇੱਕ ਸਿਧਾਂਤਕ ਅਤੇ ਦੂਸਰਾ ਵਿਵਹਾਰਕ। ਪਾਠਕ੍ਰਮ ਸਿੱਖਿਆ ਦਾ ਵਿਸ਼ਾ-ਵਸਤੂ ਹੋਣ ਕਾਰਨ ਦਰਸ਼ਨ ਦਾ ਵਿਵਹਾਰਕ ਪਾਸਾ ਹੈ। ਸਿੱਖਿਆ ਦਾ ਦਰਸ਼ਨ ਸਥੂਲ ਹੋਣ ਦੇ ਬਾਵਜੂਦ ਇੱਕ ਤਾਕਤਵਰ ਤੱਤ ਹੈ ਅਤੇ ਉਦੇਸ਼ਾਂ ਦੀ ਪ੍ਰਾਪਤੀ ਲਈ ਪਾਠਕ੍ਰਮ ਨਿਰਧਾਰਿਤ ਕਰਦਾ ਹੈ।

***ਰਾਸ*** *(Ross)* ਦੇ ਵਿਚਾਰ ਅਨੁਸਾਰ, "ਦਰਸ਼ਨ ਉੱਤੇ ਸਿੱਖਿਆ ਦੀ ਨਿਰਭਰਤਾ ਇੰਨੀ ਸਪੱਸ਼ਟ ਹੋਰ ਕਿਤੇ ਨਹੀਂ ਹੈ, ਜਿੰਨੀ ਕਿ ਪਾਠਕਰਮ ਦੇ ਸੰਬੰਧ ਵਿਚ ਹੈ।"("Nowhere is the dependence of education on philosophy more marked that in the question of the curriculum")। ਉਸ ਅਨੁਸਾਰ ਵਿਸ਼ੇਸ਼ ਪਾਠਕ੍ਰਮ ਸਮੱਸਿਆਂ ਦੇ ਤਸੱਲੀਬਖ਼ਸ਼ ਹੱਲ ਲਈ ਦਰਸ਼ਨ ਦੀ ਲੋੜ ਹੁੰਦੀ ਹੈ।

ਪਾਠਕਰਮ, ਸਿੱਖਿਆ ਦਾ ਡੀਜ਼ਾਈਨ ਹੈ। ਇਸ ਰਾਹੀਂ, ਦਰਸ਼ਨ ਦੁਆਰਾ ਨਿਰਧਾਰਿਤ ਜੀਵਨ ਅਤੇ ਸਿੱਖਿਆ ਦੇ ਉਦੇਸ਼ਾਂ ਨੂੰ ਪ੍ਰਾਪਤ ਕਰਨ ਲਈ ਲੋੜੀਂਦੇ ਵਿਵਹਾਰਿਕ ਪਰਿਵਰਤਨ ਲਿਆਂਦੇ ਜਾਂਦੇ ਹਨ। ਦਰਸ਼ਨ ਹੀ ਇਹ ਨਿਰਧਾਰਿਤ ਕਰਦਾ ਹੈ ਕਿ ਪਾਠਕਰਮ ਵਿਚ ਕਿਸੇ ਨਿਸ਼ਚਿਤ ਵਿਸ਼ੇ ਨੂੰ ਕਿਸ ਲਈ ਸ਼ਾਮਲ ਕੀਤਾ ਜਾਏ।

***ਬਰਿੱਗ*** *(Briggs)* ਦੇ ਵਿਚਾਰ ਅਨੁਸਾਰ, " ਇਹੀ ਉਹ ਸਥਾਨ ਹੈ ਜਿਥੇ ਉਨ੍ਹਾਂ ਵਿਚਾਰਕਾਂ ਤੇ ਅਗਵਹੀਕਾਰਾ ਦੀ ਲੋੜ ਪੈਂਦੀ ਹੈ, ਜਿਨ੍ਹਾਂ ਕੋਲ ਇਕ ਅਜਿਹਾ ਦਰਸ਼ਨ ਹੈ ਜਿਸ ਦੁਆਰਾ ਉਹ ਦੂਸਰੇ ਵਿਅਕਤੀਆਂ ਨੂੰ ਸੰਤੁਸ਼ਟ ਕਰਕੇ, ਕਿਸੇ ਉਪਯੁੱਕਤ ਪਾਠਕਰਮ ਦਾ ਨਿਰਮਾਣ ਕਰ ਸਕਣ।" ("It is just here that education seriously needs leaders—leaders who hold a sound comprehensive philosophy of which they can convince others, and who can direct its consistent application to the formulation of appropriate curriculum.")

ਪਾਠਕ੍ਰਮ ਦਾ ਨਿਰਮਾਣ ਸਿੱਖਿਆ ਦੇ ਉਦੇਸ਼ਾਂ ਅਨੁਸਾਰ ਕੀਤਾ ਜਾਂਦਾ ਹੈ ਜੋ ਜੀਵਨ ਦੇ ਉਦੇਸ਼ਾਂ ਤੋਂ ਪ੍ਰਭਾਵਿਤ ਹੁੰਦੇ ਹਨ ਅਤੇ ਇਹਨਾਂ ਉੱਪਰ ਦਰਸ਼ਨ ਦਾ ਵਿਸ਼ੇਸ਼ ਪ੍ਰਭਾਵ ਹੁੰਦਾ ਹੈ। ਦਰਸ਼ਨ ਹਰੇਕ ਤਰ੍ਹਾਂ ਦੇ ਪਾਠਕਰਮ ਦੇ ਪਿਛੋਕੜ ਵਿਚ ਰਹਿੰਦਾ ਹੈ।ਵਿਭਿੰਨ ਦਰਸ਼ਨ ਵਿਭਿੰਨ ਪਾਠਕ੍ਰਮ ਨਿਰਧਾਰਿਤ ਕਰਦਾ ਹੈ। ਸਮੇਂ ਅਤੇ ਹਾਲਾਤ ਵਿੱਚ ਤਬਦੀਲੀ ਨਾਲ ਪਾਠਕ੍ਰਮ ਵੀ ਤਬਦੀਲ ਹੋ ਜਾਂਦਾ ਹੈ।ਆਦਰਸ਼ਵਾਦੀ, ਪ੍ਰਕ੍ਰਿਤੀਵਾਦੀ ਅਤੇ ਪ੍ਰਯੋਜਨਵਾਦੀ ਸਿੱਖਿਆ ਦੇ ਵਿਸ਼ਾ-ਵਸਤੂ ਦੇ ਪ੍ਰਸ਼ਨ ਉੱਤੇ ਇੱਕ-ਦੂਜੇ ਨਾਲੋ ਭਿੰਨ ਹਨ। ਆਦਰਸ਼ਵਾਦੀ, ਉੱਚ ਜੀਵਨ ਮੁੱਲਾਂ ਉੱਤੇ ਜ਼ੋਰ ਦਿੰਦੇ ਹਨ ਅਤੇ ਧਰਮ, ਨੀਤੀ, ਸਾਹਿਤ ਤੇ ਕਲਾ ਦੇ ਅਧਿਐਨ ਨੂੰ ਮਹੱਤਵ ਪ੍ਰਦਾਨ ਕਰਦੇ ਹਨ। ਪ੍ਰਕਿਰਤੀਵਾਦੀ, ਉਹਨਾਂ ਵਿਸ਼ਿਆਂ ਅਤੇ ਅਨੁਭਵਾਂ ਨੂੰ

ਨਿਰਧਾਰਿਤ ਕਰਦੇ ਹਨ ਜੋ ਬੱਚਿਆਂ ਦੇ ਮੌਜੂਦਾ ਅਨੁਭਵਾਂ, ਰੁਚੀਆਂ ਅਤੇ ਕਿਰਿਆਵਾਂ ਨੂੰ ਮਹੱਤਤਾ ਦਿੰਦੇ ਹਨ।ਉਹ ਮੁੱਖ ਤੌਰ ਤੇ, ਭੌਤਿਕ ਵਿਗਿਆਨ ਤੇ ਪ੍ਰਤੱਖ ਅਨੁਭਵਾਂ ਨਾਲ ਸੰਬੰਧਿਤ ਹਨ। ਪ੍ਰਯੋਜਨਵਾਦੀ, ਕਿਰਿਆਸ਼ੀਲ ਜਾਂ ਵਿਵਹਾਰਿਕ ਵਿਸ਼ਿਆਂ ਜਿਵੇਂ ਭਾਸ਼ਾ, ਸਧਾਰਨ ਵਿਗਿਆਨ, ਹੋਰ ਕ੍ਰਿਆਵਾਂ ਅਤੇ ਸਮਾਜਿਕ ਗਿਆਨ ਨੂੰ ਵਧੇਰੇ ਮਹੱਤਵ ਦਿੰਦੇ ਹਨ। ਅਸਲ ਵਿਚ ਵਿਸ਼ੇ ਦੀ ਉਪਯੋਗਤਾ ਜਾਂ ਅਣ-ਉਪਯੋਗਤਾ, ਵਿਅਕਤੀ ਤੇ ਸਮਾਜ ਦੇ ਦਰਸ਼ਨ ਦੇ ਆਧਾਰ ਤੇ ਨਿਸ਼ਚਤ ਹੁੰਦੀ ਹੈ। ਨਿਸ਼ਚਿਤ ਆਦਰਸ਼ਾਂ ਤੇ ਸਿੱਖਿਆ ਉਦੇਸ਼ਾਂ ਨੂੰ ਧਿਆਨ ਵਿਚ ਰੱਖ ਕੇ ਹੀ ਪਾਠ-ਸਮੱਗਰੀ ਨਿਸ਼ਚਿਤ ਕੀਤੀ ਜਾਂਦੀ ਹੈ।

**3. ਦਰਸ਼ਨ ਅਧਿਆਪਨ ਵਿਧੀਆਂ ਨਿਰਧਾਰਿਤ ਕਰਦਾ ਹੈ (Philosophy Determines the Teaching Methods):** ਅਗਲੀ ਮੁੱਖ ਸਮੱਸਿਆ ਦਰਸ਼ਨ ਦਾ ਅਧਿਆਪਨ ਦੇ ਵਿਗਿਆਨ ਉੱਤੇ ਪ੍ਰਭਾਵ ਹੈ।ਹਰੇਕ ਸਿੱਖਿਆ ਪ੍ਰਣਾਲੀ ਵਿਸ਼ੇਸ਼ ਅਧਿਆਪਨ ਢੰਗਾਂ ਅਤੇ ਪਾਠਕ੍ਰਮ ਉੱਤੇ ਅਧਾਰਿਤ ਹੈ।ਅਧਿਆਪਨ ਵਿਧੀ ਕੀ ਹੋਣੀ ਚਾਹੀਦੀ ਹੈ? ਕਿਸ ਤਰ੍ਹਾਂ ਦੇ ਅਧਿਆਪਕ ਹੋਣੇ ਚਾਹੀਦੇ ਹਨ?ਕਿਸ ਤਰ੍ਹਾਂ ਦਾ ਪਾਠਕ੍ਰਮ ਵਿਦਿਆਰਥੀਆਂ ਨੂੰ ਪੜ੍ਹਾਉਣਾ ਚਾਹੀਦਾ ਹੈ?ਇਹ ਸਾਰੇ ਉੱਤਰ ਦਰਸ਼ਨ ਦਿੰਦਾ ਹੈ।

ਜਿੱਥੋਂ ਤੱਕ ਅਧਿਆਪਨ ਢੰਗਾਂ ਦਾ ਸੰਬੰਧ ਹੈ, ਇਹ ਕਿਹਾ ਜਾ ਸਕਦਾ ਹੈ ਕਿ ਬੱਚਾ ਆਪਣੇ ਜੀਵਨ ਨੂੰ ਇੱਕ ਖਾਸ਼ ਦਿਸ਼ਾ ਦੇਣ ਲਈ ਅਧਿਆਪਨ ਢੰਗਾਂ ਤੋਂ ਸਹਿਜੇ ਹੀ ਪ੍ਰਭਾਵਿਤ ਹੁੰਦਾ ਹੈ।ਅਧਿਆਪਕ ਦਾ ਦਰਸ਼ਨ ਉਸਦੇ ਅਧਿਆਪਨ ਢੰਗਾਂ ਰਾਹੀ ਬੱਚੇ ਅੰਦਰ ਪ੍ਰਤੀਬਿੰਬਤ ਹੁੰਦਾ ਹੈ।ਇਸ ਲਈ ਬੱਚੇ ਦੇ ਜੀਵਨ ਦਾ ਮਾਰਗ ਯਕੀਨਨ ਹੀ ਦਰਸ਼ਨ ਤੋਂ ਪ੍ਰਭਾਵਿਤ ਹੁੰਦਾ ਹੈ। ਸਿੱਖਿਆ ਵਿਧੀ ਦੁਆਰਾ ਹੀ ਅਧਿਆਪਕ, ਬੱਚੇ ਤੇ ਵਿਸ਼ਾ-ਵਸਤੂ ਵਿਚਕਾਰ ਸੰਪਰਕ ਸਥਾਪਿਤ ਕਰਦਾ ਹੈ ਤੇ ਬਣਾਈ ਰੱਖਦਾ ਹੈ। ਭਾਵੇਂ ਸਿੱਖਿਆ ਵਿਧੀਆਂ ਉਤੇ ਸਭ ਤੋਂ ਵੱਧ ਪ੍ਰਭਾਵ ਮਨੋਵਿਗਿਆਨ ਨੇ ਪਾਇਆ ਹੈ, ਪਰੰਤੂ ਦਰਸ਼ਨ ਦਾ ਪ੍ਰਭਾਵ ਵੀ ਕੁਝ ਘੱਟ ਨਹੀਂ ਹੈ। ਭਿੰਨ-ਭਿੰਨ ਸਿੱਖਿਆ ਵਿਧੀਆਂ ਦੀ ਹੋਂਦ ਹੀ ਇਸ ਗੱਲ ਦਾ ਸਬੂਤ ਹੈ ਕਿ ਦ੍ਰਿਸ਼ਟੀਕੋਣਾਂ ਦੇ ਭੇਦ ਨੇ ਸਿੱਖਿਆ ਵਿਧੀਆਂ ਵਿਚ ਵੀ ਭਿੰਨਤਾ ਲਿਆ ਦਿੱਤੀ ਹੈ। ਪ੍ਰਕ੍ਰਿਤੀਵਾਦ ਪ੍ਰੇਰਨਾ, ਸਿੱਧੇ ਅਨੁਭਵ ਅਤੇ ਬੱਚੇ ਦੀ ਰੁਚੀ ਬਣਾਈ ਰੱਖਣ ਉੱਤੇ ਜ਼ੋਰ ਦਿੰਦਾ ਹੈ।ਆਦਰਸ਼ਵਾਦ ਲੈਕਚਰ ਵਿਧੀ ਅਤੇ ਵਿਚਾਰ-ਵਟਾਂਦਰੇ ਉੱਤੇ ਵਿਸ਼ਵਾਸ ਰੱਖਦਾ ਹੈ।ਇਸਦੀ ਮੁੱਖ ਤਵੱਜੋ ਵਿਅਕਤੀ ਦੇ ਵਿਕਾਸ ਨੂੰ ਪ੍ਰਭਾਵਿਤ ਕਰਨ ਲਈ ਉਚਿੱਤ ਵਾਤਾਵਰਨ ਦਾ ਨਿਰਮਾਣ ਕਰਨਾ ਹੈ। ***ਆਦਰਸ਼ਵਾਦੀ ਹਰਬਰਟ*** ਦੇ ਪੰਜ-ਨੁਕਤਾ ਸਿੱਖਿਆ ਵਿਧੀ ਦਾ ਨਿਰਮਾਣ ਕੀਤਾ ਤਾਂ ***ਡਿਊਵੀ*** ਨੇ ਇਸਨੂੰ ਅਣ-ਉਪਯੋਗੀ ਦੱਸ ਕੇ ਪ੍ਰੋਜੈਕਟ ਪਲਾਨ ਦੀ ਨੀਂਹ ਰੱਖੀ।ਪ੍ਰਯੋਜਨਵਾਦੀ ਸਮਾਜਿਕ ਤਕਨੀਕਾਂ, ਪ੍ਰੋਜੈਕਟ, ਸਮੱਸਿਆ ਸਮਾਧਾਨ ਅਤੇ ਹੋਰ ਕ੍ਰਿਆਵਾਂ ਨੂੰ ਅਧਿਆਪਨ ਵਿਧੀ ਦੇ ਤੌਰ ਉੱਤੇ ਸਿਫਾਰਿਸ਼ ਕਰਦੇ ਹਨ।ਪ੍ਰਯੋਗਤਾਵਾਦੀਆਂ ਦਾ ਦਾਅਵਾ ਹੈ ਕਿ ਪ੍ਰੋਜੈਕਟ ਵਿਧੀ, ਵਿਦਿਆਰਥੀਆਂ ਵਿਚ ਪ੍ਰਗਤੀਸ਼ੀਲਤਾ ਭਰ ਦੇਵੇਗੀ ਤੇ ਉਨ੍ਹਾਂ ਨੂੰ ਆਲੋਚਨਾਤਮਿਕ ਚਿੰਤਨ ਲਈ ਤਿਆਰ ਕਰ ਦੇਵੇਗੀ। ਅੰਤ ਵਿੱਚ ਜਿਹੜੇ ਅਧਿਆਪਕ ਇਹ ਸੋਚਦੇ ਹਨ ਕਿ ਉਹ ਜੀਵਨ ਦਰਸ਼ਨ ਤੋਂ ਬਿਨਾਂ ਚੱਲ ਸਕਦੇ ਹਨ ਉਹ ਆਪਣੇ ਅਧਿਆਪਨ ਢੰਗਾਂ ਨੂੰ ਪ੍ਰਭਾਵਹੀਨ ਬਣਾ ਲੈਂਦੇ ਹਨ।

4. **ਦਰਸ਼ਨ ਤੇ ਅਨੁਸ਼ਾਸ਼ਨ ਦਾ ਸਕੰਲਪ (Philosophy and the Concept of Discipline)**: ਦਰਸ਼ਨ ਹੀ ਅਨੁਸ਼ਾਸ਼ਨ ਦੇ ਸਰੂਪ ਤੇ ਪ੍ਰਕਿਰਤੀ ਨੂੰ ਨਿਸ਼ਚਿਤ ਕਰਦਾ ਹੈ। ਅਨੁਸ਼ਾਸ਼ਨ ਜੀਵਨ ਦੇ ਦਰਸ਼ਨ ਨੂੰ ਦਰਸਾਉਂਦਾ ਹੈ। ਭੂਤ ਵਿੱਚ ਪ੍ਰਚੱਲਿਤ ਵਿਸ਼ਵਾਸ, "ਜ਼ਿਆਦਾ ਲਾਡ-ਪਿਆਰ ਨਾਲ ਬੱਚੇ ਵਿਗੜ ਜਾਂਦੇ ਹਨ" ("Spare the rod and spoil the child") ਆਪਣੇ ਪਿੱਛੇ ਇੱਕ ਵਿਸ਼ੇਸ਼ ਦਰਸ਼ਨ ਪ੍ਰਗਟ ਕਰਦਾ ਹੈ। ਇਹ ਦਾਰਸ਼ਨਿਕ ਪ੍ਰਸ਼ਨ ਹੈ ਕਿ ਸਕੂਲ-ਅਨੁਸ਼ਾਸਨ ਸਖਤ ਹੋਣਾ ਚਾਹੀਦਾ ਹੈ ਕਿ ਲਚਕਦਾਰ। ਅਨੁਸ਼ਾਸ਼ਨ ਵਿਚ ਰਾਜਨੀਤਿਕ, ਸਮਾਜਿਕ, ਨੈਤਿਕ, ਧਾਰਮਿਕ ਆਦਿ ਵਿਚਾਰਧਾਰਾਵਾਂ ਪ੍ਰਤੀਬਿੰਬਤ ਹੁੰਦੀਆਂ ਹਨ। ਅਨੁਸ਼ਾਸ਼ਨ ਦੀ ਆਧੁਨਿਕ ਵਿਚਾਰਧਾਰਾ ਲੋਕਤੰਤਰ ਤੇ ਸਮਾਜਿਕ ਦਰਸ਼ਨ ਦੇ ਅਨੁਰੂਪ ਹੈ।

ਪ੍ਰਕਿਰਤੀਵਾਦੀ ਸੁਭਾਵਿਕ ਨਤੀਜੇ ਦੁਆਰਾ ਪੈਦਾ ਅਨੁਸ਼ਾਸ਼ਨ ਦੇ ਸਕੰਲਪ ਵਿੱਚ ਵਿਸ਼ਵਾਸ ਰੱਖਦੇ ਹਨ।ਉਹ ਅਧਿਕਾਰੀਆਂ ਦੀ ਆਗਿਆ ਮੰਨਣ ਦੀ ਥਾਂ ਉੱਤੇ ਬੱਚੇ ਦੁਆਰਾ ਸਵੈ-ਅਨੁਸ਼ਾਸ਼ਨ ਉੱਤੇ ਜ਼ੋਰ ਦਿੰਦਾ ਹੈ।ਆਦਰਸ਼ਵਾਦੀ ਮਨ ਜਾਂ ਬੌਧਿਕ ਤੌਰ ਤੇ ਅੰਦਰੂਨੀ ਅਨੁਸ਼ਾਸ਼ਨ ਦੇ ਹੱਕ ਵਿੱਚ ਹਨ ਅਤੇ ਵਿਅਕਤੀ ਨੂੰ ਸਵੈ ਤੋਂ ਉੱਪਰ ਉੱਠਿਆ ਦੇਖਣ ਦੀ ਇੱਛਾ ਰੱਖਦੇ ਹਨ।ਇਹ ਅਨੁਸ਼ਾਸ਼ਨ ਕਾਇਮ ਕਰਨ ਵਿੱਚ ਅਧਿਆਪਕ ਦੀ ਸ਼ਖਸ਼ੀਅਤ ਉੱਤੇ ਵਿਸ਼ਵਾਸ ਰੱਖਦੇ ਹਨ।ਪ੍ਰਯੋਜਨਵਾਦੀ ਬਾਹਰੀ ਦਬਾਅ ਤੋਂ ਬਿਲਕੁੱਲ ਆਜਾਦੀ ਚਾਹੁੰਦੇ ਹਨ।ਇਹ ਦਬਾਅ ਮੁਕਤ ਅਨੁਸ਼ਾਸ਼ਨ ਅਤੇ ਸਵੈ-ਅਨੁਸ਼ਾਸ਼ਨ ਵਿੱਚ ਵਿਸ਼ਵਾਸ ਰੱਖਦੇ ਹਨ ਜੋ ਅੰਦਰੂਨੀ ਜਾਂ ਬਾਹਰੀ ਅਨੁਸ਼ਾਸ਼ਨ ਹੋ ਸਕਦਾ ਹੈ।ਵੱਖ-ਵੱਖ ਚਿੰਤਨ ਦੇ ਸਕੂਲਾਂ ਅਤੇ ਰਾਜਨੀਤਿਕ ਵਿਚਾਰਾਂ ਨੇ ਵੀ ਸਵੈ-ਅਨੁਸ਼ਾਸ਼ਨ ਉੱਤੇ ਜੋਰ ਦਿੱਤਾ ਹੈ।ਭਾਰਤੀ ਦਰਸ਼ਨ ਹਮੇਸ਼ਾਂ ਹੀ ਆਤਮਾ, ਮਨ ਅਤੇ ਬੌਧਿਕ ਅਨੁਸ਼ਾਸ਼ਨ ਅਤੇ ਸਰੀਰਕ ਗਤੀ, ਕਾਰਜ ਜਾਂ ਸੋਚ ਉੱਪਰ ਨਿਯੰਤਰਨ ਦੇ ਹੱਕ ਵਿੱਚ ਹੈ। ਅਨੁਸ਼ਾਸ਼ਨ ਦਾ ਅਧੁਨਿਕ ਸਕੰਲਪ ਬੱਚੇ ਨੂੰ

ਅਧਿਕਤਮ ਆਜ਼ਾਦੀ ਦਿੰਦਾ ਹੈ ਅਤੇ ਸਵੈ-ਨਿਯੰਤਰਨ, ਸਹਿ-ਹੋਂਦ ਅਤੇ ਅੰਦਰੂਨੀ ਅਨੁਸ਼ਾਸ਼ਨ ਦੇ ਮੌਕੇ ਪ੍ਰਦਾਨ ਕਰਦਾ ਹੈ।ਇਹ ਲੋਕਤੰਤਰਿਕ ਵਿਚਾਰਧਾਰਾ ਅਤੇ ਸਮਾਜਿਕ ਦਰਸ਼ਨ ਦਾ ਸਪੱਸ਼ਟ ਪ੍ਰਭਾਵ ਹੈ।

5. **ਦਰਸ਼ਨ ਤੇ ਅਧਿਆਪਕ** (Philosophy and Teacher): ਹਰੇਕ ਮਨੁੱਖ ਜਨਮ ਤੋਂ ਹੀ ਤੱਤ-ਮੀਮਾਂਸਾ ਨਾਲ ਪੈਦਾ ਹੁੰਦਾ ਹੈ।ਦਰਸ਼ਨ, ਅਧਿਆਪਕ ਦੇ ਵਿਚਾਰ ਤੇ ਵਿਵਹਾਰ, ਦੋਹਾਂ ਉਤੇ ਡੂੰਘਾ ਪ੍ਰਭਾਵ ਪਾਉਂਦਾ ਹੈ। ਹਰੇਕ ਅਧਿਆਪਕ ਦਾਰਸ਼ਨਿਕ ਵੀ ਹੁੰਦਾ ਹੈ। ਅਧਿਆਪਕ ਦੀ ਨਿਯੁਕਤੀ ਤੇ ਸਿੱਖਿਆ-ਪ੍ਰਕਿਰਿਆ ਵਿਚ ਉਸ ਦੇ ਸਥਾਨ ਦਾ ਨਿਰਧਾਰਨ, ਦਰਸ਼ਨ ਦੁਆਰਾ ਹੀ ਕੀਤਾ ਜਾਂਦਾ ਹੈ। ਸਿੱਖਿਆ ਅਧਿਆਪਕ ਤੇ ਵਿਦਿਆਰਥੀ ਦੀ ਅੰਤਰਕਿਰਿਆ ਰਾਹੀ ਸ਼ੁਰੂ ਹੁੰਦੀ ਹੈ।ਅਧਿਆਪਕ ਨੂੰ ਨਾ ਸਿਰਫ਼ ਆਪਣੇ ਵਿਸ਼ੇ ਦੀ ਹੀ ਜਾਣਕਾਰੀ ਨਹੀਂ ਹੋਣੀ ਚਾਹੀਦੀ ਸਗੋਂ ਮੁਨੱਖ ਅਤੇ ਸਮਾਜ ਬਾਰੇ ਵੀ ਗਿਆਨ ਹੋਣਾ ਚਾਹੀਦਾ ਹੈ।ਉਹ ਆਪਣੇ ਸਪੰਰਕ ਵਿੱਚ ਆਉਣ ਵਾਲੇ ਹਰੇਕ ਵਸ਼ਤੂ ਬਾਰੇ ਸਪਸ਼ਟ ਦ੍ਰਿਸ਼ਟੀ ਰੱਖਦਾ ਹੋਵੇ।ਉਹ ਬੱਚੇ ਦੀ ਸ਼ਖਸੀਅਤ ਉਤੇ ਆਪਣਾ ਪ੍ਰਭਾਵ ਪਾਉਂਦਾ ਹੈ ਅਤੇ ਉਸ ਅੰਦਰ ਜਾਗਰੂਕਤਾ ਪੈਦਾ ਕਰਕੇ ਉਸਨੂੰ ਜੀਵਨ ਦਾ ਨਵਾਂ ਦ੍ਰਿਸ਼ਟੀਕੋਣ ਪ੍ਰਦਾਨ ਕਰਦਾ ਹੈ। ਅਧਿਆਪਕ ਲਈ ਸਿੱਖਿਆ ਅਤੇ ਇਸ ਨਾਲ ਸੰਬੰਧਿਤ ਸਮੱਗਰੀ ਸੰਬੰਧੀ ਆਪਣਾ ਦਰਸ਼ਨ ਹੋਣਾ ਲਾਜਮੀ ਹੈ। ਉਸਦਾ ਆਪਣਾ ਜੀਵਨ ਦਾ ਦਰਸ਼ਨ ਵੀ ਉੱਚ ਹੋਣਾ ਚਾਹੀਦਾ ਹੈ ਕਿਉਂਕਿ ਉਸਦੇ ਜੀਵਨ ਦਾ ਦਰਸ਼ਨ ਉਸਦੇ ਸਿੱਖਿਆ ਦੇ ਦਰਸ਼ਨ ਵਿੱਚ ਝਲਕਦਾ ਹੈ।ਇਸ ਲਈ ਦਰਸ਼ਨ ਦਾ ਗਿਆਨ ਸਿੱਖਿਆ ਦੇ ਬੋਧ ਲਈ ਹੀ ਨੀਂਹ ਨਹੀਂ ਸਗੋਂ ਅਧਿਆਪਨ ਦੀਆਂ ਅਸਲੀ ਵਿਧੀਆਂ ਅਤੇ ਇਹਨਾਂ ਦੀ ਪ੍ਰਭਾਵਸ਼ਾਲੀ ਵਰਤੋਂ ਲਈ ਵੀ ਇਹ ਜ਼ਰੂਰੀ ਹੈ।

ਆਦਰਸ਼ਵਾਦੀ ਵਿਚਾਰਕਾਂ ਅਨੁਸਾਰ ਅਧਿਆਪਕ ਉੱਚ ਆਦਰਸ਼ਾਂ ਵਾਲਾ ਵਿਅਕਤੀ ਹੁੰਦਾ ਹੈ ਅਤੇ ਸਰਬਉੱਚ ਸਥਾਨ ਉਤੇ ਹੁੰਦਾ ਹੈ। ਆਦਰਸ਼ਵਾਦ ਅਧਿਆਪਕ ਨੂੰ ਮਹੱਤਵਪੂਰਨ ਭੂਮਿਕਾ ਦਿੰਦਾ ਹੈ ਕਿਉਂਕਿ ਉਸਨੇ ਆਪਣੇ ਵਿਦਿਆਰਥੀਆਂ ਨੂੰ ਪ੍ਰੇਰਿਤ ਅਤੇ ਪ੍ਰਭਾਵਿਤ ਕਰਕੇ ਇੱਕ ਆਤਮਿਕ ਜੀਵ ਵਿੱਚ ਢਾਲਣਾ ਹੁੰਦਾ ਹੈ। ਮਨੁੱਖ ਨੂੰ ਨਿਪੁੰਨਤਾ ਵੱਲ ਲੈ ਕੇ ਜਾਣ ਲਈ ਰੱਬ ਦੇ ਸਹਿਕਰਮੀ ਵੱਜੋਂ ਕੰਮ ਕਰਦਾ ਹੈ।ਪ੍ਰਕਿਰਤੀਵਾਦੀ, ਉਸਨੂੰ ਵਧੇਰੇ ਮਹੱਤਵ ਨਾ ਦੇ ਕੇ, ਉਸਦਾ ਕੰਮ ਸਿਰਫ਼ ਬੱਚੇ ਲਈ ਅਨੁਕੂਲ ਹਾਲਤਾਂ ਦਾ ਨਿਰਮਾਣ ਕਰਨਾ ਹੀ ਮੰਨਦੇ ਹਨ। ਪ੍ਰਯੋਗਤਾਵਾਦੀਆਂ ਅਨੁਸਾਰ ਅਧਿਆਪਕ ਇਕ ਮਿੱਤਰ ਤੇ ਮਾਰਗਦਰਸ਼ਕ ਹੈ, ਜੋ ਬੱਚੇ ਦੇ ਵਿਕਾਸ ਦੀ ਪ੍ਰਕਿਰਿਆ ਨੂੰ ਸਹਿਜ ਬਣਾਉਂਦਾ ਹੈ। ਇਸ ਪ੍ਰਕਾਰ, ਅਧਿਆਪਕ ਦੀ ਨਿਯੁਕਤੀ ਤੇ ਸਿੱਖਿਆ-ਪ੍ਰਕਿਰਿਆ ਵਿਚ ਉਸ ਦੇ ਸਥਾਨ ਦਾ ਨਿਰਧਾਰਨ, ਦਰਸ਼ਨ ਦੁਆਰਾ ਹੀ ਕੀਤਾ ਜਾਂਦਾ ਹੈ।

6. **ਦਰਸ਼ਨ ਤੇ ਪਾਠ ਪੁਸਤਕਾਂ (Philosphy and Text Books)**: ਪਾਠ-ਪੁਸਤਕਾਂ ਪਾਠਕ੍ਰਮ ਦਾ ਹਿੱਸਾ ਹਨ ਅਤੇ ਵਿਦਿਅਕ ਨਿਸ਼ਾਨਿਆਂ ਦੀ ਪ੍ਰਾਪਤੀ ਲਈ ਮਹੱਤਵਪੂਰਨ ਸਾਧਨ ਹਨ।ਪਾਠ-ਪੁਸਤਕਾਂ ਦੀ ਚੋਣ ਵਿਚ ਵੀ ਦਰਸ਼ਨ ਸ਼ਾਸਤਰ ਦੀ ਭੂਮਿਕਾ ਹੈ। ਇਨ੍ਹਾਂ ਦੀ ਕਿਸਮ ਤੇ ਵਿਸ਼ਾ ਵਸਤੂ ਨਿਰਧਾਰਿਤ ਕਰਨ ਲਈ ਦਰਸ਼ਨ ਦੀ ਲੋੜ ਪੈਂਦੀ ਹੈ। ਪਾਠ-ਪੁਸਤਕਾਂ ਵਿਦਿਆਰਥੀਆਂ ਤੇ ਸਮਾਜ ਦੀਆਂ ਲੋੜਾਂ ਦੇ ਅਨੁਰੂਪ ਲਿਖੀ ਜਾਂਦੀ ਹੈ। ਬਿਗਸ ਅੁਨਸਾਰ ਪਾਠ-ਪੁਸਤਕਾਂ ਦੀ ਚੋਣ ਕਿਸੇ ਵਿਸ਼ੇਸ਼ ਸਮੇਂ ਅਤੇ ਸਮਾਜ ਦੇ ਆਦਰਸ਼ਾਂ ਅਤੇ ਮੁੱਲਾਂ ਉੱਤੇ ਨਿਰਭਰ ਕਰਦੀ ਹੈ। ਪਾਠ-ਪੁਸਤਕਾਂ ਵਿਦਿਆਰਥੀਆਂ ਦੇ ਜੀਵਨ ਵਿਚ ਆਦਰਸ਼, ਸਹਿਜ ਤੇ ਵਿਵਹਾਰਕਿਤਾ ਲਿਆਉਣ ਵਿਚ ਸਹਾਇਤਾ ਕਰਦੀਆਂ ਹਨ। ਇਸ ਤੋਂ ਇਹ ਸਪੱਸ਼ਟ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਪਾਠ-ਪੁਸਤਕਾਂ ਦੇ ਨਿਰਮਾਣ ਵਿਚ ਦਾਰਸ਼ਨਿਕਤਾ ਦੀ ਮਹੱਤਵਪੂਰਨ ਭੂਮਿਕਾ ਹੈ ਅਤੇ ਇਹ ਪਾਠਕ੍ਰਮ ਪ੍ਰਤੀ ਦਾਰਸ਼ਨਿਕ ਪਹੁੰਚ ਦਰਸਾਉਂਦੀਆਂ ਹਨ।ਇੱਕ ਚੰਗੀ ਪਾਠ-ਪੁਸਤਕ ਦਰਸ਼ਨ ਦੁਆਰਾ ਨਿਸ਼ਚਿਤ ਜੀਵਨ ਦੇ ਪ੍ਰਚਲਿਤ ਮੁੱਲਾਂ ਨੂੰ ਦਰਸਾਉਂਦੀ ਹੈ।ਇਹ ਪ੍ਰਮਾਣਿਤ ਅਤੇ ਪ੍ਰਚਲਿਤ ਸਮਾਜਿਕ ਆਦਰਸ਼ਾਂ, ਮਾਣਕਾਂ ਅਤੇ ਮਾਪਦੰਡਾਂ ਦਾ ਵੀ ਅਨੁਸ਼ਰਨ ਕਰਦੀਆਂ ਹੋਣ।

ਦਰਸ਼ਨ ਸ਼ਾਸਤਰ ਦੀਆਂ ਵੱਖ-ਵੱਖ ਵਿਚਾਰਧਾਰਾਵਾਂ ਅਨੁਸਾਰ, ਪਾਠ-ਪੁਸਤਕਾਂ ਬਾਰੇ ਭਿੰਨ-ਭਿੰਨ ਵਿਚਾਰ ਦਿੱਤੇ ਗਏ ਹਨ। ਆਦਰਸ਼ਵਾਦੀਆਂ ਅਨੁਸਾਰ, ਪਾਠ-ਪੁਸਤਕ ਵਿਚੋਂ ਉਸ ਦੇ ਲੇਖਕ ਦੀ ਸ਼ਖਸੀਅਤ ਦੀ ਝਲਕ ਮਿਲਣੀ ਚਾਹੀਦੀ ਹੈ। ਪ੍ਰਯੋਗਤਾਵਾਦੀ, ਵਿਵਹਾਰਕਿਤਾ ਦੇ ਪ੍ਰਯੋਗ ਉਤੇ ਜ਼ੋਰ ਦਿੰਦੇ ਹਨ, ਜਦੋਂ ਕਿ ਪ੍ਰਕਿਰਤੀਵਾਦੀ ਬੱਚਿਆਂ ਦੀ ਰੁਚੀ ਜਮਾਉਣ ਲਈ, ਤਸਵੀਰਾਂ ਤੇ ਵਿਆਖਿਆਵਾਂ ਦੀ ਵਰਤੋਂ ਕਰਨ ਲਈ ਕਹਿੰਦੇ ਹਨ। ਆਦਰਸ਼ਵਾਦੀ ਪੁਸਤਕਾਂ ਦੀ ਮੌਜੂਦਗੀ ਜ਼ਰੂਰੀ ਸਮਝਦੇ ਹਨ, ਜਦੋਂ ਕਿ ਪ੍ਰਕਿਰਤੀਵਾਦੀ ਇਨ੍ਹਾਂ ਨੂੰ ਘੱਟ ਮਹੱਤਤਾ ਦਿੰਦੇ ਹਨ।

7. **ਦਰਸ਼ਨ ਤੇ ਸਕੂਲ ਪ੍ਰਬੰਧ (Philosophy and School Administrative and Management)**: ਸਕੂਲ ਕਿਥੇ ਖੋਲ੍ਹਿਆ ਜਾਵੇ? ਉਹ ਕਿਉਂ ਖੋਲ੍ਹਿਆ ਜਾਵੇ? ਇਸਦੀ ਸਥਾਪਨਾ ਦੇ ਕੀ ਉਦੇਸ਼ ਹੋਣ? ਇਸਦਾ ਪ੍ਰਬੰਧ ਕਿਵੇਂ ਕੀਤਾ ਜਾਵੇ? ਇਨ੍ਹਾਂ ਪ੍ਰਸ਼ਨਾਂ ਦੇ ਉੱਤਰ, ਦ੍ਰਿਸ਼ਟੀਕੋਣਾਂ ਦੀ ਭਿੰਨਤਾ ਕਾਰਨ, ਵੱਖ-ਵੱਖ ਹੋਣਗੇ। ਯਥਾਰਥਵਾਦੀ ਲਈ, ਸਥਾਨਿਕ ਸਮਾਜ ਦੀਆਂ ਯਥਾਰਥ ਲੋੜਾਂ ਦੀ ਪੂਰਤੀ ਲਈ ਸਕੂਲ ਦੀ ਸਥਾਪਨਾ ਹੋਣੀ ਚਾਹੀਦੀ ਹੈ, ਜਦੋਂ ਕਿ ਆਦਰਸ਼ਵਾਦੀ ਲਈ ਉੱਚ ਆਦਰਸ਼ਾਂ ਦੀ ਨਿਪੁੰਨਤਾ ਲਈ। ਇਕ ਸਕੂਲ ਨੂੰ ਸਮਾਜ ਦਾ ਪ੍ਰਤਿਬਿੰਬ ਮੰਨਦਾ ਹੈ ਤੇ ਦੂਸਰਾ, ਉਸਨੂੰ ਸਮਾਜ ਸੁਧਾਰਿਕ ਮੰਨਦਾ ਹੈ। ਇਕ ਲਈ ਇਮਾਰਤ ਤੇ ਸਮਾਜ ਬਹੁਤ ਜ਼ਰੂਰੀ ਹੈ ਪਰ ਦੂਸਰੇ ਲਈ ਇਹ ਗੌਣ ਹੈ।

ਸਕੂਲ ਦੇ ਮੁੱਖ-ਅਧਿਆਪਕ ਲਈ ਸਕੂਲ ਦਾ ਪ੍ਰਬੰਧ, ਮਹੱਤਵਪੂਰਨ ਕੰਮਾਂ ਵਿਚੋਂ ਇਕ ਹੁੰਦਾ ਹੈ। ਕੁਸ਼ਲ-ਪ੍ਰਬੰਧ ਲਈ, ਉਹ ਵਧੇਰੇ ਯਤਨ ਕਰਦਾ ਹੈ। ਭਿੰਨ-ਭਿੰਨ ਦਾਰਸ਼ਨਿਕ ਵਿਚਾਰਧਾਰਾਵਾਂ, ਉਸਦੇ ਪ੍ਰਬੰਧਕੀ ਯਤਨਾਂ ਨੂੰ ਪ੍ਰਭਾਵਿਤ ਕਰਦੀਆਂ ਹਨ। ਆਦਰਸ਼ਵਾਦੀ ਮੁੱਖ-ਅਧਿਆਪਕ,

ਆਪਣੇ ਸਕੂਲ ਵਿਚ ਵਿਦਿਆਰਥੀਆਂ ਦੇ ਅਧਿਆਤਮਿਕ, ਨੈਤਿਕ ਤੇ ਬੌਧਿਕ ਵਿਕਾਸ ਦੇ ਨਾਲ-ਨਾਲ ਪ੍ਰਭਾਵਵਾਦੀ ਅਨੁਸ਼ਾਸਨ ਦਾ ਆਸਰਾ ਲਵੇਗਾ। ਪ੍ਰਕਿਰਤੀਵਾਦੀ ਭੈਅ ਮੁੱਕਤ ਤੇ ਸੁਤੰਤਰਤਾ ਪੂਰਨ ਵਾਤਾਵਰਨ ਪ੍ਰਦਾਨ ਕਰੇਗਾ। ਇਸ ਤਰ੍ਹਾਂ, ਦਰਸ਼ਨ ਸ਼ਾਸਤਰ, ਮੁੱਖ–ਅਧਿਆਪਕ ਨੂੰ ਪ੍ਰਬੰਧ ਲਈ ਮਾਰਗ ਦਰਸ਼ਕ ਨਿਯਮ ਉਪਲੱਬਧ ਕਰਵਾਉਂਦਾ ਹੈ।

8. **ਦਰਸ਼ਨ ਤੇ ਮੁਲਾਂਕਣ (Philosphy and Evaluation)**: ਮੁਲਾਂਕਣ ਪੂਰਵ ਨਿਰਧਾਰਿਤ ਵਿਦਿਅਕ ਉਦੇਸ਼ਾਂ ਦੀ ਰੋਸ਼ਨੀ ਵਿੱਚ ਵਿਦਿਅਕ ਪ੍ਰਾਪਤੀਆਂ ਦੇ ਮਾਪ ਦੀ ਇੱਕ ਨਿਰੰਤਰ ਪ੍ਰਕਿਰਿਆ ਹੈ।ਇਸ ਲਈ ਮੁਲਾਂਕਣ ਦਾ ਪਹਿਲਾ ਕਦਮ ਵਿਦਿਅਕ ਉਦੇਸ਼ਾਂ ਦਾ ਗਿਆਨ ਹੈ।

ਮੁਲਾਂਕਣ ਦੁਆਰਾ ਇਹ ਪਤਾ ਲਗਾਇਆ ਜਾ ਸਕਦਾ ਹੈ ਕਿ ਵਿਦਿਆਰਥੀ ਨੇ ਆਪਣਾ ਅਧਿਐਨ-ਸਿੱਖਣ ਦੇ ਅਨੁਭਵਾਂ ਤੋਂ ਕੀ ਕੁਝ ਪ੍ਰਾਪਤ ਕੀਤਾ ਹੈ। ਵਿਦਿਆਰਥੀਆਂ ਦੇ ਨਿਰੀਖਣ ਤੇ ਮੁਲਾਂਕਣ ਤੋਂ ਪ੍ਰਾਪਤ ਨਤੀਜਿਆਂ ਨੂੰ ਲੈ ਕੇ, ਵਿਵਾਦ ਦੀ ਸਥਿਤੀ ਬਣੀ ਹੋਈ ਹੈ। ਮੁਲਾਂਕਣ ਦੀ ਪਰੰਪਰਾਗਤ ਦ੍ਰਿਸ਼ਟੀਕੋਣ ਨੂੰ ਸਮਰਥਨ ਕਰਨ ਵਾਲੇ ਦਾਰਸ਼ਨਿਕਾਂ ਦਾ ਵਿਚਾਰ ਹੈ ਕਿ ਵਿਦਿਆਰਥੀ ਦੇ ਬੌਧਿਕ ਵਿਕਾਸ ਦੀ ਪਰਖ, ਉਸਦੀ ਵਿਸ਼ੇ ਉਤੇ ਪਕੜ ਨੂੰ ਦੇਖ ਕੇ ਕੀਤੀ ਜਾ ਸਕਦੀ ਹੈ। ਦੂਸਰੇ ਪਾਸੇ, ਉਦਾਰਵਾਦੀ ਵਿਚਾਰਿਕ, "ਸਪੂੰਰਨ ਬਾਲਕ" ਦੇ ਵਿਕਾਸ ਉਤੇ ਜ਼ੋਰ ਦਿੰਦੇ ਹਨ। ਇਸ ਦਾ ਬਹੁਤਾ ਸੰਬੰਧ ਵਿਦਿਆਰਥੀਆਂ ਦੇ ਅਕਾਦਮਿਕ ਵਿਕਾਸ ਨਾਲ ਨਹੀਂ ਹੈ। ਇਸ ਪ੍ਰਕਾਰ, ਬੱਚੇ ਦੇ ਵਿਕਾਸ ਦਾ ਮੁਲਾਂਕਣ, ਭਿੰਨ-ਭਿੰਨ ਦਾਰਸ਼ਨਿਕ ਮੱਤਾਂ ਦੇ ਆਧਾਰ ਤੇ ਕੀਤਾ ਜਾ ਸਕਦਾ ਹੈ।

9. **ਦਰਸ਼ਨ ਤੇ ਵਿਦਿਆਰਥੀ** (Philosophy and Students): ਦਰਸ਼ਨ, ਵਿਦਿਆਰਥੀ ਦੀ ਧਾਰਨਾ ਤੇ ਸਥਾਨ ਵੀ ਨਿਰਧਾਰਿਤ ਕਰਦਾ ਹੈ ਅਤੇ ਉਹ ਅਧਿਆਪਕਾਂ ਤੇ ਵਿਦਿਆਰਥੀਆਂ ਵਿਚਕਾਰ ਸੰਬੰਧਾਂ ਨੂੰ ਵੀ ਦਰਸਾਉਂਦਾ ਹੈ।ਹਰੇਕ ਦਰਸ਼ਨ ਦੀ, ਵਿਦਿਆਰਥੀਆਂ ਬਾਰੇ ਆਪਣੀ-ਆਪਣੀ ਵਿਸ਼ੇਸ਼ ਧਾਰਨਾ ਹੈ। ਆਦਰਸ਼ਵਾਦੀ ਸਮਰਥਨ ਕਰਦੇ ਹਨ ਕਿ ਵਿਦਿਆਰਥੀਆ ਨੂੰ ਆਪਣੇ ਸਰੂਪ ਦਾ ਅਨੁਭਵ ਕਰਨਾ ਚਾਹੀਦਾ ਹੈ। ਪ੍ਰਕਿਰਤੀਵਾਦੀਆਂ ਦਾ ਵਿਸ਼ਵਾਸ ਹੈ ਕਿ ਵਿਦਿਆਰਥੀ, ਸੰਪੂਰਨ ਸਿੱਖਿਆ-ਪ੍ਰਕਿਰਿਆ ਦੀ ਧੁਰੀ ਹੈ। ਪ੍ਰਯੋਜਨਾਵਾਦੀ ਵਿਚਾਰ ਦਿੰਦੇ ਹਨ ਕਿ ਵਿਦਿਆਰਥੀ ਸਮਾਜਿਕ ਰੂਪ ਤੋਂ ਨਿਪੁੰਨ ਹੋਣੇ ਚਾਹੀਦੇ ਹਨ। ਬੱਚੇ ਨੂੰ ਕਿੰਨੀ ਸੁਤੰਤਰਤਾ ਪ੍ਰਦਾਨ ਕਰਨੀ ਹੈ, ਇਸ ਦਾ ਨਿਰਣਾ ਦਰਸ਼ਨ ਹੀ ਕਰਦਾ ਹੈ। ਕੁਝ ਵਿਚਾਰਿਕ ਬੱਚੇ ਨੂੰ ਸਜ਼ਾ ਦੇਣ ਦੇ ਬਿਲਕੁਲ ਹੱਕ ਵਿਚ ਨਹੀ, ਜਦੋਂ ਕਿ ਕੁਝ ਧਾਰਮਿਕ ਵਿਚਾਰਿਕ, ਬੱਚੇ ਨੂੰ ਪਾਪ ਦੁਆਰਾ ਉਤਪੰਨ ਸਮਝਦੇ ਹਨ ਅਤੇ ਉਸਨੂੰ ਸਜ਼ਾ ਦੇਣੀ ਉਚਿੱਤ ਮੰਨਦੇ ਹਨ।

10. **ਦਰਸ਼ਨ ਤੇ ਨਿਰੀਖਣ** (Philosophy and Supervision): ਸਿੱਖਿਆ-ਦਰਸ਼ਨ, ਨਿਰੀਖਣ ਨਾਲ ਸੰਬੰਧਿਤ ਪ੍ਰਸ਼ਨ, ਜਿਵੇਂ ਕਿ ਨਿਰੀਖਣ ਦੇ ਤੱਤ, ਪ੍ਰਯੋਜਨ ਤੇ ਵਿਧੀਆਂ ਆਦਿ ਬਾਰੇ ਉੱਤਰ ਦਿੰਦਾ ਹੈ। ਆਦਰਸ਼ਵਾਦੀ ਕਠੋਰ ਨਿਰੀਖਣ ਵਿਚ ਵਿਸ਼ਵਾਸ਼ ਰੱਖਦੇ ਹਨ, ਜਦੋਂ ਕਿ ਪ੍ਰਕਿਰਤੀਵਾਦੀ ਇਸ ਗੱਲ ਤੇ ਜ਼ੋਰ ਦਿੰਦੇ ਹਨ ਕਿ ਨਿਰੀਖਣ ਦੁਆਰਾ ਇਹ ਦੇਖਿਆ ਜਾਵੇ ਕਿ ਬੱਚਾ ਪ੍ਰਾਕਿਰਤਿਕ ਤੇ ਸੁਤੰਤਰ ਵਾਤਾਵਰਨ ਵਿਚ ਉਚਿੱਤ ਰੂਪ ਵਿਚ ਵਿਕਾਸ ਕਰ ਰਿਹਾ ਹੈ ਜਾਂ ਨਹੀ। ਪ੍ਰਯੋਗਵਾਦੀਆਂ ਅਨੁਸਾਰ ਨਿਰੀਖਿਅਕ ਦਾ ਕੰਮ ਇਹ ਦੇਖਣਾ ਹੈ ਕਿ ਬੱਚੇ ਦੀ ਸਿੱਖਿਆ, ਵਾਸਤਵਿਕ ਜੀਵਨ ਦੀਆਂ ਸਥਿਤੀਆਂ ਵਿਚ ਹੋਵੇ। ਯਥਾਰਥਵਾਦੀ ਵਿਗਿਆਨਕ ਦ੍ਰਿਸ਼ਟੀਕੋਣ ਨੂੰ ਅਤੇ ਪ੍ਰਯੋਗਵਾਦੀ, ਸਮਾਜਿਕ ਦ੍ਰਿਸ਼ਟੀਕੋਣ ਨੂੰ ਮਹੱਤਵ ਦਿੰਦੇ ਹਨ।

**1.4.5.1 ਸਿੱਟਾ (Conclusion)**: ਇਸ ਪ੍ਰਕਾਰ, ਉਪਰੋਕਤ ਚਰਚਾ ਦੇ ਆਧਾਰ ਤੇ, ਇਸ ਸਿੱਟੇ ਤੇ ਪਹੁੰਚਿਆ ਜਾ ਸਕਦਾ ਹੈ ਕਿ ਦਰਸ਼ਨ ਸ਼ਾਸਤਰ, ਸਿੱਖਿਆ ਦਾ ਆਧਾਰ ਹੈ। ਇਨ੍ਹਾਂ ਦਾ ਆਪਸ ਵਿਚ ਡੂੰਘਾ ਸੰਬੰਧ ਹੈ ਤੇ ਇਹ ਇਕ ਦੂਸਰੇ ਤੇ ਨਿਰਭਰ ਵੀ ਹਨ। ਸਿੱਖਿਆ ਦੇ ਸਾਰੇ ਪਹਿਲੂ ਜਿਵੇਂ ਉਦੇਸ਼ ਅਤੇ ਆਦਰਸ਼, ਅਧਿਆਪਨ ਵਿਧੀਆਂ, ਪਾਠਕ੍ਰਮ, ਸਕੂਲ ਪ੍ਰਸ਼ਾਸਨ, ਅਨੁਸ਼ਾਸਨ ਅਤੇ ਮੁਲਾਂਕਣ ਆਦਿ ਦਾਰਸ਼ਨਿਕ ਮੂਲ ਉੱਤੇ ਅਧਾਰਿਤ ਹਨ।ਸਿੱਖਿਆ ਦੇ ਲਗਭਗ ਸਾਰੇ ਅੰਗਾਂ ਉਤੇ, ਦਰਸ਼ਨ ਦਾ ਬਹੁਤ ਡੂੰਘਾ ਪ੍ਰਭਾਵ ਹੈ ਅਤੇ ਜੇਕਰ ਦਰਸ਼ਨ ਇਸ ਨੂੰ ਮਾਰਗ ਨਾ ਦਿਖਾਵੇ ਤਾਂ ਸਿੱਖਿਆ ਅਰਥਹੀਣ ਹੋ ਜਾਵੇਗੀ। ***ਰੱਸਕ** (Rusk)* ਨੇ ਠੀਕ ਕਿਹਾ ਹੈ ਕਿ ਸਿੱਖਿਆ ਸਮੱਸਿਆ ਦੇ ਹਰ ਪੱਖ ਤੋਂ ਇਸ ਦੇ ਦਾਰਸ਼ਨਿਕ ਆਧਾਰ ਦੀ ਮੰਗ ਕੀਤੀ ਜਾਂਦੀ ਹੈ। ਜੀਵਨ ਦਾ ਦਰਸ਼ਨ ਤੇ ਸਿੱਖਿਆ ਦੇ ਬਿਨਾਂ ਗੁਜ਼ਾਰਾ ਨਹੀਂ ਹੋ ਸਕਦਾ। ਇਸ ਸੰਬੰਧ ਵਿਚ ***ਜੈਨਟਲ** (Gentile)* ਦੇ ਵਿਚਾਰ ਵਰਨਣ ਯੋਗ ਹਨ, "ਜੋ ਵਿਅਕਤੀ ਇਸ ਗੱਲ ਤੇ ਵਿਸ਼ਵਾਸ਼ ਕਰਦੇ ਹਨ ਕਿ ਦਰਸ਼ਨ ਨਾਲ ਸੰਬੰਧ ਬਣਾਏ ਬਗੈਰ, ਸਿੱਖਿਆ ਦੀ ਪ੍ਰਕਿਰਿਆ ਉਤਮ ਢੰਗ ਨਾਲ ਚੱਲ ਸਕਦੀ ਹੈ, ਉਹ ਸਿੱਖਿਆ ਦੇ ਸ਼ੁੱਧ ਰੂਪ ਨੂੰ ਸਮਝਣ ਤੋਂ ਅਸਮਰਥ ਹਨ। ਸਿੱਖਿਆ ਦੀ ਪ੍ਰਕਿਰਿਆ, ਦਰਸ਼ਨ ਦੀ ਸਹਾਇਤਾ ਦੇ ਬਿਨਾਂ, ਉਚਿਤ ਮਾਰਗ ਤੇ ਅੱਗੇ ਨਹੀਂ ਵੱਧ ਸਕਦੀ।"

## 1.4.6 ਸਿੱਖਿਆ ਸ਼ਾਸਤਰ ਤੇ ਪਾਠਕ੍ਰਮ ਦੇ ਸੰਦਰਭ ਵਿੱਚ ਸਿੱਖਿਆ ਦੇ ਨਿਰਣਾਇਕ ਉਦੇਸ਼

(AIMS DETERMINANTS OF EDUCATION WITH REFERENCE TO CURRICULUM AND PEDAGOGY):

ਹਰੇਕ ਸਿੱਖਿਆ ਪ੍ਰਣਾਲੀ ਦੇ ਕੁਝ ਉਦੇਸ਼ ਅਤੇ ਟੀਚੇ ਨਿਸ਼ਚਿਤ ਹੋਣੇ ਚਾਹੀਦੇ ਹਨ ਜਿਹੜੇ ਵਿਦਿਆਰਥੀ ਨੂੰ ਸਿੱਖਿਆ ਦੇਣ ਵਾਸਤੇ ਅਧਿਆਪਕ ਲਈ ਸਹਾਈ ਹੋਣ।ਇਸ ਲਈ ਸਿੱਖਿਆ ਕਦੇ ਵੀ ਯੋਜਨਾ-ਰਹਿਤ, ਟੀਚਾ-ਰਹਿਤ ਜਾਂ ਉਦੇਸ਼-ਰਹਿਤ ਕਾਰਜ ਨਹੀਂ ਹੋਣਾ ਚਾਹੀਦਾ।ਸਗੋਂ ਅਸੀ ਕਿਸੇ ਵੀ ਅਜਿਹੀ ਸਿੱਖਿਆ ਪ੍ਰਣਾਲੀ ਬਾਰੇ ਨਹੀਂ ਸੋਚ ਸਕਦੇ ਜੋ ਕਿਸੇ ਵਿਸ਼ੇਸ਼ ਉਦੇਸ਼ਾਂ ਜਾਂ ਟੀਚਿਆਂ ਤੋਂ ਰਹਿਤ ਹੋਵੇ।**ਬੋਡ** (Bode) ਅਨੁਸਾਰ, **"ਜਿੰਨੀ ਦੇਰ ਸਾਡੇ ਕੋਲ ਉਦੇਸ਼ਾਂ ਨੂੰ ਨਿਰਧਾਰਿਤ ਕਰਨ ਲਈ ਕੋਈ ਮਾਰਗਦਰਸ਼ਕ ਫਿਲਾਸਫੀ ਨਾ ਹੋਵੇ ਅਸੀਂ ਕਿਤੇ ਵੀ ਨਹੀਂ ਪਾਹੁੰਚ ਸਕਦੇ"(**Unless we have some guiding philosophy in the determination of objectives, we get nowhere at all.)।ਸਿੱਖਿਆ ਦੇ ਇਹ ਉਦੇਸ਼ ਕਿਸੇ ਵੀ ਦੇਸ਼ ਵਿੱਚ ਕਿਸੇ ਵਿਸ਼ੇਸ਼ ਸਮੇਂ ਤੇ ਉੱਥੇ ਰਹਿਣ ਵਾਲੇ ਲੋਕਾਂ ਦੇ ਜੀਵਨ ਦੇ ਉਦੇਸ਼ਾਂ ਅਤੇ ਨਿਸ਼ਾਨਿਆਂ ਦੁਆਰਾ ਨਿਰਧਾਰਿਤ ਕੀਤੇ ਜਾਂਦੇ ਹਨ ਜੋ ਅੱਗੋਂ ਉਸ ਸਮੇਂ ਦੇ ਦਰਸ਼ਨ ਤੇ ਨਿਰਭਰ ਕਰਦੇ ਹਨ।ਇਸ ਲਈ ਸਿੱਖਿਆ ਦੇ ਉਦੇਸ਼ ਵੱਖ-ਵੱਖ ਦਰਸ਼ਨਾਂ ਨਾਲ ਬਦਲਦੇ ਰਹਿੰਦੇ ਹਨ।

ਇਹ ਸਮੇਂ ਦਾ ਦਰਸ਼ਨ ਹੁੰਦਾ ਹੈ ਜੋ ਨਿਸ਼ਚਿਤ ਕਰਦਾ ਹੈ ਕਿ ਸਿੱਖਿਆ ਦੇ ਉਦੇਸ਼ ਨੈਤਿਕ ਹੋਣਗੇ ਜਾਂ ਕਿੱਤਾਮਈ,ਬੌਧਿਕ, ਉਦਾਰ ਜਾਂ ਆਤਮਿਕ।**ਰਸਕ ਦੇ ਸ਼ਬਦਾਂ ਵਿੱਚ, " ਹਰੇਕ ਸਿੱਖਿਆ ਪ੍ਰਣਾਲੀ ਦੇ ਉਦੇਸ਼ ਹੋਣੇ ਚਾਹੀਦੇ ਹਨ ਅਤੇ ਸਿੱਖਿਆ ਦੇ ਇਹ ਉਦੇਸ਼ ਜੀਵਨ ਦੇ ਉਦੇਸ਼ਾਂ ਦੇ ਅਨੁਰੂਪ ਹੋਣ।ਦਰਸ਼ਨ ਪ੍ਰਤੀਪਾਦਤ ਕਰਦਾ ਹੈ ਕਿ ਜੀਵਨ ਦਾ ਨਿਸ਼ਾਨਾ ਕੀ ਹੋਵੇ ਜਦੋਂ ਕਿ ਸਿੱਖਿਆ ਇਹ ਸੁਝਾਅ ਦਿੰਦੀ ਹੈ ਕਿ ਇਹ ਨਿਸ਼ਾਨੇ ਕਿਵੇਂ ਪ੍ਰਾਪਤ ਕੀਤੇ ਜਾਣ।** (In the words of Rusk, "Every system of education must have an aim and the aim of education is relative to the aim of life. Philosophy formulates what should be the end of life while education offers suggestions how this end is to be achieved.)

ਕਿਸੇ ਵੀ ਰਾਸ਼ਟਰ ਦੀ ਸਿੱਖਿਆ ਵਿਵਸਥਾ ਵਿੱਚ ਸਿੱਖਿਆ ਦੇ ਉਦੇਸ਼ ਬਹੁਤ ਮਹੱਤਵਪੂਰਨ ਹਨ । ਸਿੱਖਿਆ ਦੇ ਦੂਸਰੇ ਪੱਖਾਂ ਵਾਂਗ, ਇਹ ਉਦੇਸ਼ ਵੀ ਵਿਭਿੰਨ ਦਰਸ਼ਨਾਂ ਦੇ ਸਕੂਲਾਂ ਤੇ ਹੋਰ ਅਕਾਦਮਿਕ ਅਨੁਸ਼ਾਸਨਾਂ ਜਿਵੇਂ ਕਿ ਸਮਾਜ ਵਿਗਿਆਨ, ਮਨੋਵਿਗਿਆਨ, ਆਰਥਿਕ ਸ਼ਾਸਤਰ ਤੇ ਰਾਜਨੀਤੀ ਸ਼ਾਸਤਰ ਆਦਿ ਤੋਂ ਨਿਰਧਾਰਿਤ ਕੀਤੇ ਜਾਂਦੇ ਹਨ ।

## 1.4.7 ਸਿੱਖਿਆ ਦੇ ਉਦੇਸ਼, ਪਾਠਕ੍ਰਮ ਤੇ ਸਿੱਖਿਆ ਵਿਧੀਆਂ ਦੇ ਨਿਰਣਾਇਕ(Determinants of Aims, Curriculum and Methods of Education):

ਸਿੱਖਿਆ ਦੇ ਇਨ੍ਹਾਂ ਤਿੰਨਾਂ ਪੱਖਾਂ ਦਾ ਨਿਰਧਾਰਨ ਹੇਠ ਲਿਖੇ ਨਿਰਣਾਇਕਾਂ ਦੁਆਰਾ ਹੁੰਦਾ ਹੈ :

1. **ਦਾਰਸ਼ਨਿਕ ਕਾਰਕ** (Philosophical Factors): ਸਿੱਖਿਆ ਦੇ ਉਦੇਸ਼ ਨਿਸ਼ਚਿਤ ਕਰਨ ਲਈ ਮੁੱਖ ਆਧਾਰ ਦਰਸ਼ਨ ਹੈ।ਸਿੱਖਿਆ ਦੇ ਉਦੇਸ਼ਾਂ ਨੂੰ ਜੀਵਨ ਦੇ ਉਦੇਸ਼ ਜਾਂ ਜੀਵਨ ਦਾ ਦਰਸ਼ਨ ਨਿਰਧਾਰਿਤ ਕਰਦੇ ਹਨ ਅਤੇ ਇਹ ਬਦਲਦੇ ਦਰਸ਼ਨ ਨਾਲ ਤਬਦੀਲ ਹੁੰਦੇ ਹਨ।ਇਸ ਪ੍ਰਕਾਰ ਕਿਸੇ ਰਾਸ਼ਟਰ ਦੇ ਲੋਕਾਂ ਦੇ ਜੀਵਨ ਦਾ ਦਰਸ਼ਨ, ਉਥੋਂ ਦੀ ਸਿੱਖਿਆ ਦੇ ਉਦੇਸ਼ ਨਿਰਧਾਰਿਤ ਕਰਨ ਲਈ ਇੱਕ ਪ੍ਰਭਾਵਸ਼ਾਲੀ ਨਿਰਣਾਇਕ ਹੈ । ਵੱਖ-ਵੱਖ ਦਰਸ਼ਨ ਸਿੱਖਿਆ ਲਈ ਵੱਖ-ਵੱਖ ਉਦੇਸ਼ ਨਿਰਧਾਰਿਤ ਕਰਦੇ ਹਨ ।
2. **ਮਨੋਵਿਗਿਆਨਿਕ ਵਿਚਾਰਧਾਰਾ** (Psychological Ideology): ਇਸ ਦਾ ਸਬੰਧ ਮਨੁੱਖੀ ਪ੍ਰਕ੍ਰਿਤੀ ਅਤੇ ਮਨੁੱਖੀ ਵਿਵਹਾਰ ਦੇ ਸੰਕਲਪ ਨਾਲ ਹੈ । ਸਿੱਖਿਆ ਦੇ ਉਦੇਸ਼, ਸਮਾਜ ਵਿੱਚ ਪ੍ਰਚੱਲਿਤ ਇਸ ਸੰਕਲਪ ਤੋਂ ਵੀ ਨਿਰਧਾਰਿਤ ਕੀਤੇ ਜਾਂਦੇ ਹਨ ।ਮੌਜੂਦਾ ਸਮੇਂ ਦੌਰਾਨ ਸਿੱਖਿਆ ਦਾ ਸਰੂਪ ਬਹੁਤ ਬਦਲ ਗਿਆ ਹੈ।ਹੁਣ ਸਿੱਖਿਆ ਉਮਰ ਭਰ ਤਜਰਬਾ ਹਾਸਿਲ ਕਰਨ ਦੀ ਪ੍ਰਕਿਰਿਆ ਹੈ।ਇਸ ਪ੍ਰਕਾਰ ਸਿੱਖਿਆ ਦੇ ਇਸ ਬਦਲਦੇ ਸਰੂਪ ਦੇ ਮਨੋਵਿਗਿਆਨਕ ਅਰਥ ਹਨ ਅਤੇ ਸਿੱਖਿਆ ਦੇ ਸਿਧਾਂਤ ਅਤੇ ਅਭਿਆਸ ਮਨੁੱਖੀ ਵਿਵਹਾਰ ਦੀ ਪ੍ਰਕ੍ਰਿਤੀ ਦੁਆਰਾ ਅਨੁਕੂਲਿਤ ਹੁੰਦੇ ਹਨ।
3. **ਸਮਾਜ ਵਿਗਿਆਨਿਕ ਕਾਰਕ** (Sociological Factors):ਸਿੱਖਿਆ ਨੂੰ ਵਿਅਕਤੀਆਂ ਦੁਆਰਾ ਨਿਰਮਾਣਿਤ ਸਮਾਜ ਵਿੱਚ ਦਿੱਤਾ ਜਾਂਦਾ ਹੈ।ਇਹ ਇੱਕ ਸਮਾਜਿਕ ਪ੍ਰਕਿਰਿਆ ਹੈ ਅਤੇ ਇਸਦੀ ਸਮਾਜਿਕ ਸਾਰਥਕਤਾ ਹੈ।ਸਿੱਖਿਆ ਸਮਾਜ ਦਾ ਮੂਲ ਕਾਰਨ ਅਤੇ ਉਪਜ ਹੈ।ਇਹ ਸਮਾਜ ਵਿੱਚੋਂ ਉਤਪੰਨ ਹੁੰਦੀ ਹੈ ਅਤੇ ਇਸ ਦੁਆਰਾ ਸਮਾਜ ਦੀਆਂ ਜ਼ਰੂਰਤਾਂ ਅਤੇ ਆਸ਼ਾਵਾਂ ਦੀ ਪੂਰਤੀ ਕਰਨੀ ਜਰੂਰੀ ਹੈ।ਸੋ ਸਮਾਜ ਵਿਗਿਆਨ, ਸਮਾਜ ਦੀ ਵਿਗਿਆਨ ਹੋਣ ਨਾਤੇ, ਸਮਾਜ ਵਿਗਿਆਨਿਕ ਨਜ਼ਰੀਏ ਤੋਂ, ਸਿੱਖਿਆ ਦੇ ਕੁਝ ਉਦੇਸ਼ ਨਿਰਧਾਰਿਤ ਕਰਨ ਵਿੱਚ ਅਹਿਮ ਭੂਮਿਕਾ ਨਿਭਾਉਂਦੀ ਹੈ ।

4. **ਸਮਾਜਿਕ-ਸੱਭਿਆਚਾਰਿਕ ਕਾਰਕ** (Cultural Factors): ਸਕੂਲ ਕਿਸੇ ਵਿਸ਼ੇਸ਼ ਦੇਸ਼ ਵਿੱਚ ਪ੍ਰਚੱਲਿਤ ਸਮਾਜਿਕ ਢਾਂਚੇ ਨੂੰ ਪ੍ਰਤੀਬਿੰਬਤ ਕਰਦਾ ਹੈ।ਇਸ ਰੂਪ ਵਿੱਚ ਸਿੱਖਿਆ ਪ੍ਰਣਾਲੀ ਨੂੰ ਇੱਕ ਸਮਾਜਿਕ ਕਾਰਕ ਦੇ ਰੂਪ ਵਿੱਚ ਦੇਖਿਆ ਜਾਂਦਾ ਹੈ ਜੋ ਉਹਨਾਂ ਲੋਕਾਂ ਦੇ ਸਦਾਚਾਰ ਨੂੰ ਪ੍ਰਗਟ ਕਰਦੀ ਹੈ ਜਿਹਨਾਂ ਦੀ ਇਹ ਸੇਵਾ ਕਰਦੀ ਹੈ।ਕਿਸੇ ਦੇਸ਼ ਦਾ ਸਮਾਜੀ ਸਭਿਆਚਾਰਿਕ ਵਿਰਸਾ, ਉਥੋਂ ਦੀ ਸਿੱਖਿਆ ਦੇ ਸਾਰੇ ਮੁੱਲਾਂ ਨੂੰ ਨਿਰਧਾਰਿਤ ਕਰਨ ਵਿੱਚ ਅਹਿਮ ਭੂਮਿਕਾ ਨਿਭਾਉਂਦਾ ਹੈ।

5. **ਰਾਜਨੀਤਿਕ ਵਿਚਾਰਧਾਰਾ** (Political Ideology): ਕਿਸੇ ਵੀ ਦੇਸ਼ ਦਾ ਸੰਚਾਲਨ ਕਰਨ ਵਾਲੀ ਰਾਜਨੀਤਿਕ ਵਿਚਾਰਧਾਰਾ ਦਾ ਸਿੱਖਿਆ ਉੱਤੇ ਨਿਸ਼ਚਿਤ ਪ੍ਰਭਾਵ ਪੈਂਦਾ ਹੈ।ਰਾਜਨੀਤਿਕ ਕਾਰਕ ਹੀ ਨਿਰਧਾਰਿਤ ਕਰਦੇ ਹਨ ਕਿ ਸਿੱਖਿਆ ਪ੍ਰਣਾਲੀ ਦਾ ਪ੍ਰਬੰਧਨ ਕਿਸ ਪ੍ਰਕਾਰ ਦਾ ਹੋਵੇਗਾ।ਉਹ ਕਿਸੇ ਸਿੱਖਿਆ ਪ੍ਰਣਾਲੀ ਦੀਆਂ ਵਿਸ਼ੇਸ਼ਤਾਵਾਂ ਅਤੇ ਕਾਰਜਸੀਲਤਾ ਨੂੰ ਵੀ ਪ੍ਰਭਾਸ਼ਿਤ ਕਰਦੀ ਹੈ। ਕਿਸੇ ਵੀ ਦੇਸ਼ ਵਿੱਚ ਸਭ ਕਾਲਾਂ ਲਈ, ਸਿੱਖਿਆ ਰਾਜ ਕਰ ਰਹੀ ਸ਼੍ਰੇਣੀ ਦੇ ਮੁੱਲਾਂ ਨੂੰ ਪ੍ਰਤੀਬਿੰਬਤ ਕਰਦੀ ਹੈ। ਸਿੱਖਿਆ ਦੇ ਸਾਰੇ ਪੱਖ ਰਾਜਨੀਤਿਕ ਵਿਚਾਰਧਾਰਾ ਤੋਂ ਪ੍ਰਭਾਵਿਤ ਹੁੰਦੇ ਹਨ।

6. **ਵਿਗਿਆਨ ਤੇ ਤਕਨੀਕੀ** (Science and Technology): ਵਿਗਿਆਨ ਤੇ ਤਕਨੀਕੀ, ਸਿੱਖਿਆ ਪ੍ਰਕ੍ਰਿਆ ਦੇ ਵਿਭਿੰਨ ਪੱਖਾਂ ਦੇ ਸ਼ਕਤੀਸ਼ਾਲੀ ਨਿਰਣਾਇਕ ਬਣਾਉਂਦੇ ਹਨ। ਤਕਨੋਲੋਜੀ ਅਤੇ ਖਾਸ ਤੌਰ ਤੇ ਆਧੁਨਿਕ ਤਕਨੋਲੋਜੀ ਦੇਸ਼ ਦੀ ਸਿੱਖਿਆ ਪ੍ਰਣਾਲੀ ਨੂੰ ਪ੍ਰਭਾਵਿਤ ਕਰਦੀ ਹੈ।ਇਤਿਹਾਸਕ ਤੌਰ ਤੇ ਉਦਯੋਗਿਕ ਅਤੇ ਤਕਨੀਕੀ ਸਿੱਖਿਆ ਉੱਤੇ ਜ਼ੋਰ ਤੋਂ ਬਾਅਦ ਉਦਯੋਗਿਕ ਕ੍ਰਾਂਤੀ ਆਈ।ਤਕਨੋਲੋਜੀ ਸਿੱਖਿਆ ਦੀਆਂ ਕਿਸ਼ਮਾਂ ਅਤੇ ਅਨੁਦੇਸ਼ਨ ਦੇ ਸਾਧਨਾਂ ਨੂੰ ਪ੍ਰਭਾਵਿਤ ਕਰਦੀ ਹੈ।

7. **ਧਾਰਮਿਕ ਵਿਚਾਰਧਾਰਾ** (Religious Ideology): ਧਾਰਮਿਕ ਆਸਥਾ ਸਿੱਖਿਆ ਦੇ ਉਦੇਸ਼ਾਂ, ਵਿਸ਼ਾ-ਵਸਤੂ ਅਤੇ ਅਨੁਦੇਸ਼ਨ ਦੇ ਢੰਗਾਂ ਨੂੰ ਵੀ ਨਿਰਧਾਰਨ ਕਰਦੀ ਹੈ। ਧਰਮ, ਸਿੱਖਿਆ ਦੇ ਵਿਭਿੰਨ ਪੱਖਾਂ, ਵਿਸ਼ੇਸ਼ ਕਰਕੇ ਇਸ ਦੇ ਉਦੇਸ਼ਾਂ ਤੇ ਪਾਠਕ੍ਰਮ ਉੱਪਰ ਵਿਸ਼ੇਸ਼ ਪ੍ਰਭਾਵ ਪਾਉਂਦਾ ਹੈ। ਇਹ ਨੈਤਿਕ ਤੇ ਅਧਿਆਤਮਿਕ ਮੁੱਲ ਦਿੰਦਾ ਹੈ।

8. **ਰਾਸ਼ਟਰੀ ਤੇ ਅੰਤਰਰਾਸ਼ਟਰੀ ਨਿਸ਼ਾਨੇ** (National and International Goals): ਰਾਸ਼ਟਰੀ ਤੇ ਅੰਤਰਰਾਸ਼ਟਰੀ ਉਦੇਸ਼, ਸਿੱਖਿਆ ਦੇ ਉਦੇਸ਼ ਜਿਵੇਂ ਕਿ ਸੰਸਾਰ ਦੀ ਏਕਤਾ, ਸੰਸਾਰ ਸ਼ਾਂਤੀ, ਮਿਲਵਰਤਨ ਆਦਿ ਨੂੰ ਨਿਸ਼ਚਿਤ ਕਰਦੇ ਹਨ।

9. **ਆਰਥਿਕ ਹਾਲਾਤ** (Economic Conditions): ਸਿੱਖਿਆ ਦੀ ਕਿਸਮ ਅਕਸਰ ਕਿਸੇ ਦੇਸ਼ ਦੀ ਆਰਥਿਕ ਹਾਲਤ ਉੱਤੇ ਨਿਰਭਰ ਕਰਦੀ ਹੈ।ਆਰਥਿਕ ਹਾਲਤ ਹੀ ਸਿੱਖਿਆ ਪ੍ਰਣਾਲੀ ਦਾ ਵਿਸ਼ਾ-ਵਸਤੂ ਅਤੇ ਢੰਗਾਂ ਨੂੰ ਨਿਰਧਾਰਿਤ ਕਰਦੇ ਹਨ। ਆਰਥਿਕ ਪ੍ਰਫੁੱਲਿਤ ਦੇਸ਼ਾਂ ਵਿੱਚ ਸਿੱਖਿਆ ਦੇ ਵਿਆਪਕ (Broad) ਉਦੇਸ਼ ਹੁੰਦੇ ਹਨ ਜਦੋਂ ਕਿ ਗ਼ਰੀਬ ਦੇਸ਼ਾਂ ਵਿੱਚ ਸਾਧਾਰਨ (General) ਸਿੱਖਿਆ ਬਾਰੇ ਹੀ ਸੋਚਿਆ ਜਾਂਦਾ ਹੈ। ਜਿੱਥੇ ਪੈਦਾਵਰ ਖ਼ਪਤ ਨਾਲੋਂ ਜ਼ਿਆਦਾ ਹੋਵੇ ਉੱਥੇ ਅਕਸਰ ਰਸਮੀ ਸਿੱਖਿਆ ਸੰਭਵ ਹੁੰਦੀ ਹੈ।ਪਰੰਪਰਾਗਤ ਸਮਾਜ ਵਿੱਚ ਲੋਕਾਂ ਨੂੰ ਉਹਨਾਂ ਦੀ ਸਮੁਦਾਇ ਦੀ ਆਰਥਿਕ ਦਸ਼ਾ ਅਤੇ ਜ਼ਰੂਰਤਾਂ ਦੇ ਆਧਾਰ ਤੇ ਸਿਖਲਾਈ ਦਿੱਤੀ ਜਾਂਦੀ ਹੈ।

10. **ਗਿਆਨ ਦੀ ਖੋਜ/ਭਾਲ** (Exploration of Knowledge): ਵਿਗਿਆਨਿਕ ਤੇ ਤਕਨੀਕੀ ਗਿਆਨ ਦੇ ਵਧੱਣ ਦਾ ਪ੍ਰਭਾਵ, ਸਿੱਖਿਆ ਦੇ ਉਦੇਸ਼ਾਂ ਤੇ ਹੋਰ ਪੱਖਾਂ ਉੱਤੇ ਪ੍ਰਤੱਖ ਜ਼ਾਹਰ ਹੁੰਦਾ ਹੈ।

ਇਸ ਪ੍ਰਕਾਰ ਉਪਰੋਕਤ ਕਾਰਕ ਕਿਸੇ ਦੇਸ਼ ਦੀ ਸਿੱਖਿਆ ਦੇ ਉਦੇਸ਼ਾਂ ਨੂੰ ਨਿਰਧਾਰਿਤ ਕਰਦੇ ਹਨ।

### 1.4.8 ਪਾਠਕ੍ਰਮ ਤੇ ਸਿੱਖਿਆ-ਸ਼ਾਸਤਰ ਦੇ ਸੰਦਰਭ ਵਿੱਚ ਸਿੱਖਿਆ ਦੇ ਉਦੇਸ਼ਾਂ ਦਾ ਨਿਰਧਾਰਨ(Aims Determination of Education with Reference to Curriculum and Pedagogy):

ਇਨ੍ਹਾਂ ਕਾਰਕਾਂ ਵਿੱਚ ਆਪਸੀ ਸਬੰਧ ਸਮਝਣ ਲਈ, ਇਨ੍ਹਾਂ ਦਾ ਸੰਖੇਪ ਵਰਣਨ ਸਮਝਣਾ ਜ਼ਰੂਰੀ ਹੈ:

#### 1.4.8.1 ਪਾਠਕ੍ਰਮ (Curriculum)

'Curriculum' ਸ਼ਬਦ ਲੇਟਿਨ ਭਾਸ਼ਾ ਦੇ ਸ਼ਬਦ 'Currere' ਤੋਂ ਵਿਉਤਪਤ ਕੀਤਾ ਗਿਆ ਹੈ ਜਿਸ ਦਾ ਅਰਥ ਹੈ —ਦੋੜਨਾ ਜਾਂ ਰੋਮਨ ਰੱਥਾਂ ਦੇ ਦੌੜਨ ਦਾ ਰਸਤਾ (The Course of the running Roman Chariots)।

ਸਧਾਰਨ ਤੌਰ ਤੇ ਇਹ ਉਹ ਆਧਾਰ/ਪਿੱਠਭੂਮੀ ਹੈ ਜਿਸਨੂੰ ਵਿਦਿਆਰਥੀ ਅਤੇ ਅਧਿਆਪਕ ਸਿੱਖਿਆ ਦੇ ਨਿਸ਼ਾਨਿਆਂ ਦੀ ਪ੍ਰਾਪਤੀ ਲਈ ਤਹਿ ਕਰਦੇ ਹਨ।ਪਰੰਪਰਾਗਤ ਤੌਰ ਤੇ ਇਸਨੂੰ ਗਿਆਨ ਦੀਆਂ ਕੁਝ ਕਿਸਮਾਂ ਅਤੇ ਕੌਸਲਾਂ ਉੱਤੇ ਪ੍ਰਵੀਨਤਾ ਹਾਸ਼ਿਲ ਕਰਨ ਦੇ ਤੌਰ ਤੇ ਦੇਖਿਆ ਜਾਂਦਾ ਸੀ ਪ੍ਰੰਤੂ ਹੁਣ ਇਸਨੂੰ ਅਜਿਹੀ ਪ੍ਰਕਿਰਿਆ ਦੇ ਤੌਰ ਤੇ ਲਿਆ ਜਾਂਦਾ ਹੈ ਜੋ ਵਿਦਿਆਰਥੀਆਂ ਨੂੰ ਮੌਜੂਦਾ ਸੰਸਾਰ ਵਿੱਚ ਰਹਿਣਯੋਗ ਬਣਾਉਣ ਅਤੇ ਅਜਿਹਾ ਭਵਿੱਖਤ ਸਮਾਜ ਬਣਾਉਣ ਵਿੱਚ ਮਦਦਕਾਰੀ ਹੁੰਦੀ ਹੈ ਜਿਸ ਵਿੱਚ ਉਸਦੀ ਅਗਲੀ ਪੀੜ੍ਹੀ ਨੇ ਵਿਚਰਨਾ ਹੁੰਦਾ ਹੈ।

ਸਿੱਖਿਆ ਸ਼ਾਸਤਰ ਅਨੁਸਾਰ ਇਸ ਦਾ ਅਰਥ ਸਿੱਖਿਆ ਜਾਂ ਅਧਿਐਨ ਦੇ ਉਸ ਕੋਰਸ ਤੋਂ ਲਿਆ ਜਾਂਦਾ ਹੈ ਜਿਸ ਦਾ ਇੱਕ ਵਿਦਿਆਰਥੀ ਅਨੁਸਰਨ ਕਰਦਾ ਹੈ ਜਾਂ ਸਿੱਖਿਆ ਦੇ ਉਸ ਵਿਸ਼ੇ-ਵਸਤੂ ਤੋਂ ਹੈ ਜੋ ਨਵੀਂ ਪੀੜ੍ਹੀ ਨੂੰ ਪੜ੍ਹਾਇਆ ਜਾਂਦਾ ਹੈ। ਇਹ ਸਿੱਖਿਆ ਦੇ ਸਮੁੱਚੇ ਵਿਸ਼ੇ-ਵਸਤੂ ਨੂੰ ਪ੍ਰਗਟ ਕਰਦਾ ਹੈ।

ਪਾਠਕ੍ਰਮ ਕਿਸੇ ਦੇਸ਼ ਦੇ ਸਮਾਜ ਅਤੇ ਸੱਭਿਆਚਾਰ ਨੂੰ ਦਰਸਾਉਂਦਾ ਹੈ ਅਤੇ ਇਹ ਹਰੇਕ ਸਮਾਜ ਦੀ ਇੱਛਾ ਹੁੰਦੀ ਹੈ ਕਿ ਉਸਦੇ ਬੱਚੇ ਬਾਲਗਾਂ ਦੇ ਸਮਾਜ ਅਤੇ ਸੱਭਿਆਚਾਰ ਦੀਆਂ ਆਦਤਾਂ, ਵਿਚਾਰ, ਵਤੀਰਾ ਅਤੇ ਕੌਸ਼ਲਾਂ ਨੂੰ ਸਿੱਖ ਸਕਣ। ਸਿੱਖਿਆ ਸੰਸਥਾਵਾਂ ਇਹਨਾਂ ਕੌਸ਼ਲਾਂ ਨੂੰ ਪ੍ਰਦਾਨ ਕਰਨ ਦਾ ਸਹੀ ਢੰਗ ਹਨ। ਇਹ ਅਧਿਆਪਕ ਅਤੇ ਸਕੂਲ ਦੀ ਜਿੰਮੇਵਾਰੀ ਹੈ ਕਿ ਉਹ ਸਮਾਜ ਦੇ ਬੱਚਿਆਂ ਨੂੰ ਅਨੁਸ਼ਾਸਿਤ ਕਰਕੇ ਉਹਨਾਂ ਨੂੰ ਪਾਠਕ੍ਰਮ ਦੇ ਰੂਪ ਵਿੱਚ ਤਜਰਬੇ ਪ੍ਰਦਾਨ ਕਰੇ। ਪਾਠਕ੍ਰਮ, ਅਧਿਆਪਕ ਤੇ ਸਿੱਖਿਆ ਨੂੰ ਆਪਣੇ ਆਪ ਉਪਲਬੱਧ ਨਹੀਂ ਹੁੰਦਾ। ਇਸ ਨੂੰ ਬਹੁਤ ਸੋਚ ਵਿਚਾਰ ਕਰਕੇ ਨਿਯੋਜਿਤ ਕੀਤਾ ਜਾਂਦਾ ਹੈ ਜਿਸ ਵਿੱਚ ਸਿੱਖਿਆ ਦਰਸ਼ਨ, ਸਭਿਆਚਾਰ ਦੀ ਵਿਕਾਸ ਅਵਸਥਾ ਅਤੇ ਦੇਸ਼ ਦੇ ਸਾਧਨ ਤੇ ਲੋੜਾਂ ਨੂੰ ਧਿਆਨ ਵਿੱਚ ਰੱਖਿਆ ਜਾਂਦਾ ਹੈ।ਸਮਾਜ ਦੀਆਂ ਜ਼ਰੂਰਤਾਂ, ਗਿਆਨ ਅਤੇ ਜਾਣਕਾਰੀਆਂ ਪਾਠਕ੍ਰਮ ਦੇ ਨਿਰਮਾਣ ਲਈ ਨੀਂਹ ਪ੍ਰਦਾਨ ਕਰਦੀਆਂ ਹਨ।

**ਵਿਆਪਕ ਅਰਥ** (Broader Meaning): ਸਿੱਖਿਆ ਸ਼ਾਸਤਰ (Pedagogically) ਅਨੁਸਾਰ, ਪਾਠਕ੍ਰਮ ਦਾ ਅਰਥ ਸਿੱਖਿਆ ਦਾ ਕੋਰਸ ਹੈ। ਵਿਆਪਕ ਅਰਥਾਂ ਵਿੱਚ, ਪਾਠਕ੍ਰਮ ਵਿੱਚ ਉਹ ਸਾਰੇ ਅਨੁਭਵ ਸ਼ਾਮਿਲ ਹੁੰਦੇ ਹਨ ਜੋ ਇੱਕ ਸਕੂਲ ਆਪਣੇ ਸਮੁੱਚੇ ਕੰਮ ਦੀ ਸੰਗਠਨਤਾ ਲਈ, ਵਿਦਿਆਰਥੀਆਂ ਨੂੰ ਪ੍ਰਦਾਨ ਕਰਦਾ ਹੈ। ਇਸ ਅਰਥਾਂ ਵਿੱਚ ਪਾਠਕ੍ਰਮ ਵਿੱਚ ਸਕੂਲ ਵਿੱਚ ਪੜ੍ਹਾਏ ਜਾਣ ਵਾਲੇ ਅਕਾਦਮਿਕ ਵਿਸ਼ੇ ਹੀ ਸ਼ਾਮਿਲ ਨਹੀਂ ਹੁੰਦੇ ਸਗੋਂ ਸਕੂਲ ਵਿਚਲੇ ਤੇ ਬਾਹਰਲੇ ਸਾਰੇ ਸਿੱਖਿਆ ਅਨੁਭਵ ਵੀ ਸ਼ਾਮਿਲ ਹੁੰਦੇ ਹਨ। ਸੰਕੀਰਨ ਅਰਥਾਂ ਵਿੱਚ, ਪਾਠਕ੍ਰਮ ਵਿੱਚ ਸਲੇਬਸ ਦੇ ਸਿਰਫ਼ ਅਕਾਦਮਿਕ ਵਿਸ਼ੇ ਹੀ ਸ਼ਾਮਿਲ ਕੀਤੇ ਜਾਂਦੇ ਹਨ।

**ਕ੍ਰੋ ਅਤੇ ਕ੍ਰੋ** ਦੇ ਅਨੁਸਾਰ, "ਪਾਠਕ੍ਰਮ ਵਿੱਚ ਸਿਖਿਆਰਥੀ ਦੇ ਸਕੂਲ ਦੇ ਅੰਦਰ ਅਤੇ ਬਾਹਰ ਦੇ ਸਾਰੇ ਅਜਿਹੇ ਸਿੱਖਣ ਤਜਰਬੇ ਸ਼ਾਮਿਲ ਹੁੰਦੇ ਹਨ ਜੋ ਉਸਦੇ ਮਾਨਸਿਕ, ਸਰੀਰਕ, ਭਾਵਨਾਤਮਿਕ, ਆਤਮਿਕ ਅਤੇ ਨੈਤਿਕ ਵਿਕਾਸ ਲਈ ਬਣਾਏ ਗਏ ਕਾਰਜਕ੍ਰਮ ਵਿੱਚ ਸ਼ਾਮਿਲ ਕੀਤੇ ਜਾਂਦੇ ਹਨ"। (According to Crow and Crow, "curriculum includes all the learners experiences in and outside the school that are included in a programme which has been devised to help to develop mentally, physically, emotionally, spiritually and morally.")

**ਸਿੱਲਬੈੱਕ** (Silbeck) ਅਨੁਸਾਰ, ਪਾਠਕ੍ਰਮ ਤੋਂ ਭਾਵ ਉਨ੍ਹਾਂ ਸਾਰੀਆਂ ਕ੍ਰਿਆਵਾਂ ਤੋਂ ਹੈ ਜੋ ਸਕੂਲ ਤੇ ਅਧਿਆਪਕ, ਸੋਚ ਵਿਚਾਰ ਪਿੱਛੋਂ, ਆਪਣੇ ਉਦੇਸ਼ਾਂ ਨੂੰ ਪ੍ਰਾਪਤ ਕਰਨ ਲਈ ਪ੍ਰਦਾਨ ਕਰਦੇ ਹਨ। ਸਿੱਖਿਆ ਦੇ ਕੋਰਸ (Course) ਪਾਠਕ੍ਰਮ ਵਿੱਚੋਂ ਨਿਕਲਦੇ ਹਨ। ਵਿਸ਼ੇ-ਵਸਤੂ (Syllabus) ਜਾਂ ਸਿੱਖਿਆਕ੍ਰਮ, ਉਹ ਕੋਰਸ ਵਿਸ਼ਾ-ਵਸਤੂ ਹੁੰਦੇ ਹਨ ਜੋ ਕਿਸੇ ਚੁਣੇ ਹੋਏ ਵਿਸ਼ੇ ਵਿੱਚ ਸ਼ਾਮਿਲ ਹੁੰਦੇ ਹਨ। (According to ***Silbeck***, the word curriculum is used to refer to all those activities which teachers and schools deliberately provide, in order to achieve their objects. The course of studies evolve from the Curriculum, Syllabi are but outlines of the course content to be included in the chosen subjects.)

ਇਹ ਪਾਠਕ੍ਰਮ ਦਾ ਵਿਆਪਕ ਅਰਥ ਹੈ। ਪੜ੍ਹਾਏ ਜਾਣ ਵਾਲੇ ਵਿਸ਼ਿਆਂ ਦੇ ਵਿਸ਼ੇ-ਵਸਤੂਆਂ ਤੋਂ ਇਲਾਵਾ ਇਸ ਵਿੱਚ ਪਾਠ ਸਹਾਇਕ ਤੇ ਵਧੀਕ (Extra) ਕ੍ਰਿਆਵਾਂ ਵੀ ਸ਼ਾਮਿਲ ਹੁੰਦੀਆਂ ਹਨ। ਪਾਠਕ੍ਰਮ ਦਾ ਇਹ ਵਿਆਪਕ ਸੰਕਲਪ, ਸੈਕੰਡਰੀ ਸਿੱਖਿਆ ਕਮਿਸ਼ਨ 1952-53 (Secondary Education Commision, 1952-53) ਨੇ ਇਸ ਪ੍ਰਕਾਰ ਬਿਆਨ ਕੀਤਾ ਹੈ:

"ਪਾਠਕ੍ਰਮ ਵਿੱਚ ਉਹ ਸਾਰੇ ਅਨੁਭਵ ਸ਼ਾਮਿਲ ਹਨ ਜੋ ਇੱਕ ਵਿਦਿਆਰਥੀ ਸਕੂਲ ਦੀਆਂ ਬਹੁਮੁੱਖੀ ਕ੍ਰਿਆਵਾਂ, ਜਮਾਤ ਕਮਰੇ, ਲਾਇਬ੍ਰੇਰੀ, ਵਰਕਸ਼ਾਪ, ਖੇਡ ਦੇ ਮੈਦਾਨ ਅਤੇ ਅਧਿਆਪਕ ਅਤੇ ਵਿਦਿਆਰਥੀ ਵਿਚਕਾਰ ਕਈ ਹੋਰ ਗੈਰ ਰਸਮੀ ਸੰਬੰਧਾਂ ਨਾਲ ਹੋਣ ਵਾਲੀਆਂ ਵਿਭਿੰਨ ਪ੍ਰਕਾਰ ਦੀਆਂ ਕ੍ਰਿਆਵਾਂ ਤੋਂ ਹਾਸਿਲ ਕਰਦਾ ਹੈ"। ਦੂਸਰੇ ਸ਼ਬਦਾਂ ਵਿੱਚ, ਸਕੂਲ ਦਾ ਸਮੁੱਚਾ ਜੀਵਨ ਹੀ ਪਾਠਕ੍ਰਮ ਹੈ ਜੋ ਵਿਦਿਆਰਥੀਆਂ ਦੇ ਜੀਵਨ ਦੇ ਹਰੇਕ ਪੱਧਰ ਨੂੰ ਛੂਹਦਾ ਹੈ ਅਤੇ ਉਸਦੀ ਸਤੁੰਲਿਤ ਸ਼ਖਸ਼ੀਅਤ ਨੂੰ ਜਨਮ ਦਿੰਦਾ ਹੈ। (Curriculum includes totality of experiences pupil receives through the manifold activities that go on in the school, classroom, library, laboratory, workshop, play ground and in numerous informal contacts between teachers and pupils." In other words the whole life of school is curriculum which can touch the life of students at all levels and helps in evolution of a balanced personality.)

ਉੱਤਮ ਆਧੁਨਿਕ ਸਿੱਖਿਆ ਚਿੰਤਨ (Thought) ਅਨੁਸਾਰ ਪਾਠਕ੍ਰਮ ਦਾ ਅਰਥ ਸਿਰਫ਼ ਸਕੂਲ ਵਿੱਚ ਪੜ੍ਹਾਏ ਜਾਣ ਵਾਲੇ ਪਰੰਪਰਿਕ ਅਕਾਦਮਿਕ ਵਿਸ਼ੇ ਹੀ ਨਹੀਂ ਹਨ ਪਰੰਤੂ ਇਹ ਉਨ੍ਹਾਂ ਸਾਰੇ ਸਿੱਖਿਆ ਅਨੁਭਵਾਂ ਦਾ ਸਮੂਹ ਹੁੰਦਾ ਹੈ ਜੋ ਵਿਦਿਆਰਥੀ, ਅਧਿਆਪਕਾਂ ਤੇ ਵਿਦਿਆਰਥੀਆਂ ਦੇ ਅਨੇਕਾਂ ਗ਼ੈਰ- ਰਸਮੀ ਸੰਬੰਧਾਂ ਦੇ ਫ਼ਲਸਰੂਪ ਬਹੁ-ਪੱਖੀ ਕ੍ਰਿਆਵਾਂ ਦੇ ਰੂਪ ਵਿੱਚ ਪ੍ਰਾਪਤ ਕਰਦਾ ਹੈ।

ਇਸ ਪ੍ਰਕਾਰ, ਸਕੂਲ ਦਾ ਸਮੁੱਚਾ ਜੀਵਨ ਪਾਠਕ੍ਰਮ ਬਣ ਜਾਂਦਾ ਹੈ ਜੋ ਵਿਦਿਆਰਥੀਆਂ ਦੇ ਹਰੇਕ ਕੰਮ ਨਾਲ ਸੰਬੰਧਿਤ ਹੁੰਦਾ ਹੈ। ਇਹ ਵਿਦਿਆਰਥੀਆਂ ਦੀ ਸ਼ਖ਼ਸੀਅਤ ਦੇ ਸੰਤੁਲਿਤ ਵਿਕਾਸ ਵਿੱਚ ਸਹਾਇਤਾ ਕਰਦਾ ਹੈ। ਇਹੀ ਪਾਠਕ੍ਰਮ ਦਾ ਆਧੁਨਿਕ ਸੰਕਲਪ ਹੈ।

### 1.4.8.2. ਪਾਠਕ੍ਰਮ ਦੇ ਦਾਰਸ਼ਨਿਕ ਨਿਰਣਾਇਕ (Philosophical Determinants of Curriculum)

ਪਾਠਕ੍ਰਮ ਸਿੱਖਿਆ ਦੇ ਉਦੇਸ਼ਾਂ ਦੀ ਪੂਰਤੀ ਦਾ ਇੱਕ ਸਾਧਨ ਹੈ। ਇਸ ਲਈ ਸਾਡੇ ਵਿਦਿਅਕ ਉਦੇਸ਼ ਕਿਸੇ ਵਿਸ਼ੇ ਦੇ ਪਾਠਕ੍ਰਮ ਨੂੰ ਨਿਰਧਾਰਿਤ ਕਰਦਾ ਹੈ। ਪ੍ਰੰਤੂ ਸਿੱਖਿਆ ਦੇ ਉਦੇਸ਼ਾਂ ਨੂੰ ਅੱਗੋਂ ਦਰਸ਼ਨ ਨਿਰਧਾਰਿਤ ਕਰਦਾ ਹੈ ਇਸ ਲਈ ਇਹ ਦਰਸ਼ਨ ਪਾਠਕ੍ਰਮ ਵੀ ਨਿਰਧਾਰਿਤ ਕਰਦਾ ਹੈ।ਇਸ ਪ੍ਰਕਾਰ ਦਰਸ਼ਨ ਸਿਰਫ਼ ਸਿੱਖਿਆ ਦੇ ਉਦੇਸ਼ ਨਿਰਧਾਰਿਤ ਕਰਨ ਦਾ ਇੱਕ ਸ਼ਕਤੀਸ਼ਾਲੀ ਕਾਰਨ ਹੀ ਨਹੀਂ ਹੈ ਸਗੋਂ ਇਹ ਸਿੱਖਿਆ ਦੇ ਵਿਸ਼ੇ-ਵਸਤੂ ਬਾਰੇ ਫ਼ੈਸਲਾ ਕਰਨ ਦਾ ਵੀ ਇੱਕ ਮਜ਼ਬੂਤ ਕਾਰਕ ਹੈ।ਜਿਸ ਪ੍ਰਕਾਰ ਦਾ ਦਰਸ਼ਨ ਹੋਵੇਗਾ ਨਿਸ਼ਚਿਤ ਹੀ ਉਸੇ ਪ੍ਰਕਾਰ ਦੇ ਹੀ ਹਰੇਕ ਸਿੱਖਿਆ ਅਤੇ ਵਿਸ਼ੇ ਦੇ ਉਦੇਸ਼ ਹੋਣਗੇ। ਜੇਕਰ ਉਦੇਸ਼ ਦੱਸਦੇ ਹਨ, "ਸਿੱਖਿਆ ਕਿਉਂ?" (Why Education), ਵਿਸ਼ਾ-ਵਸਤੂ ਦੱਸਦਾ ਹੈ "ਸਿੱਖਿਆ ਕਿਹੜੀ" (What Education) ਅਤੇ ਸਿੱਖਿਆ ਸ਼ਾਸਤਰ (Pedagogy) "ਸਿੱਖਿਆ ਕਿਸ ਤਰ੍ਹਾਂ" (How Education) ਬਾਰੇ ਜਾਣਕਾਰੀ ਪ੍ਰਦਾਨ ਕਰਦਾ ਹੈ।ਇਸ ਪ੍ਰਕਾਰ ਦੋਨੋਂ ਅੰਤਰਸੰਬੰਧਿਤ ਹਨ।ਦਰਸ਼ਨ ਹੀ ਪਾਠਕ੍ਰਮ ਵਿੱਚ ਸ਼ਾਮਿਲ ਹੋਣ ਵਾਲੇ ਵਿਸ਼ੇ ਦਾ ਨਿਰਣਾ ਕਰਦਾ ਹੈ।

ਇਸ ਤਰ੍ਹਾਂ, ਜਦੋਂ ਸਿੱਖਿਆ ਉਦੇਸ਼, ਦਰਸ਼ਨ ਵਲੋਂ ਮਿੱਥੇ ਜਾਂਦੇ ਹਨ ਤਾਂ ਇਹ ਪ੍ਰਸ਼ਨ ਉੱਠਦਾ ਹੈ ਕਿ "ਸਿੱਖਿਆ ਦਾ ਕੀ ਵਿਸ਼ਾ-ਵਸਤੂ ਹੋਣਾ ਚਾਹੀਦਾ ਹੈ ਜੋ ਵਿਦਿਆਰਥੀਆਂ ਨੂੰ ਪ੍ਰਦਾਨ ਕੀਤਾ ਜਾਵੇ ਤਾਂ ਜੋ ਸਿੱਖਿਆ ਦੇ ਨਿਰਧਾਰਿਤ ਉਦੇਸ਼ ਪੂਰੇ ਜਾਂ ਪ੍ਰਾਪਤ ਕੀਤੇ ਜਾ ਸਕਣ।"

### 1.4.8.3. ਪਾਠਕ੍ਰਮ ਦੇ ਨਿਰਣਾਇਕ ਵਜੋਂ ਦਾਰਸ਼ਨਿਕ ਸਿਧਾਂਤ (Philosophy Principles as Determinants of Curriculum):

ਸਿੱਖਿਆ ਦੇ ਦਾਰਸ਼ਨਿਕ ਆਧਾਰਾਂ ਵਲੋਂ ਦਿੱਤੇ ਹੇਠ ਲਿਖੇ ਸਿਧਾਂਤ, ਪਾਠਕ੍ਰਮ ਦੇ ਸ਼ਕਤੀਸ਼ਾਲੀ ਨਿਰਣਾਇਕ ਵਜੋਂ ਕੰਮ ਕਰਦੇ ਹਨ:

1. **ਬਾਲ ਕੇਂਦ੍ਰਿਤਤਾ** (Child Centredness): ਪ੍ਰਾਕ੍ਰਿਤੀਵਾਦੀ ਦਾਰਸ਼ਨਿਕ (Naturalistic philosophical) ਅੰਦੋਲਨ ਨੇ ਪਾਠਕ੍ਰਮ ਨੂੰ ਬਾਲ ਕੇਂਦ੍ਰਿਤ ਬਣਾਇਆ।
2. **ਲੋੜ ਕੇਂਦ੍ਰਿਤਤਾ** (Need Centredness): ਇਹ ਸਿੱਖਿਆ ਦੇ ਪ੍ਰਯੋਜਨਵਾਦੀ ਦਰਸ਼ਨ ਦਾ ਪ੍ਰਭਾਵ ਸੀ। ਇਸ ਨੇ ਪਾਠਕ੍ਰਮ ਨੂੰ ਬੱਚਿਆਂ ਦੀਆਂ ਲੋੜਾਂ ਦੁਆਲੇ ਉਸਾਰਨ ਉੱਤੇ ਜ਼ੋਰ ਦਿੱਤਾ।
3. **ਕ੍ਰਿਆ ਕੇਂਦ੍ਰਿਤ** (Activity Centred): ਪਾਠਕ੍ਰਮ ਲਾਜ਼ਮੀ ਤੌਰ 'ਤੇ ਬਹੁਤ ਸਾਰੀਆਂ ਸੰਗਠਿਤ ਸਿੱਖਣ ਕ੍ਰਿਆਵਾਂ ਤੋਂ ਨਿਰਮਿਤ ਹੋਣਾ ਚਾਹੀਦਾ ਹੈ। ਪ੍ਰੋਜੈਕਟ ਵਿਧੀ ਅਤੇ ਬੇਸਿਕ ਪਾਠਕ੍ਰਮ, ਕ੍ਰਿਆ ਪਾਠਕ੍ਰਮ ਦੀਆਂ ਕੁਝ ਉਦਾਹਰਨਾਂ ਹਨ।

### 1.4.8.4. ਦਾਰਸ਼ਨਿਕ ਨਿਰਣਾਇਕ **ਦੁਆਰਾ** ਨਿਰਧਾਰਿਤ ਪਾਠਕ੍ਰਮ ਦੇ ਲੱਛਣ (Characteristic of Curriculum as determined by Philosophical determinants):

ਸਿੱਖਿਆ ਦੇ ਦਾਰਸ਼ਨਿਕ ਆਧਾਰਾਂ ਉੱਪਰ ਆਧਾਰਿਤ ਪਾਠਕ੍ਰਮ ਦੇ ਹੇਠ ਲਿਖੇ ਲੱਛਣ ਦ੍ਰਿਸ਼ਟੀਗੋਚਰ ਹੁੰਦੇ ਹਨ:

1. ਇਹ ਵਿਅਕਤੀ ਦੇ ਸਰਵਪੱਖੀ ਵਿਕਾਸ ਵੱਲ ਕੇਂਦ੍ਰਿਤ ਹੁੰਦਾ ਹੈ।
2. ਇਹ ਆਤਮ-ਬੋਧ ਅਤੇ ਕਦਰਾਂ ਦੀ ਪ੍ਰਾਪਤੀ ਦਾ ਉਦੇਸ਼ ਰੱਖਦਾ ਹੈ।
3. ਇਹ ਲੋਕਾਂ ਦੇ ਦਰਸ਼ਨ ਉੱਪਰ ਆਧਾਰਿਤ ਹੁੰਦਾ ਹੈ।
4. ਇਹ ਲੋਕਾਂ ਦੇ ਆਦਰਸ਼ ਤੇ ਇੱਛਾਵਾਂ ਨੂੰ ਪ੍ਰਤੀਬਿੰਬਤ ਕਰਦਾ ਹੈ।
5. ਇਹ ਨੌਜਵਾਨਾਂ ਵਿੱਚ ਜੀਵਨ ਲਈ ਲੋੜੀਂਦੇ ਆਦਰਸ਼ਾਂ ਨੂੰ ਪੈਦਾ ਕਰਦਾ ਹੈ।
6. ਇਹ ਜੀਵਨ ਦਾ ਉਪਯੁਕਤ ਦਰਸ਼ਨ ਦੇ ਵਿਕਾਸ ਵਿੱਚ ਸਹਾਇਤਾ ਕਰਦਾ ਹੈ।
7. ਇਹ ਲੋਕਾਂ ਦੇ ਅਕਾਂਖਿਆ ਪੱਧਰ (Aspirational level) ਦੇ ਅਨੁਸਾਰ ਹੁੰਦਾ ਹੈ।
8. ਇਹ ਸਿਖਿਆਰਥੀਆਂ ਨੂੰ ਲੋੜੀਂਦੇ ਸਭਿਆਚਾਰਿਕ ਮੁੱਲ, ਬੌਧਿਕ ਗੁਣ ਅਤੇ ਨੈਤਿਕ ਸਿੱਧਾਂਤਾਂ ਸਮੇਤ ਸਮਾਜਿਕ ਨਿਯਮਾਂ ਨੂੰ ਸਿੱਖਣ ਦੇ ਕਾਬਿਲ ਬਣਾਉਂਦਾ ਹੈ।
9. ਇਹ ਵਿਅਕਤੀਗਤ ਅਤੇ ਰਾਸ਼ਟਰੀ ਚਰਿੱਤਰ ਦੇ ਵਿਕਾਸ ਵਿੱਚ ਸਹਾਇਤਾ ਕਰਦਾ ਹੈ।

### 1.4.8.5. ਪਾਠਕ੍ਰਮ ਦਾ ਦਰਸ਼ਨਿਕ ਆਧਾਰ (Philosophical Foundations of Curriculum):

ਪਾਠਕ੍ਰਮ ਸਿੱਖਿਆ ਦੇ ਕਈ ਅਹਿਮ ਮੁੱਦਿਆਂ ਨੂੰ ਛੂੰਹਦਾ ਹੈ। ਇਹਨਾਂ ਮੁੱਦਿਆ ਅੰਦਰ ਸਿੱਖਣ ਦੇ ਉਦੇਸ਼, ਵਿਸ਼ਾ-ਵਸ਼ਤੂ ਦੇ ਸੋਮੇ, ਅਧਿਆਪਨ/ਸਿੱਖਣ ਪ੍ਰਕ੍ਰਿਆ ਦੀ ਪ੍ਰਕ੍ਰਿਤੀ, ਸਿਖਿਆਰਥੀ ਦੇ ਗੁਣ ਅਤੇ ਹੋਰ ਮੁੱਦੇ ਸ਼ਾਮਿਲ ਹਨ।ਇਹਨਾਂ ਪ੍ਰਤੀ ਲਏ ਜਾਣ ਵਾਲੇ ਨਿਰਣੇ ਅਜਿਹੇ ਬੁਨਿਆਦੀ ਵਿਸ਼ਵਾਸਾਂ ਉੱਤੇ ਅਧਾਰਿਤ ਹੁੰਦੇ ਹਨ ਜੋ ਸਿੱਖਿਆ ਦਰਸ਼ਨ ਵਿੱਚੋਂ ਉਪਜਦੇ ਹਨ।ਇਸੇ ਕਾਰਨ ਹੀ ਦਰਸ਼ਨ ਨੂੰ ਪਾਠਕ੍ਰਮ

ਦਾ ਆਧਾਰ ਮੰਨਿਆ ਜਾਂਦਾ ਹੈ। ਪਾਠਕ੍ਰਮ ਅਸਲੀ ਜੀਵਨ ਵਿੱਚ ਗਿਆਨ ਦੀ ਵਿਵਹਾਰਿਕ ਵਰਤੋਂ ਸਿਖਾਉਂਦਾ ਹੈ ਅਤੇ ਇਸ ਜੀਵਨ ਅਤੇ ਸੰਸਾਰ ਦੀ ਵਾਸਤਵਿਕਤਾ ਅਤੇ ਵਿਚਾਰਾਂ ਦਾ ਬੋਧ ਕਰਵਾਉਂਦਾ ਹੈ। ਇਸੇ ਲਈ ਪਾਠਕ੍ਰਮ ਨੂੰ ਦਰਸ਼ਨ ਦਾ ਗਤੀਸ਼ੀਲ ਪੱਖ ਕਿਹਾ ਜਾਂਦਾ ਹੈ।

ਇਹ ਵਿਸ਼ੇਸ਼ ਧਿਆਨ ਦੇਣ ਯੋਗ ਪਹਿਲੂ ਹੈ ਕਿ ਪਾਠਕ੍ਰਮ ਹਮੇਸ਼ਾ ਨਿਸ਼ਚਿਤ ਨਹੀਂ ਹੁੰਦਾ। ਦਰਸ਼ਨ ਦੁਆਰਾ ਨਿਰਧਾਰਿਤ ਸਿੱਖਿਆ ਦੇ ਉਦੇਸ਼ਾਂ ਵਿੱਚ ਕਿਸੇ ਵੀ ਤਬਦੀਲੀ ਨਾਲ ਹੀ ਇਸ ਵਿੱਚ ਬਦਲਾਵ ਆ ਜਾਂਦਾ ਹੈ। ਹਰੇਕ ਦਰਸ਼ਨ ਸਕੂਲ (schools of philosophy) ਦੇ ਵਿਭਿੰਨ ਵਿਸ਼ਵਾਸ ਹੋਣ ਕਾਰਨ ਪਾਠਕ੍ਰਮ ਵਿੱਚ ਵੀ ਵਿਭਿੰਨਤਾ ਪਾਈ ਜਾਂਦੀ ਹੈ। ਪਾਠਕ੍ਰਮ ਨੂੰ ਪ੍ਰਭਾਵਿਤ ਕਰਨ ਵਾਲੀਆਂ ਵਿਭਿੰਨ ਦਰਸ਼ਨਿਕ ਚਿੰਤਨ ਹਨ: ਆਦਰਸ਼ਵਾਦ, ਯਥਾਰਥਵਾਦ (ਵਸਤੂਵਾਦ), ਵਿਵਹਾਰਵਾਦ, ਅਸਤਿਤਵਵਾਦ (ਹੋਂਦਵਾਦ), ਪਦਾਰਥਵਾਦ, ਪੀੜਤਵਾਦ (ਸਥਾਈਤਵਵਾਦ), ਪੁਨਰਨਿਰਮਾਣਵਾਦ। ਇਹਨਾਂ ਦਾ ਵਿਸਥਾਰਪੂਰਵਕ ਵਰਨਣ ਹੇਠ ਲਿਖੇ ਅਨੁਸਾਰ ਹੈ:

**i) ਆਦਰਸ਼ਵਾਦ (Idealism):** ਆਦਰਸ਼ਵਾਦ ਦੇ ਸਿਧਾਂਤ ਅਨੁਸਾਰ ਪਦਾਰਥ ਇੱਕ ਭਰਮ ਹੈ ਅਤੇ ਇਸ ਸੰਸਾਰ ਦੀਆਂ ਸਮੂਹ ਵਸਤੂਆਂ ਅਤੇ ਵਿਚਾਰਾਂ ਜਾਂ ਚੇਤਨਾ ਦੀ ਅਭਿਵਿਅਕਤੀ ਹੈ ਭਾਵ ਸੱਚ ਉਹੀ ਹੈ ਜੋ ਮਾਨਸਿਕ ਤੌਰ ਤੇ ਮੌਜੂਦ ਹੈ। ਸ੍ਰਿਸਟੀ ਦਾ ਸੱਚ ਪਦਾਰਥ ਨਹੀਂ ਚੇਤਨਾ ਹੈ। ਇਹ ਸੰਸਾਰ ਦੀ ਵਿਆਖਿਆ ਲਈ ਨੈਤਿਕ ਅਤੇ ਆਤਮਿਕ ਵਾਸਤਵਿਕਤਾ ਉੱਤੇ ਜ਼ੋਰ ਦਿੰਦਾ ਹੈ ਅਤੇ ਨੈਤਿਕ ਮੁੱਲਾਂ ਨੂੰ ਪੂਰਨ, ਆਨੰਤ ਅਤੇ ਸਰਵਵਿਆਪਕ ਮੰਨਦਾ ਹੈ। ਆਦਰਸ਼ਵਾਦੀ ਵਿਚਾਰਾਂ ਨੇ ਸਿੱਖਿਆ ਦੇ ਉਦੇਸ਼ਾਂ ਨੂੰ ਹੀ ਨਿਰਧਾਰਿਤ ਨਹੀਂ ਕੀਤਾ ਸਗੋਂ ਉਸ ਲਈ ਉਪਯੁਕਤ ਪਾਠਕ੍ਰਮ ਵੀ ਨਿਰਧਾਰਿਤ ਕੀਤਾ ਹੈ। ਇਹ ਸਿੱਖਿਆ ਨੂੰ ਅਧਿਆਤਮਿਕ ਪ੍ਰਕ੍ਰਿਆ ਮੰਨਦਾ ਹੈ ਜੋ ਵਿਅਕਤੀ ਨੂੰ ਅਧਿਆਤਮਿਕ ਜੀਵਨ ਲਈ ਤਿਆਰ ਕਰਦੀ ਹੈ। ਇਹਨਾਂ ਅਨੁਸਾਰ ਭੌਤਿਕ ਤੱਤ ਨਾਸ਼ਵਾਨ ਹਨ ਅਤੇ ਇਹ ਵਿਚਾਰਾਂ ਦੇ ਮਹੱਤਵ ਨੂੰ ਸਵੀਕਾਰ ਕਰਦਾ ਹੈ। ਆਤਮਾ ਤੇ ਪਰਮਾਤਮਾ ਦਾ ਮਿਲਾਨ ਕੇਵਲ ਵਿਚਾਰਾਂ ਰਾਹੀ ਹੀ ਹੋ ਸਕਦਾ ਹੈ। ਇਹਨਾਂ ਉਦੇਸ਼ਾਂ ਨਾਲ ਮਾਨਵੀ ਗੁਣਾਂ ਦਾ ਵਿਕਾਸ ਹੁੰਦਾ ਹੈ ਅਤੇ ਸਮਾਜ ਨੂੰ ਪ੍ਰਗਤੀ ਵੱਲ ਲੈ ਕੇ ਜਾਂਦਾ ਹੈ। ਸਿੱਖਿਆ ਦੇ ਉਦੇਸ਼ਾਂ ਦੀ ਪ੍ਰਾਪਤੀ ਤਾਂ ਹੀ ਸੰਭਵ ਹੈ ਜੇਕਰ ਪਾਠਕ੍ਰਮ ਵੀ ਉਸ ਅਨੁਸਾਰ ਹੋਵੇ। ਜੇਕਰ ਅਸੀ ਆਦਰਸ਼ਵਾਦ ਦੇ ਵਿਚਾਰਾਂ ਨੂੰ ਵਿਦਿਅਕ ਉਦੇਸ਼ਾਂ ਉੱਤੇ ਲਾਗੂ ਕਰੀਏ ਤਾਂ ਸਿੱਖਿਆ ਵਿੱਚ ਅਧਿਆਪਕ ਦੀ ਭੂਮਿਕਾ ਅਤੇ ਪਾਠਕ੍ਰਮ ਦੀ ਹੇਠ ਲਿਖੀ ਉਪਯੋਗਤਾ ਹੈ:

1. ਸਿੱਖਿਆ ਦਾ ਪਰਮ ਉਦੇਸ਼ ਈਸ਼ਵਰ ਦੀ ਪ੍ਰਾਪਤੀ ਹੈ ਇਸ ਲਈ ਪਾਠਕ੍ਰਮ ਵਿੱਚ ਵੀ ਉਹੀ ਵਿਸ਼ੇ ਸਮੰਲਿਤ ਕਰਨ ਉੱਤੇ ਹੋਰ ਦੇਣਾ ਚਾਹੀਦਾ ਹੈ ਜਿਸ ਨਾਲ ਇਹਨਾਂ ਉਦੇਸ਼ਾਂ ਦੀ ਪ੍ਰਾਪਤੀ ਹੋ ਸਕੇ। ਇਸ ਉਦੇਸ਼ ਦੀ ਪ੍ਰਾਪਤੀ ਲਈ ਸਭ ਤੋਂ ਪਹਿਲਾਂ ਸੱਤਿਅਮ, ਸਿਵਮ ਅਤੇ ਸੁੰਦਰਮ ਤਿੰਨਾਂ ਤੱਤਾਂ ਦੀ ਪ੍ਰਾਪਤੀ ਹੋਣੀ ਚਾਹੀਦੀ ਹੈ। ਇਹ ਤਿੰਨੋਂ ਮੁੱਲ ਮਨੁੱਖ ਦੀਆਂ ਬੌਧਿਕ, ਨੈਤਿਕ ਅਤੇ ਕਲਾਤਮਿਕ ਕ੍ਰਿਆਵਾਂ ਦੁਆਰਾ ਪ੍ਰਾਪਤ ਹੁੰਦੇ ਹਨ।
2. ਇਹ ਪਾਠਕ੍ਰਮ ਦੇ ਨਿਰਮਾਣ ਲਈ ਠੋਸ ਆਧਾਰਾਂ ਨੂੰ ਆਦਰਸ਼ ਸਮਾਜ ਤੋਂ ਇਲਾਵਾ ਵਿਅਕਤੀ ਦੇ ਚਰਿੱਤਰ ਵਿੱਚ ਖੋਜਦੇ ਹਨ। ਇਸ ਲਈ ਉਹ ਸਾਰੇ ਅਨੁਭਵ, ਕ੍ਰਿਆਵਾਂ ਅਤੇ ਜੀਵਨ ਦੀਆਂ ਪਰਿਸਥਿਤੀਆਂ ਜੋ ਆਦਰਸ਼ ਦੀ ਪੂਰਨਤਾ ਵੱਲ ਲੈ ਕੇ ਜਾਣ, ਉਹਨਾਂ ਨੂੰ ਪਾਠਕ੍ਰਮ ਵਿੱਚ ਖਾਸ ਸਥਾਨ ਦੇਣਾ ਚਾਹੀਦਾ ਹੈ।
3. ਆਦਰਸ਼ਵਾਦ ਪਾਠਕ੍ਰਮ ਦੀ ਸਮੱਸਿਆਂ ਨੂੰ ਬੱਚੇ ਜਾਂ ਉਸ ਦੀਆਂ ਮੌਜੂਦਾ ਜ਼ਰੂਰਤਾਂ ਦੇ ਦ੍ਰਿਸ਼ਟੀਕੋਣ ਤੋਂ ਵੇਖਣ ਦੀ ਥਾਂ ਤੇ ਜੀਵਨ ਦੇ ਉੱਚ ਮੁੱਲਾਂ ਦੇ ਨਜ਼ਰੀਏ ਤੋਂ ਦੇਖਦੇ ਹਨ। ਇਸ ਅਨੁਸਾਰ ਪਾਠਕ੍ਰਮ ਸਥਿਰ ਨਾ ਹੋ ਕੇ ਗਤੀਸ਼ੀਲ ਹੋਵੇ ਅਤੇ ਬਾਲਕਾਂ ਦੀਆਂ ਜ਼ਰੂਰਤਾਂ ਅਨੁਸਾਰ ਇਸ ਵਿੱਚ ਪਰਿਵਰਤਨ ਕੀਤਾ ਜਾਵੇ।
4. ਅਧਿਆਪਕ ਨੈਤਿਕ ਮੁੱਲਾਂ ਨੂੰ ਚਿਰਸਥਾਈ ਰੂਪ ਵਿੱਚ ਭਰਨ ਲਈ ਪ੍ਰੇਰਣਾ ਸਰੋਤ ਦੇ ਤੌਰ ਤੇ ਕੰਮ ਕਰੇ। ਸਕੂਲ ਕੋਲ ਹਰੇਕ ਸਹੂਲਤ ਮੌਜੂਦ ਹੋਵੇ ਅਤੇ ਉਹ ਸਿਰਫ ਉਹੀ ਵਿਚਾਰਾਂ ਦਾ ਸਮਰਥਨ ਕਰੇ ਜੋ ਮੁੱਲਾਂ ਨੂੰ ਪ੍ਰੋਤਸਾਹਿਤ ਕਰਦੇ ਹੋਣ।
5. ਇਹ ਪਾਠਕ੍ਰਮ ਵਿੱਚ ਉਹਨਾਂ ਵਿਸ਼ਿਆਂ ਨੂੰ ਬਲ ਦਿੰਦੇ ਹਨ ਜੋ ਮਨੁੱਖ ਨੂੰ ਉਪਯੁਕਤ ਕ੍ਰਿਆਵਾਂ ਵਿੱਚ ਨਿਪੁੰਨਤਾ ਪ੍ਰਦਾਨ ਕਰਨ। ਬੌਧਿਕ ਕ੍ਰਿਆਵਾਂ ਲਈ ਭਾਸ਼ਾ,ਸਾਹਿਤ, ਇਤਿਹਾਸ, ਭੋਗੂਲ, ਗਣਿਤ ਅਤੇ ਸਰੀਰਕ ਵਿਗਿਆਨ ਮਹੱਤਵਪੂਰਨ ਹਨ। ਨੈਤਿਕ ਕ੍ਰਿਆਵਾਂ ਲਈ ਧਰਮ, ਨੀਤੀ-ਸ਼ਾਸਤਰ ਅਤੇ ਅਧਿਆਤਮ-ਸ਼ਾਸਤਰ ਅਤੇ ਕਲਾਤਮਕ ਕਲਾਵਾਂ ਲਈ ਵਿਭਿੰਨ ਕਲਾਵਾਂ ਅਤੇ ਸੰਗੀਤ ਲਾਜ਼ਮੀ ਹਨ।
6. ਅਨੁਦੇਸ਼ਨ ਲਈ ਵਰਤੀ ਜਾਣ ਵਾਲੀ ਸਮੱਗਰੀ ਦਾ ਕੇਂਦਰ ਖਾਸ ਤੌਰ ਤੇ ਸਾਹਿਤ ਅਤੇ ਸ਼ਾਸਤਰ ਵਿਚਲੇ ਵਿਸ਼ਾਲ ਵਿਚਾਰਾਂ ਤੇ ਅਧਾਰਿਤ ਹੋਵੇ।

7. ਇਹ ਵਿਅਕਤੀਵਾਦ ਦੀ ਥਾਂ ਤੇ ਸੰਪੂਰਨ ਮਨੁੱਖੀ ਨਸਲ ਨੂੰ ਇੱਕ ਮੰਨ ਕੇ ਚੱਲਣ ਉੱਤੇ ਜ਼ੋਰ ਦਿੰਦਾ ਹੈ। ਇਸ ਲਈ ਇਹ ਪਾਠਕ੍ਰਮ ਦੀ ਅਜਿਹੀ ਰੂਪਰੇਖਾ ਦੇ ਹਾਮੀ ਹਨ ਜੋ ਬੱਚੇ ਨੂੰ ਹੌਲੀ-ਹੌਲੀ ਸਵੈ-ਬੋਧ ਵੱਲ ਲੈ ਕੇ ਜਾਵੇ।

**ii) ਯਥਾਰਥਵਾਦ (ਵਸਤੂਵਾਦ) (Realism):** ਯਥਾਰਥਵਾਦ ਉਹ ਵਿਚਾਰਧਾਰਾ ਹੈ ਜੋ ਉਸ ਵਸਤੂ ਅਤੇ ਭੌਤਿਕ ਜਗਤ ਨੂੰ ਸੱਚ ਮੰਨਦੀ ਹੈ ਜਿਹਨਾਂ ਦਾ ਅਸੀਂ ਗਿਆਨ ਇੰਦਰੀਆਂ ਦੁਆਰਾ ਅਨੁਭਵ ਕਰਦੇ ਹਾਂ। ਇਹ ਸੰਸਾਰ ਨੂੰ ਉਸਦੇ ਮੂਲ ਰੂਪ ਵਿੱਚ ਹੀ ਸਵੀਕਾਰ ਕਰਦਾ ਹੈ। ਇਹਨਾਂ ਅਨੁਸਾਰ ਵਸਤੂ ਦੀ ਹੋਂਦ ਸੁਤੰਤਰ ਹੈ ਚਾਹੇ ਉਹ ਸਾਡੇ ਅਨੁਭਵ ਵਿੱਚ ਹੋਵੇ ਜਾਂ ਨਾਂ। ਇਹ ਸਿੱਖਿਆ ਨੂੰ ਵਾਸਤਵਿਕ ਮੰਨਦੇ ਹਨ ਨਾਂ ਕਿ ਪਰਿਕਲਪਨਾ। ਸਿੱਖਿਆ ਦਾ ਉਦੇਸ਼ ਚਿਰਸਥਾਈ ਮੁੱਲ/ਕਦਰਾਂ ਹਨ। ਇਹ ਸਿੱਖਿਆ ਦੇ ਲਚਕੀਲੇ ਅਤੇ ਪਰਿਵਰਤਨਸ਼ੀਲ ਉਦੇਸ਼ਾਂ ਦਾ ਨਿਰਮਾਣ ਕਰਦੀ ਹੈ। ਇਹਨਾਂ ਵਿਚਾਰਾਂ ਦਾ ਪਾਠਕ੍ਰਮ ਉੱਪਰ ਹੇਠ ਲਿਖਿਆ ਪ੍ਰਭਾਵ ਪੈਂਦਾ ਹੈ:

1. ਯਥਾਰਥਵਾਦ ਅਨੁਸਾਰ ਬੱਚੇ ਦੀ ਸਿੱਖਿਆ ਉਸਦੀ ਵਿਅਕਤੀਗਤ ਅਤੇ ਸਮਾਜਿਕ ਜ਼ਰੂਰਤਾਂ ਅਨੁਸਾਰ ਹੋਣੀ ਚਾਹੀਦੀ ਹੈ ਤਾਂ ਕਿ ਉਹ ਅੱਗੇ ਜਾ ਕੇ ਸੁਖੀ ਜੀਵਨ ਬਤੀਤ ਕਰ ਸਕਣ ਤੇ ਸਮਾਯੋਜਨ ਸਥਾਪਿਤ ਕਰ ਸਕਣ।
2. ਅਧਿਆਪਕ ਦੀ ਪ੍ਰਮੁੱਖ ਜ਼ਿੰਮੇਵਾਰੀ ਸਿੱਖਿਆਰਥੀ ਨੂੰ ਉਸ ਸਮਾਜ ਦਾ ਗਿਆਨ ਪ੍ਰਦਾਨ ਕਰਨਾ ਹੈ ਜਿਸ ਵਿੱਚ ਉਹ ਰਹਿੰਦਾ ਹੈ। ਜੋ ਵੀ ਵੱਖ-ਵੱਖ ਵਿਸ਼ਿਆਂ ਦੇ ਵਿਦਵਾਨਾਂ ਨੇ ਸੰਸਾਰ ਬਾਰੇ ਖੋਜਿਆ ਹੈ ਉਹ ਇਸ ਗਿਆਨ ਦਾ ਹਿੱਸਾ ਬਣਦਾ ਹੈ।
3. ਆਦਰਸ਼ਵਾਦੀਆਂ ਵਾਂਗ ਹੀ ਯਥਾਰਥਵਾਦ ਵੀ ਇਸ ਗੱਲ ਉੱਪਰ ਜ਼ੋਰ ਦਿੰਦਾ ਹੈ ਕਿ ਸਿੱਖਿਆ ਉਹਨਾਂ ਚਿਰਸਥਾਈ ਕਦਰਾਂ ਦੀ ਧਾਰਨੀ ਹੋਵੇ ਜੋ ਪੀੜ੍ਹੀ ਦਰ ਪੀੜ੍ਹੀ ਚੱਲਦੀਆਂ ਹਨ ਪ੍ਰੰਤੂ ਇਹ ਕਿਸੇ ਵੀ ਰੂਪ ਵਿੱਚ ਕਿਸੇ ਖਾਸ ਅਨੁਸ਼ਾਸ਼ਨ (disciplines) ਦੇ ਅਧਿਐਨ ਵਿੱਚ ਵਿਘਨ ਨਾ ਪਾਉਣ।
4. ਸਿੱਖਿਆ ਬੱਚੇ ਨੂੰ ਵਿਦਵਾਨ ਬਣਾਉਣ ਦੀ ਥਾਂ ਤੇ ਜੀਵਨ ਨੂੰ ਸੁਚਾਰੂ ਰੂਪ ਵਿੱਚ ਜੀਵਨ ਦੀ ਕਲਾ ਸਿੱਖਣ ਦੀ ਵਕਾਲਤ ਕਰੇ। ਬਾਲਕ ਨੂੰ ਵਿਵਹਾਰਕ ਜੀਵਨ ਵਿੱਚ ਸੁਖੀ ਜੀਉਣ ਲਈ ਸਮਾਜਿਕ ਅਤੇ ਪ੍ਰਕ੍ਰਿਤਕ ਪ੍ਰਵੇਸ਼ ਦਾ ਪੂਰਨ ਅਤੇ ਸਮੱਗਰ ਗਿਆਨ ਜ਼ਰੂਰੀ ਹੈ। ਇਹ ਬੱਚੇ ਦੀ ਰੁਚੀ, ਯੋਗਤਾ ਅਤੇ ਜ਼ਰੂਰਤ ਦੇ ਮੁਤਾਬਿਕ ਹੋਵੇ।
5. ਇਹ ਪਾਠਕ੍ਰਮ ਨੂੰ ਵਾਸਤਵਿਕ ਜੀਵਨ ਨਾਲ ਜੋੜਦੇ ਹਨ। ਨਿਰਾਰਥਿਕ ਵਿਸ਼ਿਆਂ ਦੀ ਥਾਂ ਉੱਪਰ ਇਹ ਵਿਗਿਆਨ ਦੇ ਅਧਿਐਨ ਉੱਤੇ ਜ਼ੋਰ ਦਿੰਦਾ ਹੈ।
6. ਜਿੱਥੇ ਆਦਰਸ਼ਵਾਦੀ ਪੜ੍ਹਾਈ ਲਈ ਸਾਸ਼ਤਰੀ ਆਦਰਸ਼ ਵਿਸ਼ਿਆਂ ਉੱਤੇ ਜ਼ੋਰ ਦਿੰਦੇ ਹਨ, ਉਹਨਾਂ ਤੋਂ ਹੱਟ ਕਿ ਯਥਾਰਥਵਾਦੀ ਵਿਸ਼ਾ ਮਾਹਿਰਾਂ ਨੂੰ ਪਾਠਕ੍ਰਮ ਨਿਰਧਾਰਿਤ ਕਰਨ ਲਈ ਸੋਮੇ ਅਤੇ ਅਧਿਕਾਰੀ ਦੇ ਤੌਰ ਤੇ ਮਾਨਤਾ ਦਿੰਦੇ ਹਨ।
7. ਪਾਠਕ੍ਰਮ ਅੰਦਰ ਅਜਿਹੇ ਵਿਸ਼ੇ ਸ਼ਾਮਿਲ ਹੋਣ ਜੋ ਬਾਲਕ ਦੀ ਸਿਹਤ, ਵਿਵਸਾਇਕ ਸਮਰੱਥਾ ਅਤੇ ਸਮਾਜਿਕ ਅਨੁਕੂਲਤਾ ਵਿੱਚ ਸੁਧਾਰ ਲਿਆਵੇ। ਉਹ ਵਿਵਸਾਇਕ ਸਿੱਖਿਆ ਉੱਤੇ ਖਾਸ ਬਲ ਦਿੰਦੇ ਹਨ।
8. ਇਹ ਅਧਿਆਪਕ ਦੀ ਸਿੱਖਣ ਵਿਧੀ ਅਤੇ ਮੁੱਲਾਂ ਨਾਲ ਵੀ ਸੰਬੰਧ ਰੱਖਦਾ ਹੈ ਅਤੇ ਇਸ ਗੱਲ ਉੱਪਰ ਜ਼ੋਰ ਦਿੰਦਾ ਹੈ ਕਿ ਅਧਿਆਪਕ ਵਾਸਤਵਿਕ ਅਧਿਆਪਨ ਕਰੇ। ਉਹ ਵਿਸ਼ਾ-ਵਸਤੂ ਅਤੇ ਮੁੱਲਾਂ ਲਈ ਬਾਲਕਾਂ ਨੂੰ ਹਮੇਸ਼ਾਂ ਚਿੰਤਨਸ਼ੀਲ ਬਣਾਵੇ।

### iii) ਵਿਵਹਾਰਵਾਦ/ਪ੍ਰਯੋਜਨਵਾਦ (Pragmatism):

ਇਹ ਇੱਕ ਅਜਿਹੀ ਵਿਚਾਰਧਾਰਾ ਹੈ ਜੋ ਗਿਆਨ ਦੇ ਸਾਰੇ ਖੇਤਰਾਂ ਵਿੱਚ ਉਸਦੇ ਕ੍ਰਿਆਤਮਿਕ ਪ੍ਰਭਾਵ ਨੂੰ ਅਤਿਅੰਤ ਮਹੱਤਵਪੂਰਨ ਸਥਾਨ ਦਿੰਦੀ ਹੈ। ਇਸ ਅਨੁਸਾਰ ਸਾਡੀਆਂ ਵਸ਼ਤੂ-ਵਿਸ਼ਿਆਂ ਨਾਲ ਸੰਬੰਧਿਤ ਸਾਰੀਆਂ ਧਾਰਨਾਵਾਂ ਉਹਨਾਂ ਦੇ ਸੰਭਵ ਵਿਵਹਾਰਿਕ ਪਰਿਣਾਮਾਂ ਦੀਆਂ ਹੀ ਧਾਰਨਾਵਾਂ ਹੁੰਦੀਆਂ ਹਨ। ਕਿਸੇ ਵੀ ਵਿਚਾਰ ਨੂੰ ਸਹੀ ਸਮਝਣ ਲਈ ਵਿਵਹਾਰਿਕ ਪਰਿਣਾਮਾਂ ਦੀ ਪਰੀਖਿਆ ਲੈਣਾ ਜ਼ਰੂਰੀ ਹੈ। ਇਹ ਵਿਵਹਾਰਕ ਜੀਵਨ ਨਾਲ ਸੰਬੰਧ ਰੱਖਣਾ ਉਚਿੱਤ ਮੰਨਦੇ ਹਨ। ਇਹ ਮੰਨਦੇ ਹਨ ਕਿ ਸੰਸਾਰ ਵਿੱਚ ਯਥਾਰਥ ਦਾ ਗਿਆਨ ਸੰਭਵ ਨਹੀਂ ਅਤੇ ਮਨੁੱਖ ਪਰਿਕਲਪਨਾਂ ਕਰਕੇ ਹੀ ਗਿਆਨ ਦੇ ਨੇੜੇ ਪਹੁੰਚ ਸਕਦਾ ਹੈ।

ਇਸ ਵਿਚਾਰਧਾਰਾ ਅਨੁਸਾਰ ਵਾਸਤਵਿਕਤਾ ਅਜੇ ਨਿਰਮਾਣ ਦੀ ਅਵਸਥਾ ਵਿੱਚ ਹੈ ਇਸ ਲਈ ਇਸਦੇ ਸਥਾਈਪਨ ਵਿੱਚ ਵਿਸ਼ਵਾਸ ਨਹੀਂ ਰੱਖਦੇ। ਇਹ ਵਸਤੂ ਦੀ ਸੁਤੰਤਰ ਹੋਂਦ ਨੂੰ ਮੰਨ ਕੇ ਚੱਲਦੇ ਹਨ। ਸੱਚ ਹਮੇਸ਼ਾਂ ਬਦਲਦਾ ਰਹਿੰਦਾ ਹੈ ਤੇ ਇਸ ਪ੍ਰਕਾਰ ਹੀ ਸਿੱਖਿਆ ਦੇ ਉਦੇਸ਼ ਵੀ ਦੇਸ਼, ਕਾਲ ਅਤੇ ਪਰਿਸਥਿਤੀਆਂ ਅਨੁਸਾਰ ਬਦਲਦੇ ਰਹਿੰਦੇ ਹਨ। ਇਸ ਲਈ ਇਹ ਸਿੱਖਿਆ ਦੇ ਲਚਕੀਲੇ, ਅਨੁਕੂਲਨਯੋਗ ਅਤੇ ਪਰਿਵਰਤਨਸ਼ੀਲ ਵਿਸ਼ੇਸ਼ ਉਦੇਸ਼ਾਂ ਦਾ ਨਿਰਮਾਣ ਕਰਦੀ ਹੈ ਜਿਸ ਨਾਲ ਬਾਲਕ ਪਦਾਰਥ ਸੰਸਾਰ ਦੇ ਯੋਗ ਬਣਕੇ ਆਪਣੇ ਵਿਵਹਾਰਿਕ ਜੀਵਨ ਦੀਆਂ ਸਮੱਸ਼ਿਆਵਾਂ ਨੂੰ ਸੁਲਝਾ ਕੇ ਸੁਖੀ ਜੀਵਨ ਜਿਉਣ ਦੇ ਯੋਗ ਬਣਦਾ ਹੈ। ਕਿਉਂਕਿ ਇਹਨਾਂ ਅਨੁਸਾਰ ਸੱਚ

ਪਰਿਵਰਤਨਸ਼ੀਲ ਹੈ ਇਸ ਲਈ ਇਹ ਸਮਾਜ ਵਿੱਚ ਵਿਚਾਰਾਂ ਦੀ ਥਾਂ ਤੇ ਕ੍ਰਿਆ ਅਤੇ ਬੁੱਧੀ ਦੀ ਥਾਂ ਤੇ ਪਰਸਥਿਤੀ ਨੂੰ ਵੱਧ ਮਹੱਤਵ ਦਿੰਦੇ ਹੋਏ ਕੇਵਲ ਨਵੀਨ ਮੁੱਲਾਂ ਦੇ ਨਿਰਮਾਣ ਨੂੰ ਹੀ ਸਿੱਖਿਆ ਦਾ ਇੱਕਮਾਤਰ ਉਦੇਸ਼ ਮੰਨਦੇ ਹਨ।

ਇਹ ਵਿਚਾਰਧਾਰਾ ਬਾਲਕ ਨੂੰ ਮਹੱਤਵਪੂਰਨ ਸਥਾਨ ਦਿੰਦਾ ਹੈ। ਇਹ "ਸਿੱਖਿਆ ਬਾਲਕ ਲਈ" ਦੇ ਸਿਧਾਂਤ ਤੇ ਵਿਸ਼ਵਾਸ ਕਰਦਾ ਹੈ। ਸਿੱਖਿਆ ਦਾ ਉਦੇਸ਼ ਜੀਵਨ ਦੀ ਤਿਆਰੀ ਨਹੀਂ ਸਗੋਂ ਵਰਤਮਾਨ ਜੀਵਨ ਨੂੰ ਸੁਚਾਰੂ ਰੂਪ ਨਾਲ ਜੀਣਾ ਸਿਖਾਉਂਣਾ ਹੈ। ਵਿਵਹਾਰਵਾਦ ਕ੍ਰਿਆਵਾਂ ਦੁਆਰਾ ਨਿਰਮਿਤ ਬਾਲਕ-ਕੇਂਦਰਿਤ ਪਾਠਕ੍ਰਮ ਉੱਤੇ ਕੇਂਦਰਿਤ ਹੈ ਅਤੇ ਬੱਚਿਆਂ ਦੇ ਅਨੁਭਵਾਂ ਤੇ ਅਧਾਰਿਤ ਹੈ। ਇਹ ਵਿਸ਼ਿਆਂ ਦੇ ਚੁਨਾਵ ਵਿੱਚ ਉਪਯੋਗਿਤਾ ਦੇ ਸਿਧਾਂਤ ਉੱਤੇ ਜ਼ੋਰ ਦਿੰਦਾ ਹੈ। ਇਹ ਪਰਿਵਰਤਨ, ਪ੍ਰਕਿਰਿਆ ਅਤੇ ਸਪੇਖਤਾ (relativity) ਨੂੰ ਮਹੱਤਵ ਦਿੰਦਾ ਹੈ । ਇਹ ਸੁਝਾਵ ਦਿੰਦਾ ਹੈ ਕਿ ਵਿਚਾਰ ਦਾ ਮੁੱਲ ਵਾਸਤਵਿਕ ਨਤੀਜਿਆਂ ਅੰਦਰ ਮੌਜੂਦ ਹਨ। ਵਾਸਤਵਿਕ ਨਤੀਜੇ ਉਹਨਾਂ ਉਦੇਸ਼ਾਂ ਨਾਲ ਸੰਬੰਧਿਤ ਹਨ ਜੋ ਅਧਿਆਪਨ ਅਤੇ ਸਿੱਖਣ ਦੇ ਵਿਵਹਾਰਕ ਪਹਿਲੂ ਉੱਤੇ ਕੇਂਦਰਿਤ ਹਨ। ਇਸ ਵਿਚਾਰਧਾਰਾ ਅਨੁਸਾਰ ਪਾਠਕ੍ਰਮ ਹੇਠ ਲਿਖੇ ਅਨੁਸਾਰ ਹੈ:

1. ਵਿਵਹਾਰਵਾਦ ਅਨੁਸਾਰ ਕਿਸੇ ਵਿਅਕਤੀ ਦੇ ਵਾਤਾਵਰਨ ਨਾਲ ਅਦਾਨ-ਪ੍ਰਦਾਨ ਨਾਲ ਸਿੱਖਣ ਹੁੰਦਾ ਹੈ। ਇਸ ਅੰਤਰਕਿਰਿਆ ਦਾ ਆਧਾਰ ਪਰਿਵਰਤਨ ਦੀ ਪ੍ਰਕ੍ਰਿਤੀ ਹੈ। ਇਸ ਅਨੁਸਾਰ, ਜੋ ਵੀ ਮੁੱਲ ਅਤੇ ਵਿਚਾਰ ਹੁਣ ਮੁੱਲ ਰੱਖਦੇ ਹਨ ਉਹ ਅਸਥਾਈ ਹਨ ਕਿਉਂਕਿ ਅਗਲੇ ਸਮਾਜਿਕ ਵਿਕਾਸ ਨਾਲ ਉਹ ਹੋਰ ਸੁਧਰ ਜਾਣਗੇ ਜਾਂ ਤਬਦੀਲ ਹੋ ਜਾਣਗੇ।
2. ਇਸ ਵਿਚਾਰਧਾਰਾ ਅਨੁਸਾਰ ਗਿਆਨ ਦੀ ਕੋਈ ਸੁਤੰਤਰ ਹੋਂਦ ਨਹੀਂ ਸਗੋਂ ਅਨੁਭਵਾਂ ਦੀ ਉਪਜ ਹੈ ਅਤੇ ਇਹ ਅਨੁਭਵਾਂ ਨੂੰ ਵਿਸ਼ਾਲ ਬਣਾਉਣ ਵਿੱਚ ਮਦਦਗਾਰ ਹੁੰਦਾ ਹੈ। ਇਸ ਲਈ ਇਸ ਪਾਠਕ੍ਰਮ ਵਿੱਚ ਗਿਆਨਾਤਮਿਕ ਵਿਸ਼ਿਆਂ ਦੀ ਕੋਈ ਸੂਚੀ ਪੇਸ਼ ਨਹੀਂ ਹੁੰਦੀ। ਗਿਆਨ ਨੂੰ ਖੰਡ ਵਿੱਚ ਵੰਡਿਆ ਨਹੀਂ ਜਾ ਸਕਦਾ ਕਿਉਂਕਿ ਅਨੁਭਵ ਅਤੇ ਕ੍ਰਿਆ ਦੇ ਰੂਪ ਵਿੱਚ ਅਨੇਕ ਪ੍ਰਕਾਰ ਦਾ ਗਿਆਨ ਇੱਕੋ ਵੇਲੇ ਪ੍ਰਾਪਤ ਹੁੰਦਾ ਹੈ। ਇਸ ਲਈ ਇਹ ਸਮਾਜਿਕ ਅਨੁਭਵਾਂ ਦੀ ਮਦਦ ਨਾਲ ਸਮੱਗਰ ਗਿਆਨ ਉੱਤੇ ਬਲ ਦਿੰਦਾ ਹੈ।
3. ਇਹ ਪੂਰਵ ਨਿਸ਼ਚਿਤ ਉਦੇਸ਼ ਅਤੇ ਮੁੱਲਾਂ ਨੂੰ ਸਵੀਕਾਰ ਨਹੀਂ ਕਰਦਾ ਅਤੇ ਅਨੁਭਵ ਕੇਂਦਰਿਤ ਹੁੰਦਾ ਹੈ। ਇਸ ਲਈ ਵਿਦਿਆਰਥੀਆਂ ਦੀਆਂ ਵਰਤਮਾਨ ਰੁਚੀਆਂ ਹੀ ਮੁੱਲਵਾਨ ਹੁੰਦੀਆਂ ਹਨ ਅਤੇ ਵਿਦਿਆਰਥੀਆਂ ਦੀਆਂ ਰੁਚੀਆਂ ਅਤੇ ਜਰੂਰਤਾਂ ਦਾ ਪੂਰਾ ਧਿਆਨ ਰੱਖਿਆ ਜਾਂਦਾ ਹੈ।
4. ਵਿਵਹਾਰਵਾਦ ਵਿਸ਼ਿਆਂ ਦੀ ਚੋਣ ਵਿੱਚ ਉਪਯੋਗਿਤਾ ਦੇ ਸਿਧਾਂਤ ਉੱਤੇ ਜੋਰ ਦਿੰਦਾ ਹੈ। ਉਹਨਾਂ ਅਨੁਸਾਰ ਅਨੁਭਵ ਭਰਪੂਰ ਅਜਿਹੇ ਕ੍ਰਿਆਤਮਿਕ ਵਿਸ਼ੇ ਹੀ ਪਾਠਕ੍ਰਮ ਦਾ ਹਿੱਸਾ ਹੋਣ ਜੋ ਬਾਲਕ ਦੇ ਮੌਜੂਦਾ ਜੀਵਨ ਲਈ ਉਪਯੋਗੀ ਹੋਣ। ਇਸ ਦ੍ਰਿਸ਼ਟੀ ਤੋਂ ਪਾਠਕ੍ਰਮ ਵਿੱਚ ਭਾਸ਼ਾ, ਸਿਹਤ ਵਿਗਿਆਨ, ਸਰੀਰਕ ਪ੍ਰੀਖਿਆ, ਇਤਿਹਾਸ, ਭੋਗੂਲ, ਗਣਿਤ,ਵਿਗਿਆਨ,ਖੇਤੀਬਾੜੀ ਅਤੇ ਗ੍ਰਹਿ-ਵਿਗਿਆਨ ਨੂੰ ਸਥਾਨ ਦੇਣਾ ਚਾਹੀਦਾ ਹੈ।
5. ਪਾਠਕ੍ਰਮ ਬਾਲਕ ਨੂੰ ਅਜਿਹੇ ਗਿਆਨ ਅਤੇ ਹੁਨਰ ਪ੍ਰਦਾਨ ਕਰੇ ਜਿਹਨਾਂ ਦੀ ਉਸਨੂੰ ਵਰਤਮਾਨ ਅਤੇ ਬਾਲਗ ਦੇ ਤੌਰ ਤੇ ਭਵਿੱਖਤ ਜੀਵਨ ਵਿੱਚ ਜ਼ਰੂਰਤ ਹੈ। ਉਪਯੋਗਿਤਾ ਦੇ ਨਿਯਮ ਅਨੁਸਾਰ ਬਾਲਕ ਨੂੰ ਕਿਸੇ ਵਿਵਸਾਇ ਦੀ ਸਿੱਖਿਆ ਵੀ ਦੇਣੀ ਚਾਹੀਦੀ ਹੈ ਪ੍ਰੰਤੂ ਇਹ ਵੀ ਧਿਆਨ ਰੱਖਣਾ ਚਾਹੀਦਾ ਹੈ ਕਿ ਮਾਨਵ ਪ੍ਰਗਤੀ ਅਲੋਪ ਨਾ ਹੋ ਜਾਵੇ।
6. ਬਾਲਕ ਦੇ ਵਿਕਾਸ ਦੀਆਂ ਵਿਭਿੰਨ-ਵਿਭਿੰਨ ਪੱਧਰਾਂ ਉੱਤੇ ਰੁਚੀਆਂ ਵੀ ਭਿੰਨ ਹੁੰਦੀਆਂ ਹਨ। ਬਾਲ-ਅਵਸਥਾ ਵਿੱਚ ਬਾਲਕ ਖੋਜ, ਰਚਨਾਤਮਿਕ ਕਾਰਜ, ਕਲਾਤਮਿਕ ਕਾਰਜ, ਗੱਲਬਾਤ ਵਿੱਚ ਰੁਚੀ ਲੈਂਦੇ ਹਨ ਇਸ ਲਈ ਪਾਠਕ੍ਰਮ ਨਿਰਮਾਣ ਵਿੱਚ ਇਹਨਾਂ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ।
7. ਪਾਠਕ੍ਰਮ ਦੇ ਵਿਸ਼ੇ ਇੱਕ ਦੂਜੇ ਨਾਲ ਇੰਨੇ ਸੰਬੰਧਿਤ ਹੋਣ ਕਿ ਬਾਲਕ ਨੂੰ ਇਹਨਾਂ ਤੋਂ ਪ੍ਰਾਪਤ ਗਿਆਨ ਖੰਡਿਤ ਨਾ ਲੱਗੇ ਕਿਉਂਕਿ ਅਸਲੀ ਗਿਆਨ ਸੰਬੰਧਿਤ ਹੁੰਦਾ ਹੈ।
8. ਪਾਠਕ੍ਰਮ ਇਸ ਤਰ੍ਹਾਂ ਯੋਜਨਾਬੱਧ ਹੋਣਾ ਚਾਹੀਦਾ ਹੈ ਕਿ ਇਹ ਸਿਖਿਆਰਥੀ ਨੂੰ ਕੀ ਸੋਚਨਾ ਹੈ ਦੀ ਥਾਂ ਉੱਤੇ ਅਲੋਚਨਾਤਮਿਕ ਸੋਚਣਾ ਸਿਖਾਵੇ।
9. ਅਧਿਆਪਨ ਵਿਆਖਿਆਤਮਿਕ ਦੀ ਜਗ੍ਹਾ ਤੇ ਖੋਜਾਤਮਿਕ (exploratory) ਹੋਵੇ। ਇਸ ਅਨੁਸਾਰ ਸਿੱਖਣਾ ਸਕ੍ਰਿਆ ਹੁੰਦਾ ਹੈ ਕਿਉਂਕਿ ਸਿਖਿਆਰਥੀ ਸਮੱਸਿਆਵਾਂ ਦਾ ਹੱਲ ਕਰਦਾ ਹੈ ਜਿਸ ਨਾਲ ਉਸਦਾ ਗਿਆਨ ਦਾ ਖੇਤਰ ਵਿਸਾਲ ਹੁੰਦਾ ਹੈ ਅਤੇ ਬਦਲਦੇ ਸਮਾਜ ਦੇ ਸਦੰਰਭ ਵਿੱਚ ਉਸਦੇ ਅਨੁਭਵਾਂ ਦਾ ਪੁਨਰਨਿਰਮਾਣ ਹੁੰਦਾ ਹੈ।

### iv) ਅਸਤਿਤਵਵਾਦ (ਹੋਂਦਵਾਦ) (Existentialism):

ਹਰੇਕ ਵਿਅਕਤੀ ਜਾਂ ਇਕਾਈ ਆਪਣੇ ਆਪ ਵਿੱਚ ਅਦਭੁੱਤ ਹੈ ਅਤੇ ਅਧਿਆਤਮਿਕ ਜਾਂ ਵਿਗਿਆਨਿਕ ਪ੍ਰਕਿਰਿਆ ਦੇ ਸਦੰਰਭ ਵਿੱਚ ਜ਼ਿਕਰਯੋਗ ਹੈ।ਉਹ ਇੱਕ ਅਜਿਹੀ ਹੋਂਦ ਹੈ ਜੋ ਖੁਦ ਚੋਣ ਅਤੇ ਸਵੈ ਚਿੰਤਨ ਕਰਦੀ ਹੈ।ਉਸਦਾ ਭਵਿੱਖ ਕੁਝ ਅੰਸ਼ਾਂ ਵਿੱਚ ਉਸਦੇ ਸੁਤੰਤਰ ਚੁਨਾਵ ਉੱਤੇ ਨਿਰਭਰ ਕਰਦਾ ਹੈ।ਅਸਤਿਤਵਵਾਦ ਉਹ ਮਾਰਗ ਹੈ ਜੋ ਮੌਜੂਦ ਸੰਪੂਰਨ ਗਿਆਨ ਦਾ ਪ੍ਰਯੋਗ ਕਰਕੇ ਉਸਨੂੰ ਕਰਮ ਵਿੱਚ ਪਰਿਵਰਤਿਤ ਕਰਦਾ ਹੈ।ਮਾਨਵ ਵਿਅਕਤੀਤਵ ਦਾ ਮੂਲ ਤੱਤ ਆਜਾਦੀ ਹੈ।ਸਮਾਜ ਵਿਅਕਤੀ ਲਈ ਹੈ ਨਾ ਕਿ ਵਿਅਕਤੀ ਸਮਾਜ ਲਈ।

ਇਹ ਅਜਿਹੀ ਵਿਚਾਰਧਾਰਾ ਹੈ ਜਿਸ ਵਿੱਚ ਕਿਸੇ ਵਿਚਾਰ ਜਾਂ ਸਕੰਲਪ ਦੀ ਬਜਾਇ ਵਿਅਕਤੀ ਅੰਦਰਲੀ ਹੋਂਦ ਨੂੰ ਕਿਸੇ ਤੱਤ ਤੋਂ ਉੱਪਰ ਸਮਝਿਆ ਜਾਂਦਾ ਹੈ।ਸਾਰੇ ਵਿਚਾਰ ਜਾਂ ਸਿਧਾਂਤ ਵਿਅਕਤੀ ਦੇ ਚਿੰਤਨ ਦਾ ਹੀ ਨਤੀਜਾ ਹਨ।ਪਹਿਲੇ ਚਿੰਤਨ ਕਰਨ ਵਾਲਾ ਮਨੁੱਖ ਹੋਂਦ ਵਿੱਚ ਆਇਆ ਇਸ ਲਈ ਵਿਅਕਤੀ ਦੀ ਹੋਂਦ ਹੀ ਪ੍ਰਮੁੱਖ ਹੈ ਅਤੇ ਵਿਚਾਰ ਜਾਂ ਸਿਧਾਂਤ ਗੌਣ।ਇਸ ਅਨੁਸਾਰ ਮਨੁੱਖ ਆਪਣੇ ਵਾਤਾਵਰਣ ਦੀਆਂ ਨਿਰਜੀਵ ਵਸ਼ਤੂਆਂ ਤੋਂ ਆਤਮਬੋਧ ਕਰਨ ਦੀ ਜ਼ਿੰਮੇਵਾਰੀ ਪੂਰਨ ਰੂਪ ਵਿੱਚ ਖੁਦ ਲੈਂਦਾ ਹੈ। ਅੰਤ ਉਸਨੂੰ ਆਪਣੇ ਵਾਤਾਵਰਣ ਵਿੱਚ ਤੱਤ ਗਿਆਨ ਦੀ ਉਮੀਦ ਨਹੀਂ ਹੁੰਦੀ ।ਇਸ ਵਿਚਾਰ ਅਨੁਸਾਰ ਹਰੇਕ ਵਿਅਕਤੀ ਨੂੰ ਆਪਣਾ ਸਿਧਾਂਤ ਸਵੈ ਖੋਜਣਾ ਜਾਂ ਬਣਾਉਣਾ ਚਾਹੀਦਾ ਹੈ।ਦੂਸਰਿਆਂ ਦੁਆਰਾ ਨਿਰਮਾਣਿਤ ਜਾਂ ਪ੍ਰਤੀਪਾਦਤ ਸਿਧਾਤਾਂ ਨੂੰ ਸਵੀਕਾਰ ਕਰਨਾ ਉਸ ਲਈ ਜ਼ਰੂਰੀ ਨਹੀਂ।ਇਸੇ ਦ੍ਰਿਸ਼ਟੀਕੋਣ ਦੇ ਕਾਰਨ ਇਹਨਾਂ ਲਈ ਸਾਰੇ ਪਰੰਪਰਾਗਤ, ਸਮਾਜਿਕ, ਨੈਤਿਕ, ਸ਼ਾਸਤਰੀ ਜਾਂ ਵਿਗਿਆਨਿਕ ਸਿਧਾਂਤ ਨਾ-ਮੰਨਣਯੋਗ ਜਾਂ ਗੈਰਵਿਵਹਾਰਿਕ ਸਿੱਧ ਹੋ ਜਾਂਦੇ ਹਨ। ਮਨੁੱਖ ਨੂੰ ਆਪਣੀ ਸਥਿਤੀ ਦਾ ਬੋਧ ਦੁੱਖ ਦੀ ਸਥਿਤੀ ਵਿੱਚ ਹੁੰਦਾ ਹੈ ਇਸ ਲਈ ਉਸਨੂੰ ਇਸ ਸਥਿਤੀ ਦਾ ਸਵਾਗਤ ਕਰਨ ਲਈ ਤਿਆਰ ਰਹਿਣਾ ਚਾਹੀਦਾ ਹੈ।ਇਹ ਵਿਚਾਰਧਾਰਾ ਇਸ ਗੱਲ ਉੱਪਰ ਜੋਰ ਦਿੰਦੀ ਹੈ ਕਿ ਮਨੁੱਖ ਤੋਂ ਬਾਹਰ ਕੋਈ ਮੁੱਲ ਨਹੀਂ ਅਤੇ ਮਨੁੱਖ ਨੂੰ ਆਪਣੀ ਪਸੰਦ ਲਈ ਆਜ਼ਾਦੀ ਹੋਣੀ ਚਾਹੀਦੀ ਹੈ ਅਤੇ ਉਹ ਇਸਦੇ ਨਤੀਜਿਆਂ ਲਈ ਜਿੰਮੇਵਾਰ ਹੋਵੇਗਾ।

ਅਸਤਿਤਵਵਾਦੀ ਦਰਸ਼ਨ ਨੇ ਸਿੱਖਿਆ ਵਿੱਚ ਕੋਈ ਵਿਸ਼ੇਸ਼ ਰੁਚੀ ਪ੍ਰਗਟ ਨਹੀਂ ਕੀਤੀ ਹੈ।ਉਹਨਾਂ ਅਨੁਸਾਰ ਸਿੱਖਿਆ ਉਹ ਪ੍ਰਕਿਰਿਆ ਹੈ ਜੋ ਸੁਤੰਤਰਤਾ ਦੇ ਚੁਨਾਵ ਲਈ ਚੇਤਨਾ ਵਿਕਸਿਤ ਕਰਦੀ ਹੈ।ਸਿੱਖਿਆ ਸਵੈ ਚੇਤਨਾ ਦਾ ਨਿਰਮਾਣ ਕਰਦੀ ਹੈ ਜਿਸ ਕਾਰਨ ਅਸੀ ਮਨੁੱਖ ਅਖਵਾਉਣ ਦੇ ਯੋਗ ਹੋ ਜਾਂਦੇ ਹਾਂ।ਹਰੇਕ ਵਿਅਕਤੀ ਅਨੋਖਾ ਹੈ ਅਤੇ ਸਿੱਖਿਆ ਨੂੰ ਵਿਅਕਤੀ ਦੇ ਇਸ ਅਨੋਖੇਪਣ ਨੂੰ ਵਿਕਸਿਤ ਕਰਨਾ ਚਾਹੀਦਾ ਹੈ।ਦੂਸਰੇ ਸ਼ਬਦਾਂ ਵਿੱਚ ਇਹ ਵਿਅਕਤੀਗਤ ਭਿੰਨਤਾਵਾਂ ਨੂੰ ਸਤੁੰਸ਼ਟ ਕਰੇ।ਸਿੱਖਿਆ ਦਾ ਉਦੇਸ਼ ਹਰੇਕ ਵਿਅਕਤੀ ਨੂੰ ਆਪਣੇ ਅਦਭੁੱਤ ਗੁਣਾਂ ਨੂੰ ਵਿਕਸਿਤ ਕਰਨ ਯੋਗ ਬਣਾਉਂਣਾ ਹੈ।ਮਨੁੱਖ ਜੋ ਚਾਹੇ ਬਣਨ ਲਈ ਆਜ਼ਾਦ ਹੈ।ਸਿੱਖਿਆ ਦਾ ਉਦੇਸ਼ ਉਸਨੂੰ ਆਪਣੇ ਮੁੱਲਾਂ ਨੂੰ ਚੁਣਨ ਦੇ ਸਮਰੱਥ ਬਣਾਉਂਣਾ ਹੈ। ਅਸਤਿਤਵਵਾਦੀ ਪਾਠਕ੍ਰਮ ਦੀ ਪ੍ਰਸਤਾਵਨਾ ਵਿੱਚ ਆਸਥਾ ਨਹੀਂ ਰੱਖਦੇ। ।

1. ਇਸ ਵਿਚਾਰਧਾਰਾ ਅਨੁਸਾਰ ਸਿੱਖਿਆਰਥੀ ਨੂੰ ਪੂਰੀ ਆਜ਼ਾਦੀ ਹੋਣੀ ਚਾਹੀਦੀ ਹੈ ਅਤੇ ਉਹ ਆਪਣੀ ਮਰਜ਼ੀ ਨਾਲ ਚੁਣ ਸਕੇ ਕਿ ਉਸਨੇ ਕੀ ਪੜ੍ਹਨਾ ਹੈ।ਸਿਖਿਆਰਥੀ ਸਵੈ ਆਪਣੇ ਪਾਠਕ੍ਰਮ ਦਾ ਚੁਣਾਵ ਆਪਣੀਆਂ ਜ਼ਰੂਰਤਾਂ, ਯੋਗਤਾਵਾਂ ਅਤੇ ਜੀਵਨ ਦੀਆਂ ਪਰਿਸਥਿਤੀਆਂ ਦੇ ਅਨੁਸਾਰ ਕਰੇ।
2. ਭਾਵੇਂ ਉਹ ਬ੍ਰਹਿਮੰਡ ਦੇ ਵਿਸ਼ੇ ਵਿੱਚ ਮੂਲ ਗਿਆਨ ਪ੍ਰਾਪਤ ਕਰਨ ਦੇ ਪੱਖ ਵਿੱਚ ਨਹੀਂ ਫਿਰ ਵੀ ਉਹ ਪਾਠਕ੍ਰਮ ਨੂੰ ਉਹਨਾਂ ਸਮਾਜਿਕ, ਆਰਥਿਕ, ਰਾਜਨੀਤਿਕ ਅਤੇ ਹੋਰ ਸਮੂਹਿਕ ਵਿਸ਼ਿਆ ਦੀ ਬਜਾਇ ਮਾਨਵੀ ਅਧਿਐਨ ਤੇ ਜ਼ਿਆਦਾ ਬਲ ਦਿੰਦੇ ਹਨ।ਇਸ ਨਾਲ ਮਨੁੱਖ ਚਿੰਤਾ, ਦੁੱਖ, ਮੌਤ ਆਦਿ ਦੇ ਵਿਸ਼ੇ ਵਿੱਚ ਗਿਆਨ ਪ੍ਰਾਪਤ ਕਰਦਾ ਹੈ।
3. ਵਿਦਿਅਰਥੀਆਂ ਦੀ ਵਿਚਾਰਧਾਰਾ ਅਨੁਸਾਰ ਮਾਨਵੀ ਅਤੇ ਸਮਾਜਿਕ ਵਿਸ਼ਿਆਂ ਨੂੰ ਪਾਠਕ੍ਰਮ ਵਿੱਚ ਸਥਾਨ ਦਿੱਤਾ ਜਾਵੇ ਕਿਉਂਕਿ ਇਹ ਵਿਸ਼ੇ ਵਿਅਕਤੀ ਦੇ ਰਾਗਾਤਮਕ ਪੱਖ ਦਾ ਵਿਕਾਸ ਕਰਕੇ ਉਸਨੂੰ ਇਸ ਸੰਸਾਰ ਦੀਆਂ ਸੱਚਾਈਆਂ, ਪੀੜ੍ਹ, ਪ੍ਰੇਮ, ਪਾਪ, ਘ੍ਰਿਣਾ, ਮੌਤ ਆਦਿ ਨਾਲ ਜਾਣੂ ਕਰਵਾਉਂਦੇ ਹਨ ਅਤੇ ਉਸਨੂੰ ਆਉਣ ਵਾਲੇ ਦੁੱਖ ਲਈ ਤਿਆਰ ਕਰਦਾ ਹੈ।
4. ਸਿੱਖਿਆ ਜੀਵਨ ਸਥਿਤੀਆਂ ਪ੍ਰਤੀ ਨਿੱਜੀ ਪ੍ਰਤੀਕ੍ਰਿਆਵਾਂ ਦੀ ਸਮਝ ਨੂੰ ਵਿਕਸਿਤ ਕਰਨ ਲਈ ਵਿਅਕਤੀ ਦੀਆਂ ਸੰਵੇਦਨਾਵਾਂ ਅਤੇ ਭਾਵਨਾਵਾਂ ਤੇ ਕੇਂਦਰਿਤ ਹੋਵੇ।
5. ਅਧਿਆਪਕ ਦੀ ਭੂਮਿਕਾ ਗੈਰ-ਨਿਰਦੇਸ਼ਿਕ ਹੋਵੇ ਅਤੇ ਉਹ ਸਿੱਖਣ ਦੀ ਪ੍ਰਕਿਰਿਆ ਵਿੱਚ ਸਹਿਯੋਗੀ ਦੇ ਰੂਪ ਵਿੱਚ ਹੋਵੇ।
6. ਇਸ ਪਾਠਕ੍ਰਮ ਵਿੱਚ ਅਜਿਹੇ ਅਨੁਭਵ ਅਤੇ ਵਿਸ਼ੇ ਸ਼ਾਮਿਲ ਹੋਣ ਜੋ ਖੁਦ ਨੂੰ ਦਾਰਸ਼ਨਿਕ ਸੰਵਾਦ ਅਤੇ ਵਿਕਲਪ ਪੈਦਾ ਕਰਨ ਦਾ ਕਾਰਜ ਕਰਨ ਲਈ ਲਈ ਤਿਆਰ ਰੱਖਣ ਅਤੇ ਸਵੈ ਅਰਥਪੂਰਨ ਗਤੀਵਿਧੀਆਂ ਅਤੇ ਸਾਧਨਾਂ ਤੇ ਜੋਰ ਦੇ ਕੇ ਭਾਵਨਾਵਾਂ ਅਤੇ ਅੰਤਰਦ੍ਰਿਸ਼ਟੀ ਨੂੰ ਦਰਸਾਉਣ।

ਅਸਤਿਤਵਵਾਦ ਨੇ ਅਧੁਨਿਕ ਸਮੇਂ ਵਿੱਚ ਬਹੁਤ ਲੋਕਪ੍ਰੀਅਤਾ ਹਾਸਿਲ ਕੀਤੀ ਹੈ।ਅੱਜ ਬਹੁਤ ਸਾਰੇ ਸਿੱਖਿਆ ਸਾਸਤਰੀ ਵਿਅਕਤੀ ਉੱਪਰ ਕੇਂਦਰਿਤ ਹੋਣ, ਪਾਠਕ੍ਰਮ ਵਿੱਚ ਵਿਭਿੰਨਤਾ ਅਤੇ ਸਿੱਖਿਆਰਥੀ ਦੀਆਂ ਨਿੱਜੀ ਜ਼ਰੂਰਤਾਂ ਅਤੇ ਰੁਚੀਆਂ ਉੱਤੇ ਬਲ ਦੇਣ ਦੀ ਗੱਲ ਕਰਦੇ ਹਨ।

ਉਪਰੋਕਤ ਦਰਸਾਏ ਚਾਰ ਪ੍ਰਮੁੱਖ ਦਰਸ਼ਨ ਵਿੱਚੋਂ ਹਰੇਕ ਇੱਕ ਵਿਸ਼ੇਸ਼ ਮਨੁੱਖੀ ਪ੍ਰਕ੍ਰਿਤੀ, ਮੁੱਲ ਅਤੇ ਸੱਚਾਈ ਨਾਲ ਆਰੰਭ ਹੁੰਦਾ ਹੈ ਅਤੇ ਇਹ ਸੁਝਾਅ ਦਿੰਦਾ ਹੋਇਆ ਅੱਗੇ ਵੱਧਦਾ ਹੈ ਕਿ ਇਹ ਵਿਚਾਰ ਪਾਠਕ੍ਰਮ ਨਿਰਮਾਣ ਨੂੰ ਕਿਵੇਂ ਪ੍ਰਭਾਵਿਤ ਕਰਦੇ ਹਨ।ਪਾਠਕ੍ਰਮ ਦੇ ਦਾਰਸ਼ਨਿਕ ਆਧਾਰ ਬਾਰੇ ਚਰਚਾ ਦੇ ਨਤੀਜੇ ਤੇ ਪਹੁੰਚਣ ਤੋਂ ਪਹਿਲਾ ਹੁਣ ਤੱਕ ਜੋ ਕਿਹਾ ਗਿਆ ਹੈ ਉਸਦਾ ਸਮਰਥਨ ਕਰਨ ਲਈ ਕੁਝ ਵਿਦਿਅਕ ਦਰਸ਼ਨਾਂ ਉੱਪਰ ਝਾਤ ਮਾਰਦੇ ਹਾ।

### 1.4.8.6. ਸਿੱਖਿਆ ਦਰਸ਼ਨ (Educational philosophies):

ਸਿੱਖਿਆ ਦਰਸ਼ਨਾਂ ਦੇ ਪਹਿਲੂਆਂ ਦੀ ਨੀਂਹ ਆਦਰਸ਼ਵਾਦ, ਯਥਾਰਥਵਾਦ, ਪ੍ਰਯੋਜਨਵਾਦ ਅਤੇ ਅਸਤਿਤਵਵਾਦ ਦੀਆਂ ਜੜ੍ਹਾਂ ਵਿੱਚ ਰੱਖੀ ਗਈ ਹੈ ਜਿਸ ਦੀ ਸਾਂਝੀ ਪਹੁੰਚ ਅਜਿਹੇ ਸਿੱਖਿਆ ਦਰਸ਼ਨ ਪ੍ਰਦਾਨ ਕਰਨਾ ਸੀ ਜੋ ਪ੍ਰਮੁੱਖ ਦਰਸ਼ਨ ਸਕੂਲਾਂ ਵਿੱਚੋਂ ਨਿਕਲੇ ਹੋਣ। ਅਸੀਂ ਇੱਥੇ ਹੇਠ ਲਿਖੇ ਚਾਰ ਦਰਸ਼ਨ ਸਾਸਤਰਾਂ ਦਾ ਪਾਠਕ੍ਰਮ ਨਿਰਮਾਣ ਵਿੱਚ ਵਰਤੋਂ ਦਾ ਵਰਨਣ ਕਰਾਂਗੇ।

**i) ਸਥਾਈਤਵਵਾਦ (Perennialism):** ਇਹ ਦਰਸ਼ਨ ਸਮੇਂ, ਨੈਤਿਕ ਅਤੇ ਆਤਮਿਕ ਆਧਾਰ ਵਾਲੇ ਮੁੱਲਾਂ ਦੀ ਪਰਖ ਪਾਰ ਕਰਨ ਵਾਲੇ ਗਿਆਨ ਦੇ ਸਥਾਈਪਣ ਦਾ ਹਾਮੀ ਹੈ। ਇਸਦਾ ਮੁੱਖ ਵਿਚਾਰ ਹੈ ਕਿ ਸਿੱਖਿਆ ਸਥਿਰ, ਪੂਰਨ ਅਤੇ ਵਿਸ਼ਵਵਿਆਪੀ ਹੈ।ਇਹ ਵਿਚਾਰਧਾਰਾ ਸਧਾਰਨ ਦਰਸ਼ਨ ਦੇ ਆਦਰਸ਼ਵਾਦ ਵਿੱਚੋਂ ਨਿਕਲੀ ਹੈ।ਇਸ ਵਿਚਾਰਧਾਰਾ ਅੁਨਸਾਰ ਉਹਨਾਂ ਵਸਤੂਆਂ ਦਾ ਅਧਿਆਪਨ ਕਰਨਾ ਚਾਹੀਦਾ ਹੈ ਜੋ ਹਰੇਕ ਵਿਅਕਤੀ ਲਈ ਚਿਰਸਥਾਈ ਹੋਵੇ ਅਤੇ ਤੱਥਾਂ ਦੀ ਥਾਂ ਤੇ ਸਿਧਾਂਤ ਉੱਤੇ ਜ਼ੋਰ ਹੋਣਾ ਚਾਹੀਦਾ ਹੈ।ਵਿਅਕਤੀ ਪਹਿਲਾ ਇੱਕ ਮਨੁੱਖ ਹੈ ਇਸ ਲਈ ਉਸਨੂੰ ਪਹਿਲਾ ਮਨੁੱਖ ਬਾਰੇ ਦੱਸਣਾ ਚਾਹੀਦਾ ਹੈ ਨਾਂ ਕਿ ਮਸ਼ੀਨਾਂ ਜਾਂ ਤਕਨੀਕਾਂ ਬਾਰੇ।ਇਹ ਨਿੱਜੀ ਵਿਕਾਸ ਉੱਤੇ ਕੇਂਦਰਿਤ ਹੈ।ਇਹ ਦਰਸ਼ਨ ਅਧਿਆਪਕ ਕੇਂਦਰਿਤ ਵੀ ਹੈ। ਇਸ ਅਨੁਸਾਰ ਪਾਠਕ੍ਰਮ ਦੇ ਗੁਣ ਹੇਠ ਲਿਖੇ ਅਨੁਸਾਰ ਹਨ:

1. ਸਥਾਈਵਾਦ ਦਾ ਪਾਠਕ੍ਰਮ ਵਿਸ਼ਾ-ਕੇਂਦਰਿਤ ਹੈ।ਇਹ ਨਿਰਧਾਰਿਤ ਅਨੁਸ਼ਾਸਨ (disciplines) ਜਾਂ ਤਰਕਿਕ ਰੂਪ ਵਿੱਚ ਸਗੰਠਿਤ ਵਿਸ਼ਾ-ਵਸ਼ਤੂ ਤੋਂ ਪ੍ਰਭਾਵਿਤ ਹੁੰਦਾ ਹੈ ਪ੍ਰੰਤੂ ਭਾਸ਼ਾ, ਸਾਹਿਤ, ਵਿਗਿਆਨ, ਗਣਿਤ ਅਤੇ ਕਲਾ (Arts) ਦੇ ਸਿੱਖਣ-ਸਿਖਾਉਣ ਉੱਤੇ ਜੋਰ ਦਿੰਦਾ ਹੈ।
2. ਅਧਿਆਪਕ ਨੂੰ ਕਿਸੇ ਵਿਸ਼ੇਸ਼ ਅਨੁਸ਼ਾਸਨ (disciplines) ਦੇ ਅਧਿਕਾਰੀ ਦੇ ਤੌਰ ਤੇ ਦੇਖਿਆ ਜਾਂਦਾ ਹੈ ਅਤੇ ਅਧਿਆਪਨ ਨੂੰ ਇੱਕ ਕਲਾ ਦੇ ਤੌਰ ਤੇ ਨਿਰਧਾਰਿਤ ਕੀਤਾ ਜਾਂਦਾ ਸੀ ਜੋ ਗਿਆਨ ਤੇ ਜਾਣਕਾਰੀਆਂ ਪ੍ਰਦਾਨ ਕਰਦੀ ਸੀ ਅਤੇ ਚਰਚਾ ਉਤਸਾਹਿਤ ਕਰਦੀ ਸੀ।
3. ਵਿਦਿਆਰਥੀ ਨੂੰ ਅਪ੍ਰੋੜ ਸਮਝਿਆ ਜਾਂਦਾ ਹੈ ਕਿਉਂਕਿ ਉਹਨਾਂ ਅੰਦਰ ਵਿਸ਼ਾ ਚੁਨਣ ਦਾ ਨਿਰਣਾ ਲੈਣ ਦੀ ਕਮੀ ਹੁੰਦੀ ਹੈ।ਪਾਠਕ੍ਰਮ ਨਿਰਮਾਣ ਵਿੱਚ ਉਹਨਾਂ ਦੀਆਂ ਰੁਚੀਆਂ ਵੱਲ ਖਾਸ ਧਿਆਨ ਨਹੀਂ ਦਿੱਤਾ ਜਾਂਦਾ।
4. ਹਰੇਕ ਵਿਦਿਆਰਥੀ ਲਈ ਲੱਗਭੱਗ ਸਾਂਝਾ ਪਾਠਕ੍ਰਮ ਹੁੰਦਾ ਹੈ ਅਤੇ ਚੋਣਵੇ ਵਿਸ਼ੇ ਲਈ ਕੋਈ ਸਥਾਨ ਨਹੀਂ ਹੁੰਦਾ।ਇਸ ਅਨੁਸਾਰ ਕੁਝ ਚੋਣਵੇਂ ਵਿਦਿਆਰਥੀਆਂ ਨੂੰ ਅਕਾਦਮਿਕ ਪਾਠਕ੍ਰਮ ਦੇਣਾ ਅਤੇ ਦੂਸਰਿਆਂ ਨੂੰ ਵਿਵਸਾਇਕ ਪਾਠਕ੍ਰਮ ਵਿਦਿਅਕ ਮੌਕੇ ਦੀ ਬਰਾਬਰਤਾ ਤੋਂ ਇਨਕਾਰ ਕਰਨਾ ਹੈ।
5. ਇਸ ਵਿਚਾਰਧਾਰਾ ਦਾ ਜ਼ੋਰ ਵਿਦਿਆਰਥੀਆਂ ਦਾ ਪ੍ਰੀਖਣ ਕਰਨ, ਸਖਤ ਅਕਾਦਮਿਕ ਮਾਪਦੰਡ ਲਾਗੂ ਕਰਨ ਅਤੇ ਪ੍ਰਤੀਭਾਵਾਨ ਵਿਦਿਆਰਥੀਆਂ ਦੀ ਪਛਾਣ ਅਤੇ ਪ੍ਰੋਤਸਾਹਿਤ ਕਰਨਾ ਹੈ।

**ii) ਪ੍ਰਗਤੀਵਾਦ (Progressivism):**

ਇਹ ਵਿਚਾਰਧਾਰਾ ਸਥਾਈਵਾਦ ਦੇ ਵਿਰੋਧ ਵਿੱਚ ਹੋਂਦ ਵਿੱਚ ਆਈ ਅਤੇ ਪ੍ਰਯੋਜਨਵਾਦ ਤੋਂ ਪੈਦਾ ਹੋਈ ਹੈ।

1. ਇਸ ਵਿਚਾਰਧਾਰਾ ਅਨੁਸਾਰ ਪਾਠਕ੍ਰਮ ਦੀ ਪ੍ਰਕ੍ਰਿਤੀ ਅੰਤਰਅਨੁਸ਼ਾਸਨੀ ਅਤੇ ਸੰਵਾਦਮੂਲਕ (interactive) ਹੈ।ਅਧਿਆਪਕ ਨੂੰ ਵਿਦਿਆਰਥੀਆਂ ਦੀਆਂ ਸਮੱਸਿਆਂ ਦੇ ਸਮਾਧਾਨ ਅਤੇ ਵਿਗਿਆਨਕ ਪ੍ਰੋਜੈਕਟਾਂ ਲਈ ਇੱਕ ਮਾਰਗ ਦਰਸ਼ਕ ਦੇ ਤੌਰ ਤੇ ਦੇਖਿਆ ਜਾਂਦਾ ਹੈ।
2. ਇਹ ਵਿਚਾਰਧਾਰਾ ਵਿਦਿਆਰਥੀ ਕੇਂਦਰਿਤ ਹੈ ਅਤੇ ਇਸ ਅੰਦਰ ਸ਼ਾਮਿਲ ਵਿਸ਼ਾ-ਵਸ਼ਤੂ ਜ਼ਰੂਰਤ ਅਧਾਰਿਤ ਹੁੰਦਾ ਹੈ ਅਤੇ ਵਿਦਿਆਰਥੀਆਂ ਦੀਆਂ ਜ਼ਰੂਰਤਾਂ ਅਨੁਸਾਰ ਉਪਯੁਕਤ ਹੁੰਦਾ ਹੈ। ਇਹ ਵਿਦਿਆਰਥੀਆਂ ਦੀ ਨਿੱਜੀ ਜਿੰਦਗੀ ਅਤੇ ਅਨੁਭਵਾਂ ਨਾਲ ਸੰਬੰਧਿਤ ਹੁੰਦਾ ਹੈ ਅਤੇ ਪਰਿਵਰਤਨ ਨਾਲ ਸਮਾਯੋਜਨ ਕਰਨ ਲਈ ਹੁਨਰ ਪ੍ਰਦਾਨ ਕਰਦਾ ਹੈ।

3. ਇਸ ਵਿਚਾਰਧਾਰਾ ਅਨੁਸਾਰ, ਸਿੱਖਣ ਦੇ ਸਾਧਨਾਂ ਅਤੇ ਹੁਨਰਾਂ ਅੰਦਰ ਸਮੱਸਿਆ-ਸਮਾਧਾਨ ਵਿਧੀ ਅਤੇ ਵਿਗਿਆਨਿਕ ਪੜਤਾਲ/ ਜਾਂਚ ਸ਼ਾਮਿਲ ਹਨ। ਸਿੱਖਣ ਤਜ਼ਰਬਿਆਂ ਵਿੱਚ ਲੋਕਤੰਤਰਿਕ ਜੀਵਨ ਲਈ ਜ਼ਰੂਰੀ ਸਹਿਯੋਗੀ ਵਿਵਹਾਰ ਅਤੇ ਸਵੈ-ਅਨੁਸ਼ਾਸਨ ਦੋਵੇਂ ਸ਼ਾਮਿਲ ਹੋਣੇ ਚਾਹੀਦਾ ਹੈ।
4. ਇਹ ਕਿਵੇਂ ਸੋਚਣਾ ਹੈ (ਭਾਵਾਤਮਿਕ ਪਰਿਣਾਮ ) ਉੱਤੇ ਜ਼ੋਰ ਦਿੰਦਾ ਹੈ ਨਾ ਕਿ ਕੀ ਸੋਚਣਾ ਹੈ (ਗਿਆਨਤਮਿਕ ਪਰਿਣਾਮ) ਉੱਤੇ।

**iii) ਪਦਾਰਥਵਾਦ/ਤੱਤਵਾਦ (Essentialism):** ਇਸ ਵਿਚਾਰਧਾਰਾ ਦੀ ਜੜ੍ਹ ਅੰਸ਼ਿਕ ਰੂਪ ਵਿੱਚ ਆਦਰਸ਼ਵਾਦ ਅੰਦਰ ਅਤੇ ਅੰਸ਼ਿਕ ਰੂਪ ਵਿੱਚ ਯਥਾਰਥਵਾਦ ਵਿੱਚ ਹੁੰਦੀ ਹੈ। ਇਹ ਸਿੱਖਿਆ ਵਿੱਚ ਪ੍ਰਗਤੀਵਾਦ ਚਿੰਤਨ ਵਿਰੁੱਧ ਅਲੋਚਨਾ ਕਰਕੇ ਹੋਂਦ ਵਿੱਚ ਆਈ। ਫਿਰ ਵੀ ਇਹ ਪੂਰੀ ਤਰ੍ਹਾਂ ਪ੍ਰਗਤੀਵਾਦ ਵਿਧੀ ਨੂੰ ਨਹੀਂ ਨਕਾਰਦੇ ਕਿਉਂਕਿ ਉਹਨਾਂ ਦਾ ਵਿਸ਼ਵਾਸ ਹੈ ਕਿ ਸਿੱਖਿਆ ਦਾ ਉਦੇਸ਼ ਸਿਖਿਆਰਥੀ ਨੂੰ ਬਦਲਦੇ ਸਮਾਜ ਨਾਲ ਸਮਾਯੋਜਨ ਕਰਨ ਲਈ ਤਿਆਰ ਕਰਨਾ ਹੈ।

1. ਇਸ ਵਿਚਾਰਧਾਰਾ ਅਨੁਸਾਰ ਸਿੱਖਣਾ ਵਿਸ਼ਾ-ਵਸ਼ਤੂ ਦੀ ਪ੍ਰਵੀਨਤਾ ਉੱਤੇ ਜ਼ੋਰ ਦੇਵੇ ਜੋ ਵਿਭਿੰਨ ਅਨੁਸ਼ਾਸ਼ਨਾਂ ਦੇ ਉਪਲੱਭਦ ਚਲੰਤ ਗਿਆਨ ਨੂੰ ਦਰਸਾਉਂਦਾ ਹੋਵੇ।
2. ਅਧਿਆਪਕ ਵਿਦਿਆਰਥੀਆਂ ਨੂੰ ਜਾਣਕਾਰੀ ਪ੍ਰਦਾਨ ਕਰਨ ਲਈ ਉੱਚਿਤ ਨਿਰਦੇਸ਼ਕ ਦੀ ਭੂਮਿਕਾ ਨਿਭਾਵੇ।

**iv) ਪੁਨਰਨਿਰਮਾਣਵਾਦ (Reconstructionism):** ਇਹ ਵਿਚਾਰਧਾਰਾ ਸਿੱਖਿਆ ਨੂੰ ਸਮਾਜ ਦੇ ਪੁਨਰ-ਨਿਰਮਾਣ ਦੇ ਸਾਧਨ ਦੇ ਤੌਰ ਤੇ ਦੇਖਦੀ ਹੈ। ਇਹ ਵਿਚਾਰਧਾਰਾ ਪ੍ਰਯੋਜਨਵਾਦ ਵਿੱਚੋਂ ਨਿਕਲੀ ਹੈ ਅਤੇ ਇਸਦੇ ਕੁਝ ਵਿਚਾਰ ਅਸਤਿਤਵਵਾਦ ਨਾਲ ਸੰਬੰਧਿਤ ਹਨ। ਇਸ ਅਨੁਸਾਰ ਨੌਜਵਾਨ ਵਰਗ ਸਕੂਲ/ਕਾਲਜ ਵਿੱਚ ਦਾਖਲ ਹੁੰਦਾ ਹੈ ਅਤੇ ਇਸ ਲਈ ਇਸ ਸਥਾਨ ਨੂੰ ਹਰੇਕ ਪੀੜ੍ਹੀ ਦੀਆਂ ਅਭਿਵਰਿਤੀਆਂ ਅਤੇ ਮੁੱਲਾਂ ਨੂੰ ਆਕਾਰ ਦੇਣ ਦਾ ਸਾਧਨ ਹੋਣਾ ਚਾਹੀਦਾ ਹੈ। ਨਤੀਜੇ ਵੱਜੋਂ, ਜਦੋਂ ਨੌਜਵਾਨ ਬਾਲਗ ਹੋਣਗੇ ਤਾਂ ਉਹ ਕੁਝ ਸਾਂਝੇ ਮੁੱਲ ਇੱਕ-ਦੂਜੇ ਨਾਲ ਵੰਡਣਗੇ ਜਿਸ ਕਾਰਨ ਸਮਾਜ ਦਾ ਪੁਨਰਨਿਰਮਾਣ ਹੋਵੇਗਾ। ਅਜਿਹੀ ਸਿੱਖਿਆ ਦਾ ਪਾਠਕ੍ਰਮ ਹੇਠ ਲਿਖੇ ਅਨੁਸਾਰ ਹੁੰਦਾ ਹੈ:

1. ਪਾਠਕ੍ਰਮ ਨਵੀਂ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਸਿੱਖਿਆ ਨੂੰ ਪ੍ਰਫੁੱਲਿਤ ਕਰੇ। ਵਿਸ਼ਾ-ਵਸ਼ਤੂ ਸਮਾਜਿਕ ਸਮੱਸਿਆਵਾਂ ਦੇ ਅਧਿਐਨ ਲਈ ਸਾਧਨ ਦੇ ਤੌਰ ਤੇ ਵਰਤਿਆ ਜਾਣਾ ਹੈ ਇਸ ਲਈ ਇਹ ਸਮੱਸਿਆਵਾਂ ਪਾਠਕ੍ਰਮ ਦਾ ਕੇਂਦਰ ਹੋਣ।
2. ਉਪਰੋਕਤ ਵਿਚਾਰਧਾਰਾ ਵਿੱਚੋਂ ਪੈਦਾ ਹੋਣ ਕਾਰਨ ਪੁਨਰਨਿਰਮਾਣਵਾਦ ਪਾਠਕ੍ਰਮ ਦੇ ਖੇਤਰ ਵਿੱਚ ਅੰਤਰਗਿਆਨ, ਨਿੱਜੀ, ਅਧਿਆਤਮਿਕ, ਰਹੱਸਮਈ, ਭਾਸ਼ਾਈ, ਰਾਜਨੀਤਿਕ ਅਤੇ ਸਮਾਜਿਕ ਪ੍ਰਣਾਲੀ ਦੇ ਸਿਧਾਂਤ (social systems of theorizing) ਨੂੰ ਵੀ ਸ਼ਾਮਿਲ ਕਰਦਾ ਹੈ। ਸਧਾਰਨ ਤੌਰ ਤੇ ਇਹ ਵਿਚਾਰਧਾਰਾ ਸ਼ੁੱਧ (pure) ਵਿਗਿਆਨ ਤੇ ਕੇਂਦਰਿਤ ਨਾ ਹੋ ਕੇ ਸਮਾਜਿਕ ਵਿਗਿਆਨ-ਇਤਿਹਾਸ, ਰਾਜਨੀਤਿਕ-ਸ਼ਾਸਤਰ, ਅਰਥ-ਸ਼ਾਸਤਰ, ਸਮਾਜ ਵਿਗਿਆਨ, ਮਨੋਵਿਗਿਆਨ ਆਦਿ ਤੇ ਜ਼ੋਰ ਦਿੰਦੀ ਹੈ।
3. ਪਾਠਕ੍ਰਮ ਵਰਤਮਾਨ ਅਤੇ ਭਵਿੱਖਤ ਰੁਝਾਨ ਅਤੇ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਸਾਰੋਕਾਰ ਦੇ ਮੁੱਦਿਆਂ ਤੇ ਕੇਂਦਰਿਤ ਹੁੰਦਾ ਹੈ।
4. ਇਹ ਪਾਠਕ੍ਰਮ ਨਿੱਜੀ ਪ੍ਰਗਟਾਵੇ ਅਤੇ ਚਿੰਤਨ ਤੇ ਜ਼ੋਰ ਦਿੰਦਾ ਹੈ।
5. ਇਸ ਪਾਠਕ੍ਰਮ ਦਾ ਮੁੱਖ ਵਿਸ਼ਾ ਗਿਆਨਾਤਮਿਕ ਅਤੇ ਬੌਧਿਕ ਕ੍ਰਿਆਵਾਂ ਰਾਹੀ ਵਿਅਕਤੀ ਅੰਦਰ ਸਵੈ-ਬੋਧ ਅਤੇ ਸਤੁੰਤਰਤਾ ਦਾ ਵਿਕਾਸ ਕਰਨਾ ਹੈ ਅਤੇ ਲੋਕਾਂ ਨੂੰ ਬੰਦਿਸ਼ਾਂ, ਪ੍ਰਤੀਬੰਬਾਂ ਅਤੇ ਸਮਾਜ ਦੇ ਨਿਯੰਤਰਨ ਤੋਂ ਮੁਕਤ ਕਰਵਾਉਣਾ ਹੈ।

ਜੇਕਰ ਅਸੀਂ ਆਪਣੇ ਸਿੱਖਿਆ ਦਰਸ਼ਨ ਬਾਰੇ ਅਸਪੱਸ਼ਟ ਹੋਈਏ ਤਾਂ ਸਾਡੀਆਂ ਪਾਠਕ੍ਰਮ ਯੋਜਨਾਵਾਂ ਅਤੇ ਸਿੱਖਿਆ ਵਿਧੀਆਂ ਆਯੋਗ ਅਤੇ ਅਸਪੱਸ਼ਟ ਹੋਣਗੀਆਂ। ਇਸ ਪ੍ਰਕਾਰ ਦਰਸ਼ਨ ਨਾ ਸ਼ਿਰਫ ਪਾਠਕ੍ਰਮ ਨੂੰ ਪ੍ਰਭਾਵਿਤ ਕਰਦਾ ਹੈ ਸਗੋਂ ਇਹ ਉਹਨਾਂ ਅਧਿਐਨ ਦੇ ਵਿਸ਼ਿਆਂ ਨੂੰ ਵੀ ਨਿਰਧਾਰਿਤ ਕਰਦਾ ਹੈ ਜੋ ਇਸ ਦੀਆ ਜ਼ਰੂਰਤਾਂ ਪੂਰੀਆਂ ਕਰਦੇ ਹਨ।

### 1.4.8.7. ਪਾਠਕ੍ਰਮ ਦੇ ਦਾਰਸ਼ਨਿਕ ਨਿਰਣਾਇਕਾਂ ਅਨੁਸਾਰ ਸਿੱਖਿਆ ਦੇ ਉਦੇਸ਼(Aims of Education According to the Philosophical Determinants of Curriculum)

ਜਿਵੇਂ ਦਰਸ਼ਨ ਪਾਠਕ੍ਰਮ ਨਿਸ਼ਚਿਤ ਕਰਦਾ ਹੈ ਤਿਵੇਂ ਹੀ ਉਹ ਸਿੱਖਿਆ ਦੇ ਉਦੇਸ਼ ਵੀ ਨਿਸ਼ਚਿਤ ਕਰਦਾ ਹੈ ।

1. ਕਿਸੇ ਦੇਸ਼ ਵਲੋਂ ਅਪਨਾਏ ਗਏ ਦਾਰਸ਼ਨਿਕ ਸਿਧਾਂਤ, ਉਸ ਦੇਸ਼ ਦੇ ਲੋਕਾਂ ਦੇ ਜੀਵਨ ਦਰਸ਼ਨ ਉੱਤੇ ਬਹੁਤ ਪ੍ਰਭਾਵ ਪਾਉਂਦੇ ਹਨ। ਉਸ ਦੇਸ਼ ਦੀ ਸਿੱਖਿਆ ਦੇ ਉਦੇਸ਼ਾਂ ਨੂੰ ਨਿਰਧਾਰਿਤ ਕਰਨ ਸਮੇਂ ਇਹ ਆਪਣਾ ਪ੍ਰਭਾਵ ਪਾਉਂਦੇ ਹਨ।
2. ਸਿੱਖਿਆ ਦਾ ਅੰਤਿਮ ਉਦੇਸ਼, ਵਿਅਕਤੀ ਦੀਆਂ ਅੰਦਰੂਨੀ ਸਮਰਥਾਵਾਂ ਦਾ ਵੱਧ ਤੋਂ ਵੱਧ ਵਿਕਾਸ ਕਰਨਾ ਹੈ। ਇਸ ਨਾਲ ਉਨ੍ਹਾਂ ਵਿੱਚ ਸੰਗਠਿਤ ਸ਼ਖ਼ਸੀਅਤਾਂ ਦਾ ਚੰਗੀ ਤਰ੍ਹਾਂ ਵਿਕਾਸ ਹੋਵੇਗਾ। ਦਰਸ਼ਨ ਦਾ ਉਦੇਸ਼ ਵਿਅਕਤੀ ਨੂੰ ਸਵੈ-ਨਿਰਦੇਸ਼ਿਤ (Self directive) ਬਣਾਉਣਾ ਹੈ।
3. ਦਰਸ਼ਨ ਦੀਆਂ ਵੱਖ-ਵੱਖ ਸ਼ਾਖਾਵਾਂ ਜਿਵੇਂ ਕਿ ਧਾਰਮਿਕ ਦਰਸ਼ਨ, ਰਾਜਨੀਤਿਕ ਦਰਸ਼ਨ, ਸਮਾਜਿਕ ਦਰਸ਼ਨ ਅਤੇ ਆਰਥਿਕ ਦਰਸ਼ਨ, ਸਿੱਖਿਆ ਦੇ ਉਦੇਸ਼ ਮਿੱਥਣ ਦੇ ਸ਼ਕਤੀਸ਼ਾਲੀ ਸਾਧਨ ਹਨ।

### 1.4.8.8. ਦਾਰਸ਼ਨਿਕ ਪਾਠਕ੍ਰਮ ਦੇ ਸੰਦਰਭ ਵਿੱਚ ਸਿੱਖਿਆ ਦੇ ਦਾਰਸ਼ਨਿਕ ਉਦੇਸ਼(Philosophical Aims of Education with Reference to Philosophical Curriculum)

ਸਿੱਖਿਆ ਦਾ ਦਾਰਸ਼ਨਿਕ ਉਦੇਸ਼ ਇੱਕ ਦੂਰਦਰਸ਼ੀ ਫ਼ਲ (Foreseen End) ਹੁੰਦਾ ਹੈ ਜੋ ਕ੍ਰਿਆਵਾਂ ਨੂੰ ਨਿਰਦੇਸ਼ਿਕ ਕਰਦਾ ਹੈ ਅਤੇ ਡਿਜ਼ਾਈਨ ਕੀਤੇ ਢੰਗ ਦੁਆਰਾ ਲੋੜੀਂਦੇ ਉਦੇਸ਼ ਪ੍ਰਾਪਤ ਕਰਨ ਸਿਖਿਆਰਥੀ ਦੇ ਵਿਵਹਾਰ ਨੂੰ ਪ੍ਰੇਰਿਤ ਕਰਦਾ ਹੈ।

ਸਿੱਖਿਆ ਵਿੱਚ ਦਾਰਸ਼ਨਿਕ ਪਹੁੰਚ ਨੇ ਪਾਠਕ੍ਰਮ ਵਾਂਗ ਆਧੁਨਿਕ ਸਮੇਂ ਵਿੱਚ ਕਈ ਸਿੱਖਿਆ ਉਦੇਸ਼ ਨਿਰਧਾਰਿਤ ਕੀਤੇ ਹਨ। ਇਨ੍ਹਾਂ ਵਿੱਚ ਵੱਖ-ਵੱਖ ਦਾਰਸ਼ਨਿਕ ਸਿਧਾਂਤਾਂ ਵਲੋਂ ਮਿੱਥੇ ਗਏ ਸਿੱਖਿਆ ਦੇ ਵਿਅਕਤੀਗਤ ਤੇ ਸਮਾਜਿਕ ਉਦੇਸ਼ ਸ਼ਾਮਿਲ ਕੀਤੇ ਗਏ ਹਨ ਜਿਵੇਂ - ਆਦਰਸ਼ਵਾਦ ਦਾ ਮੁੱਖ ਉਦੇਸ਼ ਸਵੈ-ਬੋਧ (Self-Realisation), ਪ੍ਰਕ੍ਰਿਤੀਵਾਦ ਦਾ ਵਿਅਕਤੀ ਦਾ ਪ੍ਰਕ੍ਰਿਤਿਕ ਤੇ ਸੁਭਾਵਿਕ ਵਿਕਾਸ ਅਤੇ ਪ੍ਰਯੋਜਨਵਾਦ ਦਾ ਵਾਧਾ ਤੇ ਹੋਰ ਵਾਧਾ।

**ਸਿੱਖਿਆ ਦਰਸ਼ਨ ਦੇ ਕੁਝ ਉਦੇਸ਼** (Some Aims of Educational–Philosophy)

1. **ਸਵੈ-ਬੋਧ ਦਾ ਉਦੇਸ਼** (Aim of Self -Realization) : ਇਹ ਉਦੇਸ਼ ਆਦਰਸ਼ਵਾਦੀ ਦਰਸ਼ਨ ਦੀ ਦੇਣ ਹੈ। ਸਿੱਖਿਆ ਦਾ ਇਹ ਸਭ ਤੋਂ ਉੱਤਮ ਆਦਰਸ਼ ਹੈ।ਇਹ ਵਿਦਿਆਰਥੀਆਂ ਦੀਆਂ ਸਮਰੱਥਾਵਾਂ ਨੂੰ ਪੂਰਨ ਸੰਭਵ ਹੱਦ ਤੱਕ ਵਿਕਸਿਤ ਕਰਨ ਤੇ ਜ਼ੋਰ ਦਿੰਦਾ ਹੈ।ਇਸਦੇ ਸਮਾਜਿਕ ਅਤੇ ਵਿਅਕਤੀਗਤ ਪਹਿਲੂ ਹਨ।

2. **ਸਵੈ-ਸੁਰੱਖਿਆ ਦਾ ਉਦੇਸ਼** (The Aim of Self-preservation): ਸੰਪੂਰਨ ਰੂਪ ਵਿੱਚ ਜੀਉਣ ਲਈ, ਮਨੁੱਖ ਨੂੰ ਆਪਣੀ ਹੋਂਦ ਬਣਾਉਣੀ ਪਵੇਗੀ।ਸਿੱਖਿਆ ਸਿੱਖਿਆਰਥੀ ਨੂੰ ਸਿਹਤ ਦੇ ਨਿਯਮਾਂ ਤੋਂ ਜਾਣੂ ਕਰਵਾਉਂਦੀ ਹੈ ਅਤੇ ਗੁਜਾਰੇ ਲਈ ਕਮਾਈ ਕਰਨਾ ਸਿਖਾਉਂਦੀ ਹੈ।

3. **ਆਚਰਨ ਨਿਰਮਾਣ ਦਾ ਸਿਧਾਂਤ** (The Aim of Character Formation): ਅਰਸਤੂ ਤੋਂ ਲੈ ਕੇ ਗਾਂਧੀ ਤੱਕ ਸਿੱਖਿਆ ਦਰਸ਼ਨ ਨੇ ਸਿੱਖਿਆ ਲਈ ਆਚਰਨ ਨਿਰਮਾਣ ਦੇ ਉਦੇਸ਼ ਉੱਪਰ ਪੂਰਾ ਜ਼ੋਰ ਦਿੱਤਾ ਹੈ। ਨਾਲ ਹੀ ਬਹੁਤੀ ਧਾਰਮਿਕ ਸਿੱਖਿਆ ਵੀ ਆਚਰਨ ਦੇ ਵਿਕਾਸ ਉੱਪਰ ਕੇਂਦ੍ਰਿਤ ਹੁੰਦੀ ਹੈ।

4. **ਜੀਵਨ ਦੀਆਂ ਜ਼ਰੂਰਤਾਂ ਦੀ ਪੂਰਤੀ** (Securing the necessities of life): ਸਿੱਖਿਆ ਦਾ ਉਦੇਸ਼ ਆਰਥਿਕ ਸਮਰੱਥਾ ਦਾ ਵਿਕਾਸ ਕਰਨਾ ਹੈ ਤਾਂ ਕਿ ਜੀਵਨ ਦੀਆਂ ਜ਼ਰੂਰਤਾਂ ਪੂਰੀਆਂ ਕੀਤੀਆਂ ਜਾ ਸਕਣ।

**5.** **ਚੰਗੇ ਜੀਵਨ ਦਾ ਉਦੇਸ਼** (Aim of Good Life): ਸਾਰੀ ਸਿੱਖਿਆ ਦਾ ਅੰਤਿਮ ਉਦੇਸ਼ ਚੰਗੇ ਜੀਵਨ ਦੀ ਉਸਾਰੀ ਹੋਣਾ ਚਾਹੀਦਾ ਹੈ। ਦਰਸ਼ਨ ਇਹ ਫ਼ੈਸਲਾ ਕਰਦਾ ਹੈ ਕਿ ਚੰਗਾ ਜੀਵਨ ਕੀ ਹੈ ਅਤੇ ਕਿਹੜੀ ਜ਼ਿੰਦਗੀ ਜੀਉਣ ਦੇ ਕਾਬਿਲ ਹੈ। ਸੈਕੰਡਰੀ ਕਮਿਸ਼ਨ 1952-53 ਨੇ ਵੀ ਸਿੱਖਿਆ ਦਾ ਉਦੇਸ਼ ਗਣਤੰਤਰ ਭਾਰਤ ਵਿੱਚ ਚੰਗੇ ਜੀਵਨ ਦੀ ਉਸਾਰੀ ਤੇ ਜੀਣਾ ਦੱਸਿਆ ਹੈ ਜਦੋਂ ਉਸ ਨੇ ਗਣਤੰਤਰੀ ਨਾਗਰਿਕਤਾ, ਪੇਸ਼ਾਵਰੀ ਯੋਗਤਾ, ਸ਼ਖ਼ਸੀਅਤ ਦਾ ਵਿਕਾਸ ਤੇ ਅਗਵਾਨੀ ਦੀ ਸਿਖਲਾਈ ਵਰਗੇ ਸਿੱਖਿਆ ਉਦੇਸ਼ਾਂ ਦਾ ਉਲੇਖ ਕੀਤਾ ਹੈ।

6. **ਸਮਾਜਿਕ ਯੋਗਤਾ ਦਾ ਉਦੇਸ਼** (The Aim of Social Efficiency): ਸਮਾਜਿਕ ਯੋਗਤਾ ਵਿੱਚ ਆਰਥਿਕ ਯੋਗਤਾ, ਨੈਤਿਕ ਮਾਸਟਰੀ, ਕੈਰੀਅਰ ਯੋਗਤਾ ਆਦਿ ਸ਼ਾਮਿਲ ਹਨ। ਦਰਸ਼ਨ ਨੇ ਇਸ ਸਮਾਜਿਕ ਯੋਗਤਾ ਨੂੰ ਸਿੱਖਿਆ ਦਾ ਇੱਕ ਮਹੱਤਵਪੂਰਨ ਉਦੇਸ਼ ਮੰਨਿਆ ਹੈ।

7. **ਸਮਾਜਿਕ ਅਤੇ ਰਾਜਨੀਤਿਕ ਸੰਬੰਧ ਸਥਾਪਿਤ ਕਰਨਾ** (Maintenance of social and political relations): ਮਨੁੱਖ ਅੰਦਰ ਪੂਰਨ ਰੂਪ ਵਿੱਚ ਜੀਉਣ ਲਈ ਸਮਾਜਿਕ ਅਤੇ ਰਾਜਨੀਤਿਕ ਪ੍ਰਕਿਰਿਆਵਾਂ ਦੀ ਨਿਪੁੰਨਤਾ ਅਤੇ ਸਮਝ ਹੋਣੀ ਚਾਹੀਦੀ ਹੈ। ਪ੍ਰਭਾਵਸ਼ਾਲੀ ਸਮਾਜਿਕ ਅਤੇ ਰਾਜਨੀਤਿਕ ਕ੍ਰਿਆਵਾਂ ਲਈ ਉਸਨੂੰ ਇੱਕ ਜ਼ਿੰਮੇਵਾਰ ਨਾਗਰਿਕ ਦੇ ਤੌਰ ਤੇ ਵਿਚਰਨਾ ਚਾਹੀਦਾ ਹੈ।

8. **ਦਰਸ਼ਨ ਦੇ ਹੋਰ ਉਦੇਸ਼** (Other Aim of Philosophy): ਦਰਸ਼ਨ ਨੇ ਸਿੱਖਿਆ ਦੇ ਹੋਰ ਉਦੇਸ਼ ਵੀ ਦਿੱਤੇ ਹਨ, ਜਿਵੇਂ ਸਰਬਪੱਖੀ ਵਿਕਾਸ, ਸੰਪੂਰਨ ਜੀਵਨ ਆਦਿ।

ਇਹ ਉਦੇਸ਼ ਸਿੱਖਿਆ ਦੀਆਂ ਵਿਭਿੰਨ ਦਾਰਸ਼ਨਿਕ ਪਹੁੰਚਾਂ ਦੁਆਰਾ ਵਿਦਿਅਕ ਉਦੇਸ਼ਾਂ ਨੂੰ ਨਿਰਧਾਰਿਤ ਕਰਨ ਲਈ ਉਦਾਰ ਪਹੁੰਚ ਨੂੰ ਦਰਸਾਉਂਦੇ ਹਨ।

## 1.4.9. ਸਿੱਖਿਆ-ਸ਼ਾਸਤਰ ਦੇ ਸੰਦਰਭ ਵਿੱਚ ਸਿੱਖਿਆ ਉਦੇਸ਼ਾਂ ਦਾ ਨਿਰਧਾਰਨ(Determinants of the Aims of Education with Reference to Pedagogy)

### 1.4.9.1. ਸਿੱਖਿਆ-ਸ਼ਾਸਤਰ (Pedagogy)

ਸਿੱਖਿਆ-ਸ਼ਾਸਤਰ ਅਧਿਆਪਨ ਦੀ ਕਲਾ ਤੇ ਵਿਗਿਆਨ ਹੈ। ਇੱਕ ਸਾਧਾਰਨ ਵਿਅਕਤੀ ਲਈ ਇਸ ਦਾ ਅਰਥ ਸਿੱਖਿਆ ਜਾਂ ਅਧਿਆਪਨ ਵਿਧੀਆਂ ਹਨ।ਇਸ ਪ੍ਰਕਾਰ ਸਿੱਖਿਆ ਸ਼ਾਸਤਰ ਅਨੁਦੇਸ਼ਨ ਦੇ ਢੰਗਾਂ, ਵਿਦਿਅਕ ਅੰਤਰਕਿਰਿਆ, ਸੰਚਾਰ ਆਦਿ ਨੂੰ ਦਰਸਾਉਂਦਾ ਹੈ। ਵਿਧੀ ਤੋਂ ਭਾਵ ਹੈ ਅਧਿਆਪਨ ਦੀ ਕਲਾ ਜਾਂ ਉਹ ਗਿਆਨ ਜਿਸਨੂੰ ਅਧਿਆਪਕ ਵਿਦਿਆਰਥੀ ਨੂੰ ਜਾਣਕਾਰੀਆਂ ਦੇਣ ਲਈ ਸੰਚਾਰ ਵਿੱਚ ਵਰਤਦਾ ਹੈ। ਅਸਲ ਵਿੱਚ ਸਿੱਖਿਆ-ਸ਼ਾਸਤਰ ਇੱਕ ਢੰਗ ਹੈ ਜਿਸ ਵਿੱਚ ਅਧਿਆਪਕ ਸਿਖਿਆਰਥੀਆਂ ਦੇ ਵਾਧੇ ਤੇ ਵਿਕਾਸ ਲਈ ਸ਼ਾਮਿਲ ਹੁੰਦਾ ਹੈ। ਸਿੱਖਣ-ਸਿਖਾਉਣ ਦੀ ਪ੍ਰਕਿਰਿਆ ਦੀ ਪ੍ਰਭਾਵਸ਼ੀਲਤਾ ਸੰਚਾਰ ਦੀ ਪ੍ਰਕ੍ਰਿਤੀ ਜਾਂ ਕਲਾ ਤੇ ਨਿਰਭਰ ਕਰਦੀ ਹੈ। ਦਰਸ਼ਨ ਸੰਚਾਰ ਦੀ ਇਸ ਕਲਾ ਜਾਂ ਜਮਾਤ ਕਮਰੇ ਦੀਆਂ ਤਕਨੀਕਾਂ ਦਾ ਸੰਤੁਸ਼ਟੀਪੂਰਨ ਸੰਚਾਲਨ ਕਰਦਾ ਹੈ।

ਵਧੇਰੇ ਸਿੱਖਿਆ ਸ਼ਾਸਤਰੀਆਂ ਦਾ ਵਿਚਾਰ ਹੈ ਕਿ ਸਿੱਖਿਆ ਸ਼ਾਸਤਰ ਨੂੰ ਸਿਰਫ਼ ਵਿਧੀ-ਵਿਧਾਨ ਤੱਕ ਹੀ ਸੀਮਿਤ ਨਹੀਂ ਕਰ ਦੇਣਾ ਚਾਹੀਦਾ। ਇਸ ਵਿੱਚ ਪੜ੍ਹਾਏ ਜਾਣ ਵਾਲੇ ਆਦਰਸ਼ਾਂ ਵਿੱਚ ਮਾਨਵ ਵਿਅਕਤੀ ਦੀ ਵਿਸ਼ਵ-ਵਿਆਪੀ ਦ੍ਰਿਸ਼ਟੀ ਤੇ ਮਿਸ਼ਨ ਸ਼ਾਮਿਲ ਹੋਣਾ ਚਾਹੀਦਾ ਹੈ। ਇਹ ਸਿੱਖਿਆ ਪ੍ਰਕ੍ਰਿਆ ਵਿੱਚ ਵਰਤੇ ਜਾਣ ਵਾਲੇ ਸਾਧਨਾਂ ਦੀ ਚੋਣ ਲਈ ਕਸੌਟੀ ਵੀ ਪ੍ਰਦਾਨ ਕਰਦਾ ਹੈ।

ਇਸ ਪ੍ਰਕਾਰ, ਸਾਧਾਰਨ ਅਰਥਾਂ ਵਿੱਚ, ਸਿੱਖਿਆ ਸ਼ਾਸਤਰ ਅਧਿਆਪਨ ਦਾ ਵਿਗਿਆਨ ਹੈ ਅਤੇ ਇਸ ਵਿੱਚ ਅਧਿਆਪਨ ਵਿਧੀ ਵਿਧਾਨ (Methodology) ਤੇ ਸਿੱਖਿਆ ਪ੍ਰਕ੍ਰਿਆ ਵਿੱਚ ਵਰਤੇ ਜਾਂਦੇ ਸਾਧਨਾਂ ਨੂੰ ਸ਼ਾਮਿਲ ਕੀਤਾ ਜਾਂਦਾ ਹੈ। ਇਸ ਨੂੰ ਦੋ-ਧੁਰੀ (Bi-polar) ਪ੍ਰਕ੍ਰਿਆ ਵੀ ਮੰਨਿਆ ਜਾਂਦਾ ਹੈ ਜਿਸ ਵਿੱਚ ਕ੍ਰਮਵਾਰ ਅਧਿਆਪਕਾਂ ਤੇ ਵਿਦਿਆਰਥੀਆਂ ਵਿੱਚ ਵਿਚਾਰ ਦਾ ਆਦਾਨ-ਪ੍ਰਦਾਨ ਸ਼ਾਮਿਲ ਹੈ। ਅਧਿਆਪਨ ਤੇ ਸਿੱਖਣ ਦੇ ਇਸ ਮੰਤਵ ਲਈ ਮਨੁੱਖੀ ਇਤਿਹਾਸ ਵਿੱਚ ਅਨੇਕਾਂ ਵਿਧੀਆਂ ਤੇ ਢੰਗ ਕੱਢੇ ਤੇ ਵਰਤੇ ਗਏ ਹਨ ਜਿਸ ਨੂੰ ਅਧਿਆਪਨ ਵਿਧੀ ਵਿਧਾਨ ਦਾ ਨਾਮ ਦਿੱਤਾ ਜਾਂਦਾ ਹੈ।

### 1.4.9.2. ਅਧਿਆਪਨ ਵਿਧੀਆਂ ਦਾ ਵਿਕਾਸ (Development of Teaching Methodology):

ਸਿੱਖਿਆ ਵਿਧੀਆਂ ਦੇ ਵਿਕਾਸ ਅਤੇ ਸ਼੍ਰੇਣੀ ਕਮਰੇ ਦੇ ਅਧਿਆਪਨ ਵਿੱਚ ਸੁਧਾਰ ਲਿਆਉਣ ਲਈ ਕੌਮੀਨਸ ਤੋਂ ਲੈ ਕੇ ਗਾਂਧੀ (Comenius to Gandhi) ਤੱਕ ਯਤਨ ਕੀਤੇ ਗਏ ਹਨ। ਆਧੁਨਿਕ ਸਿੱਖਿਆ ਵਿਧੀਆਂ ਦਾ ਮੁੱਢ ਇੰਦਰਾਵੀ ਯਥਾਰਥਵਾਦ ਨੇ ਬੰਨਿਆ ਹੈ ਜਿਸ ਨੇ ਇੰਦਰੀਆਂ ਦੀ ਸਿਖਲਾਈ (Training of senses) ਉੱਪਰ ਜ਼ੋਰ ਦਿੱਤਾ ਹੈ। ਹਰਬਰਟ (Herbartian) ਦੇ ਅਧਿਆਪਨ ਸਿਧਾਂਤ, ਸ਼੍ਰੇਣੀ ਕਮਰੇ ਦੀ ਸਿੱਖਿਆ ਲਈ ਤਰਕ ਆਧਾਰਿਤ ਵਿਧੀ ਅਪਨਾਉਣ ਦੀ ਪਹਿਲੀ ਕੋਸ਼ਿਸ਼ ਸੀ। ਜੌਹਨ ਡਿਊਵੀ ਤੇ ਕਿਲਪਰਿਕ (John Dewey and Kilpatrick) ਨੇ ਕ੍ਰਮਵਾਰ ਸਮੱਸਿਆ ਤੇ ਪ੍ਰੋਜੈਕਟ ਵਿਧੀਆਂ ਦਾ ਵਿਕਾਸ ਕੀਤਾ।

ਆਧੁਨਿਕ ਸਿੱਖਿਆ ਵਿਧੀ ਵਿਧਾਨ ਵਿੱਚ ਅਧਿਆਪਕ ਤੇ ਵਿਦਿਆਰਥੀਆਂ ਦੋਹਾਂ ਦੀਆਂ ਕ੍ਰਿਆਵਾਂ ਸ਼ਾਮਿਲ ਹਨ। ਅੱਜਕੱਲ੍ਹ ਵਿਦਿਆਰਥੀ ਦੀ ਕ੍ਰਿਆਸ਼ੀਲ ਸਹਿਭਾਗਿਤਾ ਉੱਪਰ ਵਧੇਰੇ ਜ਼ੋਰ ਦਿੱਤਾ ਜਾਂਦਾ ਹੈ।

ਸਿੱਖਿਆ ਦਰਸ਼ਨ ਦੇ ਪ੍ਰਭਾਵ ਦੇ ਨਤੀਜੇ ਵੱਜੋਂ ਉਦੇਸ਼ ਅਧਾਰਿਤ ਅਨੁਦੇਸ਼ਨ ਵਿਧੀ (Objective based instructional method) ਇੱਕ ਅਧੁਨਿਕ ਰੁਝਾਨ ਹੈ। ਅੱਜਕੱਲ੍ਹ ਅਧਿਆਪਨ ਢੰਗਾਂ ਦਾ ਮੁਲਾਂਕਣ ਵਿਗਿਆਨ ਤੇ ਨਵੀਂ ਤਕਨੀਕੀ ਦੇ ਪ੍ਰਭਾਵ ਕਾਰਨ, ਬਹੁਤ ਹੱਦ ਤੱਕ ਟੈਕਨੀਕਲ ਹੋ ਗਿਆ ਹੈ। ਇਸ ਵਿੱਚ ਅਨੇਕਾਂ ਨਵੇਂ ਯੰਤਰਾਂ ਦਾ ਉਪਯੋਗ ਹੋਣ ਲੱਗਾ ਹੈ।

### 1.4.9.3. ਸਿੱਖਿਆ ਸ਼ਾਸਤਰ ਦੇ ਸੰਦਰਭ ਵਿੱਚ ਸਿੱਖਿਆ ਦੇ ਦਾਰਸ਼ਨਿਕ ਨਿਰਣਾਇਕ(Philosophical Determinants of the Pedagogy)(Methods of Teaching):

ਸਾਡੀਆਂ ਅਧਿਆਪਨ ਵਿਧੀਆਂ, ਪਾਠਕ੍ਰਮ ਅਤੇ ਮੁਲਾਂਕਣ ਦੀ ਪ੍ਰਣਾਲੀ ਸਾਡੇ ਸਿੱਖਿਆ ਦੇ ਉਦੇਸ਼ਾਂ ਦੁਆਰਾ ਆਕਾਰਿਤ ਅਤੇ ਅਨੁਰੂਪਿਤ ਹੁੰਦੀ ਹੈ। ਉਦੇਸ਼ਾਂ ਅਤੇ ਅਨੁਦੇਸ਼ਨ ਦੀ ਸਮੱਗਰੀ ਵਿੱਚ ਸੰਬੰਧ ਸਥਾਪਿਤ ਕਰਨ ਲਈ ਅਧਿਆਪਕ ਨੂੰ ਕੁਝ ਵਿਧੀਆਂ ਜਾਂ ਤਕਨੀਕਾਂ ਅਪਣਾਉਣੀਆਂ ਪੈਂਦੀਆਂ ਹਨ। ਅਧਿਆਪਨ ਵਿਧੀਆਂ ਦੀ ਯੋਜਨਾ ਬਣਾਈ ਜਾਂਦੀ ਹੈ ਤੇ ਇਸਨੂੰ ਪਾਠਕ੍ਰਮ ਵਿੱਚ ਚੁਣੇ ਗਏ ਵਿਸ਼ੇ ਦੇ

ਵਿਸ਼ਾ-ਵਸ਼ਤੂ ਦੀ ਜਾਣਕਾਰੀ ਉੱਪਰ ਪ੍ਰਵੀਨਤਾ/ ਨਿਪੁੰਨਤਾ ਹਾਸ਼ਿਲ ਕਰਨ ਲਈ ਲਾਗੂ ਕੀਤਾ ਜਾਂਦਾ ਹੈ।ਕਿਸੇ ਸਮਾਜ ਦੁਆਰਾ ਚੁਣਿਆ ਗਿਆ ਸਿੱਖਿਆ ਦਾ ਦਰਸ਼ਨ ਅਧਿਆਪਨ ਦੀਆਂ ਨਵੀਆਂ ਵਿਧੀਆਂ ਨੂੰ ਜਾਂਚਣ ਅਤੇ ਅਧਿਆਪਨ-ਸਿੱਖਣ ਪ੍ਰਕਿਰਿਆ ਦੀ ਉੱਚਿਤ ਪ੍ਰਾਪਤੀ ਲਈ ਸਹੀ ਢੰਗ ਨਾਲ ਜਮਾਤ ਵਿੱਚ ਲਾਗੂ ਕਰਨ ਵਿੱਚ ਮਦਦ ਕਰਦਾ ਹੈ।

ਸਹੀ ਉਦੇਸ਼ਾਂ ਦੀ ਅਨਜਾਣਤਾ ਨੇ ਸਾਡੀ ਸਿੱਖਿਆ ਪ੍ਰਣਾਲੀ, ਇਸ ਦੀਆਂ ਵਿਧੀਆਂ ਅਤੇ ਉਪਜ ਦਾ ਦੁਰਉਪਯੋਗ ਕੀਤਾ ਹੈ ਅਤੇ ਮਨੁੱਖੀ ਨਸ਼ਲ ਦੀ ਸਰੀਰਕ, ਬੌਧਿਕ ਅਤੇ ਨੈਤਿਕ ਕਮਜੋਰੀ ਨੂੰ ਜਨਮ ਦਿੱਤਾ ਹੈ।

ਵਿਭਿੰਨ ਸਿੱਖਿਆ-ਦਾਰਸ਼ਨਿਕ ਪਹੁੰਚਾਂ ਸਿੱਖਿਆ ਵਿਧੀਆਂ ਲਈ ਸ਼ਕਤੀਸ਼ਾਲੀ ਨਿਰਣਾਇਕ ਦੇ ਤੌਰ ਤੇ ਕੰਮ ਕਰਦੀਆਂ ਹਨ।ਪ੍ਰਮੁੱਖ ਚਾਰ ਦਾਰਸ਼ਨਿਕ ਚਿੰਤਨਾਂ ਵਿੱਚੋਂ ਆਦਰਸ਼ਵਾਦ ਦੂਸਰਿਆਂ ਨਾਲੋਂ ਭਿੰਨ ਹਨ ਕਿਉਂਕਿ ਇਸ ਦੁਆਰਾ ਸੁਝਾਈਆਂ ਵਿਧੀਆਂ ਨਿਰਦੇਸ਼ਾਤਮਿਕ ਹਨ।ਬਾਕੀ ਤਿੰਨ ਦਰਸ਼ਨ ਬਾਲਕ ਨੂੰ ਪੂਰਨ ਮਹੱਤਵ ਦਿੰਦੇ ਹਨ ਅਤੇ ਬਾਲ-ਕੇਂਦਰਿਤ ਅਨੁਦੇਸ਼ਨ ਵਿਧੀ ਤੇ ਜ਼ੋਰ ਦਿੰਦੇ ਹਨ।ਇਹ ਇਸ ਗੱਲ ਦੀ ਵਕਾਲਤ ਕਰਦੇ ਹਨ ਕਿ ਬਾਲਕ ਦੇ ਅਨੁਭਵਾਂ, ਵਿਕਾਸਾਤਮਿਕ ਪੜਾਵਾਂ, ਸਮਾਜਿਕ ਅਤੇ ਆਰਥਿਕ ਸਥਿਤੀਆਂ ਤੇ ਅਧਾਰਿਤ ਅਨੁਦੇਸ਼ਨ ਸਤੁੰਲਿਤ ਸ਼ਖਸ਼ੀਅਤ ਵਿਕਾਸ ਵਿੱਚ ਸਹਾਈ ਹੁੰਦੇ ਹਨ। ਇਹਨਾਂ ਦਾ ਵਿਸਥਾਰ ਇਸ ਪ੍ਰਕਾਰ ਹੈ:

1. **ਪ੍ਰਕ੍ਰਿਤੀਵਾਦ ਦਰਸ਼ਨ (The Naturalistic Philosophy)**: ਪ੍ਰਕ੍ਰਿਤੀਵਾਦ ਉੱਤੇ ਅਧਾਰਿਤ ਸਿੱਖਿਆ ਪ੍ਰਣਾਲੀ ਸਿੱਖਿਆ ਲਈ ਬਾਲ ਅਧਾਰਿਤ ਵਿਧੀ ਉੱਤੇ ਜ਼ੋਰ ਦਿੰਦੀ ਹੈ।ਪ੍ਰਕ੍ਰਿਤੀਵਾਦ ਵਿਦਿਆਰਥੀ ਦੇ ਸਿੱਖਣ ਲਈ ਸਵੈ-ਅਨੁਭਵ ਅਤੇ ਕਰਕੇ ਸਿੱਖਣ ਉੱਤੇ ਦ੍ਰਿੜ ਹਨ।ਇਸ ਲਈ ਸਾਨੂੰ ਬਾਲਕ ਦੀਆਂ ਜਮਾਂਦਰੂ ਸਮਰੱਥਾਵਾਂ ਨੂੰ ਪਛਾਣਨ ਦੀਆਂ ਵਿਧੀਆਂ ਦੀ ਲੋੜ ਹੁੰਦੀ ਹੈ।ਪ੍ਰਕ੍ਰਿਤੀਵਾਦ ਹੇਠ ਲਿਖੇ ਦਰਸ਼ਨ-ਸ਼ਾਸਤਰ ਉੱਤੇ ਜ਼ੋਰ ਦਿੰਦੇ ਹਨ:

   **(i)** ਪ੍ਰਕ੍ਰਿਤੀਵਾਦੀ ਸਿੱਖਣ ਢੰਗ 'ਵਾਪਸ ਕੁਦਰਤ ਵੱਲ' (Back to Nature) ਦੇ ਸਿਧਾਂਤ ਤੇ ਧਿਆਨ ਕੇਂਦਰਿਤ ਕਰਦੇ ਹਨ ਅਤੇ ਸਿੱਖਣ ਦੇ ਆਧੁਨਿਕ ਮਨੋਵਿਗਿਆਨਕ ਸਿਧਾਂਤ: ਸੌਖੇ ਤੋਂ ਔਖੇ ਵੱਲ, ਜਾਣ ਤੋਂ ਅਣਜਾਣ ਵੱਲ, ਸਥੂਲ ਤੋਂ ਸੂਖਮ ਵੱਲ, ਨਿਸ਼ਚਿਤ ਤੋਂ ਅਨਿਸ਼ਚਿਤ ਵੱਲ ਆਦਿ ਨਾਲ ਸਹਿਮਤ ਹੁੰਦੇ ਹਨ।

   **(ii)** ਇਹ ਸਵੈ-ਸਿੱਖਣ ਦੀ ਪ੍ਰਕਿਰਿਆ ਵਿੱਚ ਅਧਿਆਪਨ ਸਮੱਗਰੀ ਦੀ ਵਰਤੋਂ ਅਤੇ ਪ੍ਰਯੋਗ ਦੀ ਜਰੂਰਤ ਦੀ ਵਕਾਲਤ ਕਰਦਾ ਹੈ।

   **(iii)** ਇਹ ਕਰਕੇ ਸਿੱਖਣ (learning by doing), ਅਨੁਭਵਾਂ ਦੁਆਰਾ ਸਿੱਖਣ, ਗਿਆਨ ਇੰਦਰੀਆਂ ਰਾਹੀ ਸਿੱਖਣ, ਪ੍ਰਯੋਗਵਾਦੀ ਵਿਧੀ, ਸਵੈ-ਪ੍ਰਗਟਾਅ, ਖੇਡ ਵਿਧੀ (play-way method), ਸਤੁੰਤਰ ਅਨੁਸ਼ਾਸਨ ਵਿਧੀ ਅਤੇ ਅਵਲੋਕਨ ਦੁਆਰਾ ਸਿੱਖਣ ਤੇ ਜ਼ੋਰ ਦਿੰਦਾ ਹੈ।

   **(iv)** ਰੂਸੋ, ਫਿਚੈ, ਮੋਂਟੀਸੋਰੀ ਵਰਗੇ ਸਿੱਖਿਅਕ ਅਧਿਆਪਕ ਦੁਆਰਾ ਦਖ਼ਲਅੰਦਾਜ਼ੀ ਨਾ ਦੇਣ ਤੇ ਜ਼ੋਰ ਦਿੰਦੇ ਹਨ।ਉਹ ਬੱਚਿਆਂ ਦੇ ਵਿਕਾਸ ਲਈ ਸੁਤੰਤਰਤਾ ਦਾ ਇੱਕ ਆਦਰਸ਼ ਵਾਤਾਵਰਨ ਚਾਹੁੰਦੇ ਹਨ।

   **(v)** ਭਾਸ਼ਾਵਾਂ ਦੇ ਅਧਿਐਨ ਬਾਰੇ ਇਹ ਪ੍ਰਤੱਖ ਵਿਧੀ ਅਤੇ ਵਿਗਿਆਨ ਅਤੇ ਗਣਿਤ ਸਿੱਖਣ ਲਈ ਖੋਜ ਵਿਧੀ ( Heuristic Method) ਦਾ ਸਮਰਥਨ ਕਰਦੇ ਹਨ।

   **(vi)** ਭੂਗੋਲ ਵਿਸ਼ੇ ਦੀ ਪੜਾਈ ਲਈ ਇਹ ਸੈਰ-ਸਪਟਿਆਂ ਤੇ ਜ਼ੋਰ ਦਿੰਦੇ ਹਨ ਅਤੇ ਰੇਖਾ ਗਣਿਤ ਲਈ ਅਮਲੀ ਅਭਿਆਸ ਨੂੰ ਪ੍ਰਭਾਵਸ਼ਾਲੀ ਮੰਨਦੇ ਹਨ।ਸਵੈ-ਸ਼ਾਸਨ ਦੇ ਅਮਲੀ ਅਭਿਆਸ ਰਾਹੀ ਨਾਗਰਿਕ ਸ਼ਾਸਤਰ ਜਿਹਾ ਵਿਸ਼ਾ ਢੁੱਕਵਾਂ ਬਣਾਇਆ ਜਾ ਸਕਦਾ ਹੈ।

2. **ਆਦਰਸ਼ਵਾਦ ਦਰਸ਼ਨ (The Idealistic Philosophy)**: ਜਿਹੜੇ ਸਮਾਜ ਆਦਰਸ਼ਵਾਦ ਵੱਲ ਝੁਕਾਵ ਰੱਖਦੇ ਹਨ ਉਹ ਬੱਚੇ ਦੀ ਸਿੱਖਿਆ ਵਿੱਚ ਅਧਿਆਪਕ ਦੀ ਦਖਲਅੰਦਾਜ਼ੀ ਜ਼ਰੂਰੀ ਮੰਨਦੇ ਹਨ।ਆਦਰਸ਼ਵਾਦ ਦੁਆਰਾ ਸਮਰਥਨ ਪ੍ਰਾਪਤ ਅਧਿਆਪਨ ਦੀਆਂ ਨਿਰਦੇਸ਼ਿਕ ਵਿਧੀਆਂ ਅਧਿਆਪਕ ਦੀ ਮਹੱਤਤਾ ਉੱਤੇ ਜ਼ੋਰ ਦਿੰਦੀਆਂ ਹਨ ਅਤੇ ਬੱਚੇ ਨੂੰ ਅਕਿਰਿਆਸ਼ੀਲ ਗ੍ਰਹਿਣ ਕਰਤਾ ਦੇ ਤੌਰ ਤੇ ਲੈਂਦੀਆਂ ਹਨ।ਇਹ ਦਰਸ਼ਨ ਸਿੱਖਿਆ ਦੇ ਉਦੇਸ਼ਾਂ ਨਾਲੋਂ ਸਿੱਖਿਆ ਦੀਆਂ ਵਿਧੀਆਂ ਨੂੰ ਜ਼ਿਆਦਾ ਪ੍ਰਭਾਵਿਤ ਕਰਦਾ ਹੈ।ਇਹ ਸਿੱਖਿਆ ਵਿਧੀਆਂ ਦੀ ਸਾਧਾਰਨ ਪ੍ਰਵ੍ਰਿਤੀ ਬਾਰੇ ਚਰਚਾ ਕਰਦਾ ਹੈ ਪ੍ਰੰਤੂ ਕਿਸੇ ਖਾਸ ਵਿਧੀ ਉੱਤੇ ਜ਼ੋਰ ਨਹੀਂ ਦਿੰਦਾ।ਆਦਰਸ਼ਵਾਦ ਹੇਠ ਲਿਖੇ ਦਰਸ਼ਨ-ਸ਼ਾਸਤਰ ਤੇ ਜ਼ੋਰ ਦਿੰਦਾ ਹੈ:

   **(i)** ਆਦਰਸ਼ਵਾਦ ਅਨੁਸਾਰ ਬੱਚੇ ਦੁਆਰਾ ਕੁਝ ਉੱਤਮ ਮੁੱਲ ਗ੍ਰਹਿਣ ਕਰਨੇ ਲਾਜਮੀ ਹੁੰਦੇ ਹਨ ਇਸ ਲਈ ਅਧਿਆਪਨ ਦੀ ਵਿਧੀ ਅਧਿਆਪਕ ਕੇਂਦਰਿਤ ਹੋਵੇ।

   **(ii)** ਵਿਦਿਆਰਥੀ ਦੇ ਭਾਗ ਤੇ ਅਕਿਰਿਆਸ਼ੀਲ ਜਾਂਚ-ਪੜਤਾਲ (Passive enquiry) ਨੂੰ ਉਤਸਾਹਿਤ ਕੀਤਾ ਜਾਂਦਾ ਹੈ।

**(iii)** ਆਦਰਸ਼ਵਾਦ ਦੇ ਦਰਸ਼ਨ-ਸ਼ਾਸ਼ਤਰ ਬੱਚੇ ਦੀ ਸ਼ਖਸ਼ੀਅਤ ਵਿੱਚ ਸੁਧਾਰ ਲਈ ਉਸਨੂੰ ਲੋੜੀਂਦੇ ਸਰੀਰਕ, ਸਮਾਜਿਕ, ਧਾਰਮਿਕ ਅਨੁਭਵ ਪ੍ਰਦਾਨ ਕਰਨ ਦੇ ਹਾਮੀ ਹਨ।ਇਸ ਲਈ ਇਸਨੇ ਭਾਸ਼ਣ, ਵਾਦ-ਵਿਵਾਦ, ਵਿਚਾਰ-ਵਟਾਂਦਰਾ, ਪ੍ਰਸ਼ਨ ਅਤੇ ਵਾਰਤਾਲਾਪ ਵਿਧੀ, ਨਿਗਨਾਤਮਿਕ ਅਤੇ ਆਗਨਾਤਮਿਕ ਵਿਧੀ ਰਾਹੀ ਸਿੱਖਿਆ ਦੇਣ ਦਾ ਸੁਝਾਅ ਦਿੱਤਾ।

**(iv)** ਇਹ ਅਜਿਹੀ ਸਿੱਖਿਆ ਪ੍ਰਣਾਲੀ ਨੂੰ ਮਹੱਤਵ ਦਿੰਦੇ ਹਨ ਜੋ ਕਠੋਰ ਅਧਿਆਪਨ ਵਿਧੀਆਂ ਜਿਵੇਂ ਲੈਕਚਰ ਵਿਧੀ, ਨਕਲ ਕਰਕੇ ਸਿੱਖਣਾ, ਰੱਟਾ-ਲਗਾਨਾ ਅਤੇ ਵਟਾਂਦਰੇ ਨੂੰ ਨਿਰਧਾਰਿਤ ਕਰਦੀ ਹੈ।ਬੱਚੇ ਦੀ ਸਿੱਖਿਆ ਉਸਦੇ ਅਨੁਭਵ ਉੱਤੇ ਆਧਾਰਿਤ ਹੋਣੀ ਚਾਹੀਦੀ ਹੈ ਪ੍ਰੰਤੂ ਅਧਿਆਪਕ ਉਹਨਾਂ ਨੂੰ ਅੰਤਰ-ਦ੍ਰਿਸ਼ਟੀ ਪ੍ਰਦਾਨ ਕਰੇ।ਵਿਦਿਆਰਥੀ ਦੀ ਸਤੁੰਤਰਤਾ ਨਿਯੰਤਰਨ ਹੇਠ ਹੋਵੇ।

3. **ਪ੍ਰਯੋਜਨਵਾਦ ਦਰਸ਼ਨ (The Pragmatic Philosophy)**: ਪ੍ਰਯੋਜਨਵਾਦ ਦੁਆਰਾ ਦਿੱਤੇ ਅਨੁਦੇਸ਼ਨ ਵਿਧੀਆਂ ਪ੍ਰਤੀ ਵਿਚਾਰਾਂ ਦਾ ਉਹਨਾਂ ਦੇ ਮਨੋਵਿਗਿਆਨਕ, ਸਮਾਜਿਕ ਅਤੇ ਆਰਥਿਕ ਆਧਾਰ ਅਤੇ ਮਹੱਤਵ ਕਾਰਨ ਬਹੁਤ ਪ੍ਰਸ਼ੰਸ਼ਾ ਹੋਈ।ਉਹਨਾਂ ਅਨੁਸਾਰ ਕਿਸੇ ਵੀ ਵਿਧੀ ਨੂੰ ਉਸ ਦੀ ਵਿਦਿਅਕ ਉਪਯੋਗਤਾ ਦੇ ਆਧਾਰ ਤੇ ਚੁਣਨਾ ਚਾਹੀਦਾ ਹੈ।ਬੱਚਿਆ ਦੀ ਰੁਚੀ ਤੇ ਆਧਾਰਿਤ ਅਤੇ ਉਹਨਾਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਯੋਗ ਵਿਧੀ ਉੱਤਮ ਹੈ।ਬੱਚਾ ਵਿਦਿਅਕ ਪ੍ਰਣਾਲੀ ਦਾ ਕੇਂਦਰ ਬਿੰਦੂ ਹੋਵੇ। ਪ੍ਰਯੋਜਨਵਾਦ ਦੇ ਹੇਠ ਲਿਖੇ ਸਿੱਖਿਆ ਸ਼ਾਸਤਰ ਅਪਣਾਏ ਹਨ:

**(i)** ਪ੍ਰਯੋਜਨਵਾਦੀ ਸਮੱਸਿਆਤਮਿਕ ਅਤੇ ਰਚਨਾਤਮਿਕ ਕ੍ਰਿਆਵਾਂ ਉੱਤੇ ਬਲ ਦਿੰਦੇ ਹਨ।

**(ii)** ਇਹ ਪ੍ਰਭਾਵਸ਼ਾਲੀ ਸਿੱਖਣ ਲਈ ਸਮੱਸਿਆ ਸਮਾਧਾਨ, ਬੇਸਿਕ ਵਿਧੀ ਅਤੇ ਵਰਕਸ਼ਾਪ ਵਿਧੀ ਦੀ ਵਕਾਲਤ ਕਰਦੇ ਹਨ।

**(iii)** ਸਿੱਖਣ ਦੀ ਪ੍ਰਕਿਰਿਆ ਵਿੱਚ ਪ੍ਰਯੋਗਾਂ ਅਤੇ ਪ੍ਰੋਜੈਕਟਾਂ ਦੀ ਸ਼ਿਫਾਰਿਸ਼ ਕੀਤੀ ਜਾਂਦੀ ਹੈ।ਉਹਨਾ ਅਨੁਸਾਰ ਗਿਆਨ ਪ੍ਰਯੋਗ ਤੋਂ ਬਾਅਦ ਪ੍ਰਾਪਤ ਹੁੰਦਾ ਹੈ।ਇਸ ਲਈ ਪ੍ਰਯੋਗ ਵਿਧੀ ਇਹਨਾਂ ਦੀ ਮਹੱਤਵਪੂਰਨ ਦੇਣ ਹੈ।

**(iv)** ਪ੍ਰਯੋਜਨਵਾਦੀਆਂ ਅਨੁਸਾਰ ਅਜਿਹੀਆਂ ਵਿਧੀਆਂ ਬੱਚਿਆਂ ਦੇ ਜੀਵਨ ਦੀਆਂ ਅਸਲ ਸਥਿਤੀਆਂ ਨਾਲ ਸੰਬੰਧਿਤ ਹੋਣ। ਇਹ ਵਿਧੀਆਂ ਵਿਦਿਆਰਥੀਆਂ ਦੀ ਸਵੈ-ਚਿੰਤਨ, ਸਮੱਸਿਆ ਸਮਾਧਾਨ ਅਤੇ ਰਚਨਾਤਮਿਕ ਸ਼ਕਤੀ ਨੂੰ ਵਿਕਸਿਤ ਕਰਨ।

**(v)** ਇਹਨਾਂ ਅਨੁਸਾਰ ਬੱਚੇ ਕਿਰਿਆਵਾਂ ਅਤੇ ਆਪਣੇ ਅਨੁਭਵਾਂ ਰਾਹੀ ਸਿੱਖਦੇ ਹਨ।ਇਸ ਲਈ ਇਹ ਕਰਕੇ ਸਿੱਖਣ, ਅਨੁਭਵਾਂ ਰਾਹੀ ਸਿੱਖਣ ਜਾਂ ਕਿਰਿਆਵਾਂ ਰਾਹੀ ਸਿੱਖਣ ਉੱਤੇ ਬਲ ਦਿੰਦੇ ਹਨ।ਰਾਇਬਰਨ ਅਨੁਸਾਰ ਪ੍ਰਯੋਗ ਪਹਿਲੀ ਅਤੇ ਸਭ ਤੋਂ ਵਧੀਆ ਵਿਧੀ ਹੈ।ਇਸਦੇ ਪਾਠ ਅਸੀਂ ਕਦੇ ਵੀ ਨਹੀਂ ਭੁੱਲਦੇ।

**(vi)** ਇਹ ਬੱਚੇ ਦੇ ਜੀਵਨ, ਉਸਦੀਆਂ ਖੁਹਾਇਸ਼ਾਂ, ਰੁਚੀਆਂ, ਲੋੜਾਂ, ਮਨੋਰਥਾਂ ਨਾਲ ਸਿੱਖਿਆ ਵਿਧੀ ਦਾ ਸੰਬੰਧ ਸਥਾਪਿਤ ਕਰਦਾ ਹੈ।ਇਹ ਸਿੱਖਿਆ ਵਿਧੀ ਨੂੰ ਸਿਰਫ ਸਿਧਾਂਤਿਕ ਰੂਪ ਵਿੱਚ ਹੀ ਪ੍ਰਵਾਨ ਨਹੀਂ ਕਰਦਾ।

**(vii)** ਸਿੱਖਿਆ ਦੀ ਸਾਰੀ ਵਿਧੀ ਵਿੱਚ ਏਕੀਕਰਨ ਦੇ ਸਿਧਾਂਤ ਦੀ ਲੋੜ ਪੈਂਦੀ ਹੈ।ਇਹਨਾਂ ਅਨੁਸਾਰ ਏਕੀਕਰਨ ਤਾਂ ਹੀ ਸੰਭਵ ਹੈ ਜੇ ਗਿਆਨ ਅਤੇ ਕੁਸ਼ਲਤਾ ਉਦੇਸ਼-ਪੂਰਨ ਕਿਰਿਆਵਾਂ ਰਾਹੀ ਪ੍ਰਾਪਤ ਕੀਤੇ ਜਾਣ।ਇਸ ਲਈ ਇਹਨਾਂ ਨੇ ਸਿੱਖਿਆ ਵਿਧੀ ਦੇ ਤੌਰ ਤੇ ਪ੍ਰੋਜੈਕਟ ਵਿਧੀ ਦਾ ਸਮਰਥਨ ਕੀਤਾ।

4. **ਯਥਾਰਥਵਾਦ ਦਰਸ਼ਨ (The Realistic Philosophy)**: ਯਥਾਰਥਵਾਦੀ ਸਿੱਖਣ ਦੀ ਆਗਮਨ ਵਿਧੀ (inductive method) ਉੱਤੇ ਜ਼ੋਰ ਦਿੰਦੇ ਹਨ।ਉਹਨਾਂ ਦਾ ਵਿਚਾਰ ਹੈ ਕਿ ਅਧਿਆਪਨ ਵਿਧੀਆਂ ਕੁਦਰਤ ਦੀ ਵਾਸਤਵਿਕਤਾ ਉੱਤੇ ਧਿਆਨ ਕੇਂਦਰਿਤ ਕਰਨ ਅਤੇ ਉਸ ਪਿੱਛੇ ਛੁਪੇ ਰਾਜ ਉਜਾਗਰ ਕਰਨ।ਇਹ ਬੱਚੇ ਦੀ ਸ਼ਖਸੀਅਤ ਦੇ ਵਿਕਾਸ ਲਈ ਸ਼ੰਸ਼ਲੇਸ਼ਕ (synthetic) ਵਿਧੀ ਵਿੱਚ ਵਿਸ਼ਵਾਸ ਰੱਖਦੇ ਹਨ ਜੋ ਸਿੱਖਿਆ ਨੂੰ ਅਨੁਭਵਾਂ ਦੇ ਸਮੂਹ ਦੇ ਰੂਪ ਵਿੱਚ ਵਿਚਾਰ ਕੇ ਹੀ ਸੰਭਵ ਹੈ। ਵਿਗਿਆਨਕ ਯਥਾਰਥਵਾਦ ਬੱਚੇ ਨੂੰ ਸਕਿਰਿਆ ਪੜਤਾਲੀਆ ਅਤੇ ਖੋਜੀ ਦੇ ਤੌਰ ਤੇ ਮੰਨਦਾ ਹੈ।ਰਾਸ਼ਟਰ ਦੀ ਰਾਜਨੀਤਿਕ ਵਿਚਾਰਧਾਰਾ, ਉਥੋਂ ਦੇ ਸਿੱਖਿਆ ਢੰਗਾਂ ਨੂੰ ਨਿਸ਼ਚਿਤ ਕਰਨ ਵਿੱਚ ਬਹੁਤ ਪ੍ਰਭਾਵਸ਼ਾਲੀ ਸਿੱਧ ਹੁੰਦੀ ਹੈ। ਉਦਾਹਰਨ ਲਈ, ਸਿੱਖਿਆ ਦਾ ਗਣਤੰਤਰੀ ਦਰਸ਼ਨ, ਵਾਦ-ਵਿਵਾਦ ਵਿਧੀ, ਯੰਤਰਿਕ ਵਿਧੀਆਂ ਦੀ ਵਿਅਕਤੀਗਤਤਾ ਅਤੇ ਅਧਿਆਪਨ ਦੀਆਂ ਸਮਾਜਿਕ ਵਿਧੀਆਂ ਉੱਪਰ ਜ਼ੋਰ ਦਿੰਦਾ ਹੈ।

**1.4.9.4. ਵਿਧੀ ਵਿਧਾਨ ਦੇ ਲੱਛਣ (Characteristics of Methodology)**

ਸਿੱਖਿਆ ਦੇ ਦਾਰਸ਼ਨਿਕ ਆਧਾਰਾਂ ਦੁਆਰਾ ਨਿਰਧਾਰਿਤ ਸਿੱਖਿਆ ਵਿਧੀਆਂ ਦੇ ਹੇਠ ਲਿਖੇ ਲੱਛਣ ਹੁੰਦੇ ਹਨ:

1. ਇਹ ਸਿਆਣਪ ਲਈ ਪਿਆਰ (Love for Wisdom) ਦਾ ਵਿਕਾਸ ਕਰਦੇ ਹਨ।

2. ਇਹ ਪੁੱਛ-ਪੜਤਾਲੀ ਜਾਂ ਖੋਜੀਪਨਾਂ (Enquiry Minds) ਦਾ ਵਿਕਾਸ ਕਰਦੇ ਹਨ।
3. ਇਹ ਬੌਧਕੀ ਅਨੁਸ਼ਾਸ਼ਨ ਦੇ ਵਿਕਾਸ ਵਿੱਚ ਸਹਾਇਤਾ ਕਰਦੇ ਹਨ।
4. ਇਹ ਵਿਦਿਆਰਥੀਆਂ ਨੂੰ ਇਸ ਯੋਗ ਬਣਾਉਂਦੀ ਹੈ ਕਿ ਉਹ ਉਨ੍ਹਾਂ ਦੇ ਸਮਾਜ ਦੇ ਸੱਭਿਆਚਾਰਿਕ ਢਾਂਚੇ ਅਨੁਸਾਰ ਸ਼ਖ਼ਸੀਅਤਾਂ ਦਾ ਵਿਕਾਸ ਕਰ ਸਕਣ।
5. ਇਹ ਉਨ੍ਹਾਂ ਨੂੰ ਸਵੈ-ਪਛਾਣ ਤੇ ਸਵੈ-ਯਥਾਰਥਵਾਦੀ ਬਣਨ ਵਿੱਚ ਸਹਾਇਤਾ ਕਰਦੀ ਹੈ।
6. ਇਹ ਸਿਖਿਆਰਥੀਆਂ ਨੂੰ ਲੋੜੀਂਦੇ ਧਾਰਮਿਕ, ਸਮਾਜਿਕ, ਨੈਤਿਕ, ਸੁਹਜਵਾਦੀ ਤੇ ਸੱਭਿਆਚਾਰਿਕ ਮੁੱਲਾਂ ਆਦਿ ਦਾ ਵਿਕਾਸ ਕਰਨ ਵਿੱਚ ਸਹਾਇਤਾ ਕਰਦੀ ਹੈ।
7. ਇਹ ਉਨ੍ਹਾਂ ਦੇ ਜੀਵਨ ਦਾ ਢੰਗ ਤੇ ਆਪਣੇ ਖ਼ੁਦ ਦੇ ਦਰਸ਼ਨ ਦਾ ਵਿਕਾਸ ਕਰਨ ਵਿੱਚ ਸਹਾਇਤਾ ਕਰਦੀ ਹੈ।

**1.4.9.5. ਕੁਝ ਦਾਰਸ਼ਨਿਕ ਸਿੱਖਿਆ ਵਿਧੀਆਂ(Some Philosophical Methods of Education)**

ਜੌਹਨ ਡਿਊਵੀ ਅਨੁਸਾਰ, "ਵਿਧੀ ਉਸ ਢੰਗ ਦੀ ਵਿਆਖਿਆ ਹੈ ਜਿਸ ਅਨੁਸਾਰ ਇੱਕ ਤਜ਼ਰਬੇ ਜਾਂ ਅਨੁਭਵ ਦੇ ਵਿਸ਼ੇ-ਵਸਤੂ ਦਾ ਵੱਧ ਤੋਂ ਵੱਧ ਪ੍ਰਭਾਵਸ਼ਾਲੀ ਤੇ ਫੁਲਦਾਇਕ ਢੰਗ ਨਾਲ ਵਿਕਾਸ ਹੁੰਦਾ ਹੈ।"

ਇੱਥੇ ਕੁਝ ਦਾਰਸ਼ਨਿਕ ਸਿੱਖਿਆ ਵਿਧੀਆਂ ਦਾ ਵੇਰਵਾ ਦਿੱਤਾ ਜਾਂਦਾ ਹੈ:

1. **ਸਮੱਸਿਆ ਵਿਧੀ** (The Problem Method): ਜੌਹਨ ਡਿਊਵੀ ਦੀ ਅਧਿਆਪਨ ਸਿੱਖਣ ਵਿਧੀ ਵਿਧਾਨ ਵਿੱਚ ਇਹ ਇੱਕ ਮਹੱਤਵਪੂਰਨ ਦੇਣ ਹੈ। ਇਸ ਨੂੰ ਸਮੱਸਿਆ ਹੱਲ ਕਰਨ ਦੀ ਪ੍ਰਕ੍ਰਿਆ ਵੀ ਕਿਹਾ ਜਾਂਦਾ ਹੈ। ਸਿੱਖਣ ਦੀ ਇਸ ਵਿਧੀ ਵਿੱਚ ਕਾਰਜ ਜਾਂ ਕ੍ਰਿਆ ਕੀਤੀ ਜਾਂਦੀ ਹੈ ਜਿਸ ਨੂੰ ਇਸ ਤਰ੍ਹਾਂ ਪਰਿਭਾਸ਼ਿਤ ਕੀਤਾ ਜਾਂਦਾ ਹੈ — "ਪਰਿਵਰਤਨ ਦੀਆਂ ਲੜੀਆਂ ਜਿਨ੍ਹਾਂ ਨੂੰ ਅੰਤ ਪ੍ਰਾਪਤੀ ਲਈ ਨਿਸ਼ਚਿਤ ਤੌਰ ਤੇ ਅਪਣਾਇਆ ਜਾਂਦਾ ਹੈ।" ਇਸ ਵਿੱਚ ਵਧੇਰੇ ਜ਼ੋਰ ਸਵੈ-ਕ੍ਰਿਆ ਉੱਤੇ ਦਿੱਤਾ ਜਾਂਦਾ ਹੈ ਜੋ ਖੋਜ, ਪੜਤਾਲ, ਛਾਣ-ਬੀਣ, ਪ੍ਰਯੋਗ ਆਦਿ ਵੱਲ ਲੈ ਜਾਂਦੀ ਹੈ। ਇੱਥੇ ਅਧਿਆਪਕ ਅਗਵਾਈਕਾਰ ਤੇ ਨਿਰਦੇਸ਼ਕ ਵਾਂਗ ਕੰਮ ਕਰਦਾ ਹੈ।

2. **ਕ੍ਰਿਆ ਵਿਧੀ** (The Activity Method): ਕਿਰਿਆਵੀ ਵਿਧੀਆਂ ਵਿੱਚ ਸਿਖਿਆਰਥੀਆਂ ਵਲੋਂ ਕੀਤੀਆਂ ਗਈਆਂ ਵਿਭਿੰਨ ਪ੍ਰਕਾਰ ਦੀਆਂ ਕਿਰਿਆਵਾਂ ਤੋਂ ਸਿੱਖਣ ਪ੍ਰਾਪਤ ਕੀਤਾ ਜਾਂਦਾ ਹੈ। ਇਹ ਅਸਲੀਅਤ ਵਿੱਚ 'ਕਰਕੇ ਸਿੱਖਣਾ' (Learning By doing) ਹੈ। ਸਿਖਿਆਰਥੀਆਂ ਵਲੋਂ ਅਧਿਆਪਨ ਅਵਸਥਾਵਾਂ ਵਿੱਚ ਭਾਗ ਲੈਣ ਕਰਕੇ, ਉਨ੍ਹਾਂ ਨੂੰ ਆਪਣੀਆਂ ਵਿਭਿੰਨ ਯੋਗਤਾਵਾਂ ਤੇ ਇੰਦਰਿਆਵੀ ਸੰਵੇਦਨਾਵਾਂ ਦਾ ਪ੍ਰਯੋਗ ਕਰਨ ਦਾ ਉਪਯੁਕਤ ਮੌਕਾ ਮਿਲਦਾ ਹੈ। ਇਸ ਤਰ੍ਹਾਂ ਸਿੱਖਣ ਵਧੇਰੇ ਪ੍ਰਭਾਵਸ਼ਾਲੀ ਹੋ ਜਾਂਦਾ ਹੈ। ਪ੍ਰੋਜੈਕਟ ਵਿਧੀ, ਵਿਅਕਤੀਗਤ ਲੈਬੋਰੈਟਰੀ ਵਿਧੀ ਅਤੇ ਬੇਸਿਕ ਵਿਧੀ ਇਸ ਦੀਆਂ ਉਦਾਹਰਨਾਂ ਹਨ।

3. **ਵਿਅਕਤੀਗਤ ਵਿਧੀ** (The Individualised Method): ਅੱਜਕੱਲ੍ਹ ਦੀ ਸਿੱਖਿਆ ਪ੍ਰੈਕਟਿਸ ਵਿੱਚ ਅਨੁਦੇਸ਼ਨ ਵਿਧੀਆਂ ਦਾ ਵਿਅਕਤੀਗਤਪੁਣਾ ਆਧੁਨਿਕ ਝੁਕਾਅ ਬਣ ਗਿਆ ਹੈ। ਵਿਅਕਤੀਗਤ ਅਨੁਦੇਸ਼ਨ ਦਾ ਦਾਰਸ਼ਨਿਕ ਆਧਾਰ ਸਿੱਖਿਆ ਦੇ ਲੋਕਤੰਤਰਿਕ ਦਰਸ਼ਨ ਤੋਂ ਆਰੰਭ ਹੋਇਆ ਹੈ। ਇਹ ਦਰਸ਼ਨ ਵਿਅਕਤੀ ਨੂੰ ਇੱਕ ਵੱਖਰੀ ਇਕਾਈ ਮੰਨਦਾ ਹੈ ਅਤੇ ਇਸ ਗੱਲ ਉੱਤੇ ਜ਼ੋਰ ਦਿੰਦਾ ਹੈ ਕਿ ਵਿਅਕਤੀ ਦਾ ਵੱਧ ਤੋਂ ਵੱਧ ਸੰਭਵ ਹੱਦ ਤੱਕ ਵਿਕਾਸ ਕੀਤਾ ਜਾਵੇ।

4. **ਪ੍ਰੋਜੈਕਟ ਵਿਧੀ** (The Project Method): ਕਿਲਪੈਟਰਿਕ (W.H. Kilpatrick) ਨੇ ਸਿੱਖਿਆ ਦੀ ਇਹ ਵਿਧੀ ਪੇਸ਼ ਕੀਤੀ ਹੈ। ਇਸ ਵਿਧੀ ਵਿੱਚ ਪ੍ਰੋਜੈਕਟਾਂ ਨੂੰ ਸਿੱਖਣ ਦੇ ਆਧਾਰਾਂ ਦੇ ਰੂਪ ਵਿੱਚ ਲਿਆ ਜਾਂਦਾ ਹੈ। ਵਿਦਿਆਰਥੀਆਂ ਦੀਆਂ ਵਿਭਿੰਨ ਕ੍ਰਿਆਵਾਂ ਉਨ੍ਹਾਂ ਦੁਆਲੇ ਕੇਂਦ੍ਰਿਤ ਹੁੰਦੀਆਂ ਹਨ ਅਤੇ ਵਿਭਿੰਨ ਵਿਸ਼ਿਆਂ ਦੀ ਸਿੱਖਿਆ ਪ੍ਰਯੋਗਾਂ ਤੇ ਸੰਜੋਗੀ (Incidently) ਸਿੱਖਣ ਦੁਆਰਾ ਹੁੰਦੀ ਹੈ।

5. **ਵਿਚਾਰ-ਵਟਾਂਦਰਾ ਵਿਧੀ** (The Discussion Method): ਇਸ ਵਿਧੀ ਵਿੱਚ ਅਧਿਆਪਕਾਂ ਤੇ ਵਿਦਿਆਰਥੀਆਂ ਦੀ ਚੁਸਤ ਤੇ ਕ੍ਰਿਆਸ਼ੀਲ ਸਹਿਭਾਗਿਤਾ ਹੁੰਦੀ ਹੈ। ਸਿੱਖਿਆ ਦੇ ਉੱਚ-ਪੱਧਰ ਤੇ ਹੀ ਇਹ ਵਿਧੀ ਸਫ਼ਲ ਹੁੰਦੀ ਹੈ। ਸਿੱਖਿਆ ਦੀ ਵਿਚਾਰ-ਵਟਾਂਦਰਾ ਵਿਧੀ, ਸਿੱਖਿਆ ਦੇ ਦੋ ਚਰਮ ਰੂਪਾਂ ਦਾ ਮਿਸ਼ਰਨ ਹੈ। ਇੱਕ ਹੈ - ਸੁਕਰਾਤ ਵਿਧੀ (Socratic Method) ਜਿਸ ਵਿੱਚ ਅਧਿਆਪਕ, ਵਿਦਿਆਰਥੀਆਂ ਨੂੰ ਪ੍ਰਸ਼ਨ ਪੁੱਛਦਾ ਹੈ ਤੇ ਉਨ੍ਹਾਂ ਤੋਂ ਉੱਤਰ ਕਢਵਾਉਂਦਾ ਹੈ ਅਤੇ ਦੂਸਰਾ ਰੂਪ ਹੈ- ਸਮਾਜਿਕ ਵਿਧੀ (Socialised Method)।

ਵਿਚਾਰ-ਵਟਾਂਦਰਾ ਵਿਧੀ ਦੀਆਂ ਕਈ ਕਿਸਮਾਂ ਹਨ ਜਿਵੇਂ- ਪੈਨਲ ਵਿਧੀ (The Panel Method), ਸੈਮੀਨਾਰ ਵਿਧੀ, ਸਿਮਪੋਜ਼ੀਅਮ ਵਿਧੀ (Symposium Method), ਕਾਰਜਸ਼ਾਲਾ ਵਿਧੀ ਆਦਿ।

6. **ਸਮਾਜੀਕ੍ਰਿਤ ਵਿਧੀ** (The Socialised Method): ਇਸ ਵਿਧੀ ਵਿੱਚ ਪ੍ਰਭਾਵਸ਼ਾਲੀ ਸਿੱਖਿਆ ਹੁੰਦੀ ਹੈ ਕਿਉਂਕਿ ਇਸ ਲਈ ਪ੍ਰਭਾਵਸ਼ਾਲੀ ਸਮਾਜਿਕ ਸੈਟਿੰਗ ਪ੍ਰਦਾਨ ਕੀਤੀ ਜਾਂਦੀ ਹੈ। ਸਿਖਿਆਰਥੀਆਂ ਵਲੋਂ ਸਮੂਹਿਕ ਕੰਮ ਕੀਤਾ ਜਾਂਦਾ ਹੈ। ਇਸ ਵਿਧੀ ਵਿੱਚ ਬੱਚਿਆਂ ਨੂੰ

ਵਧੇਰੇ ਜ਼ਿੰਮੇਵਾਰੀ ਦਿੱਤੀ ਜਾਂਦੀ ਹੈ। ਉਹ ਵਧੇਰੇ ਕ੍ਰਿਆਸ਼ੀਲ ਸਹਿਭਾਗੀ ਹੁੰਦੇ ਹਨ ਜੋ ਸਵੈ-ਅਨੁਸ਼ਾਸਿਤ ਤੇ ਸਮਾਜਿਕ ਅਨੁਸ਼ਾਸਿਤ ਹੁੰਦੇ ਹਨ। ਇਸ ਵਿਧੀ ਦੀਆਂ ਉਦਾਹਰਨਾਂ ਹਨ- ਸਮਾਜਿਕ ਉਚਾਰਨ ਵਿਧੀ, ਨਿਰਣਾਇਕ ਅਧਿਐਨ ਵਿਧੀ ਆਦਿ।

7. **ਸੰਵਾਦ ਜਾਂ ਪ੍ਰਸ਼ਨ ਵਿਧੀ** (Dialogue or Questioning method**):** ਇਸ ਵਿਧੀ ਵਿੱਚ ਵਿਚਾਰ-ਵਟਾਂਦਰਾ ਪ੍ਰਸ਼ਨ ਪੁੱਛਣ ਨਾਲ ਸ਼ੁਰੂ ਹੁੰਦਾ ਹੈ ਅਤੇ ਚਿੰਤਨ ਕਰਕੇ ਸਹੀ ਉੱਤਰ ਲੱਭਿਆ ਜਾਂਦਾ ਹੈ।ਅਧਿਆਪਕ ਅਤੇ ਵਿਦਿਆਰਥੀ ਦੋਨਾਂ ਨੂੰ ਹੀ ਆਪਣੇ-ਆਪ ਨੂੰ ਇਸ ਲਈ ਤਿਆਰ ਕਰਨਾ ਪੈਂਦਾ ਹੈ।ਸੰਵਾਦ ਦੇ ਚਾਰ ਪੱਖ ਹੇਠ ਲਿਖੇ ਹਨ:

1. **Exploration:** ਭਾਵ ਬਹੁਤ ਸਾਰੇ ਪ੍ਰਸ਼ਨ ਪੁੱਛ ਕੇ ਸੱਚ ਨੂੰ ਖੋਜਣਾ
2. **ਵਿਆਖਿਆ (Explanation):** ਇਸਦਾ ਭਾਵ ਹੈ ਤੱਥ ਲੱਭਣ, ਜਾਣਕਾਰੀ ਇਕੱਠੀ ਕਰਨ ਅਤੇ ਤੱਥਾਂ ਨੂੰ ਸਿੱਧ ਕਰਨ ਦੀ ਯੋਗਤਾ।
3. **ਨਤੀਜੇ (Inference):** ਨਤੀਜੇ ਕੱਢਣ ਵਾਸਤੇ ਤੱਥਾਂ ਦਾ ਅਧਿਐਨ ਕਰਨ ਲਈ ਤਰਕ ਭਰਪੂਰ ਦਲੀਲਬਾਜ਼ੀ ਦੀ ਯੋਗਤਾ।
4. **ਭਵਿੱਖਬਾਣੀ (Prediction):** ਅਧਿਐਨ ਰਾਹੀਂ ਇਕੱਤਰਤ ਹੋਈਆਂ ਜਾਣਕਾਰੀਆਂ ਤੋਂ ਸਹੀ ਜਵਾਬ ਦੀ ਭਵਿੱਖਬਾਣੀ ਕਰਨ ਦੀ ਯੋਗਤਾ। ਸਕੰਲਪ ਦੇ ਨਵੇਂ ਵਿਚਾਰ ਪੇਸ਼ ਕੀਤੇ ਜਾਂਦੇ ਹਨ।

8. **ਖੇਡ ਵਿਧੀ** ( play way method): ਖੇਡ ਬੱਚੇ ਨੂੰ ਸੱਭ ਤੋਂ ਵੱਧ ਪ੍ਰੇਰਿਤ ਕਰਦੀ ਹੈ।ਖੇਡਾਂ ਬੱਚੇ ਨੂੰ ਸਵੈ ਨੂੰ ਪੂਰੀ ਤਰ੍ਹਾਂ ਪ੍ਰਗਟਾਉਣ , ਰਚਨਾਤਮਿਕ ਹੋਣ ਅਤੇ ਕੌਸ਼ਲ ਸਿੱਖਣ ਵਿੱਚ ਸਹਾਇਤਾ ਕਰਦੀਆਂ ਹਨ।ਪ੍ਰਕ੍ਰਿਤੀਵਾਦੀ ਇਸ ਵਿਧੀ ਨੂੰ ਰਚਨਾਤਮਿਕ ਸਿੱਖਿਆ ਦੀ ਇੱਕ ਕੁਦਰਤੀ ਵਿਧੀ ਮੰਨਦੇ ਹਨ।ਇਹ ਪ੍ਰੰਸ਼ਨਤਾ-ਪੂਰਨ, ਕੁਦਰਤੀ ਅਤੇ ਰਚਨਾਤਮਿਕ ਕਿਰਿਆ ਲਈ ਲਗਨ ਪੈਦਾ ਕਰਦੀ ਹੈ।

ਇਹ ਦੇਖਿਆ ਜਾ ਸਕਦਾ ਹੈ ਕਿ ਉੱਪਰ ਦਿੱਤੇ ਸਿੱਖਿਆ ਦੇ ਦਾਰਸ਼ਨਿਕ ਉਦੇਸ਼, ਇੱਥੇ ਦਿੱਤੀਆਂ ਸਿੱਖਿਆ ਵਿਧੀਆਂ ਦੇ ਅਨੁਸਾਰੀ (Correspond) ਹਨ ਅਤੇ ਇੱਕ ਦੂਸਰੇ ਉੱਪਰ ਆਧਾਰਿਤ ਹੀ ਨਹੀਂ, ਸਗੋਂ ਨਿਰਭਰ ਵੀ ਹਨ। ਇਨ੍ਹਾਂ ਵਿੱਚ ਸਕਾਰਾਤਮਿਕ ਸਾਂਝ ਹੈ। ਦੂਸਰੇ ਸ਼ਬਦਾਂ ਵਿੱਚ, ਸਿੱਖਿਆ ਦੇ ਦਾਰਸ਼ਨਿਕ ਉਦੇਸ਼ਾਂ ਨੂੰ ਸਿੱਖਿਆ ਦੀਆਂ ਵਿਧੀਆਂ ਉੱਪਰ ਵੀ ਨਿਰਭਰ ਕੀਤਾ ਜਾ ਸਕਦਾ ਹੈ ਜਦੋਂ ਕਿ ਇਸ ਦੇ ਉਲਟ ਗੱਲ ਵੀ ਬਿਲਕੁਲ ਠੀਕ ਹੈ।

ਇਸ ਪ੍ਰਕਾਰ ਇਹ ਨਤੀਜਾ ਕੱਢਿਆ ਜਾ ਸਕਦਾ ਹੈ ਕਿ ਸਿੱਖਿਆ ਸ਼ਾਸਤਰ ਤੇ ਪਾਠਕ੍ਰਮ ਦੇ ਪ੍ਰਸੰਗ ਵਿੱਚ ਵੀ ਸਿੱਖਿਆ ਉਦੇਸ਼ ਨਿਰਧਾਰਿਤ ਕੀਤੇ ਜਾ ਸਕਦੇ ਹਨ। ਇਹ ਇੱਕ ਦੂਸਰੇ ਉੱਪਰ ਆਪਸੀ ਆਧਾਰਿਤ ਹਨ। ਇਹ ਜ਼ਰੂਰੀ ਨਹੀਂ ਕਿ ਹਮੇਸ਼ਾਂ ਸਿੱਖਿਆ ਉਦੇਸ਼ਾਂ ਉਪਰ ਹੀ ਪਾਠਕ੍ਰਮ ਤੇ ਸਿੱਖਿਆ ਵਿਧੀਆਂ ਆਧਾਰਿਤ ਕੀਤੀਆਂ ਜਾਣ। ਇਸ ਦੇ ਉਲਟ ਵੀ ਸੰਭਵ ਹੈ।

### 1.4.10 ਸਾਰ

ਸਿੱਖਿਆ ਦੀ ਕੋਈ ਵੀ ਪ੍ਰਣਾਲੀ ਦਰਸ਼ਨ ਤੋਂ ਵਾਂਝੀ ਨਹੀਂ ਹੈ।ਦਰਸ਼ਨ ਜੀਵਣ ਦੇ ਉਦੇਸ਼ ਤਹਿ ਕਰਕੇ ਸਿੱਖਿਆ ਦੇ ਉਦੇਸ਼ ਨਿਰਧਾਰਿਤ ਕਰਦਾ ਹੈ ਅਤੇ ਸਿੱਖਿਆ ਇਹਨਾਂ ਦਾਰਸ਼ਨਿਕ ਉਦੇਸ਼ਾਂ ਨੂੰ ਵਿਵਹਾਰਿਕ ਜੀਵਣ ਵਿੱਚ ਧਾਰਨ ਕਰਨ ਦਾ ਸਾਧਨ ਪ੍ਰਦਾਨ ਕਰਦੀ ਹੈ। ਦਰਸ਼ਨ ਸਿੱਖਿਆ ਦੀ ਮਾਤਾ ਹੈ ਅਤੇ ਸਿੱਖਿਆ ਦਰਸ਼ਨ ਨੂੰ ਜਨਮ ਦਿੰਦੀ ਹੈ।ਦੋਵੇਂ ਅੰਤਰ-ਸੰਬੰਧਿਤ ਹਨ। ਦੋਵੇਂ ਇਕ ਦੂਸਰੇ ਨੂੰ ਪ੍ਰਭਾਵਿਤ ਕਰਦੇ ਹਨ। ਦਰਸ਼ਨ ਸ਼ਾਸਤਰ ਸਿਧਾਂਤ ਹੈ ਤੇ ਸਿੱਖਿਆ ਉਸਦਾ ਅਮਲੀ ਜਾਂ ਵਿਵਹਾਰਿਕ ਰੂਪ ਹੈ। ਦਰਸ਼ਨ ਜੀਵਨ ਮੁੱਲਾਂ ਤੇ ਜ਼ੋਰ ਦਿੰਦਾ ਹੈ ਤੇ ਸਿੱਖਿਆ ਵਿਦਿਆਰਥੀਆਂ ਵਿਚ ਇਨ੍ਹਾਂ ਮੁੱਲਾਂ ਦਾ ਵਿਕਾਸ ਕਰਦੀ ਹੈ। ਦੋਨੋਂ ਇੱਕ ਦੂਜੇ ਤੋਂ ਬਿਨਾਂ ਕਲਪਨਾਹੀਣ ਹਨ। ਇਨ੍ਹਾਂ ਦਾ ਆਪਸ ਵਿਚ ਡੂੰਘਾ ਸੰਬੰਧ ਹੈ ਤੇ ਇਹ ਇਕ ਦੂਸਰੇ ਤੇ ਨਿਰਭਰ ਵੀ ਹਨ। ਸਿੱਖਿਆ ਦੇ ਸਾਰੇ ਪਹਿਲੂ ਜਿਵੇਂ ਉਦੇਸ਼ ਅਤੇ ਆਦਰਸ਼, ਅਧਿਆਪਨ ਵਿਧੀਆਂ, ਪਾਠਕ੍ਰਮ, ਸਕੂਲ ਪ੍ਰਸ਼ਾਸਨ, ਅਨੁਸ਼ਾਸਨ ਅਤੇ ਮੁਲਾਂਕਣ ਆਦਿ ਦਾਰਸ਼ਨਿਕ ਮੂਲ ਉੱਤੇ ਅਧਾਰਿਤ ਹਨ।

ਹਰੇਕ ਸਿੱਖਿਆ ਪ੍ਰਣਾਲੀ ਦੇ ਕੁਝ ਉਦੇਸ਼ ਅਤੇ ਟੀਚੇ ਨਿਸ਼ਚਿਤ ਹੋਣੇ ਚਾਹੀਦੇ ਹਨ ਜਿਹੜੇ ਵਿਦਿਆਰਥੀ ਨੂੰ ਸਿੱਖਿਆ ਦੇਣ ਵਾਸਤੇ ਅਧਿਆਪਕ ਲਈ ਸਹਾਈ ਹੋਣ। ਇਹ ਸਮੇਂ ਦਾ ਦਰਸ਼ਨ ਹੁੰਦਾ ਹੈ ਜੋ ਨਿਸ਼ਚਿਤ ਕਰਦਾ ਹੈ ਕਿ ਸਿੱਖਿਆ ਦੇ ਉਦੇਸ਼ ਨੈਤਿਕ ਹੋਣਗੇ ਜਾਂ ਕਿੱਤਾਮਈ,ਬੌਧਿਕ, ਉਦਾਰ ਜਾਂ ਆਤਮਿਕ।ਵਿਭਿੰਨ ਸਿੱਖਿਆ-ਦਾਰਸ਼ਨਿਕ ਪਹੁੰਚਾਂ ਸਿੱਖਿਆ ਵਿਧੀਆਂ ਲਈ ਸ਼ਕਤੀਸ਼ਾਲੀ ਨਿਰਣਾਇਕ ਦੇ ਤੌਰ ਤੇ ਕੰਮ ਕਰਦੀਆਂ ਹਨ।ਸਿੱਖਿਆ ਸ਼ਾਸਤਰ ਤੇ ਪਾਠਕ੍ਰਮ ਦੇ ਪ੍ਰਸੰਗ ਵਿੱਚ ਵੀ ਸਿੱਖਿਆ ਉਦੇਸ਼ ਨਿਰਧਾਰਿਤ ਕੀਤੇ ਜਾ ਸਕਦੇ ਹਨ। ਇਹ

ਇੱਕ ਦੂਸਰੇ ਉੱਪਰ ਆਪਸੀ ਆਧਾਰਿਤ ਹਨ। ਇਹ ਜ਼ਰੂਰੀ ਨਹੀਂ ਕਿ ਹਮੇਸ਼ਾਂ ਸਿੱਖਿਆ ਉਦੇਸ਼ਾਂ ਉਪਰ ਹੀ ਪਾਠਕ੍ਰਮ ਤੇ ਸਿੱਖਿਆ ਵਿਧੀਆਂ ਆਧਾਰਿਤ ਕੀਤੀਆਂ ਜਾਣ। ਇਸ ਦੇ ਉਲਟ ਵੀ ਸੰਭਵ ਹੈ।

## 1.4.11 ਸੁਝਾਏ ਪ੍ਰਸ਼ਨ

1. "ਸਿੱਖਿਆ ਅਤੇ ਦਰਸ਼ਨ-ਸ਼ਾਸਤਰ ਇਕ ਹੀ ਸਿੱਕੇ ਦੇ ਦੋ ਪਹਿਲੂ ਸਨ।" ਚਰਚਾ ਕਰੋ।
2. "ਦਰਸ਼ਨ ਤੇ ਸਿੱਖਿਆ ਇਕ ਦੂਜੇ-ਨੂੰ ਪ੍ਰਭਾਵਿਤ ਕਰਦੇ ਹਨ"-ਵਿਵੇਚਨਾ ਕਰੋ।
3. ਦਰਸ਼ਨ ਤੇ ਸਿੱਖਿਆ ਦੀਆਂ ਪਰਿਭਾਸ਼ਾਵਾਂ ਦੇ ਕੇ ਉਨ੍ਹਾਂ ਦੇ ਅਰਥ ਸਮਝਾਉ। ਦਰਸ਼ਨ ਤੇ ਸਿੱਖਿਆ ਦਾ ਸੰਬੰਧ ਦਰਸਾਉ।
4. "ਸਿੱਖਿਆ ਦਰਸ਼ਨ-ਸ਼ਾਸਤਰ ਦਾ ਗਤੀਸ਼ੀਲ ਪੱਖ ਹੈ?" ਇਸ ਕਥਨ ਦੇ ਸੰਬੰਧ ਵਿਚ ਦਰਸ਼ਨ ਸ਼ਾਸਤਰ ਤੇ ਸਿੱਖਿਆ ਦੇ ਸੰਬੰਧ ਦਾ ਵਿਵੇਚਨ ਕਰੋ।
5. ਦਰਸ਼ਨ ਸਿੱਖਿਆ ਦੇ ਉਦੇਸ਼ ਕਿਵੇਂ ਪ੍ਰਭਾਵਿਤ ਕਰਦਾ ਹੈ।
6. ਸਿੱਖਿਆ ਦੇ ਆਧੁਨਿਕ ਪ੍ਰਸੰਗ ਵਿੱਚ ਤੁਸੀਂ ਸਿੱਖਿਆ ਦੇ ਕਿਹੜੇ ਪ੍ਰਮੁੱਖ ਉਦੇਸ਼ਾਂ ਨੂੰ ਅੱਗੇ ਵਧਾਉਣਾ ਚਾਹੋਗੇ।
7. ਦਰਸ਼ਨ ਸ਼ਾਸਤਰ ਸਿੱਖਿਆ ਦੇ ਪਾਠਕਰਮ ਨੂੰ ਕਿਵੇਂ ਨਿਰਧਾਰਿਤ ਕਰਦਾ ਹੈ?
8. ਸਿੱਖਿਆ ਦੇ ਉਦੇਸ਼, ਪਾਠ-ਵਸਤੂ ਤੇ ਵਿਧੀਆਂ ਦੇ ਸੰਦਰਭ ਵਿੱਚ ਸਿੱਖਿਆ ਤੇ ਦਰਸ਼ਨ ਵਿਚਕਾਰ ਮਿਲਦੇ ਸਬੰਧ ਦੀ ਵਿਆਖਿਆ ਕਰੋ।
9. ਸਿੱਖਿਆ ਦੇ ਉਦੇਸ਼, ਪਾਠਕ੍ਰਮ ਤੇ ਸਿੱਖਿਆ ਵਿਧੀਆਂ ਦੇ ਨਿਰਣਾਇਕਾਂ ਬਾਰੇ ਜਾਣਕਾਰੀ ਦਿਉ।
10. ਸਿੱਖਿਆ ਦੇ ਹੇਠ ਲਿਖੇ ਸੰਕਲਪਾਂ ਜਾਂ ਪੱਖਾਂ ਬਾਰੇ ਜਾਣਕਾਰੀ ਦਿਉ:
    (i) ਪਾਠਕ੍ਰਮ, (ii) ਸਿੱਖਿਆ ਸ਼ਾਸਤਰ (Pedagogy)
11. "ਸਿੱਖਿਆ ਉਦੇਸ਼, ਪਾਠਕ੍ਰਮ ਦੇ ਸੰਦਰਭ ਵਿੱਚ ਵੀ ਨਿਰਧਾਰਿਤ ਕੀਤੇ ਜਾ ਸਕਦੇ ਹਨ"। ਚਰਚਾ ਕਰੋ।
12. ਸਿੱਖਿਆ ਦੇ ਪਾਠਕ੍ਰਮ ਦੇ ਪ੍ਰਸੰਗ ਵਿੱਚ, ਸਿੱਖਿਆ ਉਦੇਸ਼ਾਂ ਦੇ ਨਿਰਣਾਇਕਾਂ ਦਾ ਵੇਰਵਾ ਦਿਉ।
13. ਸਿੱਖਿਆ ਸ਼ਾਸਤਰ ਦੇ ਪ੍ਰਸੰਗ ਵਿੱਚ ਸਿੱਖਿਆ ਦੇ ਉਦੇਸ਼ਾਂ ਨੂੰ ਨਿਰਧਾਰਿਤ ਕਰੋ। ਕੀ ਇਹ ਸੰਭਵ ਹੈ? ਦਲੀਲ ਦਿਉ।

## 1.4.12 ਸੁਝਾਈਆਂ ਪੁਸਤਕਾਂ


1. ਬਰੂਬੈਕਰ, ਜਾਨ, ਐਸ. (1978). ਮਾਡਰਨ ਫਿਲਾਸਫ਼ੀ ਆਫ ਐਜੂਕੇਸ਼ਨ: ਨਵੀਂ ਦਿੱਲੀ: ਟਾਟਾ ਮੈਕਗ੍ਰਾਅ ਹਿੱਲ ਪਬਲਿੰਸਗ ਕੰਪਨੀ
2. ਚਾਉਬੇ, ਐਸ.ਪੀ (1981). ਫਿਲਾਸਫ਼ੀਕਲ ਐਂਡ ਸਾਸ਼ੋਲੀਜੀਕਲ ਫਾਊਡੇਸ਼ਨ ਆਫ ਐਜੂਕੇਸ਼ਨ, ਆਗਰਾ: ਰਵੀ ਮੁਦਰਾਨਾਲਿਆ।
3. ਫਰਾਨਕੀਨਾ, ਵਿਲੀਅਮ. ਕੇ; ਰੇਬਕ, ਨਾਥਨ; ਬਰਬਿਉਲਸ, ਨਿਕੋਲਸ (2002). *" ਫਿਲਾਸਫੀ ਆਫ ਐਜੂਕੇਸ਼ਨ "*. ਗੁਥਰੀ, ਜੇਮਸ ਡਬਲਿਊ. ਇੰਨਸਾਈਕਲੋਪੀਡੀਆ ਆਫ ਐਜੂਕੇਸ਼ਨ, ਦੂਸਰਾ ਅਡੀਸ਼ਨ. ਨਿਊਯਾਰਕ, ਐਨ.ਵਾਈ.: ਮੈਕਮਿਲਨ ।
4. ਗੁਰੁਸ, ਐਸ.ਜੇ. (1958). ਐਨ ਇੰਟਰੋਡਕਸ਼ਨ ਟੂ ਦਾ ਫਿਲਾਸਫ਼ੀ ਆਫ ਐਜੂਕੇਸ਼ਨ।
5. ਗੁਟੇਕ, ਗੈਰਾਲਡ, ਐਲ (2009). *ਨਿਊ ਪਰਸਪੈਕਟਿਵ ਆਨ ਫਿਲਾਸਫੀ ਐਂਡ ਐਜੂਕੇਸਨ. ਪੀਅਰਸ਼ਨ ਐਜੂਕੇਸ਼ਨ ਇੰਨਕਲਾਇਨਿਡ. ਪੰਨਾ 346.*
6. ਕਾਲਪੈਟਰਿਕ, ਵਿਲੀਅਮ ਹੀਅਰਡ.(1961). ਫਿਲਾਸਫ਼ੀ ਆਫ ਐਜੂਕੇਸ਼ਨ; ਨਵੀ ਦਿੱਲੀ:ਪੈਰਨਟਾਈਸ ਹਾਲ ਆਫ ਇੰਡੀਆਂ (ਪੀ) ਲਿਮਟਿਡ.
7. ਨੋਡਿੰਗਜ, ਨੈਲ *(1995).* ). ਫਿਲਾਸਫ਼ੀ ਆਫ ਐਜੂਕੇਸ਼ਨ; ਬੁਲਡਰ, ਕੋ: ਵੈਸਟਵਿਊ ਪ੍ਰੈਸ. ਪੀ.1.
8. ਰੁਨਾਲਡਉ ਰੁਨਾਲਡ ਵੁਡਜ. (2006). ਐਨ ਇੰਟਰੋਡਕਸਨ ਟੂ ਫਿਲਾਸਫ਼ੀ ਆਫ ਐਜੂਕੇਸ਼ਨ. ਅਡੀਸ਼ਨ: ਚੌਥਾ, ਕੰਟਰੀਬਿਊਟਰ: ਰੋਬਨਿ ਬਾਰੋ, ਲੰਡਨ: ਰਾਉਟਲੈਜ।
9. ਰਸਕ, ਰਾਬਰਟ ਆਰ.(1956). ਫਿਲਾਸਫ਼ੀ ਬੇਸਜ ਆਫ ਐਜੂਕੇਸ਼ਨ; ਲੰਡਨ: ਯੂਨੀਵਰਸਿਟੀ ਆਫ ਲੰਦਨ।.

10. ਸਕੈਫਲਰ, ਇਸਰਾਈਲ, ਐਡੀ. (1958/1966). ਫਿਲਾਸਫ਼ੀ ਐਂਡ ਐਜੂਕੇਸ਼ਨ: ਮਾਡਰਨ ਰੀਡਿੰਗਸ. ਬੂਸਟਨ: ਐਲਨ ਐਂਡ ਬੈਂਕਨ।
11. ਟੀ. ਡਬਲਿਊ. ਮੌਰ. (2010). ਫਿਲਾਸਫ਼ੀ ਆਫ ਐਜੂਕੇਸ਼ਨ: ਐਨ ਇੰਟਰੋਡਕਸਨ, ਵਾਲੀਅਮ 14, ਲੰਡਨ ਐਂਡ ਨਿਊਯਾਰਕ: ਰਾਉਟਲੈਜ ਟੇਲਰ ਐਂਡ ਫਰਾਸ਼ਿਸ ਗਰੁੱਪ।

ਬੀ. ਐਡ.- ਭਾਗ ਪਹਿਲਾ | ਪਰਚਾ ਪਹਿਲਾ
ਸਮੈਸਟਰ ਪਹਿਲਾ | ਸਿੱਖਿਆ ਦਰਸ਼ਨ ਪ੍ਰਣਾਲੀਆਂ : ਆਦਰਸ਼ਵਾਦ ਪ੍ਰਕਿਰਤੀਵਾਦ ਅਤੇ ਪ੍ਰਯੋਜਨਵਾਦ

ਪਾਠ ਨੰਬਰ: 1.5 | ਲੇਖਕ : ਡਾ. ਐਮ.ਆਰ.ਕਾਂਸਲ

ਅਨੁਵਾਦ ਕਰਤਾ : ਡਾ. ਪੀ.ਐਲ.ਗੁਪਤਾ

1.5.0 ਪਾਠ ਦੀ ਬਣਤਰ
1.5.1 ਪਾਠ ਦੇ ਉਦੇਸ਼
1.5.2 ਭੂਮਿਕਾ
1.5.3 ਆਦਰਸ਼ਵਾਦ
- 1.5.3.1 ਆਦਰਸ਼ਵਾਦ ਦੇ ਮੁੱਖ ਲੱਛਣ
- 1.5.3.2 ਆਦਰਸ਼ਵਾਦ ਅਤੇ ਸਿੱਖਿਆ
- 1.5.3.3 ਆਦਰਸ਼ਵਾਦ ਦੀਆਂ ਸੀਮਾਵਾਂ

1.5.4 ਪ੍ਰਕਿਰਤੀਵਾਦ
- 1.5.4.1 ਪ੍ਰਕਿਰਤੀਵਾਦ ਦੇ ਰੂਪ
- 1.5.4.2 ਪ੍ਰਕਿਰਤੀਵਾਦ ਦੇ ਮੁੱਖ ਲੱਛਣ
- 1.5.4.3 ਪ੍ਰਕਿਰਤੀਵਾਦ ਅਤੇ ਸਿੱਖਿਆ
- 1.5.4.4 ਪ੍ਰਕਿਰਤੀਵਾਦ ਦੀਆਂ ਸੀਮਾਵਾਂ

1.5.5 ਪ੍ਰਯੋਜਨਵਾਦ
- 1.5.5.1 ਪ੍ਰਯੋਜਨਵਾਦ ਸਿਧਾਂਤ
- 1.5.5.2 ਪ੍ਰਯੋਜਨਵਾਦ ਅਤੇ ਸਿੱਖਿਆ
- 1.5.5.3 ਪ੍ਰਯੋਜਨਵਾਦ ਦੀਆਂ ਸੀਮਾਵਾਂ

1.5.6 ਸੁਝਾਏ ਪ੍ਰਸ਼ਨ
1.5.7 ਸੁਝਾਈਆਂ ਪੁਸਤਕਾਂ

## 1.5.1 ਪਾਠ ਦੇ ਉਦੇਸ਼:

ਇਹ ਪਾਠ ਪੜ੍ਹਨ ਤੋਂ ਉਪਰੰਤ ਵਿਦਿਆਰਥੀ ਇਸ ਯੋਗ ਹੋ ਜਾਣਗੇ ਕਿ ਉਹ:

1) ਆਦਰਸ਼ਵਾਦ ਦੇ ਮੁੱਖ ਲੱਛਣ ਦਸ ਸਕਣ।
2) ਪ੍ਰਕਿਰਤੀਵਾਦ ਅਤੇ ਸਿੱਖਿਆ ਦਾ ਵਰਣਨ ਕਰ ਸਕਣ
3) ਪ੍ਰਯੋਜਨਵਾਦ ਵਿਚ ਅਧਿਆਪਕ ਦਾ ਰੋਲ ਸਮਝ ਸਕਣ।
4) ਆਦਰਸ਼ਵਾਦ ਦੀਆਂ ਸੀਮਾਵਾਂ ਸਮਝ ਸਕਣ।

## 1.5.2 ਭੂਮਿਕਾ:

ਦਰਸ਼ਨ ਦੀ ਉੱਤਪਤੀ ਦੋ ਯੂਨਾਨੀ ਸ਼ਬਦਾਂ ਫਿਲੋਸ (PHILOS) ਅਤੇ ਸੋਫੀਆ (SOPHIA) ਤੋਂ ਹੋਈ ਹੈ। ਫਿਲੋਸ ਦਾ ਅਰਥ ਹੈ 'ਪਿਆਰ' ਅਤੇ ਸੋਫੀਆ ਦਾ ਅਰਥ ਹੈ 'ਬੁੱਧੀ'। ਇਸ ਪ੍ਰਕਾਰ ਦਰਸ਼ਨ ਦਾ ਅਰਥ

* ਡਾ. ਆਰ.ਐਨ. ਸਫਾਇਆ ਦੁਆਰਾ ਦਿੱਤੀ ਵੰਡ ਤੇ ਆਧਾਰਿਤ।

ਹੈ – ਬੁੱਧੀ ਨਾਲ ਪਿਆਰ। ਪਲੈਟੋ ਨੇ ਕਿਹਾ ਹੈ, ''ਉਸ ਵਿਅਕਤੀ ਨੂੰ ਸਹੀ ਅਰਥਾਂ ਵਿੱਚ ਦਾਰਸ਼ਨਿਕ ਕਿਹਾ ਜਾ ਸਕਦਾ ਹੈ ਜਿਸ ਨੂੰ ਹਰ ਪ੍ਰਕਾਰ ਦੇ ਗਿਆਨ ਲਈ ਚਾਹ ਹੋਵੇ ਅਤੇ ਜੋ ਸਿੱਖਣ ਲਈ ਇੰਨਾ ਇੱਛੁਕ ਹੋਵੇ ਕਿ ਕਦੇ ਵੀ ਉਸਦੀ ਪੂਰਨ ਸੰਤੁਸ਼ਟੀ ਨਾ ਹੋਵੇ''।

ਮਨੁੱਖ ਇਸ ਤਰ੍ਹਾਂ ਪ੍ਰਸ਼ਨ ਪੁੱਛਦਾ ਹੈ ਜਿਵੇਂ ਕਿ ''ਜੀਵਨ ਦਾ ਮੁੱਢ ਕਿਵੇਂ ਹੋਇਆ? ਜੀਵਨ ਉਦੇਸ਼ ਕੀ ਹੈ? ਸਦੀਵੀਂ ਸੱਚਾਈ ਕੀ ਹੈ?'' ਆਦਿ ਇਨ੍ਹਾਂ ਪ੍ਰਸ਼ਨਾਂ ਦੇ ਉੱਤਰ ਹੀ ਦਰਸ਼ਨ ਦਾ ਵਿਸ਼ਾ ਵਸਤੂ ਹੈ। ਸੰਖੇਪ ਵਿੱਚ ਅਸੀਂ ਕਹਿ ਸਕਦੇ ਹਾਂ ਕਿ ਦਰਸ਼ਨ ਆਤਮਾ, ਪਰਮਾਤਮਾ, ਜੀਵਨ ਦੇ ਮੁੱਢ, ਸਚਾਈ, ਨੈਤਿਕਤਾ, ਸੰਦਰਭ, ਚੰਗਿਆਈ ਆਦਿ ਗੱਲਾਂ ਦੀ ਵਿਆਖਿਆ ਕਰਦਾ ਹੈ। ਇਸ ਪ੍ਰਕਾਰ ਦਰਸ਼ਨ ਗਿਆਨ ਦੀ ਉਹ ਸ਼ਾਖਾ ਹੈ ਜਿਸ ਦਾ ਸੰਬੰਧ ਸੱਚਾਈ ਦੇ ਸਰੂਪ ਦਾ ਪਤਾ ਲਗਾਉਣਾ ਹੈ।

ਵਿਅਕਤੀ ਆਪਣੇ ਵਿਚਾਰ, ਆਦਰਸ਼ ਅਤੇ ਵਿਸ਼ਵਾਸ ਦੂਜਿਆਂ ਤੱਕ ਪਹੁੰਚਾਉਣ ਦੀ ਕੋਸ਼ਿਸ਼ ਕਰਦਾ ਹੈ। ਸਮਾਜ ਹੀ ਆਪਣੇ ਮੈਂਬਰਾਂ ਵਿੱਚ ਆਪਣੇ ਆਦਰਸ਼ਾਂ, ਵਿਸ਼ਵਾਸਾਂ, ਰਸਮਾਂ ਅਤੇ ਸਭਿਆਚਾਰ ਦਾ ਸੰਚਾਰ ਕਰਨ ਦਾ ਯਤਨ ਕਰਦਾ ਹੈ ਅਤੇ ਇੰਜ ਸਿੱਖਿਆ ਦੀ ਪ੍ਰਕਿਰਿਆ ਦੁਆਰਾ ਕੀਤਾ ਜਾਂਦਾ ਹੈ। ਇਸ ਪ੍ਰਕਾਰ, ਐਡਮਜ਼ ਦੇ ਸ਼ਬਦਾਂ ਵਿੱਚ ਅਸੀਂ ਕਹਿ ਸਕਦੇ ਹਾਂ ''ਸਿੱਖਿਆ ਦਰਸ਼ਨ ਦਾ ਗਤੀਸ਼ੀਲ ਪੱਖ ਹੈ।''

ਸਪੱਸ਼ਟ ਹੈ ਕਿ ਸਿੱਖਿਆ ਵਿਅਕਤੀ ਜਾਂ ਸਮਾਜ ਦੇ ਦਰਸ਼ਨ ਦਾ ਕਿਰਿਆਸ਼ੀਲ ਰੂਪ ਹੈ। ਅਰਥਾਤ ਸਿੱਖਿਆ ਦਰਸ਼ਨ (ਜਾਂ ਸਿੱਖਿਆ ਦਾ ਦਰਸ਼ਨ) ਸਿੱਖਿਆ ਦੇ ਅਮਲੀ ਰੂਪ ਨੂੰ ਜਨਮ ਦੇਣ ਵਾਲਾ ਵਿਚਾਰ ਮੂਲਕ ਪੱਖ ਹੈ। ਇਸ ਦਾ ਸੰਬੰਧ ਅਧਿਆਪਨ ਦੇ 'ਕੀ', 'ਕਿਉਂ' ਅਤੇ 'ਕਿਵੇਂ' ਨਾਲ ਹੈ।

ਹੁਣ ਅਸੀਂ ਦਰਸ਼ਨ ਦੀਆਂ ਤਿੰਨ ਵੱਖ-ਵੱਖ ਲਹਿਰਾਂ (ੳ) ਆਦਰਸ਼ਵਾਦ (ਅ) ਪ੍ਰਕਿਰਤੀਵਾਦ ਅਤੇ (ੲ) ਪ੍ਰਯੋਜਨਵਾਦ ਤੇ ਵਿਚਾਰ ਕਰਾਂਗੇ।

### 1.5.3 ਆਦਰਸ਼ਵਾਦ (Idealism)

ਆਦਰਸ਼ਵਾਦ ਸ਼ਬਦ ਦੀ ਉੱਤਪਤੀ ਆਦਰਸ਼ਾਂ ਜਾਂ ਵਿਚਾਰਾਂ ਤੋਂ ਹੋਈ। ਆਦਰਸ਼ਵਾਦ ਅਨੁਸਾਰ ਆਤਮਾ ਜਾਂ ਮਨ ਦਾ ਮਹੱਤਵ ਸਰੀਰ ਜਾਂ ਪਦਾਰਥ ਨਾਲੋਂ ਵੱਧ ਹੈ।

#### 1.5.3.1. ਆਦਰਸ਼ਵਾਦ ਦੇ ਮੁੱਖ ਲੱਛਣ (Main Features of Idealism)

(ਕ) ਆਦਰਸ਼ਵਾਦ ''ਸਰਬ-ਵਿਆਪੀ ਮਨ'' ਵਿਚ ਵਿਸ਼ਵਾਸ ਰੱਖਦਾ ਹੈ। ਭੌਤਿਕ ਜਾਂ ਪਦਾਰਥਕ ਸੰਸਾਰ ਤੋਂ ਇਲਾਵਾ ਇਕ ਅਧਿਆਤਮਿਕ ਸੰਸਾਰ ਹੈ ਜਿਸ ਵਿਚ ਸਰਬ-ਵਿਆਪੀ ਮਨ ਜਾਂ ਪਰਮਾਤਮਾ ਵਿਚਰਦਾ ਹੈ। ਪਰਮਾਤਮਾ ਸੰਸਾਰ ਵਿੱਚ ਸਭ ਕੁਝ ਬਣਾਉਣ ਵਾਲਾ ਹੈ ਅਤੇ ਬਾਕੀ ਸਭ ਕੁਝ ਉਸ ਦੁਆਰਾ ਬਣਾਈਆਂ ਗਈਆਂ ਵਸਤਾਂ ਹਨ। ਮਨੁੱਖੀ ਮਨ ਸਰਬ-ਵਿਆਪੀ ਮਨ ਦਾ ਇਕ ਅੰਗ ਹੈ ਅਤੇ ਉਸ ਉਤੇ ਨਿਰਭਰ ਹੈ। ਪਰਮਾਤਮਾ ਜਾਂ ਸਰਬ-ਵਿਆਪੀ ਮਨ ਸਾਰੀਆਂ ਮਨੁੱਖੀ ਕੀਮਤਾਂ ਦਾ ਜਨਮ-ਦਾਤਾ ਹੈ ਅਤੇ ਸਾਰੀਆਂ ਮਨੁੱਖੀ ਕਿਰਿਆਵਾਂ ਦਾ ਉਦੇਸ਼ ਆਪਣੀ ਆਤਮਾ ਵਿੱਚ ਸਰਬ-ਵਿਆਪੀ ਮਨ ਜਾਂ ਪਰਮਾਤਮਾ ਦੀ ਪ੍ਰਾਪਤੀ ਹੈ।

ਉਪਨਿਸ਼ਦਾਂ ਤੋਂ ਸਾਨੂੰ ਮੁੱਖ ਭਾਰਤੀ ਆਦਰਸ਼ਵਾਦੀ ਵਿਚਾਰਧਾਰਾ – ਮਨੁੱਖ ਦੀ ਪਰਮਾਤਮਾ ਨਾਲ ਸਾਂਝ ਅਤੇ ਸੰਸਾਰ ਨੂੰ ਚਲਾ ਰਹੇ ਅਧਿਆਤਮਿਕ ਸਿਧਾਂਤ ਦਾ ਪਤਾ ਲੱਗਦਾ ਹੈ।

(ਖ) ਆਦਰਸ਼ਵਾਦ ਦਾ ਵਿਸ਼ਵਾਸ ਹੈ ਕਿ ਮਨੁੱਖ ਕੇਵਲ ਇਕ ਪਸ਼ੂ ਨਹੀਂ ਹੈ, ਉਹ ਤਾਂ ਮੁੱਖ ਤੌਰ ਤੇ ਇਕ ਅਧਿਆਤਮਿਕ ਜੀਵ ਹੈ, ਜਿਸ ਦਾ ਮੁੱਖ ਉਦੇਸ਼ ਆਪਣੀ ਅਧਿਆਤਮਿਕ ਪ੍ਰਕਿਰਤੀ ਦਾ ਵਿਕਾਸ ਹੈ। ਅਧਿਆਤਮਿਕ ਹੀ ਮਨੁੱਖ ਨੂੰ ਦੂਜੇ ਨੀਵੇਂ ਦਰਜੇ ਤੇ ਜੀਵਾਂ ਤੋਂ ਵੱਖਰਾ ਕਰਦੀ ਹੈ। ਆਦਰਸ਼ਵਾਦੀ ਦਰਸ਼ਨ ਦਾ ਮੁੱਢਲਾ ਸਿਧਾਂਤ ਇਹ ਹੈ ਕਿ ''ਮੁੱਖ ਸੰਸਾਰਿਕ ਤੱਤ ਮਨ ਜਾਂ ਆਤਮਾ ਹੈ। ਮਨ ਕੇਵਲ ਦਿਮਾਗ ਜਾਂ ਦਿਮਾਗ ਦੀ ਕਿਰਿਆ ਨਹੀਂ ਹੈ। ਮਨ ਤਾਂ ਆਪਣੇ ਆਪ ਵਿਚ ਇਕ ਅਸਲੀਅਤ ਹੈ।'' ਕੇਵਲ ਮਨੁੱਖੀ ਮਨ ਵਿਚ ਅਸਲੀਅਤ ਲੱਭੀ ਜਾ ਸਕਦੀ ਹੈ, ਬਾਹਰਲੇ ਵਿਚ ਨਹੀਂ।

ਉਪਨਿਸ਼ਦ ਕਹਿੰਦੇ ਹਨ ਕਿ ਸਰਬ-ਵਿਆਪੀ ਆਤਮਾ (ਪਰਮਾਤਮਾ) ਅਤੇ ਵਿਅਕਤੀ ਦੀ ਆਤਮਾ (ਆਤਮਾ)

ਵਿਚ ਇਕਸਾਰਤਾ ਹੈ। ਵੇਦਾਂਤ ਵੀ ਇਸ ਗੱਲ ਦੀ ਵਿਆਖਿਆ ਕਰਦਾ ਹੈ ਅਤੇ ਦੱਸਦਾ ਹੈ ਕਿ ਪਰਮਾਤਮਾ ਨੂੰ ਕਿਵੇਂ ਪਾਇਆ ਜਾ ਸਕਦਾ ਹੈ। ਭਾਰਤੀ ਆਦਰਸ਼ਵਾਦ ਅਨੁਸਾਰ ਆਤਮਾ ਦੇ ਦਰਸ਼ਨ ਹੀ ਜੀਵਨ ਦਾ ਉੱਚਤਮ ਨਿਸ਼ਾਨਾ ਹੈ। ਅਧਿਆਤਮਿਕਵਾਦ ਦੇ ਸੰਸਾਰ ਵਿੱਚ ਇੱਕ ਦੂਜੇ ਨਾਲ ਮੁਕਾਬਲੇ ਦੀ, ਜਾਂ ਇਕ ਦੂਜੇ ਤੋਂ ਨਫਰਤ ਲਈ ਕੋਈ ਥਾਂ ਨਹੀਂ ਹੈ। ਉਥੇ ਤਾਂ ਕੇਵਲ ਮਨੁੱਖੀ ਭਾਈਚਾਰਾ ਅਤੇ ਪਰਮਾਤਮਾ ਦੀ ਸਰਪ੍ਰਸਤੀ ਹੈ।

(ਗ) ਆਦਰਸ਼ਵਾਦੀਆਂ ਦਾ ਵਿਚਾਰ ਹੈ ਕਿ ਵਿਚਾਰਾਂ ਅਤੇ ਕੀਮਤਾਂ ਦਾ ਸੰਸਾਰ ਪਦਾਰਥਾਂ ਦੇ ਸੰਸਾਰ ਨਾਲੋਂ ਵਧੇਰੇ ਮਹੱਤਵਪੂਰਣ ਹੈ। ਆਦਰਸ਼ਵਾਦ ਦਾ ਕਦੇ ਨਾ ਬਦਲਣ ਵਾਲੀਆਂ ਸਦੀਵੀ ਕੀਮਤਾਂ ਵਿੱਚ ਅਟੱਲ ਵਿਸ਼ਵਾਸ ਹੈ। ਇਨ੍ਹਾਂ ਕੀਮਤਾਂ ਨੂੰ ਨਾ ਤਾਂ ਜਨਮ ਦਿੱਤਾ ਜਾ ਸਕਦਾ ਹੈ ਅਤੇ ਨਾ ਹੀ ਨਸ਼ਟ ਕੀਤਾ ਜਾ ਸਕਦਾ ਹੈ। ਪਲੈਟੋ ਅਨੁਸਾਰ ਮੁੱਖ ਸਦੀਵੀ ਕੀਮਤਾਂ ਸੱਚਾਈ, ਚੰਗਿਆਈ ਅਤੇ ਸੁੰਦਰਤਾ ਹਨ। ਪ੍ਰਾਚੀਨ ਭਾਰਤ ਦੇ ਰਿਸ਼ੀਆਂ ਮੁਨੀਆਂ ਨੇ ਵੀ ਪਰਮਾਤਮਾ ਦੇ ਬਿਲਕੁਲ ਏਹੀ ਗੁਣ ਦੱਸੇ ਹਨ।

ਮਨੁੱਖ ਸਦੀਵੀਂ ਕੀਮਤਾਂ ਦੀ ਸਿਰਜਨਾ ਨਹੀਂ ਕਰ ਸਕਦਾ। ਜੇਕਰ ਉਹ ਯਤਨ ਕਰੇ ਤਾਂ ਉਹ ਕੇਵਲ ਉਨ੍ਹਾਂ ਨੂੰ ਲੱਭ ਸਕਦਾ ਹੈ। ਆਦਰਸ਼ਵਾਦ ਅਨੁਸਾਰ, ''ਹਰ ਇਕ ਵਸਤੂ, ਜਿਸ ਨੂੰ ਅਸੀਂ ਸੱਚੇ ਅਰਥਾਂ ਵਿੱਚ ਚੰਗੀ ਜਾਂ ਸੁੰਦਰ ਸਮਝਦੇ ਹਾਂ, ਇਸ ਕਰਕੇ ਚੰਗੀ ਜਾਂ ਸੁੰਦਰ ਹੈ ਕਿਉਂਕਿ ਇਹ ਸਦੀਵੀ ਚੰਗਿਆਈ ਜਾਂ ਸੁੰਦਰਤਾ ਦੇ ਸਰੂਪ ਨਾਲ ਮੇਲ ਖਾਂਦੀ ਹੈ। ਸਦੀਵੀਂ ਸੁੰਦਰਤਾ ਹੀ ਸਭ ਵਸਤੂਆਂ ਨੂੰ ਸੁੰਦਰ ਬਣਾਉਂਦੀ ਹੈ।

ਸ਼ੰਕਰਚਾਰੀਆ ਤਾਂ ਭੌਤਿਕ ਦੀ ਅਸਲੀਅਤ ਤੋਂ ਹੀ ਇਨਕਾਰ ਕਰਦਾ ਹੈ। ਕੈਂਟ (Kant) ਅਤੇ ਸ਼ੋਪਨਹਰ (Schaupenhauer) ਅਨੁਸਾਰ ਵਿਅਕਤੀ ਦੇ ਵਿਚਾਰਾਂ ਤੋਂ ਅੱਡ ਭੌਤਿਕ ਸੰਸਾਰ ਦੀ ਕੋਈ ਵੀ ਹੋਂਦ ਨਹੀਂ ਹੈ। ਭੌਤਿਕ ਸੰਸਾਰ ਮਨ ਦੀ ਸੋਚ ਦਾ ਸਿੱਟਾ ਹੋ ਸਕਦਾ ਹੈ। ਇਹ ਵੀ ਹੋ ਸਕਦਾ ਹੈ ਕਿ ਇਸ ਦੀ ਸਿਰਜਨਾ ਹੀ ਮਨੁੱਖ ਦੇ ਮਨ ਵਿੱਚ ਹੋਈ ਹੋਵੇ।

(ਘ) ਮਨੁੱਖ ਦੇ ਮਨ ਦੇ ਅੰਦਰ ਹੀ ਅਸਲੀ ਗਿਆਨ ਦੀ ਪ੍ਰਾਪਤੀ ਹੁੰਦੀ ਹੈ। ਮਨ ਦੀ ਕਿਰਿਆ ਅਤੇ ਮਨ ਦੀ ਸੋਚ ਦੁਆਰਾ ਪ੍ਰਾਪਤ ਕੀਤਾ ਗਿਆਨ ਇੰਦਰੀਆ ਦੁਆਰਾ ਪ੍ਰਾਪਤ ਕੀਤੇ ਗਿਆਨ ਤੋਂ ਵੱਧ ਮਹੱਤਵ ਰੱਖਦਾ ਹੈ।

### 1.5.3.2. ਆਦਰਸ਼ਵਾਦ ਅਤੇ ਸਿੱਖਿਆ (Idealism and Education)

ਆਦਰਸ਼ਵਾਦ ਨੇ ਸਿੱਖਿਆ ਪ੍ਰਣਾਲੀ ਨੂੰ ਵਿਸ਼ੇਸ਼ ਕਰਕੇ ਸਿੱਖਿਆ ਦੇ ਉਦੇਸ਼ਾਂ, ਅਨੁਸ਼ਾਸਨ ਦੀ ਧਾਰਣਾ ਅਤੇ ਪਾਠ-ਕ੍ਰਮ ਦੀ ਬਣਤਰ ਨੂੰ, ਸਰੂਪ ਦੇਣ ਵਿਚ ਵੱਡੀ ਭੂਮਿਕਾ ਨਿਭਾਈ ਹੈ। ਆਦਰਸ਼ਵਾਦ ਨੇ ਮਨੁੱਖੀ ਵਿਅਕਤਿਤਵ ਦੇ ਪੂਰਣ ਅਤੇ ਸਾਂਝੇ ਵਿਕਾਸ ਅਤੇ ਆਤਮਾ-ਪ੍ਰਾਪਤੀ ਤੇ ਜ਼ੋਰ ਦਿੱਤਾ ਹੈ। ਆਦਰਸ਼ਵਾਦੀਆਂ ਦਾ ਵਿਸ਼ਵਾਸ ਹੈ ਕਿ ਸਿੱਖਿਆ ਦੇ ਸਾਧਨ ਰਾਹੀਂ ਜੀਵਨ ਦੇ ਆਦਰਸ਼ਾਂ ਨੂੰ ਪ੍ਰਾਪਤ ਕੀਤਾ ਜਾ ਸਕਦਾ ਹੈ ਸਗੋਂ ਪ੍ਰਾਪਤ ਕਰਨਾ ਚਾਹੀਦਾ ਹੈ। ਹੁਣ ਨਿਮਨਲਿਖਤ ਪੈਰਿਆਂ ਵਿਚ ਅਸੀਂ ਆਦਰਸ਼ਵਾਦ ਦੀ ਸਿੱਖਿਆ ਨੂੰ ਦੇਣ ਤੇ ਵਿਚਾਰ ਕਰਾਂਗੇ।

1. **ਆਦਰਸ਼ਵਾਦ ਅਤੇ ਸਿੱਖਿਆ ਦੇ ਉਦੇਸ਼ (Idealism and Aims of Education)**: ਜਿਵੇ ਅਸੀਂ ਵੇਖਿਆ ਹੈ, ਆਦਰਸ਼ਵਾਦੀ ਮਨੁੱਖੀ ਜੀਵਨ ਦੀ ਸ਼ਾਨ ਅਤੇ ਵਡਿਆਈ ਤੇ ਜ਼ੋਰ ਦਿੰਦੇ ਹਨ। ਉਨ੍ਹਾਂ ਅਨੁਸਾਰ ਇਹ ਪਰਮਾਤਮਾ ਦੀ ਸਭ ਤੋਂ ਚੰਗੀ ਸਿਰਜਨਾ ਹੈ। ਆਦਰਸ਼ਵਾਦ ਦੀ ਸਿੱਖਿਆ ਨੂੰ ਸਭ ਤੋਂ ਵੱਡੀ ਦੇਣ ਇਹ ਹੈ ਕਿ ਇਸ ਨੇ ਮਨੁੱਖੀ ਜੀਵਨ ਨੂੰ ਬਹੁਤ ਉੱਚੇ ਉਦੇਸ਼ ਦਿੱਤੇ ਹਨ। ਇਨ੍ਹਾਂ ਵਿੱਚ ਕੁਝ ਮਹੱਤਵਪੂਰਣ ਉਦੇਸ਼ ਨਿਮਨ ਲਿਖਤ ਹਨ:

**(i) ਮਨੁੱਖੀ ਵਿਅਕਤਿਤਵ ਦਾ ਸਭ ਤੋਂ ਵੱਧ ਮਹੱਤਵ (Exaltation of Human Personality)**:ਆਦਰਸ਼ਵਾਦ ਅਨੁਸਾਰ, ''ਵਿਅਕਤਿਤਵ ਸਭ ਤੋਂ ਵੱਧ ਮਹੱਤਵ ਰੱਖਦਾ ਹੈ ਅਤੇ ਇਹ ਪਰਮਾਤਮਾ ਦਾ ਸਭ ਤੋਂ ਚੰਗਾ ਕੰਮ ਹੈ।'' ਇਸ ਲਈ ਸਿੱਖਿਆ ਦਾ ਸਭ ਤੋਂ ਪਹਿਲਾ ਉਦੇਸ਼ ਆਤਮਾ ਨੂੰ ਸਭ ਤੋਂ ਵੱਧ ਮਹੱਤਤਾ ਦੇਣ ਦੀ ਯੋਗਤਾ ਹੁੰਦੀ ਹੈ। ਸਿੱਖਿਆ ਨੂੰ ਇੰਜ ਕਰਨ ਵਿੱਚ ਵਿਅਕਤੀ ਵਿਚ ਆਪਣੀ

ਹੀ ਆਤਮਾ ਅਨੁਸਾਰ ਆਪਣੇ ਆਪ ਨੂੰ ਸਰੂਪ ਦੇਣ ਦੀ ਯੋਗਤਾ ਹੁੰਦੀ ਹੈ। ਸਿੱਖਿਆ ਨੂੰ ਇੰਜ ਕਰਨ ਵਿੱਚ ਵਿਅਕਤੀ ਦੀ ਸਹਾਇਤਾ ਕਰਨੀ ਚਾਹੀਦੀ ਹੈ। ਐਡਮ ਕਹਿੰਦੇ ਹਨ, ''ਸਿੱਖਿਆ ਦੇ ਬਹੁਤ ਸਾਰੇ ਉਦੇਸ਼ਾਂ ਵਿੱਚੋਂ, ਆਤਮ-ਪ੍ਰਾਪਤੀ ਦਾ ਉਦੇਸ਼ ਆਦਰਸ਼ਵਾਦ ਨਾਲ ਵਿਸ਼ੇਸ਼ ਰੂਪ ਵਿਚ ਸੰਬੰਧਿਤ ਹੈ।'' ਕਿਉਂਕਿ ਜੋ ਮਨੁੱਖ ਇਕ ਅਧਿਆਤਮਿਕ ਜੀਵ ਹੈ, ਇਸ ਲਈ ਸਿੱਖਿਆ ਦੇ ਸਾਧਨ ਦੁਆਰਾ ਮਨੁੱਖ ਦੇ ਅੰਦਰ ਜੋ ਰੱਬੀ ਸ਼ਕਤੀ ਹੈ ਉਸ ਦਾ ਪ੍ਰਗਟਾਅ ਹੋਣਾ ਚਾਹੀਦਾ ਹੈ ਅਤੇ ਉਸ ਨੂੰ ਇਸ ਦੀ ਪਛਾਣ ਕਰਾਈ ਜਾਣੀ ਚਾਹੀਦੀ ਹੈ।

**(ii) ਸਰਵ-ਵਿਆਪੀ ਸਿੱਖਿਆ (Universal Education)**: ਆਦਰਸ਼ਵਾਦ ਅਨੁਸਾਰ ਆਤਮ-ਪ੍ਰਾਪਤੀ ਕੁਝ ਕੁ ਚੁਣੇ ਹੋਏ ਵਿਅਕਤੀਆਂ ਤੱਕ ਹੀ ਸੀਮਿਤ ਨਹੀਂ ਰਹਿਣੀ ਚਾਹੀਦੀ। ਇਹ ਸਰਬ-ਵਿਆਪੀ ਹੋਣੀ ਚਾਹੀਦੀ ਹੈ ਕਿਉਂਕਿ ਸਭ ਮਨੁੱਖ ਪਰਮਾਤਮਾ ਦੇ ਇਕੋ ਜਿਹੇ ਬੱਚੇ ਹਨ, ਆਦਰਸ਼ਵਾਦੀ ਸਮਾਜ ਵਿਚ ਕੋਈ ਵੀ ਬੱਚੇ ਸਿੱਖਿਆ ਦੇ ਬਗੈਰ ਨਹੀਂ ਰਹਿਣਾ ਚਾਹੀਦਾ, ਸਿੱਖਿਆ ਹਰ ਇੱਕ ਬੱਚੇ ਨੂੰ ਮਿਲਣੀ ਚਾਹੀਦੀ ਹੈ ਭਾਵੇਂ ਉਸਦਾ ਸੰਬੰਧ ਕਿਸੇ ਵੀ ਜਾਤੀ, ਧਰਮ, ਰੰਗ ਜਾਂ ਸਮਾਜਿਕ ਸ਼੍ਰੇਣੀ ਨਾਲ ਹੋਵੇ।

**(iii) ਸਿਰਜਨਾਤਮਿਕ ਸ਼ਕਤੀਆਂ ਦਾ ਵਿਕਾਸ (Development of Creative Powers)**: ਮਨੁੱਖ ਨੂੰ ਆਪਣੇ ਆਪ ਨੂੰ ਭੌਤਿਕ ਵਾਤਾਵਰਣ ਅਨੁਸਾਰ ਨਹੀਂ ਢਾਲਣਾ ਚਾਹੀਦਾ ਹੈ, ਸਗੋਂ ਆਪਣੀਆਂ ਸਿਰਜਨਾਤਮਿਕ ਸ਼ਕਤੀਆਂ ਦੀ ਵਰਤੋਂ ਕਰਕੇ ਵਾਤਾਵਰਨ ਨੂੰ ਆਪਣੀਆਂ ਲੋੜਾਂ ਅਨੁਸਾਰ ਢਾਲਣਾ ਚਾਹੀਦਾ ਹੈ। ਉਸਨੂੰ ਚਾਹੀਦਾ ਹੈ ਕਿ ਪ੍ਰਕਿਰਤੀ ਦੀਆਂ ਸ਼ਕਤੀਆਂ ਤੇ ਇਸ ਪ੍ਰਕਾਰ ਕਾਬੂ ਪਾਵੇ ਕਿ ਉਹ ਉਸਦੇ ਵੱਧ ਤੋਂ ਵੱਧ ਲਾਭ ਲਈ ਕੰਮ ਕਰਨ। ਪ੍ਰੋ: ਰੋਸ ਕਹਿੰਦੇ ਹਨ, ਨੈਤਿਕ ਕੀਮਤਾਂ ਜਿਨ੍ਹਾਂ ਦਾ ਸਰੂਪ ਅਧਿਆਤਮਕ ਹੈ, ਭੌਤਿਕ ਕਿਰਿਆਵਾਂ ਰਾਹੀਂ ਪ੍ਰਾਪਤ ਕੀਤੀਆਂ ਜਾ ਸਕਦੀਆਂ ਹਨ। ਬੌਧਿਕ ਸ਼ਕਤੀਆਂ ਦੀ ਵਰਤੋਂ ਕਰਦਾ ਹੈ, ਅਤੇ ਸੁੰਦਰਤਾ ਸੰਬੰਧੀ ਕੀਮਤਾਂ ਦੀ ਪ੍ਰਾਪਤੀ ਵਸਤੂਆਂ ਬਣਾਉਣ ਦੇ ਕੰਮ ਵਿੱਚ ਨਿਪੁੰਨਤਾ ਪ੍ਰਾਪਤ ਕਰਕੇ ਹੁੰਦੀ ਹੈ। ਸਿੱਖਿਆ ਦੁਆਰਾ ਮਨੁੱਖ ਦੀਆਂ ਇਨ੍ਹਾਂ ਸਿਰਜਨਾਤਮਿਕ ਸ਼ਕਤੀਆਂ ਦਾ ਯਕੀਨੀ ਤੌਰ ਤੇ ਵਿਕਾਸ ਹੋਣਾ ਚਾਹੀਦਾ ਹੈ ਤਾਂ ਜੋ ਉਹ ਆਪਣੇ ਭੌਤਿਕ ਵਾਤਾਵਰਨ ਉੱਤੇ ਆਪਣੀ ਪ੍ਰਭੂਤਾ ਸਥਾਪਿਤ ਕਰ ਸਕੇ।

**(iv) ਸਭਿਆਚਾਰਕ ਵਾਤਾਵਰਣ ਦਾ ਸੰਚਾਰ ਅਤੇ ਵਿਕਾਸ (Acquisition and Enrichment of Cultural Environment)** : ਮਨੁੱਖ ਦਾ ਸਭਿਆਚਾਰਕ ਵਾਤਾਵਰਣ ਉਸ ਦਾ ਆਪਣਾ ਬਣਾਇਆ ਹੋਇਆ ਹੈ, ਉਹ ਹੀ ਇਸਦਾ ਸਿਰਜਨਹਾਰ ਹੈ। ਇਸ ਦੀ ਉਤਪਤੀ ਮਨੁੱਖ ਦੀ ਸਿਰਜਨਾਤਮਿਕ ਕਿਰਿਆ ਦੁਆਰਾ ਹੋਈ ਹੈ। ਰੋਸ ਕਹਿੰਦੇ ਹਨ, ''ਧਰਮ, ਨੈਤਿਕਤਾ, ਕਲਾ, ਸਾਹਿਤ, ਗਣਿਤ ਅਤੇ ਵਿਗਿਆਨ ਦਾ ਵਿਕਾਸ ਮਨੁੱਖ ਦੀਆਂ ਨੈਤਿਕ, ਬੌਧਿਕ ਅਤੇ ਸੁੰਦਰਤਾ ਸ਼ਕਤੀ ਸੰਬੰਧੀ ਕਿਰਿਆਵਾਂ ਦੁਆਰਾ ਹੀ ਹੋਇਆ ਹੈ। ਇਸ ਲਈ ਆਦਰਸ਼ਵਾਦੀ ਇਸ ਗੱਲ ਤੇ ਜ਼ੋਰ ਦਿੰਦੇ ਹਨ ਕਿ ਹਰ ਇੱਕ ਬੱਚੇ ਨੂੰ ਪੂਰੀ ਸ਼ਕਤੀ ਅਨੁਸਾਰ ਮਨੁੱਖ ਦੇ ਸਭਿਆਚਾਰਕ ਵਿਰਸੇ ਦਾ ਗਿਆਨ ਪ੍ਰਾਪਤ ਕਰਨਾ ਚਾਹੀਦਾ ਹੈ। ਸਭਿਆਚਾਰਕ ਵਿਰਸਾ ਭੌਤਿਕ ਵਾਤਾਵਰਣ ਦੀਆਂ ਸੀਮਾਵਾਂ ਤੋਂ ਮੁਕਤ ਹੈ, ਬੱਚੇ ਕੇਵਲ ਸਭਿਆਚਾਰਕ ਵਿਰਸੇ ਦੀ ਸੰਭਾਲ ਹੀ ਨਾ ਕਰੇ। ਉਹ ਆਪਣੇ ਯੋਗਦਾਨ ਨਾਲ ਇਸ ਦਾ ਵਿਕਾਸ ਵੀ ਕਰੇ ਤਾਂ ਜੋ ''ਅਧਿਆਤਮਕ ਸੰਸਾਰ ਦੀਆਂ ਸੀਮਾਵਾਂ ਵਿਚ ਵਾਧਾ ਹੋਵੇ।'' ਸਿੱਖਿਆ ਦੁਆਰਾ ਅਜਿਹਾ ਕਰਨ ਦੀ ਸ਼ਕਤੀ ਪ੍ਰਾਪਤੀ ਵਿਚ ਸਹਾਇਤਾ ਮਿਲਣੀ ਚਾਹੀਦੀ ਹੈ।

**(v) ਨੈਤਿਕਤਾ ਦਾ ਵਿਕਾਸ (Development of Moral Sense)**: ਆਦਰਸ਼ਵਾਦ ਅਨੁਸਾਰ ਸਿੱਖਿਆ ਦਾ ਇਕ ਹੋਰ ਉਦੇਸ਼ ਬੱਚੇ ਵਿਚ ਨੈਤਿਕਤਾ ਦਾ ਵਿਕਾਸ ਹੈ ਤਾਂ ਜੋ ਉਹ ਸਹੀ ਅਤੇ ਗਲਤ ਵਿੱਚ ਅੰਤਰ ਨੂੰ ਪਛਾਣਨ ਦੇ ਯੋਗ ਹੋ ਜਾਵੇ ਪਰੰਤੂ ਸਹੀ ਅਤੇ ਗਲਤ ਦੇ ਅੰਤਰ ਨੂੰ ਕੇਵਲ ਪਛਾਨਣਾ ਹੀ ਕਾਫੀ ਨਹੀਂ ਹੈ। ਸਿੱਖਿਆ ਦੁਆਰਾ ਬੱਚੇ ਦੀ ਮਾਨਸਿਕ ਸ਼ਕਤੀ ਦਾ ਇੰਨਾ ਵਿਕਾਸ ਹੋ ਜਾਣਾ ਚਾਹੀਦਾ ਹੈ ਕਿ ਉਹ ਚੰਗਿਆਈ ਦੇ ਰਸਤੇ ਤੇ ਚੱਲ ਸਕੇ ਅਤੇ ਬੁਰਾਈ ਦੇ ਰਸਤੇ ਨੂੰ ਛੱਡ ਸਕੇ। ਇਸ ਸ਼ਕਤੀ ਦਾ ਵਿਕਾਸ ਬੱਚੇ ਨੂੰ ਸੱਚਾਈ, ਚੰਗਿਆਈ ਅਤੇ ਸੁੰਦਰਤਾ ਜੋ ਕਿ ਸਦੀਵੀਂ ਨੈਤਿਕ ਕੀਮਤਾਂ ਹਨ, ਦਾ ਠੀਕ ਅਨੁਭਵ ਕਰਵਾ ਕੇ ਕੀਤਾ ਜਾ ਸਕਦਾ ਹੈ। ਸਵਾਮੀ ਵਿਵੇਕਾਨੰਦ ਕਹਿੰਦੇ ਹਨ, ''ਸਾਨੂੰ ਅਜਿਹੀ ਸਿੱਖਿਆ ਦੀ ਲੋੜ ਹੈ ਜਿਸ ਨਾਲ

ਚਰਿੱਤਰ ਦਾ ਨਿਰਮਾਣ ਹੋਵੇ, ਮਨ ਮਜ਼ਬੂਤ ਹੋਵੇ ਅਤੇ ਜਿਸ ਦੁਆਰਾ ਮਨੁੱਖ ਆਪਣੇ ਪੈਰਾਂ ਤੇ ਖੜ੍ਹਾ ਹੋ ਸਕੇ ।'' ਉਹ ਫਿਰ ਕਹਿੰਦੇ ਹਨ, ''ਹਰ ਆਤਮਾ ਵਿਚ ਪਰਮਾਤਮਾ ਬਣਨ ਦੀ ਸ਼ਕਤੀ ਹੈ। ਟੀਚਾ ਇਸ ਰੱਬੀ ਸ਼ਕਤੀ ਦਾ ਪ੍ਰਗਟਾਅ ਕਰਨਾ ਹੈ।''

**(vi) ਆਤਮ-ਪ੍ਰਾਪਤੀ (Self Realization)**: ਸਿੱਖਿਆ ਦਾ ਕਾਰਜ ਵਿਅਕਤੀ ਨੂੰ ਉਸ ਦੇ ਅੰਦਰ ਦੀ ਏਕਤਾ ਨੂੰ ਸਮਝਣਾ ਅਤੇ ਆਪਣੀ ਪ੍ਰਕਿਰਤੀ ਅਤੇ ਸੰਸਾਰ ਦੀ ਸਦੀਵੀ ਪ੍ਰਕਿਰਤੀ ਵਿਚ ਇਕਸਾਰ ਪੈਦਾ ਕਰਨ ਦੇ ਯੋਗ ਬਣਾਉਂਦਾ ਹੈ। ਭਾਰਤੀ ਆਦਰਸ਼ਵਾਦੀ ਕਹਿੰਦਾ ਹੈ ਜੀਵਨ ਦਾ ਉੱਚਤਮ ਉਦੇਸ਼ ਮੁਕਤੀ ਜਾਂ ਨਿਵਾਰਣ ਦੀ ਪ੍ਰਾਪਤੀ ਹੈ। ਸਿੱਖਿਆ ਦੁਆਰਾ ਇਸ ਦੀ ਪ੍ਰਾਪਤੀ ਵਿਚ ਸਹਾਇਤਾ ਮਿਲਣੀ ਚਾਹੀਦੀ ਹੈ।

2. **ਆਦਰਸ਼ਵਾਦ ਅਤੇ ਪਾਠ-ਕ੍ਰਮ (Idealism and Curriculum)**: ਆਦਰਸ਼ਵਾਦ ਪਾਠ-ਕ੍ਰਮ ਦੀ ਸਮੱਸਿਆ ਨੂੰ ਵਿਚਾਰਾਂ ਤੇ ਆਦਰਸ਼ਾਂ ਨਾਲ ਸੰਬੰਧਿਤ ਕਰਦੇ ਹਨ। ਇਸ ਲਈ ਉਹ ਸਮੁੱਚੀ ਮਨੁੱਖ ਜਾਤੀ ਦੇ ਅਨੁਭਵਾਂ ਨੂੰ ਪਹਿਲ ਦਿੰਦੇ ਹਨ। ਆਦਰਸ਼ਵਾਦ ਦਾ ਇਕ ਉਦੇਸ਼ ਇਹ ਵੀ ਹੈ ਕਿ ਵਿਅਕਤੀ ਵਿਚ ਸੱਚਾਈ, ਚੰਗਿਆਈ ਅਤੇ ਸੁੰਦਰਤਾ ਅਨੁਭਵ ਕਰਨ ਦੀ ਸ਼ਕਤੀ ਦਾ ਵਿਕਾਸ ਕੀਤਾ ਜਾਵੇ ਤਾਂ ਜੋ ਉਸਦਾ ਅਧਿਆਤਮਕ ਵਿਕਾਸ ਹੋ ਸਕੇ। ਕਲੱਟਨ ਬਰੋਕ ਦੇ ਸ਼ਬਦਾਂ ਵਿੱਚ ''ਆਤਮਾ ਦੀਆਂ ਤਿੰਨ ਅਤੇ ਕੇਵਲ ਤਿੰਨ ਹੀ ਕਿਰਿਆਵਾਂ ਹਨ। ਇਹ ਹਨ -ਨੈਤਿਕ, ਬੌਧਿਕ ਅਤੇ ਸੁੰਦਰਤਾ ਸੰਬੰਧੀ ਕਿਰਿਆਵਾਂ। ਮਨੁੱਖ ਦਾ ਜੀਵਨ ਕੇਵਲ ਇਨ੍ਹਾਂ ਤਿੰਨ ਕਿਰਿਆਵਾਂ ਦੀ ਵਰਤੋਂ ਕਰਨ ਲਈ ਬਣਿਆ ਹੈ। ਹੋਰ ਕੋਈ ਵੀ ਕਿਰਿਆ ਕਰਨ ਲਈ ਨਹੀਂ। ਤਿੰਨਾਂ ਆਤਮਾ ਦੀਆਂ ਤਿੰਨ ਇੱਛਾਵਾਂ – ਗਿਆਨ, ਭਗਤੀ ਅਤੇ ਕਰਮ – ਇਨ੍ਹਾਂ ਤਿੰਨਾਂ ਕਿਰਿਆਵਾਂ ਨੂੰ ਜਨਮ ਦੇਂਦੀਆਂ ਹਨ। ਇਹ ਸਾਰੀਆਂ ਇੱਛਾਵਾਂ ਇਕੱਠੇ ਹੀ ਸੱਚਾਈ, ਚੰਗਿਆਈ ਅਤੇ ਸੁੰਦਰਤਾ ਦੀ ਭਾਲ ਲਈ ਪੈਦਾ ਹੁੰਦੀਆਂ ਹਨ। ਇਸ ਲਈ ਆਦਰਸ਼ਵਾਦੀ ਪਾਠ-ਕ੍ਰਮ ਵਿਚ ਬੌਧਿਕ, ਨੈਤਿਕ ਅਤੇ ਸੁੰਦਰਤਾ ਸੰਬੰਧੀ ਕਿਰਿਆਵਾਂ ਦਾ ਪ੍ਰਬੰਧ ਹੁੰਦਾ ਹੈ। ਬੱਚੇ ਦੇ ਬੌਧਿਕ ਵਿਕਾਸ ਲਈ ਭਾਸ਼ਾਵਾਂ, ਸਾਹਿਤ, ਵਿਗਿਆਨ, ਸਮਾਜ-ਸ਼ਾਸਤਰ ਅਤੇ ਗਣਿਤ ਨੂੰ ਪਾਠ-ਕ੍ਰਮ ਵਿੱਚ ਸ਼ਾਮਿਲ ਕੀਤਾ ਜਾਂਦਾ ਹੈ ਅਤੇ ਸੁੰਦਰਤਾ ਸੰਬੰਧੀ ਅਤੇ ਨੈਤਿਕ ਵਿਕਾਸ ਲਈ ਸੁੰਦਰ ਕਲਾ (Fine Arts) ਕਵਿਤਾ ਅਤੇ ਧਰਮ ਪ੍ਰਦਾਨ ਕੀਤੇ ਜਾਂਦੇ ਹਨ।

3. **ਆਦਰਸ਼ਵਾਦ ਅਤੇ ਅਧਿਆਪਨ ਵਿਧੀਆਂ (Idealism and Methods of Teaching)**: ਜਮਾਤ ਦਾ ਕਮਰਾ ਇਕ ਅਜਿਹੀ ਥਾਂ ਹੈ ਜਿਥੇ ਅਧਿਆਪਕ ਦਾ ਪਰਪੱਕ ਦਿਮਾਗ, ਵਿਦਿਆਰਥੀ ਦੇ ਅਪਰਪੱਕ ਦਿਮਾਗ ਤੇ ਪ੍ਰਭਾਵ ਪਾਉਂਦਾ ਹੈ। ਅਧਿਆਪਕ ਵਿਦਿਆਰਥੀਆਂ ਦੀਆਂ ਯੋਗਤਾਵਾਂ ਦਾ ਉੱਚਿਤ ਪੱਧਰ ਤੱਕ ਵਿਕਾਸ ਕਰਨ ਵਿੱਚ ਮਦਦਗਾਰ ਹੁੰਦਾ ਹੈ। ਅਧਿਆਪਕ ਵਿਦਿਆਰਥੀਆਂ ਅਤੇ ਗਿਆਨ ਵਿਚਕਾਰ ਹੋਣ ਦਾ ਕੰਮ ਕਰਦਾ ਹੈ ਭਾਵ ਉਹ ਗਿਆਨ ਨੂੰ ਸਰਲ ਰੂਪ ਵਿੱਚ ਵਿਦਿਆਰਥੀਆਂ ਤੱਕ ਪਹੁੰਚਾਉਂਦਾ ਹੈ। ਵਿਦਿਆਰਥੀਆਂ ਵਲੋਂ ਸੁਤੰਤਰ ਅਨੁਕਿਰਿਆ ਦਾ ਜਮਾਤ ਦੇ ਕਮਰੇ ਵਿੱਚ ਭਾਵ ਅਧਿਆਪਕ ਵਲੋਂ ਆਦਰ ਕੀਤਾ ਜਾਂਦਾ ਹੈ।ਅਧਿਆਪਕ ਦਾ ਕੰਮ ਹੈ, ਵਿਦਿਆਰਥੀਆਂ ਨੂੰ ਅਜਿਹੇ ਤਜਰਬਿਆਂ ਬਾਰੇ ਸੂਝ ਪ੍ਰਦਾਨ ਕਰਨੀ, ਜਿਹਨਾਂ ਬਾਰੇ ਵਿਦਿਆਰਥੀਆਂ ਨੂੰ ਪਹਿਲਾਂ ਗਿਆਨ ਨਾ ਹੋਵੇ। ਉਹ ਵਿਦਿਆਰਥੀਆਂ ਵਿੱਚ ਆਤਮ ਵਿਸ਼ਵਾਸ ਭਰਦਾ ਹੈ, ਆਦਰਸ਼ਵਾਦੀ ਦਰਸ਼ਨ ਦੀ ਸਭ ਤੋਂ ਵੱਡੀ ਕਮਜ਼ੋਰੀ ਅਧਿਆਪਨ ਵਿਧੀਆਂ ਹਨ। ਸੱਚ ਤਾਂ ਇਹ ਹੈ ਕਿ ਇਹ ਕਿਸੇ ਵਿਸ਼ੇਸ ਸੰਬੰਧ ਦੀ ਸਿੱਖਿਆ ਵਿਧੀ ਦੀ ਸਿਫਾਰਿਸ਼ ਨਹੀਂ ਕਰਦਾ, ਸਗੋਂ ਪ੍ਰਾਚੀਨ ਵਿਧੀ ਅਨੁਸਾਰ ਸਿੱਖਿਆ ਦਿੰਦਾ ਹੈ। ਪਰੰਤੂ ਦੋ ਆਦਰਸ਼ਵਾਦ ਸਿੱਖਿਅਕਾਂ ਨੇ ਸਿੱਖਿਆ ਵਿਧੀਆਂ ਦੇ ਖੇਤਰ ਵਿਚ ਬੜਾ ਯੋਗਦਾਨ ਦਿੱਤਾ ਹੈ ਉਹ ਹਨ – ਪੈਸਟਾਲੋਜੀ ਅਤੇ ਫਰੋਇਬਲ। ਪੈਸਟਾਲੋਜੀ ਗਿਆਨ ਪ੍ਰਾਪਤੀ ਲਈ ਬੱਚਿਆਂ ਦੁਆਰਾ ਆਪਣੇ ਆਪ ਦੀਆਂ ਕਿਰਿਆਵਾਂ ਦੀ ਸਿਫਾਰਿਸ਼ ਕਰਦੇ ਹਨ। ਉਹ ਕਹਿੰਦੇ ਹਨ ਕਿ ਸਾਰੇ ਵਿਸ਼ਿਆਂ ਦੀ ਪੜ੍ਹਾਈ ਮਨੋਵਿਗਿਆਨਿਕ ਤੱਥਾਂ ਅਤੇ ਅਨੁਭਵਾਂ ਤੇ ਆਧਾਰਿਤ ਹੋਣੀ ਚਾਹੀਦੀ ਹੈ ਨਾ ਕਿ ਖਾਲੀ ਬਿਆਨਾਂ ਅਤੇ ਸ਼ਬਦਾਂ ਤੇ, ਇਸ ਲਈ ਉਹ ਗਿਣਤੀ, ਸਰੂਪ ਅਤੇ ਭਾਸ਼ਾ ਦੇ ਮਾਧਿਅਮ ਰਾਹੀਂ ਪੜ੍ਹਾਉਣ ਦੀ ਸਿਫਾਰਿਸ਼ ਕਰਦੇ ਹਨ। ਪਾਠ ਅਜਿਹਾ ਹੋਣਾ ਚਾਹੀਦਾ ਹੈ ਜਿਸ ਵਿੱਚ ਬੱਚਿਆਂ ਨੂੰ ਵਸਤੂਆਂ ਆਪਣੇ ਹੱਥਾਂ ਵਿਚ ਫੜਨ ਤੇ ਉਲਟਣ-

ਪੁਲਟਣ ਦੇ ਮੌਕੇ ਮਿਲਣ। ਸਪਸ਼ੱਟ ਹੈ ਕਿ ਇਹ ਬਿਲਕੁਲ ਪ੍ਰਾਜੈਕਟ ਵਿਧੀ ਅਤੇ ਖੇਡ ਵਿਧੀ ਜਿਹੀ ਹੀ ਹੈ। ਫਰੋਇਬਲ ਨੇ 'ਕਿੰਡਰਗਾਰਟਨ' ਨਾਂ ਦੀ ਖੇਡ ਵਿਧੀ ਦਾ ਵਿਕਾਸ ਕੀਤਾ । ਉਹ ਕਹਿੰਦੇ ਹਨ ਕਿ ਸਕੂਲ ਇਕ ਬਾਗ ਹੁੰਦਾ ਹੈ ਅਤੇ ਅਧਿਆਪਕ ਇਕ ਅਜਿਹਾ ਮਾਲੀ ਹੁੰਦਾ ਹੈ ਜਿਸ ਦਾ ਮੁੱਖ ਕੰਮ ਉਸ ਕੋਲ ਜਿਹੜੇ ਛੋਟੇ-ਛੋਟੇ ਮਨੁੱਖੀ ਪੌਦੇ ਹਨ ਉਨ੍ਹਾਂ ਦੀ ਬੜਾ ਧਿਆਨ ਨਾਲ ਦੇਖ ਭਾਲ ਕਰਨਾ ਅਤੇ ਇਸ ਪ੍ਰਕਾਰ ਉਨ੍ਹਾਂ ਨੂੰ ਪੂਰਨਤਾ ਅਤੇ ਸੁੰਦਰਤਾ ਪ੍ਰਾਪਤ ਕਰਨ ਵਿਚ ਸਹਾਇਤਾ ਦੇਣਾ ਹੈ।ਰੋਸ ਕਹਿੰਦੇ ਹਨ, ''ਇਕ ਪ੍ਰਕਿਰਤੀਵਾਦੀ ਕੰਡਿਆਂ ਵਾਲੇ ਜੰਗਲੀ ਗੁਲਾਬ ਨਾਲ ਸੰਤੁਸ਼ਟ ਹੈ, ਪ੍ਰੰਤੂ ਇਕ ਆਦਰਸ਼ਵਾਦੀ ਤਾਂ ਸੁੰਦਰ ਸੋਹਣੇ ਗੁਲਾਬ ਦੀ ਇੱਛਾ ਰੱਖਦਾ ਹੈ।'' ਫਰੋਇਬਲ ਅਨੁਸਾਰ, ਖੇਡ ਕੇਵਲ ਕੁਦਰਤੀ ਆਤਮ-ਕਿਰਿਆ ਹੀ ਨਹੀਂ ਸਗੋਂ ਇਹ ਆਤਮ-ਪ੍ਰਾਪਤੀਆਂ ਦੀਆਂ ਮਹਾਨ ਸੰਭਾਵਨਾਵਾਂ ਵੀ ਰੱਖਦਾ ਹੈ।

ਕੁਝ ਆਦਰਸ਼ਵਾਦੀਆਂ ਨੇ ਅਧਿਆਪਨ ਦੀਆਂ ਕੁਝ ਤਕਨੀਕਾਂ ਦਿੱਤੀਆਂ ਹਨ ਜੋ ਇਸ ਪ੍ਰਕਾਰ ਹਨ:
(ੳ) ਪ੍ਰਸ਼ਨ ਕਰਨਾ (ਅ) ਵਿਆਖਿਆ ਕਰਨਾ (ੲ) ਲੈਕਚਰ ਕਰਨਾ (ਸ) ਇਕ ਵਿਅਕਤੀ ਦੇ ਪ੍ਰਾਜੈਕਟ ਅਤੇ ਸਮੂਹ ਪ੍ਰਾਜੈਕਟ ਅਤੇ (ਹ) ਨਕਲ ਕਰਨਾ (Imitation)। ਲੈਕਚਰ ਵਿਧੀ ਬਿਲਕੁਲ ਸਹੀ ਤੱਥ ਤੇ ਜਾਣਕਾਰੀ ਦਿੱਤੇ ਜਾਣ ਤੱਕ ਹੀ ਸੀਮਿਤ ਹੈ ਜਿਥੋਂ ਤੱਕ ਨਕਲ ਦਾ ਸੰਬੰਧ ਹੈ, ਅਧਿਆਪਕ ਵਿਦਿਆਰਥੀਆਂ ਸਾਹਮਣੇ ਕੁਝ ਬਹੁਤ ਸੋਹਣੇ ਸਾਹਿੱਤਕ, ਕਲਾਤਮਿਕ, ਸੰਗੀਤਕ, ਵਿਗਿਆਨਕ ਜਾਂ ਹੋਰ ਕੋਈ ਮਾਡਲ ਰੱਖਦਾ ਹੈ ਅਤੇ ਉਨ੍ਹਾਂ ਨੂੰ ਕਹਿੰਦਾ ਹੈ ਕਿ ਉਹ ਉਨ੍ਹਾਂ ਨੂੰ ਚੰਗੀ ਪ੍ਰਕਾਰ ਦੇਖਣ, ਪਰਖਣ ਅਤੇ ਉਸੇ ਪ੍ਰਕਾਰ ਦੀਆਂ ਕਿਰਤੀਆਂ ਬਣਾਉਣ, ਪਰੰਤੂ ਆਦਰਸ਼ਵਾਦ ਵਿਚ 'ਨਕਲ' ਦੀ ਸਭ ਤੋਂ ਜ਼ਿਆਦਾ ਵਰਤੋਂ ਮਹਾਨ ਵਿਅਕਤਿਤਵ ਦੀਆਂ ਅਤੇ ਜੀਵਨ ਉਤੇ ਵਿਦਿਆਰਥੀਆਂ ਦਾ ਧਿਆਨ ਕੇਂਦਰਤ ਕਰਨ ਲਈ ਕੀਤੀ ਜਾਂਦੀ ਹੈ। ਇਹ ਆਸ਼ਾ ਕੀਤੀ ਜਾਂਦੀ ਹੈ ਕਿ ਇੰਜ ਕਰਨ ਨਾਲ ਵਿਦਿਆਰਥੀ ਉਨ੍ਹਾਂ ਦੇ ਪਦ-ਚਿੰਨ੍ਹਾਂ ਤੇ ਚਲਣਗੇ ਅਤੇ ਉਨ੍ਹਾਂ ਦੇ ਕੁਝ ਚੰਗੇ ਗੁਣਾਂ ਨੂੰ ਧਾਰਨ ਕਰ ਲੈਣਗੇ।

4. **ਆਦਰਸ਼ਵਾਦ ਅਤੇ ਅਨੁਸ਼ਾਸਨ (Idealism and Discipline)** : ਆਦਰਸ਼ਵਾਦੀ ਮੁਕਤ ਅਨੁਸ਼ਾਸਨ ਦੇ ਹੱਕ ਵਿਚ ਨਹੀਂ ਹਨ। ਇਸ ਨਾਲ ਬੱਚਾ ਗਲਤ ਰਸਤੇ ਜਾ ਸਕਦਾ ਹੈ। ਉਹ ਇਹ ਮਹਿਸੂਸ ਕਰਦੇ ਹਨ ਕਿ ਆਤਮ-ਪ੍ਰਾਪਤੀ ਲਈ ਕੜੇ ਅਨੁਸ਼ਾਸਨ ਦੀ ਲੋੜ ਹੈ। ਕੋਈ ਵੀ ਅਜਿਹੀ ਸਥਿਤੀ ਨਹੀਂ ਹੁੰਦੀ ਜਿਥੇ ਸੰਜਮ ਦੀ ਲੋੜ ਨਹੀਂ ਹੈ। ਹਰ ਇਕ ਕਦਮ ਤੇ ਅਧਿਆਪਕ ਦੀ ਅਗਵਾਈ ਦੀ ਲੋੜ ਹੈ ਕਿਉਂਕਿ ਉਹ ਇਕ ਚੰਗਾ ਜੀਵਨ ਬਤੀਤ ਕਰਦੇ ਵਿਦਿਆਰਥੀਆਂ ਨੂੰ ਉੱਚੇਰੀਆਂ ਕੀਮਤਾਂ ਧਾਰਨ ਕਰਨ ਦੀ ਪ੍ਰੇਰਣਾ ਦਿੰਦਾ ਹੈ ਅਤੇ ਵਿਦਿਆਰਥੀ ਉਸਦੀ ਉਦਾਹਰਣ ਤੇ ਚੱਲਣ ਦਾ ਯਤਨ ਕਰਦੇ ਹਨ। ਇਸ ਪ੍ਰਕਾਰ ਅਧਿਆਪਕ ਵਾਤਾਵਰਣ ਨੂੰ ਵਿਦਿਆਰਥੀਆਂ ਲਈ ਆਤਮ ਅਨੁਸ਼ਾਸਨ ਰਾਹੀਂ ਜੀਵਨ ਉਚੇਰੀਆਂ ਕੀਮਤਾਂ ਦੀ ਪ੍ਰਾਪਤੀ ਯੋਗ ਬਣਾ ਦਿੰਦਾ ਹੈ। ਆਦਰਸ਼ਵਾਦੀ ਸੁਤੰਤਰਤਾ ਦੇ ਵਿਰੋਧੀ ਨਹੀਂ ਹਨ ਪਰ ਉਨ੍ਹਾਂ ਲਈ ਸੁਤੰਤਰਤਾ ਇਕ ਸਾਧਨ ਨਹੀਂ ਹੈ ਜਿਵੇਂ ਕਿ ਇਹ ਪ੍ਰਕਿਰਤੀਵਾਦੀਆਂ ਲਈ ਹੈ, ਉਨ੍ਹਾਂ ਲਈ ਤਾਂ ਸੁਤੰਤਰਤਾ ਇਕ ਟੀਚਾ ਹੈ। ਇਹ ਤਾਂ ਉਸ ਨੌਜਵਾਨ ਦਾ ਇਨਾਮ ਹੈ ਜਿਸ ਨੇ ਆਤਮ-ਸੰਜਮ ਤੇ ਅਨੁਸ਼ਾਸਨ ਵਿਚ ਰਹਿਣਾ ਸਿੱਖ ਲਿਆ ਹੈ।

5. **ਆਦਰਸ਼ਵਾਦ ਅਤੇ ਅਧਿਆਪਕ (Idealism and Teacher)** : ਆਦਰਸ਼ਵਾਦ ਵਿਚ ਅਧਿਆਪਕ ਦੀ ਥਾਂ ਬਹੁਤ ਉੱਚੀ ਹੈ। ਆਦਰਸ਼ਵਾਦੀ ਅਧਿਆਪਕ ਇਕ ਅਜਿਹਾ ਵਿਅਕਤੀ ਹੁੰਦਾ ਹੈ ਜਿਸ ਨੇ ਆਤਮ ਪ੍ਰਾਪਤੀ ਕਰ ਲਈ ਹੁੰਦੀ ਹੈ। ਉਹ ਇਕ ਅਮਲੀ ਵਿਅਕਤੀ ਹੁੰਦਾ ਹੈ ਅਤੇ ਆਦਰਸ਼ਕ ਅਤੇ ਅਧਿਆਤਮਿਕ ਜੀਵਨ ਬਤੀਤ ਕਰਦਾ ਹੈ। ਪ੍ਰਾਚੀਨ ਭਾਰਤੀ ਗੁਰੂ ਵਾਂਗ ਉਹ ਸੰਤੁਸ਼ਟੀ, ਭਗਤੀ, ਗਰੀਬੀ ਅਤੇ ਬਿਨਾਂ ਮੋਹ ਵਾਲਾ ਜੀਵਨ ਬਤੀਤ ਕਰਦਾ ਹੈ। ਉਸ ਦਾ ਵਿਅਕਤਿਤਵ ਉਸਦੇ ਵਿਦਿਆਰਥੀਆਂ ਲਈ ਇਕ ਉਦਾਹਰਣ ਹੁੰਦਾ ਹੈ, ਅਤੇ ਉਸ ਤੋਂ ਉਨ੍ਹਾਂ ਨੂੰ ਆਦਰਸ਼ ਜੀਵਨ ਬਤੀਤ ਕਰਨ ਦੀ ਪ੍ਰੇਰਨਾ ਮਿਲਦੀ ਹੈ। ਉਹ ਆਪਣੇ ਵਿਦਿਆਰਥੀਆਂ ਦਾ ਇਕ ਮਿੱਤਰ, ਦਾਰਸ਼ਨਿਕ ਅਤੇ ਪੱਥ-ਪ੍ਰਦਰਸ਼ਕ ਹੁੰਦਾ ਹੈ। ਰੋਸ ਦੇ ਸ਼ਬਦਾਂ ਵਿੱਚ, ''ਅਧਿਆਪਕ ਵਾਤਾਵਰਣ ਦਾ ਉਹ ਵਿਸ਼ੇਸ਼ ਅੰਗ ਹੈ ਜਿਸ ਦਾ ਕੰਮ ਬੱਚੇ ਨੂੰ ਅਸਲੀਅਤ ਦੇ ਨੇੜੇ ਲੈ ਜਾਣਾ

ਹੈ, ਆਪਣੀ ਵੱਧ ਤੋਂ ਵੱਧ ਸੰਭਵ ਪ੍ਰਾਪਤੀ ਲਈ ਪੱਥ ਪ੍ਰਦਰਸ਼ਨ ਕਰਨਾ ਹੈ।'' ਆਦਰਸ਼ਵਾਦੀ ਸਿੱਖਿਆ ਦਰਸ਼ਨ ਵਿੱਚ ਅਧਿਆਪਕ ਦੀ ਭੂਮਿਕਾ ਨੂੰ ਅਰਬਿੰਦੋ ਨੇ ਬੜੇ ਸੋਹਣੇ ਸ਼ਬਦਾਂ ਵਿੱਚ ਦੱਸਿਆ ਹੈ:

''ਸੱਚੇ ਅਧਿਆਪਕ ਦਾ ਪਹਿਲਾ ਸਿਧਾਂਤ ਇਹ ਹੈ ਕਿ ਕੁਝ ਵੀ ਪੜ੍ਹਾਇਆ ਨਹੀਂ ਜਾ ਸਕਦਾ। ਅਧਿਆਪਕ ਇਕ ਸਿਖਲਾਈ ਦੇਣ ਵਾਲਾ ਜਾਂ ਕੰਮ ਲੈਣ ਵਾਲਾ ਵਿਅਕਤੀ ਨਹੀਂ ਹੁੰਦਾ, ਉਹ ਤਾਂ ਸਹਾਇਕ ਅਤੇ ਪੱਥ-ਪ੍ਰਦਰਸ਼ਕ ਹੁੰਦਾ ਹੈ। ਉਸਦਾ ਕੰਮ ਸਲਾਹ ਦੇਣਾ ਹੈ, ਉੱਪਰ ਥੋਪਣਾ ਨਹੀਂ। ਉਹ ਵਿਦਿਆਰਥੀ ਦੇ ਮਨ ਨੂੰ ਸਿਖਲਾਈ ਨਹੀਂ ਦਿੰਦਾ, ਉਹ ਤਾਂ ਉਸ ਨੂੰ ਇਹ ਦੱਸਦਾ ਹੈ ਕਿ ਗਿਆਨ ਦੇ ਸਾਧਨਾਂ ਨੂੰ ਪੂਰਣਤਾ ਦੀ ਸਥਿਤੀ ਵਿਚ ਕਿਵੇਂ ਲੈਣ ਜਾਣਾ ਹੈ ਅਤੇ ਇਸ ਪ੍ਰਕਿਰਿਆ ਵਿਚ ਉਸ ਦੀ ਸਹਾਇਤਾ ਕਰਦਾ ਹੈ ਅਤੇ ਉਸ ਦਾ ਉਤਸ਼ਾਹ ਵਧਾਉਂਦਾ ਹੈ। ਉਹ ਉਸ ਨੂੰ ਗਿਆਨ ਨਹੀਂ ਦਿੰਦਾ, ਸਗੋਂ ਗਿਆਨ ਦੀ ਪ੍ਰਾਪਤੀ ਦੀ ਵਿਧੀ ਦੱਸਦਾ ਹੈ। ਉਹ ਅੰਦਰਲੇ ਗਿਆਨ ਨੂੰ ਬਾਹਰ ਨਹੀਂ ਕੱਢਦਾ। ਉਹ ਤਾਂ ਕੇਵਲ ਬੱਚੇ ਨੂੰ ਵਿਖਾਉਂਦਾ ਹੈ ਕਿ ਕਿੱਥੇ ਕੀ ਪਿਆ ਹੈ ਅਤੇ ਇਸ ਦੀ ਜਾਣਕਾਰੀ ਕਿਵੇਂ ਪ੍ਰਾਪਤ ਕੀਤੀ ਜਾ ਸਕਦੀ ਹੈ।''

ਫਰੋਇਬਲ ਅਨੁਸਾਰ ਅਧਿਆਪਕ ਉਹ ਮਾਲੀ ਹੁੰਦਾ ਹੈ ਜੋ ਬੱਚੇ ਦੇ ਰੂਪ ਵਿਚ ਨਰਮ ਪੌਦਿਆਂ ਦੀ ਪਾਲਣਾ ਕਰਦਾ ਹੈ। ਉਸ ਦਾ ਕੰਮ ਬੱਚੇ ਨੂੰ ਇੱਕ ਸਿਆਣਾ ਅਤੇ ਪੂਰਨ-ਸੰਤੁਲਿਤ ਵਿਅਕਤੀ ਬਨਣ ਵਿਚ ਸਹਾਇਤਾ ਦੇਣਾ ਹੈ। ਉਸ ਦਾ ਕੰਮ ਸਚਾਈ, ਚੰਗਿਆਈ ਅਤੇ ਸੁੰਦਰਤਾ ਦੀ ਪ੍ਰਾਪਤੀ ਕਰਕੇ ਬੱਚੇ ਨੂੰ ਉਸ ਦੇ ਪੂਰਨ ਵਿਕਾਸ ਦੀ ਸਥਿਤੀ ਵਿਚ ਲੈ ਜਾਣਾ ਹੈ।

### 1.5.3.3. ਆਦਰਸ਼ਵਾਦ ਦੀਆਂ ਸੀਮਾਵਾਂ (Limitations of Idealism)

ਆਦਰਸ਼ਵਾਦ ਇਕ ਬਹੁਤ ਚੰਗਾ ਦਰਸ਼ਨ ਹੈ ਪਰੰਤੂ ਇਸ ਦੀਆਂ ਕੁਝ ਸੀਮਾਵਾਂ ਹਨ:

(1) **ਸਿੱਖਿਆ ਦੇ ਉਦੇਸ਼ (Aims of Education)** : ਆਦਰਸ਼ਵਾਦੀ ਸਿੱਖਿਆ ਦੇ ਉਦੇਸ਼ ਵਿਚਾਰ ਮੂਲਕ ਹਨ, ਜਿਨ੍ਹਾਂ ਦੀ ਪ੍ਰਾਪਤੀ ਇਸ ਕਾਰਜਸ਼ੀਲ ਸੰਸਾਰ ਵਿਚ ਕਠਿਨ ਹੈ।

(2) **ਪਾਠ ਕ੍ਰਮ (Curriculum)** : ਆਦਰਸ਼ਵਾਦੀ ਪਾਠ-ਕ੍ਰਮ ਪਦਾਰਥਿਕ ਸੰਸਾਰ ਵੱਲ ਧਿਆਨ ਨਹੀਂ ਦਿੰਦਾ। ਇਹ ਅਧਿਆਪਕ ਕੇਂਦਰਿਤ ਅਤੇ ਸੋਚ ਕੇਂਦਰਿਤ ਹੁੰਦਾ ਹੈ, ਬੱਚੇ ਕੇਂਦਰਿਤ ਨਹੀ ਹੁੰਦਾ। ਇਹ ਬੱਚਿਆਂ ਦੀਆਂ ਵਿਅਕਤੀਗਤ ਭਿੰਨਤਾਵਾਂ ਨੂੰ ਧਿਆਨ ਵਿਚ ਨਹੀਂ ਰੱਖਦਾ। ਇਸ ਪ੍ਰਕਾਰ ਆਦਰਸ਼ਵਾਦ ਵਿਚ ਪਾਠ-ਕ੍ਰਮ ਦੀ ਧਾਰਨਾ ਸੀਮਿਤ ਹੈ। ਇਸ ਵਿਚ ਵਿਗਿਆਨ ਅਤੇ ਤਕਨੀਕੀ ਵਿਸ਼ੇ ਸ਼ਾਮਿਲ ਨਹੀਂ ਹੁੰਦੇ। ਅਜਿਹੇ ਪਾਠ-ਕ੍ਰਮ 21ਵੀਂ ਸਦੀ ਦੇ ਸਮਾਜ ਦੀਆਂ ਲੋੜਾਂ ਨੂੰ ਪੂਰਾ ਨਹੀਂ ਕਰ ਸਕਦਾ।

(3) **ਅਧਿਆਪਨ ਵਿਧੀਆਂ (Methods of Teaching)**: ਆਦਰਸ਼ਵਾਦ ਨੇ ਅਧਿਆਪਨ ਵਿਧੀਆਂ ਨੂੰ ਉਲਟੀ ਦੇਣ ਦਿੱਤੀ ਹੈ। ਇਸ ਦੀਆਂ ਵਿਧੀਆਂ ਅਧਿਆਤਮਕ-ਕੇਂਦਰਤਿ ਹਨ। ਅਧਿਆਪਕ ਕਿਰਿਆਸ਼ੀਲ ਰਹਿੰਦਾ ਹੈ ਅਤੇ ਵਿਦਿਆਰਥੀ ਕਿਰਿਆ-ਰਹਿਤ। ਇਸ ਪ੍ਰਕਾਰ ਇਸਨੇ ਅਧਿਆਪਨ ਵਿਧੀਆਂ ਦੇ ਖੇਤਰ ਵਿਚ ਕੋਈ ਚੰਗੀ ਦੇਣ ਨਹੀਂ ਦਿੱਤੀ ਹੈ।

(4) **ਅਧਿਆਪਕ ਦੀ ਲੋੜ ਨਾਲੋਂ ਵੱਧ ਮਹੱਤਤਾ (Excessive Importance of Teacher)** : ਆਦਰਸ਼ਵਾਦ ਅਧਿਆਪਕ ਨੂੰ ਲੋੜ ਨਾਲੋਂ ਵੱਧ ਮਹੱਤਵ ਦਿੰਦਾ ਹੈ ਅਤੇ ਇਹ ਅਫਸੋਸ ਦੀ ਗੱਲ ਹੈ ਕਿ ਬੱਚੇ ਵੱਲ ਕੋਈ ਧਿਆਨ ਨਹੀ ਦਿੰਦਾ, ਜਦੋਂ ਕਿ ਅਧਿਆਪਕ ਤੇ ਸਿੱਖਿਆਰਥੀ ਸਿੱਖਿਆ ਪ੍ਰਕਿਰਿਆ ਵਿਚ ਬਰਾਬਰ ਦੇ ਸਾਂਝੀਦਾਰ ਹੁੰਦੇ ਹਨ।

(5) **ਭੌਤਿਕ ਜੀਵਨ ਵੱਲ ਧਿਆਨ ਨਾ ਦੇਣਾ (Neglect of Physical Life)** : ਆਦਰਸ਼ਵਾਦ ਅਧਿਆਤਮਕ ਜੀਵਨ ਤੇ ਜ਼ੋਰ ਦਿੰਦਾ ਹੈ ਅਤੇ ਮਨੁੱਖੀ ਜੀਵਨ ਦੇ ਭੌਤਿਕ ਪੱਖ ਵੱਲ ਕੋਈ ਧਿਆਨ ਨਹੀਂ ਦਿੰਦਾ। ਅਜਿਹਾ ਦਰਸ਼ਨ ਵਰਤਮਾਨ ਸਮੇਂ ਦੀ ਲੋੜ ਨੂੰ ਪੂਰਾ ਨਹੀਂ ਕਰ ਸਕਦਾ।

(6) **ਕੜਾ-ਅਨੁਸ਼ਾਸਨ (Strict Discipline)**: ਆਦਰਸ਼ਵਾਦ ਕੜੇ ਅਨੁਸ਼ਾਸਨ ਦੇ ਹੱਕ ਵਿਚ ਹੈ। ਅੱਜ ਦੇ ਯੁਗ ਵਿਚ ਅਨੁਸ਼ਾਸਨ ਦੀ ਇਸ ਧਾਰਨਾ ਨੂੰ ਨਹੀਂ ਮੰਨਿਆ ਜਾ ਸਕਦਾ। ਬੱਚੇ ਨੂੰ ਸੁਤੰਤਰ ਵਾਤਾਵਰਨ

ਦੇ ਕੇ ਪ੍ਰਕਿਰਤਿਕ ਢੰਗ ਨਾਲ ਵਿਕਾਸ ਕਰਨ ਦਾ ਮੌਕਾ ਦੇਣਾ ਚਾਹੀਦਾ ਹੈ।

### 1.5.4 ਪ੍ਰਕਿਰਤੀਵਾਦ (Naturalism)

ਜਦੋਂ ਕਿ ਆਦਰਸ਼ਵਾਦ ਦਾ ਇਹ ਵਿਸ਼ਵਾਸ ਹੈ ਕਿ ਸਦੀਵੀਂ ਕੀਮਤਾਂ ਕਦੇ ਨਹੀਂ ਬਦਲਦੀਆਂ ਅਤੇ ਭੌਤਿਕ ਸੰਸਾਰ ਤੋਂ ਉੱਪਰ ਇਕ ਅਧਿਆਤਮਿਕ ਸੰਸਾਰ ਹੈ। ਪ੍ਰਕਿਰਤੀਵਾਦ ਦਾ ਕਹਿਣਾ ਹੈ ਕਿ ਪ੍ਰਕਿਰਤੀ ਤੋਂ ਇਲਾਵਾ ਹੋਰ ਕੋਈ ਅਸਲੀਅਤ ਨਹੀਂ ਹੈ ਅਤੇ ਭੌਤਿਕ ਸੰਸਾਰ ਹੀ ਅਸਲੀ ਸੰਸਾਰ ਹੈ। ਪ੍ਰਕਿਰਤੀਵਾਦ ਅਨੁਸਾਰ ਅਧਿਆਤਮਿਕ ਸੰਸਾਰ ਕੇਵਲ ਮਨੁੱਖੀ ਸੋਚ ਦੀ ਉਪਜ ਹੈ। ਆਤਮਾ ਜਾਂ ਪਰਮਾਤਮਾ ਦੀ ਕੋਈ ਹੋਂਦ ਨਹੀਂ, ਸਰੀਰ ਨਾਲ ਆਤਮਾ ਵੀ ਮਰ ਜਾਂਦੀ ਹੈ। ਨਾ ਤਾਂ ਕੋਈ ਸਵਰਗ ਹੈ ਅਤੇ ਨਾ ਹੀ ਕੋਈ ਨਰਕ, ਮਨੁੱਖ ਨੇ ਪ੍ਰਕਿਰਤੀ ਦੀ ਇੱਛਾ ਅਨੁਸਾਰ ਉਸਾਰੀ ਤੇ ਵਿਕਾਸ ਕਰਨਾ ਹੁੰਦਾ ਹੈ। ਸਿੱਖਿਆ ਨੇ ਕੀਮਤਾਂ ਤੇ ਆਤਮਾ ਬਾਰੇ ਨਹੀਂ ਸੋਚਣਾ। ਇਸ ਨੂੰ ਪ੍ਰਕਿਰਤੀ ਦੀਆਂ ਲੀਹਾਂ ਤੇ ਚਲਣਾ ਚਾਹੀਦਾ ਹੈ ਅਤੇ ਬੱਚਿਆਂ ਨੂੰ ਪ੍ਰਕਿਰਤੀ ਦੀ ਗੋਦ ਵਿਚ ਵਿਕਾਸ ਕਰਨਾ ਚਾਹੀਦਾ ਹੈ। ਥੋੜ੍ਹੇ ਸ਼ਬਦਾਂ ਵਿਚ ਪ੍ਰਕਿਰਤੀਵਾਦ ਆਦਰਸ਼ਵਾਦ ਦਾ ਵਿਰੋਧੀ ਹੈ। ਜੇਮਜ਼ ਵੁੱਡ ਕਹਿੰਦੇ ਹਨ ''ਪ੍ਰਕਿਰਤੀਵਾਦ ਉਹ ਸਿਧਾਂਤ ਹੈ ਜੋ ਪ੍ਰਕਿਰਤੀ ਨੂੰ ਪ੍ਰਮਾਤਮਾ ਤੋਂ ਅੱਡ ਕਰਦਾ ਹੈ, ਆਤਮਾ ਨੂੰ ਪਦਾਰਥ ਦੇ ਅਧੀਨ ਕਰਦਾ ਹੈ ਨਾ ਬਦਲਣ ਵਾਲੇ ਨਿਯਮਾਂ ਨੂੰ ਸਰਬ ਉੱਤਮ ਮੰਨਦਾ ਹੈ।'' ਥਾਮਸ ਅਤੇ ਲੈਂਗ (Thomas and Lang) ਅਨੁਸਾਰ, ''ਪ੍ਰਕਿਰਤੀਵਾਦ ਆਦਰਸ਼ਵਾਦ ਦਾ ਵਿਰੋਧੀ ਹੈ, ਜਿਹੜਾ ਕਿ ਮਨ ਨੂੰ ਪਦਾਰਥ ਦੇ ਅਧੀਨ ਕਰਦਾ ਹੈ ਅਤੇ ਕਹਿੰਦਾ ਹੈ ਕਿ ਸਦੀਵੀ ਅਸਲੀਅਤ ਭੌਤਿਕ ਸੰਸਾਰ ਹੈ, ਅਧਿਆਤਮਕ ਸੰਸਾਰ ਨਹੀਂ। ਜਾਇਸ(Joyce)'' ਨੇ ਬੜੀ ਦਿਲਚਸਪ ਪਰ ਸੱਚੀ ਪਰਿਭਾਸ਼ਾ ਦਿੱਤੀ ਹੈ ਜਦੋਂ ਉਹ ਕਹਿੰਦੇ ਹਨ ਕਿ ''ਪ੍ਰਕਿਰਤੀਵਾਦ ਇਕ ਅਜਿਹੀ ਪ੍ਰਣਾਲੀ ਹੈ ਜਿਸ ਦਾ ਲੱਛਣ, ਜੋ ਕੁਝ ਵੀ ਅਧਿਆਤਮਿਕ ਹੈ ਉਸਨੂੰ ਅਤੇ ਪਰਮਾਤਮਾ ਬਾਰੇ ਸਾਡੇ ਅਨੁਭਵ ਨੂੰ ਪ੍ਰਕਿਰਤੀ ਅਤੇ ਮਨੁੱਖ ਸੰਬੰਧੀ ਸਾਡੇ ਫਲਸਫੇ ਤੋਂ ਦੂਰ ਰੱਖਣਾ ਹੈ।''

#### 1.5.4.1. ਪ੍ਰਕਿਰਤੀਵਾਦ ਦੇ ਰੂਪ (Types of Naturalism)

**(ਕ) ਭੌਤਿਕ ਪ੍ਰਕਿਰਤੀਵਾਦ (Physical Naturalism)** : ਪ੍ਰਕਿਰਤੀਵਾਦ ਦੇ ਇਸ ਰੂਪ ਦਾ ਵਿਸ਼ਵਾਸ ਹੈ ਭੌਤਿਕ ਸੰਸਾਰ ਦੇ ਨਿਯਮ ਹੀ ਮਨੁੱਖੀ ਸੰਸਾਰ ਦੇ ਨਿਯਮਾਂ ਨੂੰ ਬਣਾਉਂਦੇ ਹਨ। ਮਨੁੱਖ ਦੇ ਅੰਦਰ ਅਸਲੀਅਤ ਕੀ ਕੋਈ ਹੋਂਦ ਨਹੀਂ ਹੈ। ਇਹ ਤਾਂ ਉਸਦੇ ਬਾਹਰ ਭੌਤਿਕ ਸੰਸਾਰ ਵਿਚ ਹੈ। ਟੈਗੋਰ ਪ੍ਰਕਿਰਤੀ ਨੂੰ ਪਰਮਾਤਮਾ ਦੀ ਲਿਖਤ ਕਹਿੰਦੇ ਹਨ, ਕਿਉਂਕਿ ਜੋ ਮਨੁੱਖੀ ਜੀਵਨ ਦੀ ਬਣਤਰ ਬਾਹਰੀ ਪ੍ਰਕਿਰਤੀ ਕਰਦੀ ਹੈ ਅਤੇ ਉਹ ਹੀ ਉਸ ਉਤੇ ਕਾਬੂ ਰੱਖਦੀ ਹੈ, ਇਸ ਲਈ ਇਹ ਪ੍ਰਕਿਰਤਕ ਨਿਯਮਾਂ ਅਨੁਸਾਰ ਹੀ ਹੋਣੀ ਚਾਹੀਦੀ ਹੈ। ਇਹ ਦਰਸ਼ਨ ਮਨੁੱਖ ਨੂੰ ਪਿਛੋਕੜ ਵਿਚ ਸੁੱਟ ਦਿੰਦਾ ਹੈ ਅਤੇ ਇਸ ਕਰਕੇ ਇਸ ਨੇ ਸਿੱਖਿਆ ਸਿਧਾਂਤ ਅਤੇ ਸਿੱਖਿਆ ਅਮਲ ਉੱਤੇ ਕੋਈ ਪ੍ਰਭਾਵ ਨਹੀਂ ਪਾਇਆ ਹੈ।

**(ਖ) ਮਸ਼ੀਨੀ ਪ੍ਰਕਿਰਤੀਵਾਦ (Mechanical Naturalism)**: ਇਹ ਰੂਪ ਮਨੁੱਖ ਨੂੰ ਕੇਵਲ ਇਕ ਮਸ਼ੀਨ ਸਮਝਦਾ ਹੈ। ਆਤਮਾ ਕੋਈ ਚੀਜ਼ ਨਹੀਂ ਹੈ। ਪਦਾਰਥ ਹੀ ਸਭ ਕੁੱਝ ਹੈ। ਮਨੁੱਖ ਕੇਵਲ ਇਕ ਮਸ਼ੀਨੀ ਨਿਯਮਾਂ ਅਨੁਸਾਰ ਕੰਮ ਕਰਦਾ ਹੈ। ਉਸ ਵਿਚ ਕੋਈ ਸਿਰਜਨਾਤਮਿਕ ਸ਼ਕਤੀ, ਉਦੇਸ਼ ਜਾਂ ਦਿਸ਼ਾ ਨਹੀਂ ਹੈ। ਪਦਾਰਥ ਵਿਚ ਤਬਦੀਲੀ ਆਉਂਦੀ ਰਹਿੰਦੀ ਹੈ ਅਤੇ ਇਹ ਤਬਦੀਲੀ ਭੌਤਿਕ ਵਿਗਿਆਨ ਦੇ ਨਿਯਮਾਂ ਅਨੁਸਾਰ ਆਉਂਦੀ ਹੈ। ਇਸ ਲਈ ਇਸ ਦਰਸ਼ਨ ਦਾ ਉਦੇਸ਼ ਮਨੁੱਖ ਨੂੰ ਇੱਕ ਚੰਗਾ ਯੰਤਰ ਬਣਨ ਦੀ ਸਿਖਲਾਈ ਦੇਣਾ ਅਤੇ ਇਸ ਨੂੰ ਚੰਗੀ ਤਰ੍ਹਾਂ ਕੰਮ ਕਰਨ ਦੀ ਸਥਿਤੀ ਵਿੱਚ ਰੱਖਣਾ ਹੈ।

**(ਗ) ਜੀਵ ਪ੍ਰਕਿਰਤੀਵਾਦ (Biological Naturalism)**: ਪ੍ਰਕਿਰਤੀਵਾਦ ਦਾ ਇਹ ਰੂਪ ਮਨੁੱਖ ਦੀ ਵਿਆਖਿਆ ਕਰਦੇ ਹੋਏ ਕਹਿੰਦਾ ਹੈ ਕਿ ਉਹ ਨੀਵੇਂ ਜੀਵਾਂ ਦਾ ਰੂਪ ਹੈ ਜਿਨ੍ਹਾਂ ਤੇ ਉਸ ਦਾ ਵਿਕਾਸ ਹੋਇਆ ਹੈ। ਇਸ ਫਲਸਫੇ ਅਨੁਸਾਰ ਸਰੀਰ, ਜਿਸ ਦੀ ਦੂਜੇ ਪਸ਼ੂਆਂ ਨਾਲ ਸਾਂਝ ਹੈ, ਅਸਲੀ ਮਨੁੱਖ ਦੇ ਮਨੋਵੇਗ, ਪ੍ਰਵਿਰਤੀਆਂ ਅਤੇ ਸੁਭਾਅ ਜਿਹੜੇ ਉਸ ਵਿਚ ਕੁਦਰਤੀ ਤੌਰ ਤੇ ਹੁੰਦੇ ਹਨ, ਉਹ ਹੀ ਵਿਵਹਾਰ ਦੇ ਅਸਲੀ ਸੋਮੇ

ਹਨ। ਜੇਕਰ ਸਾਡਾ ਵਿਵਹਾਰ ਸਾਡੀਆਂ ਪ੍ਰਵਿਰਤੀਆਂ ਅਨੁਸਾਰ ਹੁੰਦਾ ਹੈ ਤਾਂ ਸਾਨੂੰ ਖੁਸ਼ੀ ਮਿਲਦੀ ਹੈ ਅਤੇ ਜੇਕਰ ਨਹੀਂ ਤਾਂ ਸਾਨੂੰ ਉਦਾਸੀ ਤੇ ਨਿਰਾਸ਼ਤਾ ਹੁੰਦੀ ਹੈ। ਸਿੱਖਿਆ ਦਾ ਕੰਮ ਇਨ੍ਹਾਂ ਕੁਦਰਤੀ ਪ੍ਰਵਿਰਤੀਆਂ ਨੂੰ ਸੋਧ ਕੇ ਸਮਾਜਿਕ ਤੌਰ ਤੇ ਇੱਛਤ ਕੰਮਾਂ ਵੱਲ ਮੋੜਨ ਦੀ ਕੋਸ਼ਿਸ਼ ਕਰਨਾ ਹੈ। ਪ੍ਰਕਿਰਤੀਵਾਦ ਦੇ ਇਸ ਰੂਪ ਨੇ ਸਿੱਖਿਆ ਦੇ ਅਮਲ ਅਤੇ ਸਿਧਾਂਤ ਨੂੰ ਸਭ ਤੋਂ ਵੱਧ ਮਹੱਤਵਪੂਰਣ ਦੇਣ ਦਿੱਤੀ ਹੈ।

### 1.5.4.2. ਪ੍ਰਕਿਰਤੀਵਾਦ ਦੇ ਮੁੱਖ ਲੱਛਣ (Main Characteristics of Naturalism)

1. ਪ੍ਰਕਿਰਤੀ ਤੋਂ ਇਲਾਵਾ ਹੋਰ ਕੋਈ ਅਸਲੀਅਤ ਨਹੀਂ ਹੈ।
2. ਪ੍ਰਕਿਰਤੀ ਅਨੁਸਾਰ ਕੰਮ ਕਰੋ।
3. ਪ੍ਰਕਿਰਤੀ ਸੁਤੰਤਰਤਾ ਲਈ ਉੱਚੀ ਅਵਾਜ਼ ਹੈ।
4. ਇੰਦਰੀਆਂ ਹੀ ਗਿਆਨ ਦੇ ਦਰਵਾਜ਼ੇ ਹਨ।
5. ਸੰਸਾਰ ਇਕ ਵੱਡੀ ਮਸ਼ੀਨ ਹੈ ਅਤੇ ਮਨੁੱਖ ਇਸ ਦਾ ਇੱਕ ਅੰਗ ਹੈ।
6. ਇਸ ਸੰਸਾਰ ਵਿਚ ਕੋਈ ਵੀ ਚੀਜ਼ ਪੂਰਨ ਰੂਪ ਵਿਚ ਚੰਗੀ ਜਾਂ ਬੁਰੀ ਨਹੀਂ ਹੈ।
7. ਗਿਆਨ ਦਾ ਆਧਾਰ ਇੰਦਰੀਆਂ ਦੁਆਰਾ ਪ੍ਰਾਪਤ ਕੀਤੇ ਅਨੁਭਵ ਹਨ।
8. ਸੱਚਾਈ ਜਾਂ ਅਸਲੀਅਤ ਕੀ ਹੈ? ਇਸ ਦਾ ਉੱਤਰ ਵਿਗਿਆਨ ਦੁਆਰਾ ਦਿੱਤਾ ਜਾਂਦਾ ਹੈ।
9. ਮਨੁੱਖ ਸਭ ਤੋਂ ਉੱਚਾ ਜੀਵ ਹੈ। ਉਸਦਾ ਵਿਕਾਸ ਨੀਂਵੇ ਪੱਧਰ ਦੇ ਜੀਵਾਂ ਤੋਂ ਹੋਇਆ ਹੈ।
10. ਆਤਮਾ, ਪਰਮਾਤਮਾ, ਸਵਰਗ, ਨਰਕ, ਨੈਤਿਕਤਾ, ਅਨੈਤਿਕਤਾ, ਇੱਛਾ-ਸ਼ਕਤੀ ਦੀ ਸੁਤੰਤਰਤਾ ਅਤੇ ਅਧਿਆਤਮਿਕ ਸੰਸਾਰ, ਇਹ ਸਭ ਫਜ਼ੂਲ ਦੀਆਂ ਗੱਲ੍ਹਾਂ ਹਨ। ਉਨ੍ਹਾਂ ਦੀ ਕੋਈ ਵੀ ਹੋਂਦ ਨਹੀਂ ਹੈ।
11. ਪ੍ਰਕਿਰਤਿਕ ਪ੍ਰਵਿਰਤੀਆਂ ਹੀ ਸਿੱਖਿਆ ਦੇ ਮੁੱਖ ਸੋਮੇ ਹਨ।
12. ਸਿੱਖਿਆ ਦੀ ਗਤੀਸ਼ੀਲਤਾ, ਪ੍ਰਗਤੀਸ਼ੀਲਤਾ ਅਤੇ ਨਵੀਨ ਸਿੱਖਿਆ ਸੰਬੰਧੀ ਵਿਚਾਰਾਂ ਦੀ ਸਿੱਖਿਆ ਵਿਚ ਪ੍ਰਵੇਸ਼ ਕਰਦੇ ਰਹਿਣ ਦੀ ਪਰਮ ਲੋੜ ਉੱਪਰ ਜ਼ੋਰ।
13. ਮਨੁੱਖ ਅਤੇ ਬੱਚੇ ਦੇ ਅਧਿਕਾਰਾਂ ਲਈ ਸੰਘਰਸ਼।
14. ਨਵੀਨ ਅਤੇ ਵਿਗਿਆਨਕ ਅਧਿਆਪਨ ਵਿਧੀ ਦਾ ਨਿਰਮਾਣ।
15. ਬੱਚੇ ਦੀ ਕ੍ਰਿਆਸ਼ੀਲਤਾ ਸੰਵੇਗ-ਪ੍ਰਧਾਨਤਾ ਅਤੇ ਉਸਦੇ ਜੀਵਨ ਵਿਵੇਕ ਦੇ ਅਪ੍ਰਭਾਵੀ ਹੋਣ ਉਤੇ ਜ਼ੋਰ।
16. ਬੱਚੇ ਦੀਆਂ ਵਰਤਮਾਨ ਲੋੜਾਂ, ਰੁਚੀਆਂ ਅਤੇ ਰੁਝੇਵਿਆਂ ਨੂੰ ਉਸਦੇ ਭਵਿੱਖ ਨਾਲ ਸੰਬੰਧਤ ਜ਼ਿੰਮੇਵਾਰੀਆਂ ਉਪਰ ਤਰਜੀਹ ਦੇਣਾ।
17. ਪ੍ਰਕ੍ਰਿਤਕ ਪਰਿਣਾਮਾਂ ਅਤੇ ਸਵੈ-ਸਿੱਖਿਆ ਰਾਹੀਂ ਅਨੁਸ਼ਾਸਨ ਸਥਾਪਿਤ ਕਰਨ ਦੀ ਧਾਰਣਾ।

ਇਸ ਪ੍ਰਕਾਰ ਪ੍ਰਕਿਰਤੀਵਾਦ ਆਦਰਸ਼ਵਾਦ ਦੇ ਵਿਰੁੱਧ ਇੱਕ ਸ਼ਕਤੀਸ਼ਾਲੀ ਬਗਾਵਤ ਹੈ ਅਤੇ ਪ੍ਰਾਚੀਨ ਸਿੱਖਿਆ ਪ੍ਰਣਾਲੀ ਨੂੰ ਪੂਰੀ ਸ਼ਕਤੀ ਨਾਲ ਜੜ੍ਹਾਂ ਤੋਂ ਉਖਾੜ ਦੇਣ ਦੇ ਹੱਕ ਵਿਚ ਹੈ।

### 1.5.4.3. ਪ੍ਰਕਿਰਤੀਵਾਦ ਅਤੇ ਸਿੱਖਿਆ (Naturalism and Education):

ਪ੍ਰਕਿਰਤੀਵਾਦ ਨੇ ਸਿੱਖਿਆ ਨੂੰ ਕਈ ਪ੍ਰਕਾਰ ਨਾਲ ਪ੍ਰਭਾਵਿਤ ਕੀਤਾ ਹੈ। ਇਸ ਨੇ ਬੱਚੇ ਨੂੰ ਸਿੱਖਿਆ ਪ੍ਰਕਿਰਿਆ ਦਾ ਕੇਂਦਰ ਬਣਾਇਆ ਹੈ ਅਤੇ ਪੁਸਤਕਾਂ, ਪਾਠ-ਕ੍ਰਮ ਤੇ ਉਦੇਸ਼ ਆਦਿ ਦੀ ਪ੍ਰਧਾਨਤਾ ਨੂੰ ਖਤਮ ਕੀਤਾ ਹੈ। ਇਹ ਉੱਚੀ ਆਵਾਜ਼ ਵਿਚ ਕਹਿੰਦਾ ਹੈ - ਪ੍ਰਕਿਰਤੀ ਵੱਲ ਮੁੜੋ। ਰੂਸੋ ਜੋ ਪ੍ਰਕਿਰਤੀਵਾਦ ਦੇ ਮਹਾਨ ਸਮਰਥਕ ਹਨ, ਨੇ ਕਿਹਾ ਕਿ ਬੱਚਿਆਂ ਦੀ ਸਿੱਖਿਆ ਪ੍ਰਕਿਰਤੀ ਵਿਚ ਪ੍ਰਕਿਰਤੀ ਅਨੁਸਾਰ ਹੋਣੀ ਚਾਹੀਦੀ ਹੈ। ਉਹ ਸਿੱਖਿਆ ਦੇ ਤਿੰਨ ਸੋਮੇ ਦੱਸਦੇ ਹਨ - ਪ੍ਰਕਿਰਤੀ, ਮਨੁੱਖ ਅਤੇ ਵਸਤਾਂ। ਪਰੰਤੂ ਮਨੁੱਖਾਂ ਅਤੇ ਵਸਤੂਆਂ ਤੋਂ ਪ੍ਰਾਪਤ ਸਿੱਖਿਆ ਨੂੰ ਪ੍ਰਕਿਰਤੀ ਦੁਆਰਾ ਪ੍ਰਾਪਤ ਸਿੱਖਿਆ ਦੇ ਅਧੀਨ ਹੋਣਾ ਚਾਹੀਦਾ ਹੈ। ਪ੍ਰਕਿਰਤੀ ਤੋਂ ਪ੍ਰਾਪਤ ਸਿੱਖਿਆ ਵਿਅਕਤੀ

ਨੂੰ ਪ੍ਰਕਿਰਤਕ ਮਨੁੱਖ ਬਣਾਉਂਦੀ ਹੈ, ਨਕਲੀ ਜਾਂ ਅਸਲੀਅਤ ਰਹਿਤ ਮਨੁੱਖ ਨਹੀਂ। ਪ੍ਰਕਿਰਤੀ ਮਨੁੱਖ ਜੰਗਲੀ ਮਨੁੱਖ ਨਹੀਂ ਹੁੰਦਾ ਪਰੰਤੂ ਇਕ ਅਜਿਹਾ ਮਨੁੱਖ ਹੁੰਦਾ ਹੈ ਜੋ ਸਮਾਜ ਦੁਆਰਾ ਬਣਾਏ ਗਏ ਨਿਯਮਾਂ ਦੀ ਥਾਂ ਆਪਣੀ ਪ੍ਰਕਿਰਤੀ ਦੇ ਨਿਯਮਾਂ ਅਨੁਸਾਰ ਕੰਮ ਤੇ ਵਿਵਹਾਰ ਕਰਦਾ ਹੈ। ਉਨ੍ਹਾਂ ਦਾ ਵਿਸ਼ਵਾਸ ਹੈ ਕਿ ਪਰਮਾਤਮਾ ਬੱਚੇ ਨੂੰ ਚੰਗਾ ਬਣਾਉਂਦਾ ਹੈ, ਇਹ ਦੂਸ਼ਿਤ ਸਮਾਜ ਹੁੰਦਾ ਹੈ ਜੋ ਉਸ ਨੂੰ ਵਿਗਾੜਦਾ ਹੈ। ਜੇਕਰ ਉਸ ਨੂੰ ਆਪਣੀ ਪ੍ਰਕਿਰਤੀ ਅਨੁਸਾਰ ਵਿਕਸਿਤ ਹੋਣ ਦਿੱਤਾ ਜਾਵੇ ਤਾਂ ਉਹ ਵੱਡਾ ਹੋ ਕੇ ਇਕ ਚੰਗਾ ਮਨੁੱਖ ਬਣਦਾ ਹੈ। ਪ੍ਰਕਿਰਤੀਵਾਦ ਦੀ ਸਿੱਖਿਆ ਨੂੰ ਮੁੱਖ ਦੇਣ ਨਿਮਨਲਿਖਤ ਹੈ:

**(ੳ) ਪ੍ਰਕਿਰਤੀਵਾਦ ਅਤੇ ਸਿੱਖਿਆ ਦੇ ਉਦੇਸ਼ (Naturalism and Aims of Education):**
ਸਿੱਖਿਆ ਦੇ ਉਦੇਸ਼ਾਂ ਸੰਬੰਧੀ ਵੱਖ-ਵੱਖ ਪ੍ਰਕਿਰਤੀਵਾਦੀਆਂ ਨੇ ਵੱਖ-ਵੱਖ ਵਿਚਾਰ ਦਿੱਤੇ ਹਨ। ਮੋਟੇ ਤੌਰ ਤੇ ਅਸੀਂ ਕਹਿ ਸਕਦੇ ਹਾਂ ਕਿ ਜਦੋਂ ਆਦਰਸ਼ਵਾਦੀਆਂ ਦਾ ਸਿੱਖਿਆ ਦਾ ਉਦੇਸ਼ ਆਤਮ-ਪ੍ਰਾਪਤੀ (self-realisation) ਹੈ। ਪ੍ਰਕਿਰਤੀਵਾਦੀਆਂ ਦਾ ਸਿੱਖਿਆ ਦਾ ਉਦੇਸ਼ 'ਆਤਮ-ਪ੍ਰਗਟਾਅ' ਅਤੇ ਆਤਮ-ਸੰਭਾਲ (Self-Expression and Self-Preservation) ਹੈ, ਪਰੰਤੂ ਮਸ਼ੀਨੀ ਪ੍ਰਕਿਰਤੀਵਾਦ ਵਿਚ ਵਿਸ਼ਵਾਸ ਰੱਖਣ ਵਾਲੇ ਵਿਅਕਤੀ ਦਾ ਉਦੇਸ਼ ਬੱਚੇ ਵਿੱਚ ਕੰਮ ਅਤੇ ਸੋਚ ਦੀਆਂ ਅਜਿਹੀਆਂ ਆਦਤਾਂ ਦਾ ਵਿਕਾਸ ਕਰਨਾ ਹੈ ਜਿਹੜੀਆਂ ਆਧੁਨਿਕ ਯੁੱਗ ਦੇ ਅਨੁਕੂਲ ਹਨ। ਪਰੰਤੂ ਇਸ ਸਿੱਖਿਆ ਦਾ ਬਹੁਤ ਉੱਚਾ ਉਦੇਸ਼ ਨਹੀਂ ਕਿਹਾ ਜਾ ਸਕਦਾ। ਸਪੈਂਸਰ ਦਾ ਸੰਬੰਧ ਜੀਵ ਪ੍ਰਕਿਰਤੀਵਾਦ ਨਾਲ ਹੈ। ਉਨ੍ਹਾਂ ਅਨੁਸਾਰ ਸਿੱਖਿਆ ਦਾ ਉਦੇਸ਼ ਬੱਚੇ ਅੰਦਰ ਆਤਮ-ਸੰਜਮ ਅਤੇ ਕੀਮਤਾਂ ਦੀ ਭਾਵਨਾ ਪੈਦਾ ਕਰਕੇ ਉਸਦੀ ਵਰਤਮਾਨ ਅਤੇ ਭਵਿੱਖ ਦੀ ਖੁਸ਼ੀ ਦੀ ਪ੍ਰਾਪਤੀ ਹੈ। ਮੈਕਡੂਗਲ ਪੂਰਨ ਰੂਪ ਵਿਚ ਸਪੈਂਸਰ ਨਾਲ ਸਹਿਮਤ ਨਹੀਂ ਹਨ। ਉਹਨਾਂ ਦੇ ਵਿਚਾਰ 'ਖੁਸ਼ੀ' ਅਤੇ ਦੁੱਖ ਦੇ ਸਿਧਾਂਤ ਤੇ ਆਧਾਰਿਤ ਹਨ। ਉਹਨਾਂ ਦੇ ਅਨੁਸਾਰ ਮਨੁੱਖ ਦੀਆਂ ਕੁਦਰਤੀਆਂ ਪ੍ਰਵਿਰਤੀਆਂ ਹੀ ਉਸਦੇ ਸਾਰੇ ਵਿਵਹਾਰ ਦਾ ਆਧਾਰ ਹੁੰਦੀਆਂ ਹਨ। ਇਸ ਲਈ ਸਿੱਖਿਆ ਦਾ ਉਦੇਸ਼ ਇਨ੍ਹਾਂ ਪ੍ਰਵਿਰਤੀਆਂ ਨੂੰ ਸਮਾਜਿਕ ਤੌਰ ਤੇ ਇੱਛਤ ਕੰਮਾਂ ਵੱਲ ਸੇਧ ਦੇਣਾ ਅਤੇ ਸੋਧਣਾ (Sublimation) ਹੋਣਾ ਚਾਹੀਦਾ ਹੈ।

ਡਾਰਵਿਨ, ਜਿਨ੍ਹਾਂ ਨੇ ਵਿਕਾਸ ਦੇ ਸਿਧਾਂਤ ਨੂੰ ਜਨਮ ਦਿੱਤਾ, ਦੇ ਅਨੁਸਾਰ ਸਿੱਖਿਆ ਦਾ ਉਦੇਸ਼ ਵਿਅਕਤੀ ਨੂੰ ਹੋਂਦ ਕਾਇਮ ਰੱਖਣ ਦੀ ਜਦੋ-ਜਹਿਦ ਕਰਨਾ ਅਤੇ ਇਸ ਪ੍ਰਕਾਰ ਆਪਣੇ ਜੀਵਨ ਨੂੰ ਕਾਇਮ ਰੱਖਣ ਲਈ ਤਿਆਰ ਕਰਨਾ ਹੈ।

ਡੈਮਾਰਕ ਡਾਰਵਿਨ ਨਾਲ ਸਹਿਮਤੀ ਪ੍ਰਗਟ ਕਰਦੇ ਹੋਏ ਕਹਿੰਦੇ ਹਨ ਕਿ ਸਿੱਖਿਆ ਨੂੰ ਬੱਚੇ ਦੀ ਆਪਣੇ ਆਪ ਨੂੰ ਸਰੀਰਕ ਅਤੇ ਮਾਨਸਿਕ ਰੂਪ ਵਿਚ ਆਪਣੇ ਵਾਤਾਵਰਨ ਅਨੁਸਾਰ ਅਤੇ ਜੀਵਨ ਦੀਆਂ ਬਦਲਦੀਆਂ ਸਥਿਤੀਆਂ ਅਨੁਸਾਰ ਢਾਲਣ ਲਈ ਮਦਦ ਕਰਨੀ ਚਾਹੀਦੀ ਹੈ।

ਬਰਨਾਰਡ ਸ਼ਾਹ (Bernard Shah) ਵੀ ਇਕ ਜੀਵ-ਪ੍ਰਕਿਰਤੀਵਾਦੀ ਹਨ। ਉਹਨਾਂ ਦਾ ਵਿਸ਼ਵਾਸ ਹੈ ਕਿ ਵਿਕਾਸ ਦੀ ਪ੍ਰਕਿਰਿਆ, ਮਨੁੱਖ ਦੀ 'ਪਰਮਾਤਮਾ ਦੀ ਸਭ ਤੋਂ ਵਧੀਆ ਸਿਰਜਨਾ' ਦੇ ਰੂਪ ਵਿਚ ਵਿਕਾਸ ਨਾਲ ਸਮਾਪਤ ਨਹੀਂ ਹੋਈ ਹੈ। ਇਸ ਲਈ ਉਹ ਕਹਿੰਦੇ ਹਨ ਕਿ ਸਿੱਖਿਆ ਦਾ ਉਦੇਸ਼ ਕੇਵਲ ਭੌਤਿਕ ਗੁਣਾਂ ਦਾ ਹੀ ਨਹੀਂ ਸਗੋਂ ਸਭਿਆਚਾਰਕ ਵਿਰਸੇ ਦਾ ਵੀ, ਬਹੁਤ ਸੰਚਾਰ ਕਰਕੇ ਇਕ ਬਹੁਤ ਚੰਗੀ ਮਨੁੱਖੀ ਜਾਤੀ ਦਾ ਵਿਕਾਸ ਹੋਣਾ ਚਾਹੀਦਾ ਹੈ।

ਰੂਸੋ, ਜੋ ਪ੍ਰਕਿਰਤੀਵਾਦ ਦੇ ਸਭ ਤੋਂ ਮਹਾਨ ਸਮਰਥਕ ਹਨ, ਕਹਿੰਦੇ ਹਨ ਕਿ ਸਿੱਖਿਆ ਨੂੰ ਸਮਾਜ ਦੀਆਂ ਰਸਮਾਂ ਦੇ ਵਿਰੁੱਧ ਬੱਚੇ ਦੀ ਪ੍ਰਕਿਰਤੀ ਅਨੁਸਾਰ ਆਯੋਜਿਤ ਕੀਤਾ ਜਾਣਾ ਚਾਹੀਦਾ ਹੈ।

ਆਧੁਨਿਕ ਸਿੱਖਿਆ ਸ਼ਾਸਤਰੀ, ਸਰ ਟੀ.ਪੀ.ਨੰਨ ਵਿਅਕਤਿਤਵ ਦੇ ਵਿਕਾਸ ਨੂੰ ਸਿੱਖਿਆ ਦਾ ਉੱਚਤਮ ਨਿਸ਼ਾਨਾ ਕਹਿੰਦੇ ਹਨ। ਉਨ੍ਹਾਂ ਅਨੁਸਾਰ ''ਵਿਅਕਤੀ ਦੀ ਪੂਰਣਤਾ ਹੀ ਮਨੁੱਖੀ ਜੀਵਨ ਦਾ ਅਸਲੀ ਨਿਸ਼ਾਨਾ ਹੈ। ਸਮਾਜ ਦੇ ਸਾਰੇ ਸਾਜੋ-ਸਮਾਨ ਅਤੇ ਮਨੁੱਖੀ ਪ੍ਰਾਪਤੀਆਂ ਦੇ ਸਾਰੇ ਵਿਰਸੇ ਨੂੰ ਅਤੇ ਸਭਿਆਚਾਰ ਨੂੰ ਕੇਵਲ ਉਨੀ ਕੁ ਮਹੱਤਤਾ ਦੇਣੀ ਚਾਹੀਦੀ ਹੈ ਜਿੰਨੀ ਕੁ ਉਹ ਇਸ ਪੂਰਣਤਾ ਨਾਲ ਮੇਲ ਖਾਂਦੇ ਹਨ।

ਸੰਖੇਪ ਵਿਚ ਵੱਖ-ਵੱਖ ਪ੍ਰਕਿਰਤੀਵਾਦੀਆਂ ਦੁਆਰਾ ਦਿੱਤੇ ਗਏ ਸਿੱਖਿਆ ਦੇ ਉਦੇਸ਼ ਨਿਮਨਲਿਖਤ ਹਨ:

1. **ਆਤਮ ਪ੍ਰਗਟਾਅ (Self-Expression)** : ਜਦੋਂ ਆਦਰਸ਼ਵਾਦ ਅਨੁਸਾਰ ''ਆਤਮ-ਪ੍ਰਾਪਤੀ'' ਸਿੱਖਿਆ ਦਾ ਮੁੱਖ ਉਦੇਸ਼ ਹੈ, ਪ੍ਰਕਿਰਤੀਵਾਦ ''ਆਤਮ-ਪ੍ਰਗਟਾਅ'' ਤੇ ਆਤਮ-ਸੰਭਾਲ ਤੇ ਜ਼ੋਰ ਦਿੰਦਾ ਹੈ। ਸਿੱਖਿਆ ਨੂੰ ਚਾਹੀਦਾ ਹੈ ਕਿ ਇਹ ਮਨੁੱਖ ਨੂੰ ਸਿਹਤ ਦੇ ਨਿਯਮਾਂ ਦੀ ਜਾਣਕਾਰੀ ਦੇਵੇ, ਰੋਜ਼ੀ ਕਮਾਉਣ ਦੇ ਯੋਗ ਬਣਾਵੇ ਅਤੇ ਜੀਵਨ ਨੂੰ ਕਾਇਮ ਰੱਖਣ ਦੀ ਸਿਖਲਾਈ ਦੇਵੇ।

(2) **ਮੂਲ ਪ੍ਰਵਿਰਤੀਆਂ ਦੀ ਸੇਧ ਅਤੇ ਸੋਧ (Redirection and Sublimation of Instincts)** : ਸਾਰੇ ਮਨੁੱਖੀ ਵਿਵਹਾਰ ਦਾ ਆਧਾਰ ਉਸ ਦੀਆਂ ਮੂਲ ਪ੍ਰਵਿਰਤੀਆਂ ਹਨ। ਇਸ ਲਈ ਸਿੱਖਿਆ ਦਾ ਉਦੇਸ਼ ਸਮਾਜਿਕ ਤੌਰ ਤੇ ਲਾਭਦਾਇਕ ਕੰਮ ਵੱਲ ਇਨ੍ਹਾਂ ਮੂਲ ਪ੍ਰਵਿਰਤੀਆਂ ਦੀ ਸੇਧ ਅਤੇ ਸੋਧ ਹੋਣਾ ਚਾਹੀਦਾ ਹੈ। ਸਿੱਖਿਆ ਦਾ ਮੁੱਖ ਉਦੇਸ਼ ਪ੍ਰਕਿਰਤੀ ਰਾਹੀਂ ਵਿਅਕਤੀ ਤੇ ਸਮਾਜ ਦੀਆਂ ਲੋੜਾਂ ਦੀ ਪੂਰਤੀ ਕਰਨਾ ਹੈ।

(3) **ਹੋਂਦ ਲਈ ਸੰਘਰਸ਼ (Struggle for Existence)**: ਸਿੱਖਿਆ ਦੁਆਰਾ ਮਨੁੱਖ ਨੂੰ ਹੋਂਦ ਲਈ ਸੰਘਰਸ਼ ਅਤੇ ਉਸ ਦੀ ਜਿੱਤ (Survival) ਪ੍ਰਾਪਤੀ ਲਈ ਤਿਆਰ ਕੀਤਾ ਜਾਣਾ ਚਾਹੀਦਾ ਹੈ। ਇਸ ਨੂੰ ਬੱਚਿਆਂ ਦੀ ਸਰੀਰਕ ਅਤੇ ਮਾਨਸਿਕ ਤੌਰ ਤੇ ਆਪਣੇ ਵਾਤਾਵਰਣ ਅਤੇ ਜੀਵਨ ਦੀਆਂ ਬਦਲਦੀਆਂ ਸਥਿਤੀਆਂ ਅਨੁਸਾਰ ਢਾਲਣ ਵਿਚ ਸਹਾਇਤਾ ਕਰਨੀ ਚਾਹੀਦੀ ਹੈ।

(4) **ਪ੍ਰਕਿਰਤੀ ਅਨੁਸਾਰ ਸਿੱਖਿਆ (Education According to Nature)**: ਸਿੱਖਿਆ ਕੇਵਲ ਭੌਤਿਕ ਪ੍ਰਕਿਰਤਿਕ ਅਨੁਸਾਰ ਹੀ ਨਹੀਂ ਸਗੋਂ ਬੱਚੇ ਦੀ ਪ੍ਰਕਿਰਤੀ ਅਨੁਸਾਰ ਵੀ ਹੋਣੀ ਚਾਹੀਦੀ ਹੈ, ਅਰਥਾਤ ਇਹ ਬੱਚੇ ਦੀਆਂ ਰੁਚੀਆਂ, ਮੂਲ ਪ੍ਰਵਿਰਤੀਆਂ, ਸ਼ਕਤੀਆਂ, ਪਸੰਦ ਅਤੇ ਨਾ-ਪਸੰਦ ਅਨੁਸਾਰ ਹੋਣੀ ਚਾਹੀਦੀ ਹੈ। ਪ੍ਰਕਿਰਤੀਵਾਦ ਇਸ ਗੱਲ ਤੇ ਜ਼ੋਰ ਦਿੰਦਾ ਹੈ ਕਿ ਬੱਚੇ ਦੀ ਸਿੱਖਿਆ ਵਿਚ ਉਸਦੀ ਸਮੁੱਚੀ ਪ੍ਰਕਿਰਤੀ ਨੂੰ ਧਿਆਨ ਵਿੱਚ ਰੱਖਣਾ ਚਾਹੀਦਾ ਹੈ। ਸਿੱਖਿਆ ਦਾ ਉਦੇਸ਼ ਬੱਚਿਆਂ ਦੀਆਂ ਪ੍ਰਕਿਰਤਿਕ ਸ਼ਕਤੀਆਂ ਦੇ ਵਿਕਾਸ ਲਈ ਮੌਕੇ ਪ੍ਰਦਾਨ ਕਰਨਾ ਹੁੰਦਾ ਹੈ।

(5) **ਵਿਅਕਤਿਤਵ ਦਾ ਪੂਰਨ ਵਿਕਾਸ (Perfect Development of Individuality)**: ਕੁਝ ਪ੍ਰਕਿਰਤੀਵਾਦੀਆਂ ਅਨੁਸਾਰ ਵਿਅਕਤਿਤਵ ਦਾ ਪੂਰਣ ਵਿਕਾਸ ਸਿੱਖਿਆ ਦਾ ਉੱਚਤਮ ਉਦੇਸ਼ ਹੈ। ''ਮਨੁੱਖੀ ਜੀਵਨ ਦਾ ਅਸਲੀ ਨਿਸ਼ਾਨਾ ਵਿਅਕਤੀ ਦੀ ਪੂਰਣਤਾ ਹੈ ਸਮਾਜ ਦੇ ਸਾਜ਼ ਸਮਾਨ ਤੇ ਮਨੁੱਖ ਪ੍ਰਾਪਤੀਆਂ ਅਤੇ ਸਭਿਆਚਾਰ ਦੇ ਸਮੁੱਚੇ ਵਿਰਸੇ ਨੂੰ ਉਥੋਂ ਤੱਕ ਹੀ ਮਾਨਤਾ ਦਿੱਤੀ ਜਾਣੀ ਚਾਹੀਦੀ ਹੈ ਜਿਥੇ ਤੱਕ ਉਹ ਇਸ ਪੂਰਣਤਾ ਵਿਚ ਸਹਾਇਤਾ ਕਰਦੇ ਹਨ।'' ਸਿੱਖਿਆ ਦਾ ਉਦੇਸ਼ ਬੱਚੇ ਨੂੰ ਇੱਕ ਖੁਸ਼, ਵਿਵੇਕਸ਼ੀਲ, ਸੰਤੁਲਿਤ, ਲਾਭਦਾਇਕ ਅਤੇ ਸਮਝਦਾਰ ਬਾਲਗ ਦੇ ਤੌਰ ਤੇ ਵਿਕਾਸ ਕਰਨਾ ਹੋਣਾ ਚਾਹੀਦਾ ਹੈ।

ਇਸ ਪ੍ਰਕਾਰ ਅਸੀਂ ਵੇਖਦੇ ਹਾਂ ਕਿ ਜਿਥੋਂ ਤੱਕ ਸਿੱਖਿਆ ਦੇ ਉਦੇਸ਼ਾਂ ਦਾ ਸੰਬੰਧ ਹੈ, ਪ੍ਰਕਿਰਤੀਵਾਦੀ ਸਾਡੀ ਬਹੁਤੀ ਸੰਤੁਸ਼ਟੀ ਨਹੀਂ ਕਰਦਾ। ਇਹ ਸਾਨੂੰ ਸਿੱਖਿਆ ਦੇ ਉੱਚੇ ਤੇ ਸੋਹਣੇ ਉਦੇਸ਼ ਨਹੀਂ ਦਿੰਦਾ। ਇਹ ਬੱਚੇ ਦੀ ਇੱਛਾ ਸ਼ਕਤੀ, ਆਤਮਾ ਅਤੇ ਨੈਤਿਕਤਾ ਦੇ ਵਿਕਾਸ ਨੂੰ ਬੰਦ ਕਰਕੇ ਉਸਦੇ ਅਧਿਆਤਮਕ ਪੱਖ ਵੱਲ ਧਿਆਨ ਨਹੀਂ ਦਿੰਦਾ।

(ਅ) **ਪ੍ਰਕਿਰਤੀਵਾਦ ਅਤੇ ਪਾਠ-ਕ੍ਰਮ (Naturalism and Curriculum)** : ਪ੍ਰਕਿਰਤੀਵਾਦੀ ਇਕ ਨਿਯਮਿਤ ਪਾਠ-ਕ੍ਰਮ ਦੀ ਸਲਾਹ ਨਹੀਂ ਦਿੰਦਾ। ਹਰ ਇਕ ਬੱਚੇ ਨੂੰ ਆਪਣਾ ਪਾਠ-ਕ੍ਰਮ ਨਿਰਧਾਰਿਤ ਕਰਨ ਦਾ ਹੱਕ ਦਿੱਤਾ ਜਾਂਦਾ ਹੈ। ਉਸ ਤੋਂ ਆਪਣੀ ਜਾਤੀ ਅਨੁਭਵਾਂ ਰਾਹੀਂ ਪ੍ਰਕਿਰਤੀ ਤੋਂ ਸਿੱਧੇ ਤੌਰ ਤੇ ਸਿੱਖਣ ਦੀ ਉਮੀਦ ਕੀਤੀ ਜਾਂਦੀ ਹੈ। ਪ੍ਰਕਿਰਤੀਵਾਦੀ ਪ੍ਰਕਿਤੀ-ਅਧਿਐਨ, ਖੇਤੀ, ਬਾਗਬਾਨੀ, ਕਲਾ, ਬਨਸਪਤੀ-ਵਿਗਿਆਨ, ਭੂ-ਵਿਗਿਆਨ ਅਤੇ ਤਾਰਾ-ਵਿਗਿਆਨ ਵਰਗੇ ਵਿਸ਼ਿਆਂ ਨੂੰ ਪ੍ਰਧਾਨਤਾ ਦਿੰਦੇ ਹਨ ਕਿਉਂਕਿ ਇਹ ਵਿਸ਼ੇ ਬੱਚੇ ਦੀ ਪ੍ਰਕਿਰਤੀ ਨਾਲ ਮੇਲ ਖਾਂਦੇ ਹਨ। ਇਨ੍ਹਾਂ ਵਿਸ਼ਿਆਂ ਨੂੰ ਬੱਚੇ ਦੀਆਂ ਖੇਡਾਂ ਸੰਬੰਧੀ ਕਿਰਿਆਵਾਂ ਅਤੇ ਉਸ ਦੇ ਆਲੇ-ਦੁਆਲੇ ਦੇ ਜੀਵਨ ਨਾਲ ਸੰਬੰਧਿਤ ਕੀਤਾ ਜਾਣਾ ਚਾਹੀਦਾ ਹੈ। ਕਿਉਂ ਜੋ ਯਥਾਰਥਵਾਦੀ ਬੱਚੇ ਦੇ ਵਾਤਾਵਰਨ

ਜੀਵਨ ਨੂੰ ਪ੍ਰਧਾਨਤਾ ਦਿੰਦੇ ਹਨ। ਇਸ ਲਈ ਉਹ ਪਾਠ-ਕ੍ਰਮ ਵਿਚ ਅਜਿਹੇ ਵਿਸ਼ੇ ਸ਼ਾਮਲ ਕਰਦੇ ਹਨ ਜਿਹੜੇ ਚੰਗਾ ਬਣਾਉਂਦੇ ਹਨ। ਇਸ ਲਈ ਉਹ ਕਲਾ ਅਤੇ ਸਰੀਰਕ ਕਿਰਿਆਵਾਂ ਦੇ ਨਾਲ ਨਾਲ ਵਿਗਿਆਨਕ ਵਿਸ਼ਿਆਂ ਜਿਵੇਂ ਕਿ ਭੌਤਿਕ ਵਿਗਿਆਨ, ਰਸਾਇਣ ਵਿਗਿਆਨ, ਬਨਸਪਤੀ-ਵਿਗਿਆਨ ਅਤੇ ਜੀਵ-ਵਿਗਿਆਨ ਦੀ ਪੜ੍ਹਾਈ ਤੇ ਜ਼ੋਰ ਦਿੰਦੇ ਹਨ।ਗਣਿਤ ਅਤੇ ਭਾਸ਼ਾਵਾਂ ਨੂੰ ਇਸ ਲਈ ਸ਼ਾਮਿਲ ਕੀਤਾ ਜਾਂਦਾ ਹੈ ਕਿਉਂਕਿ ਇਸ ਦੁਆਰਾ ਬੱਚੇ ਅੰਦਰ ਜਾਤੀ ਦੇ ਪ੍ਰਾਚੀਨ ਅਨੁਭਵਾਂ ਦਾ ਸੰਚਾਰ ਹੁੰਦਾ ਹੈ। ਅਜਿਹੇ ਅਨੁਭਵ ਵਰਤਮਾਨ ਨੂੰ ਵੱਧ ਸੋਹਣਾ ਬਣਾਉਂਦੇਹਨ ਅਤੇ ਮਨੁੱਖ ਦੇ ਹੋਰ ਵਿਕਾਸ ਵਿਚ ਸਹਾਇਤਾ ਕਰਦੇ ਹਨ। ਰੂਸੋ ਦਾ ਇਮੀਲ (Emile) ਲਈ ਪਾਠ-ਕ੍ਰਮ 'ਨਕਾਰਾਤਮਕ ਸਿੱਖਿਆ ਦੇ ਸਿਧਾਂਤ ਦੇ ਆਧਾਰਿਤ ਹੈ ਜੋ ਬੱਚੇ ਲਈ ਉਸਦੇ ਤੁਰਨ-ਫਿਰਨ ਅਤੇ ਉਸ ਦੀਆਂ ਕਿਰਿਆਵਾਂ ਵਿਚ ਵੱਧ ਤੋਂ ਵੱਧ ਸੰਭਵ ਸੁਤੰਤਰਤਾ ਦੀ ਮੰਗ ਕਰਦੀ ਹੈ। ਜਦੋਂ ਇਸ ਸਿਧਾਂਤ ਨੂੰ ਮਾਨਸਿਕ ਸਿੱਖਿਆ ਦੇ ਖੇਤਰ ਵਿਚ ਲਾਗੂ ਕੀਤਾ ਜਾਂਦਾ ਹੈ ਤਾਂ ਇਸ ਦਾ ਅਰਥ ਹੈ ਕਿ ਬੱਚੇ ਨੂੰ ਕੋਈ ਜ਼ਬਾਨੀ ਪਾਠ ਨਾ ਪੜ੍ਹਾਇਆ ਜਾਵੇ, ਕੋਈ ਕਿਤਾਬੀ ਗਿਆਨ ਨਾ ਦਿੱਤਾ ਜਾਵੇ।

**(ੲ) ਪ੍ਰਕਿਰਤੀਵਾਦ ਅਤੇ ਅਧਿਆਪਨ ਵਿਧੀਆਂ (Naturalism and Methods of Teaching):**

1. **ਕੰਮ-ਕਾਜ ਦੁਆਰਾ ਸਿੱਖਿਆ (Learning by Doing)** : ਪ੍ਰਕਿਰਤੀਵਾਦ ਲੈਕਚਰਾਂ ਜਾਂ ਕਿਤਾਬਾਂ ਰਾਹੀਂ ਅਧਿਆਪਨ ਦੇ ਪੱਖ ਵਿਚ ਨਹੀਂ ਹਨ। ਕਿਤਾਬੀ ਸਿੱਖਿਆ ਦੀ ਥਾਂ ਉਹ ਵਸਤੂਆਂ ਦੇ ਪ੍ਰਤੱਖ ਅਨੁਭਵਾਂ ਦੀ ਸਲਾਹ ਦਿੰਦੇ ਹਨ ਅਤੇ ਕੰਮ-ਕਾਜ ਸਿੱਖਿਆ ਦੇ ਸਿਧਾਂਤ ਵਿਚ ਵਿਸ਼ਵਾਸ ਰੱਖਦੇ ਹਨ। ਰੂਸੋ ਨੇ ਕਿਹਾ ਹੈ ਆਪਣੇ ਵਿਦਿਆਰਥੀਆਂ ਨੂੰ ਕੋਈ ਵੀ ਜ਼ਬਾਨੀ ਪਾਠ ਨਾ ਪੜ੍ਹਾਓ। ਉਸ ਨੂੰ ਕੇਵਲ ਅਨੁਭਵ ਦੁਆਰਾ ਹੀ ਪੜ੍ਹਾਇਆ ਜਾਣਾ ਚਾਹੀਦਾ ਹੈ। ਜਦੋਂ ਵੀ ਸੰਭਵ ਹੋਵੇ ਕੰਮ-ਕਾਜ ਦੁਆਰਾ ਸਿੱਖਿਆ ਦਿਉ ਅਤੇ ਸ਼ਬਦਾਂ ਦਾ ਸਹਾਰਾ ਕੇਵਲ ਉਦੋਂ ਹੀ ਲਵੋ ਜਦੋਂ ਕੰਮ-ਕਾਜ ਸੰਭਵ ਨਾ ਹੋਵੇ ਕਿਤਾਬੀ ਗਿਆਨ ਘੱਟ ਤੋਂ ਘੱਟ ਹੋਣਾ ਚਾਹੀਦਾ ਹੈ। ਭਾਸ਼ਾ ਦੇ ਅਧਿਐਨ ਵਿੱਚ, ਬੱਚੇ ਦੇ ਸ਼ਬਦ ਕੋਸ਼ ਨੂੰ ਪੱਕਾ ਕਰਨ ਲਈ ਅਧਿਆਪਨ ਦੀ ਪ੍ਰਤੱਖ ਵਿਧੀ ਦੀ ਸਲਾਹ ਦਿੱਤੀ ਜਾਂਦੀ ਹੈ। ਵਿਗਿਆਨ ਅਤੇ ਗਣਿਤ ਦੀ ਪੜ੍ਹਾਈ ਵਿਚ ਲੈਕਚਰ ਵਿਧੀ ਦਾ ਥਾਂ ਹਿਊਰਿਸਟਿਕ (Heuristic) ਵਿਧੀ ਤੇ ਜ਼ੋਰ ਦਿੱਤਾ ਜਾਂਦਾ ਹੈ। ਜੁਮੈਟਰੀ ਨੂੰ ਮਾਪਣ ਦੀਆਂ ਅਸਲੀ ਕਿਰਿਆਵਾਂ ਰਾਹੀਂ ਅਤੇ ਭੂਗੋਲ ਨੂੰ ਸੈਰ-ਸਪਾਟੇ ਅਤੇ ਪ੍ਰਤੱਖ ਵਸਤੂਆਂ ਨੂੰ ਵੇਖਣ ਦੁਆਰਾ ਪੜ੍ਹਾਉਣਾ ਚਾਹੀਦਾ ਹੈ।

2. **ਖੇਡ ਵਿਧੀ (Play-way Method)** : ਪ੍ਰਕਿਰਤੀਵਾਦ ਅਨੁਸਾਰ ਖੇਡ-ਵਿਧੀ ਸਿੱਖਿਆ ਪ੍ਰਦਾਨ ਕਰਨ ਦੀ ਮਹੱਤਵਪੂਰਣ ਵਿਧੀ ਹੈ ਇਸ ਦਾ ਅਧਾਰ ਮੂਲ ਸਿਧਾਂਤ ਇਹ ਹੈ ਕਿ ਸਮੁੱਚੀ ਸਿੱਖਿਆ ਖੇਡ ਦੀ ਭਾਵਨਾ ਅਤੇ ਖੇਡ ਵਿਧੀ ਅਨੁਸਾਰ ਹੋਣੀ ਚਾਹੀਦੀ ਹੈ। ਇਹ ਪ੍ਰਸੰਨਤਾ ਭਰਪੂਰ ਦਿਲੋਂ ਕੀਤੀ ਸਿਰਜਨਾਤਮਿਕ ਕਿਰਿਆ ਦੀ ਉਤਪਤੀ ਕਰਦਾ ਹੈ। ਇਸ ਲਈ ਇਸ ਨੂੰ ਸਿਰਜਨਾਤਮਿਕ ਸਿੱਖਿਆ ਦੀ ਸਭ ਤੋਂ ਵੱਧ ਪ੍ਰਕਿਰਤਿਕ ਅਤੇ ਮਹੱਤਵਪੂਰਨ ਵਿਧੀ ਮੰਨਿਆ ਜਾਂਦਾ ਹੈ।

3. **ਵੇਖਣ ਪਰਖਣ ਅਤੇ ਤਜ਼ਰਬੇ (Observation and Experimentation)**: ਤੀਜਾ, ਪ੍ਰਕਿਰਤੀਵਾਦ ਸਮੇਂ ਦੇ ਖਿਲਾਫ ਹਨ ਅਤੇ ਰੋਜ਼ਾਨਾ ਸਮਾਂ ਸੂਚੀ ਵਿਚ ਕਿਸੇ ਤਰ੍ਹਾਂ ਦੀ ਵੀ ਕਠੋਰਤਾ ਦਾ ਵਿਰੋਧ ਕਰਦੇ ਹਨ। ਇਸ ਲਈ ਉਨਾਂ ਨੇ ਡਾਲਟਨ ਪਲਾਨ ਜਿਹੀਆਂ ਸਕੀਮਾਂ ਬਣਾਈਆਂ ਹਨ ਜਿਹੜੀਆਂ ਬੱਚੇ ਨੂੰ ਆਪਣੀ ਇੱਛਾ ਅਨੁਸਾਰ ਸਮੇਂ ਦੀ ਵੰਡ ਕਰਨ ਦੀ ਸੁਤੰਤਰਤਾ ਦਿੰਦੀਆਂ ਹਨ। ਉਹ ਵੇਖਣ ਪਰਖਣ ਅਤੇ ਤਜ਼ਰਬਿਆਂ ਰਾਹੀਂ ਸਿੱਖਦੇ ਹਨ।

4. **ਸਵਰਾਜ ਅਤੇ ਨਿੱਜੀ ਕੋਸ਼ਿਸ਼ (Self-Government and Self-Efforts)**: ਅੰਤ ਵਿੱਚ ਪ੍ਰਕਿਰਤੀਵਾਦੀ ਬਿਨਾਂ ਕਮਰਿਆਂ ਵਾਲੇ ਸਕੂਲ, ਸਕੂਲਾਂ ਵਿੱਚ ਸਵਰਾਜ ਅਤੇ ਸਿੱਖਿਆ ਅਤੇ ਸਹਿ-ਸਿੱਖਿਆ (Co-education) ਤੇ ਜ਼ੋਰ ਦਿੰਦੇ ਹਨ। ਸਵਰਾਜ ਨਾਲ ਸਮਾਜਿਕ ਜੀਵਨ ਦਾ ਪ੍ਰਤੱਖ ਅਨੁਭਵ ਪ੍ਰਾਪਤ ਹੁੰਦਾ ਹੈ ਅਤੇ ਸਹਿ-ਸਿੱਖਿਆ ਨਾਲ ਠੀਕ ਪ੍ਰਚਾਰ ਦੇ ਪਰਿਵਾਰਿਕ ਅਤੇ ਸਮੁਦਾਇ ਜੀਵਨ ਦਾ ਵਿਕਾਸ ਹੁੰਦਾ ਹੈ।

ਇਸ ਪ੍ਰਕਾਰ ਆਧੁਨਿਕ ਸਿੱਖਿਆ ਵਿਧੀਆਂ ਦੇ ਖੇਤਰ ਵਿਚ ਪ੍ਰਕਿਰਤੀਵਾਦੀ ਦੀ ਦੇਣ ਬਹੁਤ

ਮਹੱਤਵਪੂਰਣ ਅਤੇ ਸਦੀਵੀ ਹੈ।

**(ਸ) ਪ੍ਰਕਿਰਤੀਵਾਦੀ ਅਤੇ ਅਨੁਸ਼ਾਸਨ (Naturalism and Discipline)** : ਪ੍ਰਕਿਰਤੀਵਾਦੀ ਬੱਚੇ ਨੂੰ ਜੋ ਕੁਝ ਉਹ ਚਾਹੁੰਦਾ ਹੈ ਉਹ ਕਰਨ ਅਤੇ ਸਿੱਖਣ ਲਈ ਪੂਰੀ ਤਰ੍ਹਾਂ ਸੁਤੰਤਰਤਾ ਦਿੰਦੇ ਹਨ। ਉਹ ਕਹਿੰਦੇ ਹਨ ਕਿ ਗਲਤੀ ਕਰਨ ਤੇ ਉਸ ਨੂੰ ਕਿਸੇ ਵੱਲੋਂ ਵੀ ਕੋਈ ਸਜ਼ਾ ਨਹੀਂ ਦਿੱਤੀ ਜਾਣੀ ਚਾਹੀਦੀ, ਕੇਵਲ ਆਪਣੇ ਕੰਮਾਂ ਦੇ ਕੁਦਰਤੀ ਨਤੀਜਿਆਂ ਨੂੰ ਭੁਗਤਣ ਦੇਣਾ ਚਾਹੀਦਾ ਹੈ। ਬਾਹਰ ਦਾ ਅਨੁਸ਼ਾਸਨ ਠੀਕ ਨਹੀਂ ਹੁੰਦਾ ਕਿਉਂਕਿ ਇਹ ਬੱਚੇ ਦੇ ਪ੍ਰਕਿਰਤਿਕ ਵਿਕਾਸ ਵਿਚ ਰੁਕਾਵਟ ਪੈਦਾ ਕਰਦਾ ਹੈ। ਸਪੈਂਸਰ ਅਨੁਸਾਰ ਵਿਅਕਤੀ ਦੇ ਆਪਣੇ ਕੰਮਾਂ ਦੇ ਕੇਵਲ ਕੁਦਰਤੀ ਨਤੀਜਿਆਂ ਰਾਹੀਂ ਉਸਨੂੰ ਅਨੁਸ਼ਾਸਨ ਸਿਖਾਇਆ ਜਾਣਾ ਚਾਹੀਦਾ ਹੈ। ਸਪੈਂਸਰ ਅਤੇ ਰੂਸੋ ਦੋਵੇਂ ਜ਼ੋਰ ਦੇ ਕੇ ਕਹਿੰਦੇ ਹਨ ਕਿ ਜਦੋਂ ਬੱਚਾ ਗਲਤੀ ਕਰਦਾ ਹੈ ਤਾਂ ਉਸ ਕਿਰਿਆ ਦੀ ਕੁਦਰਤੀ ਪ੍ਰਕਿਰਿਆ ਹੀ ਉਸ ਲਈ ਠੀਕ ਸਜ਼ਾ ਹੁੰਦੀ ਹੈ। ਅਣਲੋੜੀਂਦੀਆਂ ਕਿਰਿਆਵਾਂ ਤੋਂ ਪੈਦਾ ਹੋਣ ਵਾਲੀ ਤਕਲੀਫ ਨੂੰ ਹੀ ਬੱਚੇ ਦੇ ਵਿਵਹਾਰ ਨੂੰ ਠੀਕ ਕਰਨ ਵਾਲੀ ਸਜ਼ਾ ਸਮਝਿਆ ਜਾਂਦਾ ਹੈ। ਸੁਤੰਤਰ ਅਨੁਸ਼ਾਸਨ ਦੇ ਕੁਦਰਤੀ ਨਤੀਜਿਆਂ ਦਾ ਇਹ ਸਿਧਾਂਤ ਕੁਝ ਹਾਲਤਾਂ ਵਿਚ ਤਾਂ ਲਾਗੂ ਹੋ ਸਕਦਾ ਹੈ ਪਰੰਤੂ ਹਮੇਸ਼ਾਂ ਠੀਕ ਨਹੀਂ ਹੁੰਦਾ। ਇਸੇ ਕਾਰਨ ਇਸ ਦੀ ਬਹੁਤ ਆਲੋਚਨਾ ਹੋਈ ਹੈ। ਪ੍ਰਕਿਰਤੀ ਆਪਣੀਆਂ ਸਜ਼ਾਵਾਂ ਦੀ ਵੰਡ ਇਨਸਾਫ ਨਾਲ ਨਹੀਂ ਕਰਦੀ। ਲਗਭਗ ਸਾਰੇ ਮਾਮਲਿਆਂ ਵਿਚ ਬੱਚੇ ਨੂੰ ਜਿੰਨੀ ਸਜ਼ਾ ਮਿਲਣੀ ਚਾਹੀਦੀ ਹੈ, ਉਸ ਨਾਲੋਂ ਵਧੇਰੇ ਸਜ਼ਾ ਮਿਲਣ ਦੀ ਸੰਭਾਵਨਾ ਰਹਿੰਦੀ ਹੈ। ਵਿਦਿਆਰਥੀਆਂ ਨੂੰ ਸੋਧਣ ਲਈ, ਪ੍ਰਕਿਰਤੀਵਾਦੀ ਵਿਦਿਆਰਥੀ ਸਵਰਾਜ ਦੀ ਧਾਰਨਾ ਦੀ ਸਲਾਹ ਦਿੰਦੇ ਹਨ ਜੋ ਪਰਜਾਤੰਤਰੀ ਸਮਾਜ ਦੀ ਸਫਲਤਾ ਲਈ ਬਹੁਤ ਜ਼ਰੂਰੀ ਹੈ। ਨੀਲ ਦੇ ਸਮਰਹਿਲ ਸਕੂਲ ਨੂੰ ਬਿਲਕੁਲ ਵਿਦਿਆਰਥੀ ਸਵਰਾਜ ਦੀਆਂ ਲੀਹਾਂ ਤੇ ਚਲਾਇਆ ਜਾਂਦਾ ਹੈ।

**(ਹ) ਪ੍ਰਕਿਰਤੀਵਾਦ ਅਤੇ ਅਧਿਆਪਕ (Naturalism and Teacher)**: ਪ੍ਰਕਿਰਤੀਵਾਦ ਅਨੁਸਾਰ ਅਧਿਆਪਕ ਦਾ ਸਥਾਨ 'ਪਰਦੇ ਦੇ ਪਿੱਛੇ' ਹੈ। ਉਹ ਜਾਣਕਾਰੀ, ਵਿਚਾਰ ਆਦਰਸ਼ ਦੇਣ ਵਾਲੇ ਜਾਂ ਚਰਿੱਤਰ ਬਣਾਉਣ ਵਾਲੇ ਵਿਅਕਤੀ ਦੀ ਬਜਾਏ ਬੱਚੇ ਦੇ ਵਿਕਾਸ ਦਾ ਇਕ ਦਰਸ਼ਕ ਹੁੰਦਾ ਹੈ। ਉਸ ਨੂੰ ਬੱਚੇ ਦੀਆਂ ਕਿਰਿਆਵਾਂ ਵਿਚ ਦਖਲ ਨਹੀਂ ਦੇਣਾ ਚਾਹੀਦਾ। ਉਸ ਨੇ ਇਹ ਨਹੀਂ ਦੱਸਣਾ ਕਿ ਉਹ ਕੀ ਕਰਨ। ਅਧਿਆਪਕ ਦੁਆਰਾ ਬੱਚਿਆਂ ਤੇ ਲਗਾਈਆਂ ਗਈਆਂ ਰੋਕਾਂ ਉਨ੍ਹਾਂ ਦੇ ਕੁਦਰਤੀ ਵਿਕਾਸ ਵਿਚ ਰੁਕਾਵਟਾਂ ਬਣਦੀਆਂ ਹਨ ਇਸ ਲਈ ਅਧਿਆਪਕ ਨੂੰ ਬੱਚਿਆਂ ਨੂੰ ਉਹ ਸਿਖਾਉਣ ਦਾ ਯਤਨ ਨਹੀਂ ਕਰਨਾ ਚਾਹੀਦਾ ਜੋ ਕੁਝ ਉਹ ਸਿੱਖਣਾ ਨਹੀਂ ਚਾਹੁੰਦੇ। ਬੱਚਿਆਂ ਨੂੰ ਇਸ ਗੱਲ ਦਾ ਜ਼ਿਆਦਾ ਪਤਾ ਨਹੀਂ ਹੁੰਦਾ ਕਿ ਉਹ ਕੀ ਕਰਨਾ ਚਾਹੁੰਦੇ ਹਨ, ਇਹ ਕਦੋਂ ਕਰਨਾ ਚਾਹੁੰਦੇ ਹਨ ਅਤੇ ਕਿਵੇਂ ਇਸ ਨੂੰ ਕਰਨਾ ਚਾਹੁੰਦੇ ਹਨ। ਅਧਿਆਪਕ ਦੀ ਡਿਊਟੀ ਤਾਂ ਕੇਵਲ ਇਹ ਦੇਖਣਾ ਹੈ ਕਿ ਵਿਦਿਆਰਥੀ ਦੀਆਂ ਦਿਲਚਸਪੀਆਂ ਅਤੇ ਕੁਦਰਤੀ ਪ੍ਰਕਿਰਤੀਆਂ ਦਾ ਸੁਤੰਤਰ ਵਿਕਾਸ ਹੋ ਰਿਹਾ ਹੈ। ਪ੍ਰਕਿਰਤੀਵਾਦੀ ਧਾਰਨਾ ਅਨੁਸਾਰ ਅਧਿਆਪਕ ਤਾਂ ਕੇਵਲ ਵਿਦਿਆਰਥੀਆਂ ਦੇ ਕੁਦਰਤੀ ਵਿਕਾਸ ਨੂੰ ਸਫਲ ਬਣਾਉਣ ਲਈ ਸਟੇਜ ਬਣਾਉਣ ਵਾਲਾ ਸਮਾਨ ਤੇ ਮੌਕੇ ਪ੍ਰਦਾਨ ਕਰਨ ਵਾਲਾ ਆਦਰਸ਼ ਵਾਤਾਵਰਨ ਅਤੇ ਯੋਗ ਹਾਲਤਾਂ ਪੈਦਾ ਕਰਨ ਵਾਲਾ ਵਿਅਕਤੀ ਹੁੰਦਾ ਹੈ। ਸਿੱਖਿਆ ਦੀਆਂ ਲਗਭਗ ਸਾਰੀਆਂ ਹੀ ਆਧੁਨਿਕ ਸਕੀਮਾਂ ਵਿਚ ਅਧਿਆਪਕ ਦੀ ਬਿਲਕੁਲ ਇਹੀ ਭੂਮਿਕਾ ਦਿੱਤੀ ਗਈ ਹੈ ਭਾਵੇਂ ਇਹ ਸਪੱਸ਼ਟ ਹੈ ਕਿ ਸਿੱਖਿਆ ਦੀ ਕੋਈ ਵੀ ਸਕੀਮ ਅਧਿਆਪਕ ਦੀਆਂ ਸੇਵਾਵਾਂ ਬਗੈਰ ਸਿਰੇ ਨਹੀਂ ਚੜ੍ਹ ਸਕਦੀ।

### 1.5.4.4. ਪ੍ਰਕਿਰਤੀਵਾਦ ਦੀਆਂ ਸੀਮਾਵਾਂ (Limitations of Naturalism)

ਹਰ ਇੱਕ ਚੰਗੇ ਦਰਸ਼ਨ ਵਿਚ ਕੁਝ ਘਾਟਾਂ ਹਨ, ਪ੍ਰਕਿਰਤੀਵਾਦੀ ਦੀ ਸਥਿਤੀ ਵੀ ਇੰਜ ਹੀ ਹੈ। ਇਸ ਵਿੱਚ ਨਿੰਮਨਲਿਖਤ ਕਮਜ਼ੋਰੀਆਂ ਹਨ:

1. **ਅਧਿਆਤਮਿਕ ਸੰਸਾਰ ਵੱਲ ਬੇਧਿਆਨੀ** : ਪ੍ਰਕਿਰਤੀਵਾਦੀ ਅਧਿਆਤਮਿਕ ਸੰਸਾਰ ਵੱਲ ਧਿਆਨ ਨਹੀਂ ਦਿੰਦਾ। ਸਾਂਝੇ ਵਿਕਾਸ ਲਈ ਦੋਵੇਂ ਸੰਸਾਰਾਂ ਦੀ ਜਾਣਕਾਰੀ ਜ਼ਰੂਰੀ ਹੈ।
2. **ਅਨੁਸ਼ਾਸਨ** : ਕੁਦਰਤੀ ਨਤੀਜਿਆਂ ਰਾਹੀਂ ਅਨੁਸ਼ਾਸਨ, ਜਿਸ ਦੀ ਪ੍ਰਕਿਰਤੀਵਾਦੀ ਸਿਫਾਰਿਸ਼

ਕਰਦੇ ਹਨ, ਠੀਕ ਨਹੀਂ ਹੈ।

3. **ਅਧਿਆਪਕ ਦਾ ਸਥਾਨ** : ਪ੍ਰਕਿਰਤੀਵਾਦੀ ਅਧਿਆਪਕ ਨੂੰ ਨੀਵਾਂ ਸਥਾਨ ਦਿੰਦੇ ਹਨ। ਜੋ ਕਿ ਠੀਕ ਨਹੀਂ ਹੈ।
4. **ਅਧਿਆਤਮਿਕ ਕੀਮਤਾਂ ਦੀ ਬੇਧਿਆਨੀ** : ਇਹ ਅਧਿਆਤਮਕ ਕੀਮਤਾਂ ਵੱਲ ਧਿਆਨ ਨਹੀਂ ਦਿੰਦਾ।
5. **ਅਸਲ ਅਨੁਭਵ** : ਸਦਾ ਹੀ ਬੱਚੇ ਦੁਆਰਾ ਪ੍ਰਾਪਤ ਕੀਤੇ ਅਸਲ ਅਨੁਭਵਾਂ ਦੀ ਗੱਲ ਕਰਦੇ ਰਹਿਣਾ ਠੀਕ ਨਹੀਂ ਹੈ।
6. **ਸਿੱਖਿਆ ਦੇ ਉਦੇਸ਼** : ਪ੍ਰਕਿਰਤੀਵਾਦੀ ਸਿੱਖਿਆ ਦੇ ਉਦੇਸ਼ ਤਸੱਲੀਬਖਸ਼ ਨਹੀਂ ਹਨ।
7. **ਭਵਿੱਖ ਵੱਲ ਬੇਧਿਆਨ** : ਪ੍ਰਕਿਰਤੀਵਾਦ ਵਰਤਮਾਨ ਤੇ ਜ਼ੋਰ ਦਿੰਦਾ ਹੈ ਅਤੇ ਭਵਿੱਖ ਵੱਲ ਧਿਆਨ ਨਹੀਂ ਦਿੰਦਾ।
8. **ਪਾਠ-ਕ੍ਰਮ** : ਪਾਠ-ਕ੍ਰਮ ਸੰਕੁਚਿਤ ਤੇ ਇਕ ਤਰਫਾ ਹੈ।
9. **ਨਾਕਾਰਾਤਮਕ ਸਿੱਖਿਆ** : ਨਾਕਾਰਾਤਮਕ ਸਿੱਖਿਆ ਦੀ ਧਾਰਨਾ ਠੀਕ ਨਹੀਂ ਹੈ।
10. **ਬਹੁਤ ਵੱਧ ਸੁਤੰਤਰਤਾ** : ਬੱਚੇ ਨੂੰ ਦਿੱਤੀ ਗਈ ਬਹੁਤ ਜ਼ਿਆਦਾ ਸੁਤੰਤਰਤਾ ਹਾਨੀਕਾਰਕ ਹੁੰਦੀ ਹੈ।

### 1.5.5 ਪ੍ਰਯੋਜਨਵਾਦ (Pragmatism)

ਪ੍ਰਯੋਜਨਵਾਦ ਸ਼ਬਦ ਦੀ ਉੱਤਪਤੀ ਯੂਨਾਨੀ ਸ਼ਬਦ ਪ੍ਰੇਗਮਾ (Pragma) ਤੋਂ ਹੋਈ ਹੈ ਜਿਸ ਦਾ ਅਰਥ ਹੈ ਕੀਤਾ ਗਿਆ ਕੰਮ ਜਾਂ ਵਸਤੂ, ਅਰਥਾਤ ਮੁਕੰਮਲ ਕੀਤਾ ਗਿਆ ਕਾਰਜ। ਪ੍ਰਯੋਜਨਵਾਦ ਦਾ ਆਧਾਰ 'ਕੰਮ ਕਰਨ ਦੀ ਯੋਗਤਾ' ਹੈ। ਜੇਕਰ ਕਿਸੇ ਕਿਰਿਆ ਦਾ ਨਤੀਜਾ ਲਾਭਦਾਇਕ ਹੈ, ਤਾਂ ਉਹ ਕਿਰਿਆ ਸੱਚੀ ਹੈ। ਜੇਕਰ ਨਤੀਜਾ ਲਾਭਦਾਇਕ ਨਹੀਂ, ਤਾਂ ਉਹ ਝੂਠੀ ਹੈ। ਪ੍ਰਯੋਜਨਵਾਦ ਦੀ ਧਾਰਨਾ ਹੈ ਕਿ 'ਜੋ ਕੁਝ ਸਫਲ ਹੁੰਦਾ ਹੈ ਉਹੀ ਸੱਚ ਹੈ।' ਕਿਸੇ ਕਿਰਿਆ ਦੀ ਮਹੱਤਤਾ ਉਸ ਦੀ ਸਫਲ ਹੋਣ ਦੀ ਯੋਗਤਾ ਵਿਚ ਹੈ, ਉਸ ਦੀ ਹੋਰ ਕੋਈ ਮਹੱਤਤਾ ਨਹੀਂ ਹੈ। ਪ੍ਰਤੀਦਿਨ ਦੇ ਅਨੁਭਵ ਤੇ ਆਧਾਰਿਤ ਇਹ ਕੇਵਲ ਅਮਰੀਕੀ ਦਰਸ਼ਨ ਹੈ। ਇਸ ਦਰਸ਼ਨ ਅਨੁਸਾਰ, ਕੀਮਤਾਂ ਨਿਸ਼ਚਿਤ ਨਹੀਂ ਹਨ, ਸੱਚਾਈ ਦਾ ਆਪਣਾ ਕੋਈ ਸਰੂਪ ਨਹੀਂ ਹਨ। ਜਾਹਨ ਡਿਊਈ ਕਹਿੰਦੇ ਹਨ, ਕੀਮਤਾਂ ਬਿਲਕੁਲ ਬੱਦਲਾਂ ਵਾਂਗ ਅਸਥਾਈ ਹਨ। ਉਹਨਾਂ ਦਾ ਸਰੂਪ ਸਮੇਂ ਸਮੇਂ ਬਦਲਦਾ ਰਹਿੰਦਾ ਹੈ ਅਤੇ ਅਸਲੀਅਤ ਅਜੇ ਬਣਨ ਦੀ ਪ੍ਰਕਿਰਿਆ ਵਿਚ ਹੈ। ਹਥਿਆਰ ਉਹੀ ਹੁੰਦਾ ਹੈ ਜੋ ਮੌਕੇ ਤੇ ਕੰਮ ਦਿੰਦਾ ਹੈ, ਅਸਲੀਅਤ ਉਹੀ ਹੈ ਜੋ ਮਨੁੱਖ ਦਾ ਭਲਾ ਕਰਦੀ ਹੈ। ਅਜਿਹੀ ਕੋਈ ਵੀ ਵਸਤੂ ਨਹੀਂ ਜੋ ਸਾਰੇ ਸਮਿਆਂ ਲਈ ਸੱਚੀ ਹੋਵੇ। ਆਦਰਸ਼ਾਂ ਦੀ ਕੋਈ ਹੋਂਦ ਨਹੀਂ ਹੈ। ਮਹੱਤਵ ਦੇਣ ਯੋਗ ਸਿਧਾਂਤ ਕੇਵਲ ਲਾਭਦਾਇਕਤਾ ਦਾ ਸਿਧਾਂਤ ਹੈ।

#### 1.5.5.1. ਪ੍ਰਯੋਜਨਵਾਦ ਸਿਧਾਂਤ (Principles of Pragmatism):

ਪ੍ਰਯੋਜਨਵਾਦ ਦੇ ਕੁਝ ਮੁੱਖ ਸਿਧਾਂਤ ਨਿਮਨਲਿਖਤ ਹਨ:

1. **ਕੋਈ ਸਦੀਵੀ ਕੀਮਤ ਨਹੀਂ ਹਨ (No Ultimate Values)**: ਪ੍ਰਯੋਜਨਵਾਦ ਦਰਸ਼ਨ ਦਾ ਮੁੱਖ ਸਿਧਾਂਤ ਇਹ ਹੈ ਕਿ ਮਨੁੱਖ ਕੰਮ ਕਰਨ ਦੇ ਦੌਰਾਨ ਹੀ ਆਪਣੀ ਕੀਮਤਾਂ ਦੀ ਉੱਤਪਤੀ ਕਰਦਾ ਹੈ। ਸਦਾ ਕਾਇਮ ਰਹਿਣ ਵਾਲੀਆਂ ਕੋਈ ਨਿਸ਼ਚਿਤ ਕੀਮਤਾਂ ਨਹੀਂ ਹਨ। ਸਚਾਈਆਂ ਵੀ ਮਨੁੱਖ ਦੁਆਰਾ ਬਣਾਈਆਂ ਗਈਆਂ ਵਸਤੂਆਂ ਹਨ। ਸਦੀਵੀ ਸੱਚਾਈ ਵਰਗੀ ਕੋਈ ਚੀਜ਼ ਨਹੀਂ ਹੈ। ਪ੍ਰਯੋਜਨਵਾਦ ਅਨੁਸਾਰ, ''ਜੋ ਕੁਝ ਵੀ ਮਨੁੱਖ ਦੇ ਉਦੇਸ਼ ਤੇ ਇੱਛਾਵਾਂ ਦੀ ਪੂਰਤੀ ਕਰਦਾ ਹੈ, ਉਹੀ ਸੱਚਾਈ ਹੈ। ਸੱਚਾਈ ਉਹ ਹੈ ਜਿਸਦੇ ਤਸੱਲੀਬਖਸ਼ ਨਤੀਜੇ ਨਿਕਲਦੇ ਹਨ। ਜਦੋਂ ਉਸ ਨੂੰ ਪ੍ਰਯੋਗ ਕੀਤਾ ਜਾਂਦਾ ਹੈ।''
2. **ਤਜ਼ਰਬਿਆਂ ਤੇ ਜ਼ੋਰ (Emphasis on Experimentation)** : ਯਥਾਰਥਵਾਦ ਤਜ਼ਰਬਿਆਂ ਦੀ

ਮਹੱਤਤਾ ਤੇ ਵਿਸ਼ੇਸ਼ ਜ਼ੋਰ ਦਿੰਦਾ ਹੈ। ਇਹ ਹਰ ਇਕ ਕਥਨ ਨੂੰ ਉਸ ਦੇ ਅਮਲੀ ਸਿੱਟਿਆਂ ਦਾ ਪਤਾ ਕਰਕੇ ਟੈਸਟ ਕਰਨ ਲਈ ਕਹਿੰਦਾ ਹੈ। ਜੇਕਰ ਇਹ ਸਿੱਟੇ ਲਾਭਦਾਇਕ ਹਨ ਤਾਂ ਕਥਨ ਨੂੰ ਮੰਨ ਲਿਆ ਜਾਂਦਾ ਹੈ ਨਹੀਂ ਤਾਂ ਉਸ ਨੂੰ ਨਾ-ਮੰਜ਼ੂਰ ਕਰ ਦਿੱਤਾ ਜਾਂਦਾ ਹੈ। ਮਨੁੱਖ ਸਦਾ ਹੀ ਆਪਣੇ ਜੀਵਨ ਵਿਚ ਵੱਖ-ਵੱਖ ਤਜ਼ਰਬੇ ਕਰਦਾ ਰਹਿੰਦਾ ਹੈ। ਪਰੰਤੂ ਉਦੋਂ ਤੱਕ ਕੋਈ ਫੈਸਲਾ ਨਹੀ ਦਿੱਤਾ ਜਾ ਸਕਦਾ ਜਦੋਂ ਤੱਕ ਕਿਸੇ ਤਜ਼ਰਬੇ ਨੂੰ ਅਨੁਭਵ ਦੁਆਰਾ ਟੈਸਟ ਨਹੀਂ ਕਰ ਲਿਆ ਜਾਂਦਾ। ਉਹੀ ਚੀਜ਼ ਚੰਗੀ ਤੇ ਸੁੰਦਰ ਹੈ ਜਿਹੜੀ ਤਜਰਬੇ ਤੋਂ ਬਾਅਦ ਲਾਭਦਾਇਕ ਸਿੱਧ ਹੁੰਦੀ ਹੈ। ਜਾਹਨ ਡਿਊਈ ਕਹਿੰਦੇ ਹਨ, ''ਮੈਂ ਤਸਦੀਕ ਕਰਦਾ ਹਾਂ ਕਿ ਪ੍ਰਯੋਜਨਵਾਦ ਧਾਰਨਾ ਦਾ ਅਰਥ ਕੇਵਲ ਇਹ ਹੈ ਕਿ ਸਮੁੱਚੇ ਵਿਚਾਰਾਂ ਅਤੇ ਸੋਚ ਨੂੰ ਟੈਸਟ ਕਰਨ ਅਤੇ ਅੰਤਲੇ ਅਰਥ ਕੱਢਣ ਲਈ ਨਤੀਜਿਆਂ ਦੀ ਕਸੌਟੀ ਤੇ ਪਰਖਣ ਦੇ ਨਿਯਮ ਦੀ ਪਾਲਨਾ ਕੀਤੀ ਜਾਵੇ।'' ਮਿਸਟਰ ਪੀਅਰਸ ਇਸਨੂੰ ਮਨ ਦੀਆਂ ਪ੍ਰਯੋਗਸ਼ਾਲਾਤਮਕ ਆਦਤਾਂ ਕਹਿੰਦੇ ਹਨ।

3. **ਅਮਲੀ ਦਰਸ਼ਨ ਵਿੱਚ ਵਿਸ਼ਵਾਸ (Belief in Practical Philosophy)**: ਪ੍ਰਯੋਜਨਵਾਦ ਦਾ ਵਿਸ਼ਵਾਸ ਹੈ ਕਿ ਦਰਸ਼ਨ ਕੇਵਲ ਭੂਤ ਕਾਲ ਦੀ ਸਿਆਣਪ ਨਹੀਂ ਹੈ।ਸੱਚਾ ਦਰਸ਼ਨ ਉਹ ਹੈ ਜੋ ਜੀਵਨ ਦੀਆਂ ਅਮਲੀ ਸਮੱਸਿਆਵਾਂ ਨੂੰ ਹੱਲ ਕਰਨ ਵਿਚ ਸਹਾਇਤਾ ਕਰਦਾ ਹੈ। ਜਾਨ ਡਿਊਈ ਕਹਿੰਦਾ ਹੈ, ''ਦਰਸ਼ਨ ਨੂੰ, ਇੱਕ ਚੰਗਾ ਦਰਸ਼ਨ ਬਣਨ ਲਈ, ਇਸਦਾ ਅਰਥ ਹੋਣਾ ਚਾਹੀਦਾ ਹੈ ਅਤੇ ਮਾਨਵੀ ਸਮੱਸਿਆਵਾਂ ਦਾ ਹੱਲ ਲੱਭਣ ਵਿੱਚ ਲਾਭਦਾਇਕ ਹੋਣਾ ਚਾਹੀਦਾ ਹੈ। ਇਸਨੂੰ ਜੀਵਨ ਦੇ ਵਿਹਾਰ ਨੂੰ ਪ੍ਰਭਾਵਿਤ ਕਰਨ ਵਿਚ ਅਮਲੀ ਅਤੇ ਲਾਭਦਾਇਕ ਹੋਣਾ ਚਾਹੀਦਾ ਹੈ।'' ਪ੍ਰਯੋਜਨਵਾਦ ਅਨੁਸਾਰ ''ਜੀਵਨ ਸਥਿਤੀ ਵਿਚ ਕੀ ਕਰਨਾ ਹੈ ਇਸ ਸੰਬੰਧੀ ਵਿਚਾਰ ਹੀ ਦਰਸ਼ਨ ਹੈ ਅਤੇ ਇਹ ਉਸ ਸਮੇਂ ਹੋਂਦ ਵਿੱਚ ਆਉਂਦੀ ਹੈ ਜਦੋਂ ਸਮੱਸਿਆਵਾਂ ਪੈਦਾ ਹੁੰਦੀਆਂ ਹਨ।

4. **ਮਨੁੱਖੀ ਵਿਕਾਸ ਅਤੇ ਵਾਤਾਵਰਣ (Human Development and Environment)**: ਪ੍ਰਯੋਜਨਵਾਦੀਆਂ ਦਾ ਵਿਸ਼ਵਾਸ ਹੈ ਕਿ ਮਨੁੱਖ ਅਤੇ ਵਾਤਾਵਰਣ ਵਿਚਕਾਰ ਪ੍ਰਕਿਰਿਆ ਦੇ ਕਾਰਣ ਮਨੁੱਖੀ ਵਿਅਕਤਿਤਵ ਦਾ ਵਿਕਾਸ ਹੁੰਦਾ ਹੈ। ਮਨੁੱਖ ਆਪਣੇ ਆਪ ਨੂੰ ਵਾਤਾਵਰਣ ਅਨੁਸਾਰ ਢਾਲਣ ਦੀ ਕੋਸ਼ਿਸ਼ ਕਰਦਾ ਹੈ ਅਤੇ ਇਸ ਨਾਲ ਉਸਦਾ ਵਿਕਾਸ ਹੁੰਦਾ ਹੈ। ਢਾਲਣ ਦੀ ਕਿਰਿਆ ਦੌਰਾਨ ਮਨੁੱਖ ਨਾ ਕੇਵਲ ਵਾਤਾਵਰਣ ਅਨੁਸਾਰ ਆਪਣੇ ਆਪ ਨੂੰ ਢਾਲਦਾ ਹੈ ਸਗੋਂ ਵਾਤਾਵਰਣ ਨੂੰ ਆਪਣੀਆਂ ਲੋੜਾਂ ਉਦੇਸ਼ਾਂ ਅਤੇ ਇੱਛਾਵਾਂ ਅਨੁਸਾਰ ਢਾਲਣ ਦੀ ਕੋਸ਼ਿਸ਼ ਕਰਦਾ ਹੈ।

5. **ਲੋਕਰਾਜ ਵਿਚ ਵਿਸ਼ਵਾਸ (Faith in Democracy)**: ਪ੍ਰਯੋਜਨਵਾਦ ਦਾ ਲੋਕਰਾਜ ਵਿਚ ਅਟੁੱਟ ਵਿਸ਼ਵਾਸ ਹੈ। ਕੇਵਲ ਲੋਕਰਾਜ ਦੁਆਰਾ ਹੀ ਮਨੁੱਖ ਆਪਣੇ ਵਿਅਕਤਿਤਵ ਦਾ ਉੱਚਤਮ ਵਿਕਾਸ ਕਰ ਸਕਦਾ ਹੈ। ਇਹ ਵਿਕਾਸ ਕੇਵਲ ਸਮਾਜਿਕ ਵਾਤਾਵਰਣ ਵਿਚ ਹੀ ਸੰਭਵ ਹੈ। ਵਿਅਕਤੀ ਦੇ ਵਿਕਾਸ ਨਾਲ ਸਮਾਜ ਦਾ ਵਿਕਾਸ ਵੀ ਹੁੰਦਾ ਹੈ। ਇਸ ਲਈ ਵਿਅਕਤੀ ਦੇ ਸੋਹਣੇ ਵਿਕਾਸ ਲਈ ਲੋਕਰਾਜੀ ਸਮਾਜਿਕ ਢਾਂਚਾ ਜ਼ਰੂਰੀ ਸਮਝਿਆ ਜਾਂਦਾ ਹੈ। ਅਜਿਹੇ ਸਮਾਜ ਵਿੱਚ ਮੈਂਬਰਾਂ ਵਿੱਚ ਅਨੁਭਵਾਂ ਦੀ ਵੱਧ ਤੋਂ ਵੱਧ ਆਪਸੀ ਸਾਂਝ ਹੁੰਦੀ ਹੈ।

6. **ਪੁਰਾਤਨਤਾ ਵਿਰੁੱਧ ਬਗਾਵਤ (Revolt against Traditionalism)**: ਪ੍ਰਯੋਜਨਵਾਦ ਦਾ ਵਿਸ਼ਵਾਸ ਹੈ ਕਿ ਅਸਲੀਅਤ ਹੋਂਦ ਵਿੱਚ ਆ ਰਹੀ ਹੈ। ਸੱਚਾਈ ਉਹ ਹੁੰਦੀ ਹੈ ਜੋ ਅਮਲੀ ਸਥਿਤੀ ਵਿਚ ਕੰਮ ਆਵੇ। ਜੋ ਕੁਝ ਵੀ ਮਨੁੱਖ ਦੇ ਉਦੇਸ਼ ਦੀ ਪੂਰਤੀ ਕਰਦਾ ਹੈ ਅਤੇ ਉਸ ਦੇ ਜੀਵਨ ਦਾ ਵਿਕਾਸ ਕਰਦਾ ਹੈ, ਉਹ ਹੀ ਸੱਚਾਈ ਹੈ। ਇਸ ਪ੍ਰਕਾਰ ਇਹ ਪੁਰਾਤਨਤਾ ਵਿਰੁੱਧ ਇਕ ਬਗਾਵਤ ਹੈ।

### 1.5.5.2. ਪ੍ਰਯੋਜਨਵਾਦ ਅਤੇ ਸਿੱਖਿਆ (Pragmatism and Education):

ਪ੍ਰਯੋਜਨਵਾਦ ਨੇ ਸਾਰੇ ਸੰਸਾਰ ਵਿਚ ਸਿੱਖਿਆ ਤੇ ਬਹੁਤ ਪ੍ਰਭਾਵ ਪਾਇਆ ਹੈ। ਇਸ ਦਾ ਪ੍ਰਭਾਵ ਆਦਰਸ਼ਵਾਦ ਅਤੇ ਪ੍ਰਕਿਰਤੀਵਾਦ ਦੋਹਾਂ ਨਾਲੋਂ ਵੱਧ ਹੈ। ਆਦਰਸ਼ਵਾਦ ਦੀਆਂ ਕੀਮਤਾਂ ਤੇ ਆਦਰਸ਼ਾਂ ਅਤੇ

ਪ੍ਰਕਿਰਤੀਵਾਦੀ ਸਾਧਾਰਨਤਾ ਤੇ ਅਨੇਕਤਾ ਦੀ ਥਾਂ ਪ੍ਰਯੋਜਨਵਾਦ ਦੀ ਉਪਭੋਗਤਾ ਨੇ ਲੈ ਲਈ ਹੈ। 'ਸਫਾਇਆ ਅਤੇ ਸ਼ੈਦਾਂ' ਪ੍ਰਯੋਜਨਵਾਦ ਦੇ ਸਿੱਖਿਆ ਉੱਤੇ ਨਿਮਨਲਿਖਤ ਪ੍ਰਭਾਵ ਨੂੰ ਮਹੱਤਵ ਦਿੰਦੇ ਹਨ:

**(ੳ) ਪ੍ਰਯੋਜਨਵਾਦ ਅਤੇ ਸਿੱਖਿਆ ਦੇ ਉਦੇਸ਼ (Pragmatism and Aims of Education):**

1. **ਨਵੀਆਂ ਕੀਮਤਾਂ ਦੀ ਸਿਰਜਨਾ (Creation of New Values):** ਪ੍ਰਯੋਜਨਵਾਦ ਨੇ ਸਿੱਖਿਆ ਦੇ ਕੋਈ ਨਿਸ਼ਚਿਤ ਉਦੇਸ਼ ਜਾਂ ਨਿਸ਼ਾਨੇ ਨਹੀਂ ਦਿੱਤੇ ਹਨ। ਰੋਸ ਅਨੁਸਾਰ, ''ਇਕ ਪ੍ਰਯੋਜਨਵਾਦੀ ਦਾ ਆਮ ਸਿੱਖਿਆ ਦਾ ਉਦੇਸ਼ ਨਵੀਆਂ ਕੀਮਤਾਂ ਦੀ ਸਿਰਜਨਾ ਹੀ ਹੈ। ਇਸ ਲਈ ਸਿੱਖਿਅਕ ਦਾ ਕੰਮ ਇਹ ਹੈ ਕਿ ਸਿੱਖਿਆਰਥੀ ਨੂੰ ਆਪਣੇ ਲਈ ਕੀਮਤਾਂ ਦਾ ਵਿਕਾਸ ਕਰਨ ਦੀ ਸਥਿਤੀ ਵਿੱਚ ਪਾ ਦੇਵੇ।''

2. **ਕਿਰਿਆਸ਼ੀਲਤਾ ਅਤੇ ਅਨੁਭਵ (Activity and Experience):** ਨਵੀਆਂ ਕੀਮਤਾਂ ਦੀ ਰਚਨਾ ਲਈ ਕਿਰਿਆਸ਼ੀਲਤਾ ਅਤੇ ਅਨੁਭਵ ਜ਼ਰੂਰੀ ਹਨ। ਇਸ ਲਈ ਸਿੱਖਿਆ ਦੁਆਰਾ ਕੀਮਤਾਂ ਦੀ ਰਚਨਾ ਦੇ ਸਾਧਨ ਵਜੋਂ ਭੌਤਿਕ, ਮਾਨਸਿਕ, ਨੈਤਿਕ ਅਤੇ ਸੁੰਦਰਤਾ ਸੰਬੰਧੀ ਕਿਰਿਆਵਾਂ ਬੱਚੇ ਨੂੰ ਪ੍ਰਾਪਤ ਕਰਵਾਈਆਂ ਜਾਣੀਆਂ ਚਾਹੀਦੀਆਂ ਹਨ।

3. **ਨਿੱਜੀ ਅਤੇ ਸਮਾਜਿਕ ਸਮਾਯੋਜਨ (Personal and Social Adjustment):** ਪਰੰਤੂ ਇਨ੍ਹਾਂ ਸਾਰੇ ਪੱਖਾਂ ਦਾ ਵਿਕਾਸ ਮਨੁੱਖ ਦੀਆਂ ਨਿੱਜੀ ਅਤੇ ਸਮਾਜਿਕ ਲੋੜਾਂ ਦੀ ਪੂਰਤੀ ਲਈ ਕੀਤਾ ਜਾਂਦਾ ਹੈ। ਇਸ ਲਈ ਸਿੱਖਿਆ ਦਾ ਮੁੱਖ ਉਦੇਸ਼ ਸਮਾਜਿਕ ਵਾਤਾਵਰਣ ਵਿੱਚ ਬੱਚੇ ਦੁਆਰਾ ਕੀਤੀਆਂ ਗਈਆਂ ਲੋੜਾਂ ਦੀ ਪੂਰਤੀ ਲਈ ਉਸ ਦੀਆਂ ਪ੍ਰਕਿਰਤਿਕ ਪ੍ਰਵਿਰਤੀਆਂ, ਦਿਲਚਸਪੀਆਂ ਅਤੇ ਯੋਗਤਾਵਾਂ ਨੂੰ ਸੋਧ ਦੇਣਾ ਹੈ।

4. **ਅਨੁਭਵਾਂ ਦਾ ਪੁਨਰ-ਨਿਰਮਾਣ (Reconstruction of Experience):** ਕਿਉਂ ਜੋ ਹਰ ਇਕ ਵਿਅਕਤੀ ਨੇ ਜੀਵਨ ਵਿਚ ਵੱਖ-ਵੱਖ ਸਮੱਸਿਆਵਾਂ ਨੂੰ ਹੱਲ ਕਰਨਾ ਹੁੰਦਾ ਹੈ, ਇਸ ਲਈ ਸਿੱਖਿਆ ਦਾ ਉਦੇਸ਼ ਇਕ ਕਿਰਿਆਸ਼ੀਲ, ਢਾਲਣਸ਼ੀਲ ਅਤੇ ਚੇਤੰਨ ਮਨ ਦੀ ਬਣਤਰ ਅਤੇ ਵਿਕਾਸ ਹੋਣਾ ਚਾਹੀਦਾ ਹੈ। ਕੇਵਲ ਅਜਿਹੇ ਮਨ ਵਾਲੇ ਵਿਅਕਤੀ ਵਿਚ ਹੀ ਅਜਿਹੀ ਸਿਰਜਣਾਤਮਿਕ ਅਤੇ ਨਵੀਂ ਵਿਚਾਰਧਾਰਾ ਸੰਭਵ ਹੈ ਜਿਹੜੀ ਉਸ ਨੂੰ ਜੀਵਨ ਦੀਆਂ ਵੱਖ-ਵੱਖ ਸਥਿਤੀਆਂ ਦਾ ਸਾਹਮਣਾ ਕਰਨ ਦੇ ਯੋਗ ਬਣਾਉਂਦੀ ਹੈ। ਪ੍ਰਯੋਜਨਵਾਦ ਵਾਤਾਵਰਣ ਅਨੁਸਾਰ ਢਾਲਣਸ਼ੀਲਤਾ, ਅਨੁਭਵ ਪ੍ਰਾਪਤੀ ਅਤੇ ਵਾਤਾਵਰਣ ਤੇ ਕਾਬੂ ਪਾਉਣ ਦੀ ਸ਼ਕਤੀ ਦੇ ਵਿਕਾਸ ਤੇ ਜ਼ੋਰ ਦਿੰਦਾ ਹੈ।

5. **ਸਰਵ-ਪੱਖੀ ਵਿਕਾਸ (All-round Development):** ਵਿਅਕਤੀ ਦਾ ਸਰਵ-ਪੱਖੀ ਵਿਕਾਸ ਵੀ ਸਿੱਖਿਆ ਦਾ ਇਕ ਮਹੱਤਵਪੂਰਨ ਉਦੇਸ਼ ਹੈ, ਵਿਅਕਤੀ ਦਾ ਸਰੀਰਕ, ਮਾਨਸਿਕ, ਸਮਾਜਿਕ, ਨੈਤਿਕ ਅਤੇ ਸੁੰਦਰਤਾ ਸੰਬੰਧੀ ਵਿਕਾਸ ਜ਼ਰੂਰ ਹੋਣਾ ਚਾਹੀਦਾ ਹੈ।

**(ਅ) ਪ੍ਰਯੋਜਨਵਾਦ ਅਤੇ ਪਾਠ-ਕ੍ਰਮ (Pragmatism and Curriculum)**

1. **ਪ੍ਰਕਿਰਿਆ ਪਾਠ-ਕ੍ਰਮ (Activity Curriculum):** ਪ੍ਰਯੋਜਨਵਾਦੀ ਪਾਠ-ਕ੍ਰਮ ਦੀ ਉਪਯੋਗਤਾ ਤੇ ਅਧਾਰਿਤ ਹੁੰਦਾ ਹੈ। ਇਸ ਦੁਆਰਾ ਕੇਵਲ ਉਹ ਹੀ ਅਨੁਭਵ ਬੱਚੇ ਨੂੰ ਪ੍ਰਦਾਨ ਕੀਤੇ ਜਾਂਦੇ ਹਨ ਜਿਨ੍ਹਾਂ ਰਾਹੀਂ ਉਸ ਨੂੰ ਉਨ੍ਹਾਂ ਹੀ ਗਿਆਨ ਤੇ ਹੁਨਰ ਪ੍ਰਾਪਤ ਹੁੰਦਾ ਹੈ ਜਿਨ੍ਹਾਂ ਦੀ ਉਸ ਨੂੰ ਵਰਤਮਾਨ ਦੇ ਭਵਿੱਖ ਦੇ ਜੀਵਨ ਵਿਚ ਲੋੜ ਹੁੰਦੀ ਹੈ। ਮੁੱਢਲੀ ਅਵਸਥਾ ਵਿਚ ਪੜ੍ਹਾਈ-ਲਿਖਾਈ, ਅੰਕ-ਗਣਿਤ, ਪ੍ਰਕਿਰਤੀ-ਅਧਿਐਨ, ਡਰਾਇੰਗ ਅਤੇ ਹੱਥ ਦੇ ਕੰਮ ਦੀ ਸਿੱਖਿਆ ਦਿੱਤੀ ਜਾਂਦੀ ਹੈ। ਅੱਗੇ ਜਾ ਕੇ ਭਾਸ਼ਾਵਾਂ, ਸਮਾਜਿਕ ਅਧਿਐਨ, ਸਰੀਰਕ-ਵਿਗਿਆਨ, ਗਣਿਤ ਅਤੇ ਹਾਈਜੀਨ (hygiene) ਪਾਠ-ਕ੍ਰਮ ਵਿਚ ਸ਼ਾਮਿਲ ਕੀਤੇ ਜਾਂਦੇ ਹਨ। ਮੁੰਡਿਆਂ ਲਈ ਖੇਤੀਬਾੜੀ ਅਤੇ ਕੁੜੀਆਂ ਲਈ ਗ੍ਰਹਿ-ਵਿਗਿਆਨ ਦੀ ਸਿੱਖਿਆ ਦਾ ਪ੍ਰਬੰਧ ਕੀਤਾ ਜਾਂਦਾ ਹੈ। ਕਿੱਤੇ ਸੰਬੰਧੀ ਸਿੱਖਿਆ ਦੀ ਵੀ ਸਿਫਾਰਿਸ਼ ਕੀਤੀ ਜਾਂਦੀ ਹੈ।

2. **ਏਕੀਕਰਨ ਦਾ ਸਿਧਾਂਤ (Principle of Integration)** : ਪਾਠ-ਕ੍ਰਮ ਦੇ ਵਿਸ਼ਿਆਂ ਸੰਬੰਧੀ ਫੈਸਲਾ ਕਰਨ ਸਮੇਂ ਏਕੀਕਰਨ ਦੇ ਸਿਧਾਂਤ ਨੂੰ ਧਿਆਨ ਵਿੱਚ ਰੱਖਿਆ ਜਾਂਦਾ ਹੈ। ਗਿਆਨ ਦੀ ਵੱਖ-ਵੱਖ

ਵਿਸ਼ਿਆਂ ਵਿਚ ਵੰਡ ਕਰਨ ਦੀ ਥਾਂ ਜੀਵਨ ਦੀਆਂ ਵੱਖ-ਵੱਖ ਸਮੱਸਿਆਵਾਂ ਤੋਂ ਪ੍ਰਾਪਤ ਹੋਣ ਵਾਲਾ ਸਮੁੱਚਾ ਗਿਆਨ ਜ਼ਿਆਦਾ ਚੰਗਾ ਸਮਝਿਆ ਜਾਂਦਾ ਹੈ। ਵੱਖ-ਵੱਖ ਵਿਸ਼ਿਆਂ ਦੀ ਪੜ੍ਹਾਈ ਦੀ ਬਜਾਏ, ਵਿਦਿਆਰਥੀ ਨੂੰ ਜਿਸ ਕਿਰਿਆ ਵਿਚ ਉਹ ਲੱਗਿਆ ਹੋਇਆ ਉਸ ਨਾਲ ਸੰਬੰਧਿਤ ਸਮੁੱਚੇ ਗਿਆਨ ਨੂੰ ਸੁਤੰਤਰਤਾ ਪੂਰਵਕ ਗ੍ਰਹਿਣ ਕਰਨ ਲਈ ਉਤਸ਼ਾਹਿਤ ਕਰਨਾ ਚਾਹੀਦਾ ਹੈ।

ਪਰੰਤੂ ਪ੍ਰਯੋਜਨਵਾਦ, ਪਾਠ-ਕ੍ਰਮ ਵਿਚ ਸਭਿਆਚਾਰਕ ਕਿਰਿਆਵਾਂ ਨੂੰ ਸ਼ਾਮਿਲ ਨਹੀਂ ਕਰਦਾ, ਕਿਉਂਕਿ ਉਨ੍ਹਾਂ ਨਾਲ ਸੰਸਾਰਕ ਕਾਰਜਾਂ ਵਿੱਚ ਉਨਤੀ ਨਹੀਂ ਹੁੰਦੀ। ਇਹ ਕੇਵਲ ਉਪਯੋਗੀ ਪੱਖ ਤੇ ਜ਼ੋਰ ਦਿੰਦਾ ਹੈ ਅਤੇ ਕਵਿਤਾ ਤੇ ਕਲਾ ਜਿਹੇ ਲਾਭਦਾਇਕ ਵਿਸ਼ਿਆਂ ਨੂੰ ਬੇਧਿਆਨਾ ਕਰਦਾ ਹੈ।

**(ੲ) ਪ੍ਰਯੋਜਨਵਾਦ ਅਤੇ ਅਧਿਆਪਨ ਵਿਧੀਆਂ (Pragmatism and Methods of Teaching):**

**1. ਕਾਰਜ ਦੁਆਰਾ ਸਿੱਖਿਆ (Education through Learning by Doing):** ਪ੍ਰਯੋਜਨਵਾਦ ਪੁਰਾਤਨ ਅਧਿਆਪਨ ਵਿਧੀਆਂ ਦੇ ਹੱਕ ਵਿੱਚ ਨਹੀਂ ਹੈ। ਇਹ ਨਵੀਆਂ ਵਿਧੀਆਂ ਨਾਲ ਤਜਰਬੇ ਕਰਨ ਵਿੱਚ ਵਿਸ਼ਵਾਸ ਰੱਖਦਾ ਹੈ। ਇਹ ਵਿਧੀਆਂ ਅਧਿਆਪਕ ਦੁਆਰਾ ਅਸਲ ਸਥਿਤੀਆਂ ਨੂੰ ਧਿਆਨ ਵਿੱਚ ਰੱਖ ਕੇ ਬਣਾਈਆਂ ਜਾਂਦੀਆਂ ਹਨ। ਪੜ੍ਹਾਉਣਾ ਜਾਂ ਗਿਆਨ ਦੇਣਾ ਸਿੱਖਿਆ ਨਹੀਂ ਹੈ, ਇਹ ਤਾਂ ਬੱਚੇ ਦੁਆਰਾ ਆਪਣੀ ਹੀ ਕੋਸ਼ਿਸ਼ ਤੇ ਸਿਰਜਨਾਤਿਮਿਕ ਕਿਰਿਆ ਰਾਹੀਂ ਸਿੱਖਣ ਨੂੰ ਉਤਸ਼ਾਹਿਤ ਕਰਨਾ ਹੈ। ਗਿਆਨ ਪੁਸਤਕਾਂ ਤੋਂ ਪ੍ਰਾਪਤ ਨਹੀਂ ਹੁੰਦਾ, ਸਗੋਂ ਆਪਣੇ ਆਪ ਕਿਰਿਆ ਕਰਨ ਨਾਲ ਪ੍ਰਾਪਤ ਹੁੰਦਾ ਹੈ।

**2. ਅਸਲੀ ਜੀਵਨ ਸਥਿਤੀ ਦੇ ਪ੍ਰਬੰਧ (Provision of Real Life Situations):** ਇਸ ਪ੍ਰਕਾਰ ਪ੍ਰਯੋਜਨਵਾਦ ਸੋਚ ਨਾਲੋਂ ਕਾਰਜ ਤੇ ਵੱਧ ਜ਼ੋਰ ਦਿੰਦਾ ਹੈ। ਬੱਚੇ ਨੂੰ ਅਸਲੀ ਜੀਵਨ ਸਥਿਤੀ ਦਾ ਸਾਹਮਣਾ ਕਰਵਾਉਣਾ ਚਾਹੀਦਾ ਹੈ ਤਾਂ ਜੋ ਉਹ ਉਨ੍ਹਾਂ ਸਥਿਤੀਆਂ ਤੋਂ ਪੈਦਾ ਹੋਣ ਵਾਲੀਆਂ ਸਮੱਸਿਆਵਾਂ ਨੂੰ ਆਪਣੇ ਆਪ ਕਿਰਿਆਤਮਿਕ ਢੰਗ ਨਾਲ ਹੱਲ ਕਰ ਸਕੇ। ਉਸ ਨੂੰ ਜ਼ਰੂਰ ਹੀ ਉਪਯੋਗੀ, ਸਿਰਜਨਾਤਮਿਕ ਕਿਰਿਆ ਅਤੇ ਸਮੱਸਿਆ ਪ੍ਰਧਾਨ ਕਾਰਜਾਂ ਵਿਚ ਲਗਾਉਣਾ ਚਾਹੀਦਾ ਹੈ।

**3. ਪ੍ਰਾਜੈਕਟ ਵਿਧੀ (Project Method):** ਪਰੰਤੂ ਸਿੱਖਿਆ ਅਮਲ ਹੈ। ਪ੍ਰਯੋਜਨਵਾਦ ਦੀ ਸਭ ਤੋਂ ਵੱਡੀ ਦੇਣ ਪ੍ਰਾਜੈਕਟ ਵਿਧੀ ਹੈ। ਪ੍ਰਾਜੈਕਟ ''ਸਮੱਸਿਆ ਪ੍ਰਧਾਨ ਉਹ ਕਾਰਜ ਹੁੰਦਾ ਹੈ ਜਿਸ ਨੂੰ ਉਸ ਦੇ ਸੁਭਾਵਿਕ ਰੂਪ ਵਿੱਚ ਹੱਲ ਕੀਤਾ ਜਾਂਦਾ ਹੈ।'' ਬੱਚੇ ਨੂੰ ਇਕ ਅਮਲੀ ਤੇ ਉਪਯੋਗੀ ਕਾਰਜ ਕਰਨ ਲਈ ਦਿੱਤਾ ਜਾਂਦਾ ਹੈ। ਇੰਜ ਕਰਨ ਸਮੇਂ ਉਸ ਨੂੰ ਕੁਝ ਸਿਧਾਂਤਾਂ, ਹੁਨਰ ਤੇ ਵਿਧੀਆਂ ਦੀ ਲੋੜ ਮਹਿਸੂਸ ਹੁੰਦੀ ਹੈ ਜਿਨ੍ਹਾਂ ਨੂੰ ਉਹ ਰਸਮੀ ਤੌਰ ਤੇ ਨਹੀਂ ਪਰੰਤੂ ਗੈਰ-ਰਸਮੀ ਤੌਰ ਤੇ ਗ੍ਰਹਿਣ ਕਰ ਲੈਂਦਾ ਹੈ। ਇਸ ਪ੍ਰਕਾਰ ਬੱਚਾ ਉਸ ਕਾਰਜ ਦੀ ਪੂਰਤੀ ਵਿਚ ਪ੍ਰਾਪਤ ਅਨੁਭਵਾਂ ਦੁਆਰਾ ਗਿਆਨ ਤੇ ਹੁਨਰ ਪ੍ਰਾਪਤ ਕਰਦਾ ਹੈ। ਮਨੋਵਿਗਿਆਨਕ ਪੱਖ ਤੋਂ ਵੀ ਇਹ ਵਿਧੀ ਚੰਗੀ ਹੈ ਕਿਉਂਕਿ ਬੱਚਾ ਸਦਾ ਹੀ ਆਪਣੇ ਹੱਥਾਂ ਦੁਆਰਾ ਕਾਰਜ ਕਰਨ ਵਿੱਚ ਦਿਲਚਸਪੀ ਲੈਂਦਾ ਹੈ।ਅਜਿਹੀ ਵਿਧੀ ਵਿੱਚ ਸਕੂਲ, ਪਾਠ-ਕ੍ਰਮ ਵਿਚ ਵਿਸ਼ਾ ਵਸਤੂ ਨੂੰ ਬੱਚੇ ਦੇ ਨਜ਼ਰੀਏ ਤੋਂ ਵੇਖਿਆ ਜਾਂਦਾ ਹੈ। ਪ੍ਰਾਜੈਕਟ ਵਿਧੀ ਦੇ ਪੰਜ ਪੜਾਅ ਹਨ। ਪਹਿਲੇ ਪੜਾਅ ਵਿਚ ਅਧਿਆਪਕ ਇਕ ਅਸਲੀ ਜੀਵਨ ਸਥਿਤੀ ਪੈਦਾ ਕਰਦਾ ਹੈ। ਤਦ ਵਿਦਿਆਰਥੀ ਪ੍ਰਾਜੈਕਟ ਚੁਣਦੇ ਹਨ ਅਤੇ ਇਸ ਨੂੰ ਸਿਰੇ ਚਾੜ੍ਹਨ ਲਈ ਯੋਜਨਾ ਬਣਾਉਂਦੇ ਹਨ। ਅਗਲਾ ਪੜਾਅ ਯੋਜਨਾ ਅਨੁਸਾਰ ਕੰਮ ਕਰਨਾ ਹੁੰਦਾ ਹੈ ਅਤੇ ਆਖਰੀ ਪੜਾਅ ਵਿਚ ਮੁਲਾਂਕਣ ਤੇ ਇਸਦੀ ਉਪਯੋਗਤਾ ਸੰਬੰਧੀ ਫੈਸਲਾ ਕੀਤਾ ਜਾਂਦਾ ਹੈ।

**(ਸ) ਪ੍ਰਯੋਜਨਵਾਦ ਅਤੇ ਅਨੁਸ਼ਾਸਨ (Pragmatism and Discipline):** ਪ੍ਰਯੋਜਨਵਾਦੀਆਂ ਦਾ ਵਿਸ਼ਵਾਸ ਹੈ ਕਿ ਇਕ ਸੁਤੰਤਰ ਤੇ ਖੁਸ਼ ਵਾਤਾਵਰਣ ਵਿਚ ਕੀਤੀਆਂ ਗਈਆਂ ਉਦੇਸ਼ਪੂਰਨ ਤੇ ਸਹਿਯੋਗੀ ਕਿਰਿਆਵਾਂ ਚੰਗੇ ਅਨੁਸ਼ਾਸਨ ਵਿਚ ਸਹਾਇਤਾ ਕਰਦੀਆਂ ਹਨ। ਅਜਿਹੀਆਂ ਕਿਰਿਆਵਾਂ ਬੱਚਿਆਂ ਵਿਚ ਸਹਿਨਸ਼ੀਲਤਾ, ਆਪਸੀ ਸਨਮਾਨ, ਆਤਮ-ਸੰਜਮ ਤੇ ਪਹਿਲ ਕਰਨ ਦੀ ਸ਼ਕਤੀ ਜਿਹੇ ਗੁਣ ਪੈਦਾ ਕਰਦੀਆਂ ਹਨ। ਇਸ ਪ੍ਰਕਾਰ ਇਹ ਚਰਿੱਤਰ ਨਿਰਮਾਣ ਤੇ ਅਨੁਸ਼ਾਸਨ ਦੀ ਸਥਾਪਨਾ ਵਿਚ ਬਹੁਤ ਮਦਦ ਕਰਦੀਆਂ ਹਨ। ਇਸ ਨੂੰ ਅਸੀ 'ਆਤਮ-ਅਨੁਸ਼ਾਸਨ' ਵੀ ਕਹਿ ਸਕਦੇ ਹਾਂ। ਇਹ ਬੱਚੇ ਉਤੇ ਕਿਸੇ ਬਾਹਰੀ ਦਬਾਅ ਦੁਆਰਾ ਥੋਪਿਆ ਨਹੀ ਜਾਂਦਾ ਸਗੋਂ ਬੱਚਾ ਆਪਣੀ

ਮਰਜ਼ੀ ਨਾਲ ਆਪਣੇ ਆਪ ਨੂੰ ਅਨੁਸ਼ਾਸਨ ਵਿੱਚ ਰੱਖਦਾ ਹੈ। ਇਸ ਲਈ ਇਹ ਸਭ ਤੋਂ ਚੰਗੇ ਪ੍ਰਕਾਰ ਦਾ ਅਨੁਸ਼ਾਸਨ ਹੁੰਦਾ ਹੈ। ਪ੍ਰਯੋਜਨਵਾਦ ਸਕੂਲ ਵਿੱਚ ਸਹਿਯੋਗੀ ਕਿਰਿਆਵਾਂ ਵਿਚ ਭਾਗ ਦੁਆਰਾ 'ਸਮਾਜਿਕ ਅਨੁਸ਼ਾਸਨ' ਤੇ ਵੀ ਜ਼ੋਰ ਦਿੰਦਾ ਹੈ। ਅਜਿਹੀਆਂ ਕਿਰਿਆਵਾਂ ਵਿਚ ਭਾਗ ਲੈਣ ਨਾਲ ਬੱਚੇ ਵਿਚ ਸਹਿਨਸ਼ੀਲਤਾ, ਆਪਸੀ ਸਨਮਾਨ, ਹਮਦਰਦੀ, ਕੰਮ ਸ਼ੁਰੂ ਕਰਨ ਦੀ ਸ਼ਕਤੀ ਅਤੇ ਮਨੁੱਖਤਾ ਦੀ ਸੇਵਾ ਜਿਹੇ ਗੁਣ ਪੈਦਾ ਹੁੰਦੇ ਹਨ।

(ਹ) **ਪ੍ਰਯੋਜਨਵਾਦ ਅਤੇ ਅਧਿਆਪਕ (Pragmatism and Teacher)**: ਇਕ ਪ੍ਰਯੋਜਨਵਾਦੀ ਅਧਿਆਪਕ ਦਾ ਮੁੱਖ ਕੰਮ ਇਕ ਅਜਿਹੀ ਜੀਵਨ ਸਥਿਤੀ ਪੈਦਾ ਕਰਨਾ ਹੈ ਜਿਸ ਵਿੱਚ ਕੁਝ ਸਮੱਸਿਆਵਾਂ ਜਨਮ ਲੈਣ ਅਤੇ ਬੱਚੇ ਉਨ੍ਹਾਂ ਦੇ ਹੱਲ ਵਿੱਚ ਦਿਲਚਸਪੀ ਰੱਖਦੇ ਹੋਣ। ਇਸ ਪ੍ਰਕਾਰ ਅਧਿਆਪਕ ਬੱਚੇ ਨੂੰ ਖੋਜੀ ਅਤੇ ਤਜਰਬੇ ਕਰਨ ਵਾਲਾ ਬਣਾ ਦਿੰਦਾ ਹੈ ਜਿਸਨੇ ਆਪਣੇ ਉਦੇਸ਼ਾਂ, ਨਿਸ਼ਾਨਿਆਂ ਅਤੇ ਮੰਤਵਾਂ ਸੰਬੰਧੀ ਸੁਤੰਤਰ ਰੂਪ ਵਿੱਚ ਫੈਸਲਾ ਕਰਨਾ ਹੈ। ਅਧਿਆਪਕ ਦਾ ਕੰਮ ਕੇਵਲ ਕਿਰਿਆ ਅਤੇ ਸਿੱਖਣ ਲਈ ਮੌਕੇ ਪ੍ਰਦਾਨ ਕਰਨਾ ਹੈ।ਅਧਿਆਪਕ ਇਕ ਮਿੱਤਰ ਤੇ ਸਹਾਇਕ ਹੁੰਦਾ ਹੈ। ਉਸ ਨੇ ਤਾਂ ਸਕੂਲ ਅਤੇ ਖੇਡ ਦੇ ਮੈਦਾਨ ਵਿੱਚ ਤਜ਼ਰਬੇ ਕਰਨ ਲਈ ਕੇਵਲ ਮੌਕੇ ਪ੍ਰਦਾਨ ਕਰਨੇ ਹੁੰਦੇ ਹਨ।

### 1.5.5.3. ਪ੍ਰਯੋਜਨਵਾਦ ਦੀਆਂ ਸੀਮਾਵਾਂ (Limitations of Pragmatism):

ਭਾਵੇਂ ਪ੍ਰਯੋਜਨਵਾਦ ਤੋਂ ਵੱਧ ਆਧੁਨਿਕ ਸਿੱਖਿਆ ਦਰਸ਼ਨ ਹੈ, ਇਸ ਦੀਆਂ ਕੁਝ ਸੀਮਾਵਾਂ ਹਨ, ਜਿਹੜੀਆਂ ਨਿਮਨਲਿਖਤ ਹਨ:

1. **ਸਿੱਖਿਆ ਦੇ ਕੋਈ ਪੂਰਵ ਨਿਰਧਾਰਿਤ ਉਦੇਸ਼ ਨਹੀਂ**: ਇਹ ਦਰਸ਼ਨ ਸਿੱਖਿਆ ਦੇ ਉਦੇਸ਼ਾਂ ਸੰਬੰਧੀ ਸਪਸ਼ਟ ਨਹੀਂ ਹੈ। ਉਦੇਸ਼ਾਂ ਤੋਂ ਬਿਨਾਂ ਸਿੱਖਿਆ ਵਿਚ ਸੋਧ ਨਹੀਂ ਹੁੰਦੀ। ਉਦੇਸ਼ਾਂ ਬਗੈਰ ਕੋਈ ਵੀ ਕੰਮ ਪੂਰਾ ਨਹੀਂ ਹੁੰਦਾ। ਉਦੇਸ਼ਾਂ ਰਹਿਤ ਸਿੱਖਿਆ ਆਪਣਾ ਰੋਲ ਚੰਗੀ ਤਰ੍ਹਾਂ ਅਦਾ ਨਹੀਂ ਕਰ ਸਕਦੀ। ਇਹ ਪ੍ਰਯੋਜਨਵਾਦ ਦੀ ਵੱਡੀ ਘਾਟ ਹੈ।
2. **ਉਪਯੋਗਤਾ ਦੇ ਸਿਧਾਂਤ ਤੇ ਬਹੁਤ ਜ਼ਿਆਦਾ ਜ਼ੋਰ** : ਹਰ ਇਕ ਵਸਤੂ ਦਾ ਉਪਯੋਗਤਾ ਦੇ ਆਧਾਰ ਤੇ ਮੁਲਾਂਕਣ ਕਰਨਾ ਵਿਗਿਆਨਕ ਨਹੀਂ ਹੈ। ਸਿੱਖਿਆ ਦੇ ਖੇਤਰ ਵਿਚ ਇੰਝ ਸੋਚਣਾ ਠੀਕ ਨਹੀਂ ਹੈ। ਬੱਚੇ ਵਿਚ ਨੈਤਿਕ ਗੁਣਾਂ ਦਾ ਵਿਕਾਸ ਕਰਨ ਲਈ ਉਪਯੋਗਤਾ ਦੇ ਸਿਧਾਂਤ ਨੂੰ ਛੱਡਣਾ ਹੁੰਦਾ ਹੈ। ਹਰ ਇਕ ਉਪਯੋਗੀ ਵਸਤੂ ਸੁੰਦਰ ਅਤੇ ਗ੍ਰਹਿਣ ਕਰਨ ਯੋਗ ਨਹੀਂ ਹੁੰਦੀ।
3. **ਪ੍ਰਯੋਜਨਵਾਦ ਅਧਿਆਤਮਿਕ ਕੀਮਤਾਂ ਵੱਲ ਕੋਈ ਧਿਆਨ ਨਹੀਂ ਦਿੰਦਾ** : ਪ੍ਰਯੋਜਨਵਾਦ ਵਰਤਮਾਨ ਤੇ ਜ਼ੋਰ ਦੇਂਦਾ ਹੈ ਜੋ ਠੀਕ ਨਹੀਂ ਹੈ। ਮਨੁੱਖੀ ਜੀਵ ਦੇ ਸਾਰੇ ਵਿਕਾਸ ਲਈ ਪਦਾਰਥਿਕ ਸੰਸਾਰ ਅਤੇ ਅਧਿਆਤਮਿਕ ਸੰਸਾਰ ਦੋਹਾਂ ਦਾ ਗਿਆਨ ਜ਼ਰੂਰੀ ਹੈ। ਪਦਾਰਥਿਕ ਗਿਆਨ ਨਾਲ ਮਾਨਸਿਕ ਸ਼ਾਂਤੀ ਨਹੀਂ ਮਿਲਦੀ। ਇਸ ਦੇ ਲਈ ਅੱਜ ਵੀ ਸਾਨੂੰ ਅਧਿਆਤਮਕ ਕੀਮਤਾਂ ਦਾ ਸਹਾਰਾ ਲੈਣਾ ਪੈਂਦਾ ਹੈ। ਇਹ ਕੀਮਤਾਂ ਮਨੁੱਖ ਦਾ ਵਿਰਸਾ ਹਨ ਜੋ ਸਾਡੇ ਰਸਤੇ ਵਿਚ ਰੋਸ਼ਨੀ ਪ੍ਰਦਾਨ ਕਰਦੀਆਂ ਹਨ।
4. **ਅਧਿਆਪਨ ਵਿਧੀਆਂ** : ਪ੍ਰਯੋਜਨਵਾਦੀ ਅਧਿਆਪਨ ਵਿਧੀਆਂ ਰਾਹੀਂ ਅਸੀਂ ਸਾਰੇ ਵਿਸ਼ਿਆਂ ਦਾ ਗਿਆਨ ਪ੍ਰਾਪਤ ਨਹੀਂ ਕਰ ਸਕਦੇ।
5. **ਸਿੱਖਿਆ ਦੀ ਇਕੋ ਜਿਹੀ ਪ੍ਰਣਾਲੀ ਨਹੀਂ** : ਇਹ ਹਰ ਇਕ ਸੰਸਥਾ ਨੂੰ ਅਕਾਦਮਿਕ ਸੁਤੰਤਰਤਾ ਪ੍ਰਦਾਨ ਕਰਦਾ ਹੈ। ਜਿਸ ਨਾਲ ਪ੍ਰਬੰਧ ਵਿਚ ਗੜਬੜ ਪੈਂਦੀ ਹੈ। ਇਹ ਭਾਰਤ ਵਰਗੇ ਦੇਸ਼ ਲਈ ਉਪਯੁਕਤ ਨਹੀਂ ਹੈ, ਜਿਥੇ ਰਾਸ਼ਟਰੀ ਏਕਤਾ ਦੀ ਬਹੁਤ ਹੀ ਜ਼ਿਆਦਾ ਲੋੜ ਹੈ।

ਇਸ ਪ੍ਰਕਾਰ ਪ੍ਰਯੋਜਨਵਾਦ ਦੀਆਂ ਆਪਣੀਆਂ ਹੀ ਘਾਟਾਂ ਹਨ। ਆਦਰਸ਼ਵਾਦ, ਪ੍ਰਕਿਰਤੀਵਾਦ ਅਤੇ ਪ੍ਰਯੋਜਨਵਾਦ ਦੀ ਉਪਰ ਦਿੱਤੀ ਵਿਆਖਿਆ ਤੋਂ ਸਪੱਸ਼ਟ ਹੈ ਕਿ ਇਨ੍ਹਾਂ ਵਿਚਾਰਧਾਰਾਵਾਂ ਨੇ ਸੰਸਾਰ ਦੇ ਸਾਰੇ ਦੇਸ਼ਾਂ ਦੀ ਸਿੱਖਿਆ ਪ੍ਰਣਾਲੀਆਂ ਤੇ ਪ੍ਰਤੱਖ ਪ੍ਰਭਾਵ ਪਾਏ ਹਨ। ਸਿੱਖਿਆ ਨੂੰ ਜਿਹੜੀ ਕੇਵਲ ਬੌਧਿਕ ਵਿਕਾਸ ਦਾ ਹੀ ਸਾਧਨ ਸਮਝੀ ਜਾਂਦੀ ਸੀ। ਪ੍ਰਯੋਜਨਵਾਦੀ ਵਿਚਾਰਧਾਰਾ ਕਾਰਣ, ਵਧੇਰੇ ਅਮਲੀ ਰੂਪ ਪ੍ਰਦਾਨ ਹੋਇਆ ਹੈ ਅਤੇ ਸਿੱਖਿਆ ਨੂੰ

ਵਾਸਤਵਿਕਤਾ ਦੇ ਵਧੇਰੇ ਨੇੜੇ ਲਿਆਂਦਾ ਗਿਆ ਹੈ, ਪ੍ਰਚਲਿਤ ਦਰਸ਼ਨ ਦਾ ਸਿੱਖਿਆ ਤੇ ਅਸਰਦਾਇਕ ਪ੍ਰਭਾਵ ਪੈਂਦਾ ਹੈ।

### 1.5.6 ਸੁਝਾਏ ਪ੍ਰਸ਼ਨ (Suggested Questions)

1. ਸਿੱਖਿਆ ਦੇ ਆਦਰਸ਼ਵਾਦੀ ਦਰਸ਼ਨ ਦੀ ਵਿਆਖਿਆ ਅਤੇ ਮੁਲਾਂਕਣ ਕਰੋ।
2. ਆਦਰਸ਼ਵਾਦ ਨੇ ਸਿੱਖਿਆ ਨੂੰ ਕਿਵੇਂ ਪ੍ਰਭਾਵਿਤ ਕੀਤਾ? ਉਦਾਹਰਣਾਂ ਨਾਲ ਵਿਆਖਿਆ ਕਰੋ।
3. ਸਿੱਖਿਆ ਦਰਸ਼ਨਾਂ ਵਜੋਂ ਆਦਰਸ਼ਵਾਦ ਅਤੇ ਪ੍ਰਕਿਰਤੀਵਾਦ ਵਿੱਚ ਅੰਤਰ ਸਪੱਸ਼ਟ ਕਰੋ?
4. ਪ੍ਰਯੋਜਨਵਾਦ ਤੋਂ ਤੁਸੀਂ ਕੀ ਅਰਥ ਲੈਂਦੇ ਹੋ? ਸਿੱਖਿਆ ਲਈ ਇਸਦਾ ਕੀ ਯੋਗਦਾਨ ਹੈ?
5. ਪ੍ਰਯੋਜਨਵਾਦੀ ਸਿੱਖਿਆ ਦਰਸ਼ਨ ਦੇ ਮੁੱਖ ਲੱਛਣ ਸਪੱਸ਼ਟ ਕਰੋ। ਉਹ ਪ੍ਰਕਿਰਤੀਵਾਦ ਦੇ ਲੱਛਣਾਂ ਤੋਂ ਕਿਵੇਂ ਭਿੰਨ ਹਨ?
6. (ਕ) ਆਦਰਸ਼ਵਾਦ ਅਨੁਸਾਰ ਸਿੱਖਿਆ ਦੇ ਉਦੇਸ਼।
   (ਖ) ਪ੍ਰਕਿਰਤੀਵਾਦ ਅਨੁਸਾਰ ਪੜ੍ਹਾਉਣ ਦੀਆਂ ਵਿਧੀਆਂ।
   (ਗ) ਪ੍ਰਯੋਜਨਵਾਦ ਅਨੁਸਾਰ ਸਿੱਖਿਆ ਦੇ ਉਦੇਸ਼ ਕੀ ਹਨ?

### 1.5.7 ਸੁਝਾਈ ਪੁਸਤਕ ਸੂਚੀ (Suggested Books)


1. ਬਰੂਬੈਕਰ : ਮਾਡਰਨ ਫਿਲਾਸਫ਼ੀਜ਼ ਆਫ ਐਜੂਕੇਸ਼ਨ
2. ਡਿਊਈ : ਮਾਈ ਪੇਡਾਗੋਜਿਕ ਕਰੀਡ ਐਜੂਕੇਸ਼ਨ ਟੂਡੇ।
3. ਡੋਮਾਸ਼, ਡੀ.ਆਰ. : ਦੀ ਡਿਕਸ਼ਨਰੀ ਆਫ ਫਿਲਾਸਫ਼ੀ
4. ਡਾਟਨ : ਫਿਲਾਸਫ਼ੀ ਆਫ ਐਜੂਕੇਸ਼ਨ
5. ਕੈਡਲ : ਕੈਫਲਿਕਟਿੰਗ ਥਿਊਰੀਜ਼ ਆਫ ਐਜੂਕੇਸ਼ਨ
6. ਸੋਢੀ, ਟੀ.ਐਸ. : ਸਿੱਖਿਅਕ ਫਲਸਫ਼ਾ ਅਤੇ ਸਮਾਜ-ਸ਼ਾਸਤਰ
7. ਸੋਢੀ, ਟੀ.ਐਸ. ਅਤੇ ਹਰਿੰਦਰ ਕੌਰ ਸੋਢੀ : ਸਿੱਖਿਆ ਦੇ ਦਾਰਸ਼ਨਿਕ ਅਤੇ ਸਮਾਜਿਕ ਆਧਾਰ

**ਪਾਠ ਨੰ : 1.6** **ਲੇਖਕ : ਡਾ. ਹਰਿੰਦਰ ਕੌਰ ਸੋਢੀ**

# ਯਥਾਰਥਵਾਦ

1.6.0 ਪਾਠ ਦੀ ਬਣਤਰ

1.6.1 ਪਾਠ ਦੇ ਉਦੇਸ਼

1.6.2 ਯਥਾਰਥਵਾਦ ਦੇ ਮੂਲ ਸਿਧਾਂਤ

1.6.3 ਯਥਾਰਥਵਾਦ ਦੇ ਦਰਸ਼ਨ ਦੀਆਂ ਕਿਸਮਾਂ

1.6.4 ਸਿੱਖਿਆ ਦੇ ਫ਼ਲਸਫ਼ੇ ਵਿੱਚ ਯਥਾਰਥਵਾਦ ਦਾ ਭਾਗ

1.6.5 ਸਿੱਖਿਆ ਦੇ ਉਦੇਸ਼ ਅਤੇ ਯਥਾਰਥਵਾਦ

1.6.6 ਪਾਠਕ੍ਰਮ ਅਤੇ ਯਥਾਰਥਵਾਦ

1.6.7 ਪੜ੍ਹਾਉਣ ਦੀਆਂ ਵਿਧੀਆਂ ਅਤੇ ਯਥਾਰਥਵਾਦ

1.6.8 ਅਧਿਆਪਕ ਅਤੇ ਯਥਾਰਥਵਾਦ

1.6.9 ਅਨੁਸ਼ਾਸਨ ਅਤੇ ਯਥਾਰਥਵਾਦ

1.6.10 ਸਵੈ-ਮੁਲਾਂਕਣ ਲਈ ਪ੍ਰਸ਼ਨ

1.6.11 ਸੁਝਾਏ ਪ੍ਰਸ਼ਨ

1.6.12 ਸੁਝਾਈਆਂ ਪੁਸਤਕਾਂ

## 1.6.1 ਪਾਠ ਦੇ ਉਦੇਸ਼ :

ਇਹ ਪਾਠ ਪੜ੍ਹਨ ਤੋਂ ਉਪਰੰਤ ਵਿਦਿਆਰਥੀ ਇਸ ਯੋਗ ਹੋ ਜਾਣਗੇ ਕਿ ਉਹ :

i) ਯਥਾਰਥਵਾਦ ਦੇ ਮੂਲ ਸਿਧਾਂਤ ਨੂੰ ਸਮਝ ਸਕਣ।
ii) ਯਥਾਰਥਵਾਦ ਦੇ ਉਦੇਸ਼ਾਂ ਦਾ ਵਰਣਨ ਕਰ ਸਕਣ।

iii) ਯਥਾਰਥਵਾਦ ਵਿੱਚ ਅਧਿਆਪਕ ਦੇ ਰੋਲ ਦੀ ਵਿਆਖਿਆ ਕਰ ਸਕਣ।

## 1.6.2 ਯਥਾਰਥਵਾਦ ਦੇ ਮੂਲ ਸਿਧਾਂਤ

i) **ਤੱਤ ਮੀਮਾਂਸਾ :** ਇਹ ਨਜ਼ਰ ਆਉਣ ਵਾਲੀ ਦੁਨੀਆਂ ਸੱਚ ਹੈ। ਰਾਸ ਦੇ ਸ਼ਬਦਾਂ ਵਿੱਚ , "ਯਥਾਰਥਵਾਦ ਸਾਧਾਰਣ ਸ਼ਬਦਾਂ ਵਿੱਚ ਬਾਹਰੀ ਦੁਨੀਆਂ ਨੂੰ ਅਸਲੀਅਤ ਮੰਨਦਾ ਹੈ ਤੇ ਇਸ ਭਾਂਤ ਨਾਲ ਇਹ ਵਿਅਕਤੀਗਤ ਆਦਰਸ਼ਵਾਦ ਦੇ ਉਲਟ ਹੈ। ਯਥਾਰਥਵਾਦੀਆਂ ਨੂੰ ਪਦਾਰਥ ਦੀ ਅਸਲੀਅਤ ਵਿੱਚ ਪੂਰਨ ਵਿਸ਼ਵਾਸ ਹੈ। ਉਨ੍ਹਾਂ ਦਾ ਇਸ ਦੁਨੀਆਂ ਤੋਂ ਬਾਹਰ ਕਿਸੇ ਵੀ ਚੀਜ਼ ਜਾਂ ਜੀਵਨ ਵਿੱਚ ਵਿਸ਼ਵਾਸ਼ ਨਹੀਂ ਹੈ।"

ਯਥਾਰਥਵਾਦੀ ਇਸ ਗੱਲ ਵਿੱਚ ਪੂਰਨ ਵਿਸ਼ਵਾਸ ਰੱਖਦੇ ਹਨ ਕਿ ਪਦਾਰਥ ਹੀ ਪੂਰਨ ਸਚਾਈ ਹੈ। ਪਹਾੜ, ਦਰੱਖਤ, ਸ਼ਹਿਰ ਅਤੇ ਪੱਥਰ ਮਨ ਦੇ ਵਿਚਾਰ ਨਹੀਂ ਜੋ ਕਿ ਵਿਅਕਤੀ ਅਨੁਭਵ ਕਰਦਾ ਹੈ ਜਾਂ ਫੇਰ ਬਾਹਰੀ ਦੇਖਣ ਵਾਲੇ ਦੇ ਮਨ ਦੀਆਂ ਗੱਲ੍ਹਾਂ ਹਨ।

ii) **ਗਿਆਨ ਦਾ ਸਿਧਾਂਤ :** ਇਨਸਾਨ ਦੀਆਂ ਗਿਆਨ ਇੰਦਰੀਆਂ ਗਿਆਨ ਦੇ ਦਰਵਾਜ਼ੇ ਹੁੰਦੇ ਹਨ । ਯਦਾਰਥਵਾਦੀਆਂ ਦਾ ਸਿਧਾਂਤ ਹੈ ਕਿ ਇਨਸਾਨ ਤੇ ਸੱਚਾ ਗਿਆਨ ਸਾਡੀਆਂ ਗਿਆਨ ਇੰਦਰੀਆਂ ਦੁਆਰਾ ਹੀ ਮਿਲਦਾ ਹੈ ।ਬਾਕੀ ਦੁਨੀਆਂ ਨੂੰ ਵੀ ਆਪਣੀਆ ਗਿਆਨ ਇੰਦਰੀਆਂ ਦੁਆਰਾ ਆਪਣੇ ਵਸ ਵਿੱਚ ਕਰਨਾ ਇਸ ਦਾ ਆਧਾਰ ਹੁੰਦਾ ਹੈ।

iii) **ਸੰਗਠਨ ਦਾ ਸਿਧਾਂਤ :** ਸਾਰੇ ਸੁਚੇਤ ਅਤੇ ਅਚੇਤ ਪਦਾਰਥ ਇੱਕ ਸੰਗਠਨ ਉਤਪੰਨ ਕਰਦੇ ਹਨ ਜੋ ਕਿ ਅਸਲੀਅਤ ਹੁੰਦਾ ਹੈ। ਯਥਾਰਥਵਾਦੀਆਂ ਦਾ ਇਹ ਸਿਧਾਂਤ ਆਦਰਸ਼ਵਾਦੀਆਂ ਨਾਲੋਂ ਭਿੰਨ ਹੈ ਜੋ ਕਿ ਇਹ ਵਿਸ਼ਵਾਸ ਰੱਖਦੇ ਹਨ ਕਿ ਮਨ ਦੀ ਕੋਈ ਸੀਮਾਂ ਨਹੀਂ ਹੁੰਦੀ ਅਤੇ ਇਹ ਪੱਕਾ ਹੈ। ਇਸ ਦੀ ਥਾਂ ਯਥਾਰਥਵਾਦੀ ਵਿਸ਼ਵਾਸ ਰਖਦੇ ਹਨ ਕਿ ਬਾਕੀ ਹੋਰ ਵਸਤੂਆ ਵਾਂਗ ਮਨ ਮਕੈਨੀਕਲ ਭਾਂਤ ਦਾ ਕੰਮ ਕਰਦਾ ਹੈ। ਇਹ ਇਨਸਾਨ ਦੀ ਸਿਰਜਨਾਤਮਿਕਤਾ ਨੂੰ ਵੀ ਪ੍ਰਭਾਵਿਤ ਕਰਦਾ ਹੈ।

iv) **ਆਦਰਸ਼ਵਾਦ ਦੇ ਉਲਟ :** ਯਥਾਰਥਵਾਦ ਆਦਰਸ਼ਵਾਦ ਦੇ ਉਲਟ ਹੈ ਕਿਉਂਕਿ ਇਸ ਵਿੱਚ Imagination ਦੀ ਕੋਈ ਥਾ ਨਹੀਂ ਹੈ। ਇਨ੍ਹਾਂ ਦਾ ਇਹ ਪੱਕਾ ਯਕੀਨ ਹੈ ਕਿ ਨਾ ਤਾਂ ਕੋਈ ਪ੍ਰਮਾਤਮਾ ਹੈ ਨਾ ਹੀ ਕੋਈ ਆਤਮਾ ਹੈ ਤੇ ਨਾ ਕੋਈ ਦੂਸਰੀਆਂ ਦੁਨੀਆ ਹੈ। ਇਹ ਸਾਰੀਆਂ ਚੀਜ਼ਾਂ ਇਨਸਾਨ ਨੇ ਫਰਜ਼ ਹੀ ਕੀਤੀਆਂ ਹੋਈਆਂ ਹਨ। ਇਸ ਲਈ ਇਹ ਅਸਲੀ ਨਹੀਂ ਹਨ।

v) **ਮਨੁੱਖ-ਪਦਾਰਥ ਦੁਨੀਆਂ ਦਾ ਇੱਕ ਭਾਗ :** ਯਥਾਰਥਵਾਦ ਇਨਸਾਨ ਨੂੰ ਬਹੁਤ ਮਹੱਤਤਾ ਪ੍ਰਦਾਨ ਕਰਦਾ ਹੈ ਤੇ ਉਸ ਨੂੰ ਵਿਗਿਆਨ ਤੇ ਆਮ ਸੋਚ ਨਾਲ ਜੋੜਦਾ ਹੈ। ਇਸ ਦਾ ਮੁੜ-ਮੁੜ ਜਨਮ ਲੈਣ ਵਿੱਚ ਵਿਸ਼ਵਾਸ ਨਹੀਂ ਹੈ।

vi) **ਤਜ਼ਰਬੇ ਅਤੇ ਵਿਗਿਆਨਕ ਤੱਤਾਂ ਤੇ ਜ਼ੋਰ :**ਯਥਾਰਥਵਾਦ ਦਾ ਵਿਸ਼ਵਾਸ ਹੈ ਕਿ ਕੋਈ ਵੀ ਤਜ਼ਰਬਾ ਠੀਕ ਨਹੀਂ ਮੰਨਿਆ ਜਾਂਦਾ ਜਦੋਂ ਤੱਕ ਕਿ ਇਸ ਦਾ ਪੂਰਨ ਵਿਸ਼ਲੇਸ਼ਣ ਨਾ ਕੀਤਾ ਜਾਵੇ। ਇਹ ਗਿਆਨ ਦਾ ਭੰਡਾਰ ਬਣਾਉਂਦਾ ਹੈ। ਜੋ ਕਿ ਨਿਰਪੱਖ ਹੁੰਦਾ ਹੈ ਤੇ ਭੌਤਿਕ ਵਿਗਿਆਨ ਨਾਲ ਮੇਲ ਖਾਂਦਾ ਹੁੰਦਾ ਹੈ। ਉਨ੍ਹਾਂ ਅਨੁਸਾਰ ਪ੍ਰੈਕਟੀਕਲ ਦੁਆਰਾ ਹੀ ਪਤਾ ਚਲਦਾ ਹੈ ਕਿ ਅਸਲੀਅਤ ਕੀ ਹੈ। ਸਵਰਗ ਤੇ ਨਰਕ

ਦੀ ਚਿੰਤਾ ਕਰਨ ਦੀ ਲੋੜ ਨਹੀਂ ਹੁੰਦੀ। ਲੋੜ ਇਹ ਹੈ ਕਿ ਭੌਤਿਕ ਤੇ ਪਦਾਰਥ ਪੱਖ ਤੇ ਚਾਨਣਾ ਪਾਇਆ ਜਾਵੇ।

**1.6.2 ਯਥਾਰਥਵਾਦ ਦੇ ਫਲਸਫੇ ਦੀਆਂ ਕਿਸਮਾਂ :** ਇਹ ਦੋ ਭਾਂਤ ਦਾ ਹੁੰਦਾ ਹੈ।

**i) ਬੌਧਿਕ ਯਥਾਰਥਵਾਦ :** ਇਸ ਨੂੰ ਅੱਗੇ ਦੋ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ। ਕਲਾਸੀਕਲ ਤੇ ਧਾਰਮਿਕ ਯਥਾਰਥਵਾਦ। ਇਹ ਦੋਵੇਂ ਫ਼ਲਸਫ਼ੇ ਅਰਸਤੂ ਦੇ ਧਾਰਮਿਕ ਫ਼ਲਸਫ਼ੇ ਨਾਲ ਕਾਫੀ ਹੱਦ ਤੱਕ ਮੇਲ ਖਾਂਦੇ ਹਨ।

**ii) ਕੁਦਰਤੀ ਤੇ ਵਿਗਿਆਨਕ ਯਥਾਰਥਵਾਦ :** ਉਨ੍ਹਾਂ ਦਾ ਵਿਸ਼ਵਾਸ ਹੈ ਕਿ ਗਲਤ ਜਾਂ ਠੀਕ ਦਾ ਪਤਾ ਇਨਸਾਨ ਦੀ ਫਿਤਰਤ ਤੋਂ ਪਤਾ ਚਲਦਾ ਹੈ। ਅਜਿਹਾ ਕਰਨ ਲਈ ਉਹ ਧਰਮ ਦੀ ਮੁਖਾਲਫਤ ਨਹੀਂ ਕਰਦਾ। ਉਨ੍ਹਾਂ ਦਾ ਵਿਸ਼ਵਾਸ ਹੈ ਕਿ ਵਿਗਿਆਨ ਤੇ ਫ਼ਲਸਫ਼ਾ ਇੱਕ ਦੂਜੇ ਦੀ ਮੱਦਦ ਕਰਦੇ ਹਨ ਤੇ ਬ੍ਰਹਿਮੰਡ ਨੂੰ ਭਲੀ ਭਾਂਤੀ ਸਮਝਣ ਵਿੱਚ ਸਹਾਇਕ ਹੁੰਦੇ ਹਨ।

**1.6.3 ਸਿੱਖਿਅਕ ਫ਼ਲਸਫ਼ੇ ਵਿੱਚ ਯਥਾਰਥਵਾਦ ਦਾ ਭਾਗ :** ਮੂਲ ਰੂਪ ਵਿੱਚ ਇਹ ਤਿੰਨ ਪ੍ਰਕਾਰ ਦੇ ਹੁੰਦੇ ਹਨ ਜਿਵੇਂ ਕਿ :

i) ਮਾਨਵਵਾਦੀ ਯਥਾਰਥਵਾਦ
ii) ਸਮਾਜਿਕ ਯਥਾਰਥਵਾਦ
iii) ਇੰਦਰੀ ਗਿਆਨ ਯਥਾਰਥਵਾਦ

**i) ਮਾਨਵਵਾਦੀ ਯਥਾਰਥਵਾਦ :** ਅਸਲ ਵਿੱਚ ਇਹ ਪੁਰਾਣੀ ਭਾਂਤ ਦਾ ਯਥਾਰਥਵਾਦ ਹੈ। ਵੈਸੇ ਅੱਜ ਕੱਲ੍ਹ ਇਸਨੂੰ ਕਲਾਸੀਕਲ ਯਥਾਰਥਵਾਦ ਕਹਿੰਦੇ ਹਨ ਜਿਸ ਦੀਆਂ ਉੱਚੀਆਂ ਪ੍ਰਾਪਤੀਆਂ ਹੋਣ। ਪੁਰਾਤਨ ਸਾਹਿਤ ਜਿਵੇਂ ਕਿ ਬਾਇਬਲ ਹੈ, ਇਹ ਵੀ ਕਲਾਸੀਕਲ ਹੈ, ਦੀ ਸਿੱਖਿਆ ਦੇ ਖੇਤਰ ਵਿੱਚ ਲੋੜ ਹੈ ਕਿ ਇਹ ਮਨੁੱਖੀ ਬੌਧਿਕਤਾ ਨੂੰ ਦਰਸਾਉਂਦੀ ਹੈ।

**ii) ਸਮਾਜਿਕ ਯਥਾਰਥਵਾਦ :** ਇਸ ਦਾ ਆਧਾਰ ਵਿਅਕਤੀ ਨੂੰ ਪ੍ਰੈਕਟੀਕਲ ਭਾਂਤ ਦਾ ਬਣਾਉਣਾ ਹੁੰਦਾ ਹੈ ਜੋ ਕਿ ਦੁਨੀਆਂਦਾਰੀ ਜਾਣਦਾ ਹੋਵੇ ਤੇ ਬੁੱਧੀਜੀਵ ਹੋਵੇ।

**iii) ਇੰਦਰੀ ਗਿਆਨ ਦਾ ਯਥਾਰਥਵਾਦ :**ਇਸ ਦਾ ਇਹ ਸਿਧਾਂਤ ਹੈ ਕਿ ਸਾਰਾ ਗਿਆਨ ਗਿਆਨ ਇੰਦਰੀਆਂ ਤੋਂ ਜਾਂ ਤਰਕ ਰਾਹੀਂ ਪ੍ਰਾਪਤ ਹੁੰਦਾ ਹੈ। ਰਸਲ ਦਾ ਕਥਨ ਹੈ ਕਿ ਵਿਚਾਰ, ਖਹਾਇਸ਼ਾਂ, ਵਿਸ਼ਵਾਸ, ਦਰਦ ਤੇ ਭਾਵਨਾਵਾਂ ਇਹ ਸਾਰੇ ਗਿਆਨ ਇੰਦਰੀਆਂ ਤੇ ਤਸੱਵਰਾਂ ਤੋਂ ਬਣਦੇ ਹਨ।

**1.6.5 ਸਿੱਖਿਆ ਦੇ ਉਦੇਸ਼ ਅਤੇ ਯਥਾਰਥਵਾਦ :**

i) **ਸੰਪੂਰਨ ਵਿਅਕਤੀ ਦਾ ਨਿਰਮਾਣ ਕਰਨਾ :** ਸਿੱਖਿਆ ਦਾ ਮਨੋਰਥ ਉਸ ਦੁਨੀਆਂ ਨਾਲ ਹੁੰਦਾ ਹੈ ਜੋ ਕਿ ਹੁਣ ਦੀ ਸਥਿਤੀ ਵਿੱਚ ਹੈ। ਯਥਾਰਥਵਾਦੀ ਚਾਹੁੰਦੇ ਹਨ ਕਿ ਸਿੱਖਿਆ ਨੇ ਮੁਕੰਮਲ ਇਨਸਾਨ

ਬਣਾਉਣਾ ਹੁੰਦਾ ਹੈ ਜੋ ਕਿ ਕਲਾ ਅਤੇ ਉਦਯੋਗ ਦਾ ਗਿਆਨ ਰੱਖਦਾ ਹੋਵੇ। ਅਜਿਹਾ ਤਾਂ ਹੀ ਹੋ ਸਕਦਾ ਹੈ ਜੇਕਰ ਵਿਆਕਤੀ ਸਾਰੇ ਪੱਖ ਸਰੀਰਿਕ, ਮਾਨਸਿਕ, ਨੈਤਿਕ ਤੇ ਬੌਧਿਕ ਪੱਖੋਂ ਵਿਕਸਿਤ ਹੋਵੇ।

ii) **ਖੁਸ਼ ਅਤੇ ਸਫਲ ਜੀਵਨ ਦੀ ਤਿਆਰੀ :** ਯਥਾਰਥਦਵਾਦੀਆਂ ਅਨੁਸਾਰ ਖੁਸ਼ ਅਤੇ ਸਫਲ ਜੀਵਨ ਦੀ ਤਿਆਰੀ ਤਾਂ ਹੀ ਹੋ ਸਕਦੀ ਹੈ ਜੇਕਰ ਵਿਅਕਤੀ ਵਿੱਚ ਅੰਦਰੂਨੀ ਤੇ ਬਾਹਰੀ ਸਾਰੇ ਗੁਣ ਹੋਣ ਅਤੇ ਉਹ ਜਿਸ ਸਮਾਜ ਵਿੱਚ ਵਿਚਰਦਾ ਹੋਵੇ ਉਸ ਦੀ ਭਲਾਈ ਦਾ ਵੀ ਫ਼ਿਕਰ ਕਰੇ।

iii) **ਕੁਦਰਤੀ ਅਤੇ ਸਮਾਜਿਕ ਵਾਤਾਵਰਣ ਦਾ ਸੰਪੂਰਨ ਗਿਆਨ ਹੋਣਾ :** ਬੱਚੇ ਨੂੰ ਬਾਹਰੀ ਦੁਨੀਆਂ ਤੇ ਸਮਾਜਿਕ ਵਾਤਾਵਰਣ ਵਿੱਚ ਵਿਕਸਤ ਕਰਨਾ ਚਾਹੀਦਾ ਹੈ

iv) **ਭੌਤਿਕ ਅਤੇ ਮਾਨਸਿਕ ਪੱਖਾਂ ਦਾ ਵਿਕਾਸ ਕਰਨਾ :** ਅਜਿਹੇ ਵਿਅਕਤੀ ਉਤਪੰਨ ਕਰਨੇ ਹੁੰਦੇ ਹਨ ਜੋ ਕਿ ਸਰੀਰਕ ਅਤੇ ਮਾਨਸਿਕ ਪੱਖਾਂ ਤੋਂ ਸੁਹਿਰਦ ਹੋਣ ਤੇ ਆਪਣੇ ਜੀਵਨ ਵਿੱਚ ਆਉਣ ਵਾਲੀਆਂ ਸਮੱਸਿਆਵਾਂ ਨੂੰ ਹੱਲ ਕਰ ਸਕਣ।

v) **ਗਿਆਨ ਇੰਦਰੀਆਂ ਦੀ ਸਿਖਲਾਈ ਦਾ ਵਿਕਾਸ ਕਰਨਾ :** ਗਿਆਨ ਇੰਦਰੀਆਂ ਰਾਹੀਂ ਅਸੀਂ ਗਿਆਨ ਪ੍ਰਾਪਤ ਕਰਦੇ ਹਾਂ ਉਨ੍ਹਾਂ ਨੂੰ ਇਸ ਪ੍ਰਕਾਰ ਵਿਕਸਿਤ ਕਰਨਾ ਚਾਹੀਦਾ ਹੈ ਕਿ ਇਹ ਜੀਵਨ ਦੀਆਂ ਅਸਲੀਅਤਾਂ ਤੇ ਕੁਦਰਤ ਨੂੰ ਮਾਨ ਸਕਣ।

vi) **ਕਿੱਤਾਕਾਰੀ ਸਿੱਖਿਆ :** ਸਿੱਖਿਆ ਬੱਚੇ ਲਈ ਪੂਰਨ ਭਾਂਤ ਲਾਹੇਵੰਦ ਹੋਣੀ ਚਾਹੀਦੀ ਹੈ ਤਾਂ ਕਿ ਉਹ ਆਪਣਾ ਰੁਜ਼ਗਾਰ ਕਮਾ ਕੇ ਸਾਫ ਸੁਥਰਾ ਜੀਵਨ ਬਤੀਤ ਕਰ ਸਕੇ।

## 1.6.6 ਯਥਾਰਥਵਾਦ ਅਤੇ ਪਾਠਕ੍ਰਮ :

1) ਪਹਿਲਾ ਵਿਗਿਆਨ ਦੇ ਵਿਸ਼ੇ- ਭੌਤਿਕ ਵਿਗਿਆਨ ਰਸਾਇਣ ਵਿਗਿਆਨ ਅਤੇ ਜੀਵ-ਵਿਗਿਆਨ ਆਦਿ ਪੜ੍ਹਾਉਣੇ ਚਾਹੀਦੇ ਹਨ। ਇਹ ਵਿਸ਼ੇ ਵਿਦਿਆਰਥੀਆਂ ਨੂੰ ਮੁੱਢਲਾ ਗਿਆਨ ਦਿੰਦੇ ਹਨ ਤੇ ਇਸ ਪ੍ਰਕਾਰ ਦੀ ਯੋਗਤਾ ਉਤਪੰਨ ਕਰਦੇ ਹਨ ਕਿ ਉਹ ਜੀਵਨ ਦੀਆਂ ਸਮੱਸਿਆਵਾਂ ਨੂੰ ਕਾਬਲੀਅਤ ਨਾਲ ਹੱਲ ਕਰ ਸਕਣ।
2) ਦੂਜਾ ਸਥਾਨ ਹਿਸਬ ਤੇ ਭਾਸ਼ਾ ਨੂੰ ਦੇਣਾ ਚਾਹੀਦਾ ਹੈ। ਯਥਾਰਥਵਾਦੀਆਂ ਦਾ ਸਿਧਾਂਤ ਹੈ ਕਿ ਹਿਸਾਬ ਦੀ ਪੜ੍ਹਾਈ ਵਿਅਕਤੀ ਵਿੱਚ ਠਹਿਰਾਉ ਉਤਪੰਨ ਕਰਦੀ ਹੈ ਤੇ ਪੱਕਾ ਇਰਾਦਾ ਬਣਾਉਦੀ ਹੈ।
3) ਆਧੁਨਿਕ ਭਾਸ਼ਾਵਾਂ ਦਾ ਸਾਹਿਤ ਜਿਸ ਵਿੱਚ ਆਧੁਨਿਕ ਸਮੱਸਿਆਵਾਂ ਸਮਾਈਆਂ ਹੋਈਆਂ ਹੋਣ।
4) ਕਲਾ ਜਿਵੇਂ ਕਿ ਪੇਟਿੰਗ, ਡਰਾਇੰਗ ਆਦਿ ਦੀ ਮੁਖਾਲਫ਼ਤ ਨਹੀਂ ਕਰਦੇ ਪਰ ਘੱਟ ਮਹੱਤਤਾ ਦਿੰਦੇ ਹਨ।
5) ਯਥਾਰਥਵਾਦੀ ਧਰਮ ਨੂੰ ਪੜ੍ਹਾਉਣ ਦੇ ਉਲਟ ਨਹੀਂ ਹਨ। ਉਹ ਇਸ ਨੂੰ ਜੀਵਨ ਨਾਲ ਜੋੜਨਾ ਚਾਹੁੰਦੇ ਹਨ।

## 1.6.7 ਯਥਾਰਥਵਾਦ ਅਤੇ ਪੜ੍ਹਾਉਣ ਦੀਆਂ ਵਿਧੀਆਂ :

ਯਥਾਰਥਵਾਦੀ ਅਜਿਹੀਆਂ ਪੜ੍ਹਾਉਣ ਦੀਆਂ ਵਿਧੀਆਂ ਤੇ ਜ਼ੋਰ ਦਿੰਦੇ ਹਨ ਜੋ ਕਿ ਕਾਬਲੀਅਤ, ਫਿਤਰਤ, ਸਮਝਣ ਦੀ ਸ਼ਕਤੀ ਅਤੇ ਤਜ਼ਰਬੇ ਤੇ ਆਧਾਰਿਤ ਹੋਣ। ਅਧਿਆਪਕ ਬੱਚੇ ਦੇ ਅੱਗੇ ਅਸਲੀਅਤ ਰੱਖਦਾ ਹੈ ਜਿਵੇਂ ਕਿ ਉਹ ਸਾਹਮਣੇ ਹੀ ਪਈ ਹੁੰਦੀ ਹੈ। ਇਹ ਸਿਧਾਂਤ ਆਦਰਸ਼ਵਾਦੀਆਂ ਦੇ ਉਲਟ ਹੁੰਦਾ ਹੈ ਜੋ ਕਿ ਸੰਪੂਰਨ ਤੋਂ

ਟੁਕੜਿਆਂ ਵੱਲ ਨੂੰ ਜਾਂਦਾ ਹੈ। ਯਥਾਰਥਵਾਦੀ ਅਸਲੀਅਤ ਨੂੰ ਛੋਟੇ-ਛੋਟੇ ਭਾਗਾਂ ਵਿੱਚ ਸਿਲਸਿਲੇਵਾਰ ਵੰਡਦੇ ਹਨ। ਉਸ ਨੇ ਇੱਕ ਇੱਕ ਭਾਗ ਨੂੰ ਲੈ ਕੇ ਇਕਾਈ ਬਣਾਉਣੀ ਹੁੰਦੀ ਹੈ।ਅਧਿਆਪਕ ਵਾਕਬੋਧ ਦੀ ਵਿਧੀ ਨਾਲ ਪੜ੍ਹਾਉਂਦਾ ਹੈ। ਉਹ ਇੱਕ ਸ਼ਬਦ ਤੋਂ ਸ਼ੁਰੂ ਕਰਦਾ ਹੈ ਤੇ ਹੌਲੀ-ਹੌਲੀ ਸੰਪੂਰਨ ਵਸਤੂ ਬਣਾ ਲੈਂਦਾ ਹੈ। ਬੇਕਨ ਯਥਾਰਥਵਾਦੀ ਸੀ, ਉਸ ਨੇ ਪ੍ਰੇਰਨਾ ਵਿਧੀ ਸਿੱਖਿਆ ਉੱਪਰ ਲਾਗੂ ਕੀਤੀ ਹੈ। ਇਸ ਵਿੱਚ ਬੱਚੇ ਨੂੰ ਸੱਚ ਤੇ ਝੂਠ ਵਿੱਚ ਵਿਤਕਰਾ ਕਰਨਾ ਸਿਖਾਇਆ ਜਾਂਦਾ ਹੈ। ਮਿਲਟਨ ਨੇ ਘੁੰਮਣ ਫਿਰਨ ਦੀ ਵਿਧੀ ਨਾਲ ਪੜ੍ਹਨ ਦੀ ਸਿਫਾਰਿਸ਼ ਕੀਤੀ ਹੈ।

### 1.6.8 ਯਥਾਰਥਵਾਦ ਅਤੇ ਅਧਿਅਪਕ :

ਯਥਾਰਥਵਾਦ ਵਿੱਚ ਅਧਿਆਪਕ ਨਾ ਤਾਂ ਆਦਰਸ਼ਵਾਦ ਵਾਂਗ ਬਹੁਤ ਹੀ ਜ਼ਰੂਰੀ ਹੋਣਾ ਚਾਹੀਦਾ ਹੈ ਤੇ ਨਾ ਹੀ ਪ੍ਰਕਿਤੀਵਾਦੀਆਂ ਵਾਗ ਬਹਤ ਘੱਟ ਹੋਣਾ ਚਾਹੀਦਾ ਹੈ। ਇਸ ਦੀ ਆਪਣੀ ਹੀ ਮਹੱਤਤਾ ਹੁੰਦੀ ਹੈ। ਅਧਿਆਪਕ ਨੇ ਉੱਚ ਪਾਏ ਦੀ ਸਿਖਲਾਈ ਪ੍ਰਾਪਤ ਕੀਤੀ ਹੋਵੇ ਅਤੇ ਉਹ ਆਪਣੀਆਂ ਖੋਜਾਂ ਕਰਦੇ ਰਹਿਣ। ਵਿਗਿਆਨਕ ਵਿਧੀ ਹੀ ਸਭ ਤੋਂ ਉੱਤਮ ਵਿਧੀ ਹੁੰਦੀ ਹੈ। ਜੇਕਰ ਅਧਿਆਪਕ ਹਰ ਬੱਚੇ ਦਾ ਸੰਖੇਪ ਇਤਿਹਾਸ ਬਣਾ ਲਵੇ ਤਾਂ ਅਧਿਆਪਕ ਤੇ ਵਿਦਿਆਰਥੀਆਂ ਵਿੱਚ ਬਹੁਤ ਉੱਤਮ ਸਬੰਧ ਬਣਾਉਣ ਵਿੱਚ ਮਦਦ ਮਿਲਦੀ ਹੈ।

### 1.6.9 ਯਥਾਰਥਵਾਦ ਤੇ ਅਨੁਸ਼ਾਸਨ :

ਯਥਾਰਥਵਾਦ ਵਿਦਿਆਰਥੀਆਂ ਦੇ ਸਮਜਿਕ ਹਾਲਤਾਂ ਵੱਲ ਵਧੇਰੇ ਧਿਆਨ ਦਿੰਦਾ ਹੈ ਜਿਸ ਵਿੱਚ ਧਾਰਮਿਕ ਸਿੱਖਿਆ ਤੇ ਨੈਤਿਕ ਸਿੱਖਿਆ ਆਪਣਾ ਵਿਸ਼ੇਸ਼ ਯੋਗਦਾਨ ਪਾਉਂਦੀਆਂ ਹਨ। ਇਹ ਸਵੈ ਅਨੁਸ਼ਾਸ਼ਨ ਤੇ ਜ਼ੋਰ ਦਿੰਦਾ ਹੈ। ਤਾਂ ਕਿ ਸਕੂਲ ਤੋਂ ਬਾਹਰਲਾ ਜੀਵਨ ਵੀ ਪ੍ਰਭਾਵਿਤ ਹੋਵੇ। ਅਧਿਆਪਕ ਨੇ ਵਿਦਿਆਰਥੀਆਂ ਤੇ ਅਨੁਸ਼ਾਸ਼ਨ ਥੋਪਣਾ ਜਾਂ ਲੱਦਣਾ ਨਹੀਂ ਹੁੰਦਾ ਸਗੋਂ ਉਸ ਨੂੰ ਉਤਹਾਸਿਤ ਕਰਨਾ ਹੁੰਦਾ ਹੈ। ਉਸ ਦੀ ਹੌਂਸਲਾ ਅਫਜ਼ਾਈ ਕਰਨੀ ਹੁੰਦੀ ਹੈ ਕਿ ਉਹ ਠੀਕ ਕੀਮਤਾਂ ਅਪਣਾਵੇ।

### 1.6.10 ਸਵੈ ਮੁਲਾਂਕਣ ਲਈ ਪ੍ਰਸ਼ਨ

1) ਯਥਾਰਥਵਾਦੀ ਦੇ ਮੂਲ ਸਿਧਾਂਤਾਂ ਦੀ ਚਰਚਾ ਸੰਖੇਪ ਵਿੱਚ ਕਰੋ।

2) ਯਥਾਰਥਵਾਦ ਕੀ ਹੈ?

### 1.6.11 ਸੁਝਾਏ ਪ੍ਰਸ਼ਨ

ਪ੍ਰਸ਼ਨ 1. ਯਥਾਰਥਵਾਦ ਤੋਂ ਤੁਸੀ ਕੀ ਸਮਝਦੇ ਹੋ? ਇਸ ਦੇ ਮੂਲ ਸਿਧਾਂਤ ਦੀ ਚਰਚਾ ਵਿਸਥਾਰ ਵਿੱਚ ਕਰੋ।

ਪ੍ਰਸ਼ਨ 2.ਯਥਾਰਥਵਾਦ ਅਨੁਸਾਰ ਸਿੱਖਿਆ ਦੇ ਉਦੇਸ਼ਾਂ ਦੀ ਚਰਚਾ ਆਪਣੇ ਸ਼ਬਦਾਂ ਵਿੱਚ ਕਰੋ।

## 1.6.12 ਸੁਝਾਈਆਂ ਪੁਸਤਕਾਂ


| | | | |
|---|---|---|---|
| 1) | ਬਰੂਬੇਕਰ | : | ਮਾਡਰਨ ਫਿਲਾਫ਼ੀਜ਼ ਆਫ ਐਜੂਕੇਸ਼ਨ |
| 2) | ਸੋਢੀ, ਟੀ. ਐਸ | : | ਫ਼ਿਲਾਸਫ਼ੀ ਆਫ ਐਜੂਕੇਸ਼ਨ |
| 3) | ਸੋਢੀ ਟੀ.ਐਸ ਅਤੇ ਹਰਿੰਦਰ ਕੌਰ ਸੋਢੀ | : | ਫ਼ਿਲਾਸਫ਼ੀ ਐਂਡ ਸੋਸ਼ੋਲੋਜੀਕਲ ਫਾਊਡੇਸ਼ਨਜ਼ ਆਫ ਐਜੂਕੇਸ਼ਨ |